ਐਤਵਾਰ, 9 ਅਕਤੂਬਰ, 2022
23 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 129

# ਨਵਾਂ ਜ਼ਮਾਨਾ

DAILY NAWAN ZAMANA • SUNDAY, 9 OCTOBER, 2022

ਜਲੰਧਰ

| ‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14



# ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਨਾਂਅ 'ਤੇ ਹਸਪਤਾਲ ਦਾ ਨਾਂਅ ਰੱਖਣ 'ਤੇ ਬਵਾਲ

## ਹਸਪਤਾਲ ਦਾ ਨਾਂਅ ਗੁਰੂ ਹਰਗੋਬਿੰਦ ਸਾਹਿਬ ਦੇ ਨਾਂਅ 'ਤੇ ਰੱਖਣ ਦੀ ਉੱਠੀ ਮੰਗ, ਬੀ ਕੇ ਯੂ ਸਿੱਧੂਪੁਰ ਦੀ ਹਮਾਇਤ



**ਦੋਰਾਹਾ, (ਹਰਮਿੰਦਰ ਸੇਠ)**-ਸ਼ਹਿਰ ਦੋਰਾਹਾ ਦੇ ਵਾਰਡ ਨੰਬਰ 11 ਵਿੱਚ ਨਵੇਂ ਉਸਾਰੇ ਗਏ 30 ਬੈੱਡਾਂ ਵਾਲੇ ਸਰਕਾਰੀ ਹਸਪਤਾਲ ਦਾ ਨਾਮ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਨਾਂਅ 'ਤੇ ਰੱਖਣ ਉੱਪਰ ਬਵਾਲ ਪੈਦਾ ਹੋ ਗਿਆ। ਉਦੋਂ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ 40 ਕਰੋੜ ਨਾਲ ਹਸਪਤਾਲ ਉਸਾਰਨ ਦੀ ਗੱਲ ਕਹੀ ਸੀ। ਫਿਰ ਸਥਾਨਕ ਸਿਆਸੀ ਲੋਕਾਂ ਨੇ ਇਹ ਰਾਸ਼ੀ ਘਟਾ ਕੇ 20 ਕਰੋੜ ਕਰ ਦਿੱਤੀ ਸੀ। ਉਦਘਾਟਨ ਕਰਨ ਵੇਲੇ ਇਸ ਹਸਪਤਾਲ ਦੀ ਲਾਗਤ 9 ਕਰੋੜ ਤੱਕ ਸਿਮਟ ਕੇ ਰਹਿ ਗਈ, ਜੋ ਸਿਆਸੀ ਲੋਕਾਂ ਦੇ ਵਾਅਦਿਆਂ 'ਤੇ ਖਰਾ ਨਾ ਉਤਰਨ ਦੀ ਗਵਾਹੀ ਦੇ ਰਹੀ। ਨੀਂਹ ਪੱਥਰ ਸਮੇਂ ਸਮਾਰੋਹ ਦੌਰਾਨ ਸਿਹਤ ਮੰਤਰੀ ਨੇ ਹਸਪਤਾਲ ਦਾ ਨਾਮ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਨਾਂਅ 'ਤੇ ਰੱਖਣ ਦਾ ਬਿਆਨ ਦਿੱਤਾ ਸੀ। ਸਿਆਸੀ ਲੋਕਾਂ ਦੀ ਬੇਵਸਾਹੀ ਕਾਰਨ ਲੋਕਾਂ ਨੂੰ ਹਸਪਤਾਲ ਦਾ ਨਾਮ ਬੇਅੰਤ ਸਿੰਘ ਰਾਸ ਨਹੀਂ ਆਇਆ। ਸਥਾਨਕ ਗੁਰਦੁਆਰਾ ਦਮਦਮਾ ਸਾਹਿਬ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ ਉੱਪਰ ਬੀਤੇ ਕੱਲ੍ਹ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਦੋ ਕਾਂਗਰਸੀ ਕੌਂਸਲਰ ਨਹੀਂ ਆਏ, ਪ੍ਰੰਤੂ ਆਜ਼ਾਦ ਕੌਂਸਲਰ ਨੇ ਪਿੰਡ ਵਾਸੀਆਂ ਨਾਲ ਸਹਿਮਤੀ ਪ੍ਰਗਟਾਈ। ਹਾਜ਼ਰੀਨ ਨੇ ਸਰਕਾਰੀ ਹਸਪਤਾਲ ਦਾ ਨਾਮ ਬੇਅੰਤ ਸਿੰਘ ਨਾ ਰੱਖਣ ਦੀ ਗੱਲ ਕਹਿੰਦਿਆਂ ਹਸਪਤਾਲ ਦਾ ਨਾਮ ਗੁਰੂ ਹਰਗੋਬਿੰਦ ਸਾਹਿਬ ਦੇ ਨਾਮ 'ਤੇ ਰੱਖਣ ਦੀ ਮੰਗ ਕੀਤੀ, ਕਿਉਂਕਿ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਇਸ ਸਥਾਨ 'ਤੇ ਕਰੀਬ ਛੇ ਮਹੀਨੇ ਰਹਿ ਕੇ ਦੁਖੀਆਂ ਦੇ ਦੁੱਖ ਦੂਰ ਕੀਤੇ ਤੇ ਸਿੱਖੀ ਦਾ ਪ੍ਰਚਾਰ ਅਤੇ ਪਸਾਰ ਕੀਤਾ। ਸੰਗਤਾਂ ਵਿੱਚ ਇਸ ਅਸਥਾਨ ਪ੍ਰਤੀ ਬੇਪਨਾਹ ਸ਼ਰਧਾ ਤੇ ਸਤਿਕਾਰ ਹੈ। ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਗਵੰਤ ਸਿੰਘ ਗਿੱਲ ਨੇ ਕਿਹਾ ਕਿ ਸਰਕਾਰੀ ਹਸਪਤਾਲ ਦਾ ਨਾਮ ਗੁਰੂ ਸਾਹਿਬ ਦੇ ਨਾਂਅ ਉੱਪਰ ਰੱਖਣਾ ਚਾਹੀਦਾ ਸੀ, ਸਿਆਸੀ ਆਗੂ ਦੇ ਨਾਮ ਉੱਪਰ ਰੱਖਣਾ ਜਾਇਜ਼ ਨਹੀਂ। ਲੋਕਲ ਗੁਰਦੁਆਰਾ ਕਮੇਟੀ ਨੇ ਮਤਾ ਪਾ ਕੇ ਤੱਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਉੱਚ ਅਧਿਕਾਰੀਆਂ ਨੂੰ ਵੀ ਭੇਜਿਆ ਸੀ, ਪਰ ਕਿਸੇ ਪੱਤਰ ਦਾ ਕਾਂਗਰਸੀ ਸਰਕਾਰ ਨੇ ਜੁਆਬ ਨਹੀਂ ਦਿੱਤਾ। ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਗੁਰਜੀਤ ਸਿੰਘ ਨਾਮਧਾਰੀ, ਕੁਲਬੀਰ ਸਿੰਘ ਸਰਾਂ ਤੇ ਕੁਲਵਿੰਦਰ ਸਿੰਘ ਬਾਜਵਾ ਨੇ ਵੀ ਉਕਤ ਮੰਗ ਦਾ ਸਮਰਥਨ ਕਰਦਿਆਂ ਕਿਹਾ ਕਿ ਹਸਪਤਾਲ ਦਾ ਨਾਮ ਸਿਆਸੀ ਨਹੀਂ ਹੋਣਾ ਚਾਹੀਦਾ, ਬਲਕਿ ਧਾਰਮਿਕ ਅਕੀਦਿਆਂ ਦਾ ਵੀ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਸ਼ਹਿਰ ਦੋਰਾਹਾ ਦੇ ਵਾਸੀ ਕਿਸੇ ਇੱਥੋਂ ਦੇ ਸਮਪਲ ਨਹੀਂ ਹਨ, ਜਿਨ੍ਹਾਂ ਦੇ ਨਾਂਅ ਉੱਪਰ ਹਸਪਤਾਲ ਦਾ ਨਾਮ ਰੱਖਿਆ ਜਾ ਸਕੇ। ਲੋਕਾਂ 'ਚ ਚਰਚਾ ਸੀ ਕਿ ਸ਼ਹਿਰ ਦੋਰਾਹਾ ਕਿਸੇ ਇੱਕ ਕਾਂਗਰਸੀ ਪਰਵਾਰ ਦੀ ਜਗੀਰ ਨਹੀਂ, ਜਿਸ ਦੇ ਹਰ ਅਦਾਰੇ ਦਾ ਨਾਮ ਬੇਅੰਤ ਸਿੰਘ ਦੇ ਨਾਮ ਉੱਪਰ ਰੱਖਿਆ ਜਾ ਸਕੇ, ਕਿਉਂਕਿ ਸ਼ਹਿਰ ਅੰਦਰ ਪਹਿਲਾਂ ਹੀ ਬੇਅੰਤ ਸਿੰਘ ਚੌਕ, ਕਮਿਊਨਿਟੀ ਹਾਲ ਦਾ ਨਾਮ ਵੀ ਬੇਅੰਤ ਸਿੰਘ ਰੱਖਿਆ ਹੋਇਆ ਹੈ। ਬੀਤੇ ਅਪ੍ਰੈਲ ਮਹੀਨੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਯਾਦ ਪੱਤਰ ਦਿੱਤਾ ਸੀ, ਜਿਨ੍ਹਾਂ ਨੇ ਕਮੇਟੀ ਦੀ ਮੰਗ ਨੂੰ ਜਾਇਜ਼ ਮੰਨਦਿਆਂ ਮਸਲਾ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ, ਜਿਸ ਨੂੰ ਬੂਰ ਪੈਣ ਦੀ ਆਸ ਹੈ। ਓਧਰ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਹਸਪਤਾਲ ਦਾ ਨਾਮ ਗੁਰੂ ਹਰਗੋਬਿੰਦ ਸਾਹਿਬ ਰੱਖਣ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਦਫਤਰ ਤੋਂ ਜਾਰੀ ਹੋਏ ਪੱਤਰ ਦੀ ਕਾਪੀ ਪੱਤਰਕਾਰਾਂ ਨੂੰ ਦਿਖਾਈ, ਜਿਸ ਵਿੱਚ ਸਿਹਤ ਵਿਭਾਗ ਨੂੰ ਕਾਰਵਾਈ ਕਰਨ ਲਈ ਸਪੱਸ਼ਟ ਲਿਖਿਆ ਗਿਆ ਹੈ, ਜਿਸ ਕਰਕੇ ਲੋਕਲ ਕਮੇਟੀ ਨੇ ਇਸ ਬਾਬਤ ਅਗਲੀ ਮੀਟਿੰਗ ਐਤਵਾਰ ਨੂੰ ਕਰਨ ਦਾ ਮਤਾ ਪਾਇਆ।

# ਮਾਤਾ ਗੁਜਰੀ ਕਾਲਜ ਦੇ ਜ਼ੁਆਲੋਜੀ ਵਿਭਾਗ ਵੱਲੋਂ ਵਿੱਦਿਅਕ ਦੌਰਾ

**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਜ਼ੁਆਲੋਜੀ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਮਹਿੰਦਰ ਚੌਧਰੀ ਜ਼ੁਆਲੋਜੀਕਲ ਪਾਰਕ ਦਾ ਇੱਕ ਰੋਜ਼ਾ ਵਿੱਦਿਅਕ ਦੌਰਾ ਕੀਤਾ ਗਿਆ। ਇਹ ਦੌਰਾ ਰਾਸ਼ਟਰੀ ਜੰਗਲੀ ਜੀਵਨ ਹਫਤਾ, ਜੋ ਦੋ ਅਕਤੂਬਰ ਤੋਂ ਅੱਠ ਅਕਤੂਬਰ ਤੱਕ ਮਨਾਇਆ ਜਾਂਦਾ ਹੈ, ਦੌਰਾਨ ਉਲੀਕੀਆਂ ਗਈਆਂ ਗਤੀਵਿਧੀਆਂ ਦਾ ਇੱਕ ਹਿੱਸਾ ਸੀ।

ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜ਼ੁਆਲੋਜੀ ਵਿਭਾਗ ਦੀ ਇਸ ਉਸਾਰੂ ਗਤੀਵਿਧੀ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜੰਗਲੀ ਜੀਵਾਂ ਨੂੰ ਉਨ੍ਹਾਂ ਦੇ ਕੁਦਰਤੀ ਵਾਤਾਵਰਣ ਵਿੱਚ ਦੇਖਣਾ ਤੇ ਜਾਨਣਾ ਵਿਦਿਆਰਥੀਆਂ ਲਈ ਬੜਾ ਦਿਲਚਸਪ ਤੇ ਸਿੱਖਿਆਦਾਇਕ ਤਜਰਬਾ ਹੁੰਦਾ ਹੈ।

ਜ਼ੁਆਲੋਜੀ ਵਿਭਾਗ ਦੇ ਮੁਖੀ ਪ੍ਰੋ. ਪਰਦੀਪ ਕੌਰ ਨੇ ਕਿਹਾ ਕਿ ਵਿਭਾਗ ਹਮੇਸ਼ਾ ਵਿਦਿਆਰਥੀਆਂ ਨੂੰ ਵਿਹਾਰਕ ਤਜਰਬਿਆਂ ਰਾਹੀਂ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਿੱਦਿਅਕ ਦੌਰੇ ਨਾਲ ਵਿਦਿਆਰਥੀਆਂ ਨੂੰ ਮਨੁੱਖਤਾ ਲਈ ਜੰਗਲੀ ਜੀਵਾਂ ਦੇ ਮਹੱਤਵ, ਵਿਵਹਾਰ ਤੇ ਸੰਭਾਲ ਆਦਿ ਸਬੰਧੀ ਜਾਣਨ ਦਾ ਸੁਨਹਿਰੀ ਅਵਸਰ ਮਿਲਿਆ।

ਇਸ ਦੌਰੇ ਦੌਰਾਨ ਜ਼ੁਆਲੋਜੀ ਵਿਭਾਗ ਦੇ ਵਿਦਿਆਰਥੀਆਂ ਨਾਲ ਡਾ. ਨੈਨਾ ਖੁੱਲਰ ਤੇ ਡਾ. ਪਵਨਦੀਪ ਕੌਰ ਹਾਜ਼ਰ ਸਨ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਪਾਵਰਕਾਮ ਮੈਨੇਜਮੈਂਟ ਖਿਲਾਫ ਰੈਲੀ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਡਵੀਜ਼ਨ ਰਾਜਪੁਰਾ ਵੱਲੋਂ ਸਾਥੀ ਕੁਲਦੀਪ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਸੈਂਕੜੇ ਸਾਥੀਆਂ ਨੇ ਮਿਲ ਕੇ ਪਾਵਰਕਾਮ ਮੈਨੇਜਮੈਂਟ ਦੇ ਖਿਲਾਫ ਰੈਲੀ ਕਰਕੇ ਰੋਸ ਕੇ ਭੜਾਸ ਕੱਢੀ। ਇਸ ਰੈਲੀ ਵਿੱਚ ਸਰਾਏ ਬੰਜਾਰਾ, ਗੱਜੂ ਖੇੜਾ, ਸਬ ਅਰਬਨ ਰਾਜਪੁਰਾ, ਐੱਸ ਐੱਸ ਈ ਰਾਜਪੁਰਾ, ਸਿਟੀ ਰਾਜਪੁਰਾ, ਕਮਰਸ਼ੀਅਲ ਰਾਜਪੁਰਾ, ਡਵੀਜ਼ਨ ਦਫਤਰ ਰਾਜਪੁਰਾ ਤੇ ਰਿਟਾਇਰੀ ਯੂਨਿਟ ਰਾਜਪੁਰਾ ਦੇ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਸੂਬੇ ਦੇ ਪ੍ਰਧਾਨ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਬੋਲਦਿਆਂ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਮੀਟਿੰਗ ਦੇ ਕੇ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਲਾਗੂ ਕਰਨ 'ਤੇ ਇਨਕਾਰ ਕਰਦੀ ਹੈ। ਮਹਿਕਮੇ ਵਿੱਚ ਪੱਕੀ ਭਰਤੀ ਕਰਨਾ, ਪ੍ਰਵੀਨ ਪੀਰੀਅਡ ਨੂੰ ਖਤਮ ਕਰਨਾ, ਆਊਟ ਸੋਰਸ ਤੇ ਠੇਕੇ ਤਹਿਤ ਕੰਮ ਕਰਦੇ ਕਾਮਿਆਂ ਨੂੰ ਰੈਗੂਲਰ ਨਹੀਂ ਕਰ ਰਹੀ। ਇਸ ਸਮੇਂ ਸੂਬੇ ਦੇ ਆਗੂ ਸਾਥੀ ਬਲਜੀਤ ਕੁਮਾਰ ਨੇ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਸਟਾਫ ਦੀ ਘਾਟ ਨੂੰ ਦੇਖਦਿਆਂ ਵੱਡੇ ਪੱਧਰ 'ਤੇ ਭਰਤੀ ਕੀਤੀ ਜਾਵੇ।

ਇਸ ਰੋਸ ਰੈਲੀ ਨੂੰ ਸਾਥੀ ਗੁਰਦਿਆਲ ਸਿੰਘ ਬੱਬੂ ਸਰਕਲ ਪ੍ਰਧਾਨ ਪਟਿਆਲਾ, ਸਾਥੀ ਸੁਖਦੇਵ ਸਿੰਘ ਸਰਕਲ ਆਗੂ, ਸਾਥੀ ਅਵਤਾਰ ਸਿੰਘ ਸਰਕਲ ਆਗੂ, ਸਾਥੀ ਜਗਜੀਤ ਸਿੰਘ ਸਕੱਤਰ ਡਵੀਜ਼ਨ ਰਾਜਪੁਰਾ, ਸਾਥੀ ਹਰਦੀਪ ਸਿੰਘ ਵਿੱਤ ਸਕੱਤਰ ਡਵੀਜ਼ਨ ਰਾਜਪੁਰਾ, ਸਾਥੀ ਪਰਮਜੀਤ ਸਿੰਘ ਸਰਪ੍ਰਸਤ ਡਵੀਜ਼ਨ ਰਾਜਪੁਰਾ, ਸਾਥੀ ਜੋਰਾਵਰ ਸਿੰਘ ਡਵੀਜ਼ਨ ਆਗੂ ਰਾਜਪੁਰਾ, ਸਾਥੀ ਨਵਦੀਪ ਸਿੰਘ ਸਬ ਅਰਬਨ ਸਬ ਡਵੀਜ਼ਨ ਦੇ ਸਕੱਤਰ, ਸਾਥੀ ਸੁਦਾਗਰ ਖਾਨ ਪ੍ਰਧਾਨ ਸਰਾਏ ਬੰਜਾਰਾ ਸਬ ਡਵੀਜ਼ਨ ਦੇ ਪ੍ਰਧਾਨ, ਸਾਥੀ ਸਤਨਾਮ ਸਿੰਘ ਸਿਟੀ ਸਬ ਡਵੀਜ਼ਨ ਦੇ ਪ੍ਰਧਾਨ, ਸਾਥੀ ਕ੍ਰਿਸ਼ਨ ਕੁਮਾਰ ਗੱਜੂ ਖੇੜਾ ਸਬ ਡਵੀਜ਼ਨ ਦੇ ਪ੍ਰਧਾਨ ਆਦਿ ਆਗੂ ਸਾਥੀਆਂ ਨੇ ਮੰਨੀਆਂ ਮੰਗਾਂ ਲਾਗੂ ਕਰਨ ਦੀ ਅਪੀਲ ਕੀਤੀ। ਅਖੀਰ ਵਿੱਚ ਸਾਥੀ ਕੁਲਦੀਪ ਸਿੰਘ ਡਵੀਜ਼ਨ ਪ੍ਰਧਾਨ ਰਾਜਪੁਰਾ ਨੇ ਪਹੁੰਚੇ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਬਿਜਲੀ ਏਕਤਾ ਮੰਚ ਪੰਜਾਬ ਦੇ ਫੈਸਲੇ ਅਨੁਸਾਰ 18 ਅਕਤੂਬਰ 2022 ਨੂੰ ਪਟਿਆਲਾ ਵਿਖੇ ਪਾਵਰਕਾਮ ਦੇ ਹੈੱਡ ਆਫਿਸ 'ਤੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

## ਕਾਤਰਾਂ

### ਸਰਕਾਰੀ ਸਕੂਲ ਭੁਟਾਲ ਕਲਾਂ 'ਚ ਸਾਇੰਸ ਵਰਕਸ਼ਾਪ

**ਮੂਨਕ, (ਰਾਜਪਾਲ ਸਿੰਗਲਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁਟਾਲ ਕਲਾਂ ਵਿਖੇ ਪ੍ਰਿੰਸੀਪਲ ਸ੍ਰੀ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਸ੍ਰ. ਜਸਵਿੰਦਰ ਸਿੰਘ ਲੈਕਚਰਾਰ ਫਿਜ਼ਿਕਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਿਆਣ ਵੱਲੋਂ ਸਾਇੰਸ ਵਿਸ਼ੇ ਨਾਲ ਸਬੰਧਤ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਉਨ੍ਹਾਂ ਵੱਲੋਂ ਬੜੇ ਹੀ ਰੌਚਕ ਵਿਸ਼ਿਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਸਾਇੰਸ ਦੇ ਪ੍ਰਯੋਗ ਕਰਕੇ ਵਿਖਾਏ ਗਏ। ਵਿਦਿਆਰਥੀਆਂ ਦੁਆਰਾ ਇਨ੍ਹਾਂ ਆਮ ਜੀਵਨ ਦੇ ਪ੍ਰਯੋਗਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਸਮੇਂ ਮੈਡਮ ਪਰਮਜੀਤ ਕੌਰ, ਅਸ਼ਵਨੀ ਜਿੰਦਲ, ਗਗਨਦੀਪ ਸਿੰਘ, ਮਨਦੀਪ ਕੁਮਾਰ, ਸੁਖਜਿੰਦਰ ਸਿੰਘ, ਭੁਪਿੰਦਰ ਸਿੰਘ, ਹਰਿੰਦਰ ਸਿੰਘ, ਜਸਬੀਰ ਸਿੰਘ, ਪਰਵੀਨ ਕੁਮਾਰ, ਕਰਮਜੀਤ ਸਿੰਘ, ਪਰਗਟ ਸਿੰਘ, ਜੀਵਨ ਕੁਮਾਰ, ਸੁਖਪਾਲ ਸਿੰਘ, ਵੀਰਪਾਲ ਕੌਰ, ਮੈਡਮ ਪ੍ਰਿੰਸ ਰਿਤੂ ਮਿੱਤਲ, ਕਮਲਜੀਤ ਕੌਰ ਅਧਿਆਪਕ ਤੇ ਬੱਚੇ ਹਾਜ਼ਰ ਸਨ।

### ਸਿਮਰਨਜੀਤ ਮਾਨ ਵੱਲੋਂ 'ਦੀ ਵਿੰਗਜ਼ ਇਮੀਗਰੇਸ਼ਨ' ਦਾ ਦੌਰਾ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਧੂਰੀ ਫ਼ੇਰੀ ਦੌਰਾਨ ਸਥਾਨਕ ਕੱਕੜਵਾਲ ਚੌਕ ਵਿੱਚ ਸਥਿਤ 'ਦੀ ਵਿੰਗਜ਼ ਇਮੀਗਰੇਸ਼ਨ ਐਂਡ ਆਈਲਟਸ' ਦਾ ਦੌਰਾ ਕਰਦਿਆਂ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ। ਸ੍ਰੀ ਮਾਨ ਦਾ ਦਫ਼ਤਰ ਵਿਖੇ ਪੁੱਜਣ 'ਤੇ ਕੰਪਨੀ ਦੇ ਐੱਮ ਡੀ ਸਰਬਜੀਤ ਸਿੰਘ ਨਹਿਲ ਤੇ ਸੁਖਦੀਪ ਸਿੰਘ ਸੋਢੀ ਨੇ ਸਵਾਗਤ ਕਰਦਿਆਂ ਜੀ ਆਇਆਂ ਕਿਹਾ। ਕੰਪਨੀ ਦੇ ਪ੍ਰਬੰਧਕਾਂ ਨੇ ਸ੍ਰੀ ਮਾਨ ਨੂੰ ਕੰਪਨੀ ਦੇ ਕੰਮਕਾਰ ਬਾਰੇ ਵਿਸਥਾਰਤ ਜਾਣਕਾਰੀ ਵੀ ਦਿੱਤੀ। ਇਸ ਮੌਕੇ ਅਕਾਲੀ ਆਗੂ ਹਰਬੰਸ ਸਿੰਘ ਸਲੇਮਪੁਰ ਵੀ ਉਨ੍ਹਾ ਨਾਲ ਹਾਜ਼ਰ ਸਨ।

### ਸਕੂਲ 'ਚ ਜੰਗਲੀ ਜੀਵ ਸਪਤਾਹ ਮਨਾਇਆ

**ਮਹਿਲ ਕਲਾਂ, (ਗੁਰਪ੍ਰੀਤ ਸਿੰਘ ਅਣਖੀ)**-ਵਣ ਵਿਸਥਾਰ ਮੰਡਲ ਬਠਿੰਡਾ ਦੇ ਅਧਿਕਾਰੀ ਦਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਹਾਈ ਸਕੂਲ ਕੁਰੜ (ਬਰਨਾਲਾ) ਵਿਖੇ ਜੰਗਲੀ ਜੀਵ ਸੁਰੱਖਿਆ ਸਪਤਾਹ ਮਨਾਇਆ ਗਿਆ। ਇਸ ਮੌਕੇ ਵਣ ਵਿਭਾਗ ਵੱਲੋਂ ਬਲਜੀਤ ਸਿੰਘ ਮਾਨਸਾ, ਗੁਰਦੀਪ ਸਿੰਘ ਸੰਗਰੂਰ ਤੇ ਦਲਬੀਰ ਸਿੰਘ ਵਣ ਮੰਡਲ ਬਰਨਾਲਾ ਨੇ ਬੱਚਿਆਂ ਨੂੰ ਜੀਵਾਂ ਦੀ ਸੁਰੱਖਿਆ ਤੇ ਇਨ੍ਹਾਂ ਤੋਂ ਹੋਣ ਵਾਲੇ ਲਾਭ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਵੀ ਕੀਤਾ। ਟੀਮ ਵੱਲੋਂ ਮੁੱਖ ਅਧਿਆਪਕ ਹਰਭੁਪਿੰਦਰਪਾਲ ਸਿੰਘ, ਈਕੋ ਕਲੱਬ ਦੇ ਇੰਚਾਰਜ ਚਰਨਜੀਤ ਸਿੰਘ, ਮਾ: ਮਜੀਦ ਖਾਂ ਕੁਰੜ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ ਮੈਂਬਰਾਂ, ਮੁਹਤਬਰਾਂ ਦੀ ਅਗਵਾਈ ਹੇਠ ਵਣ ਵਿਭਾਗ ਦੀ ਸਮੁੱਚੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਅਖੀਰ 'ਚ ਗੁਰਤੇਜ ਸਿੰਘ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

### ਕੁੱਟਮਾਰ ਦੇ ਦੋਸ਼ 'ਚ ਇੱਕ ਨਾਮਜ਼ਦ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ 'ਚ ਇੱਕ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਸ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਨਪ੍ਰੀਤ ਸਿੰਘ ਵਾਸੀ ਪਿੰਡ ਧਿਗਾਨਾ ਨੇ ਦੱਸਿਆ ਕਿ ਬੀਤੀ 28 ਸਤੰਬਰ ਸ਼ਾਮ ਨੂੰ ਮੈਂ ਆਪਣੇ ਘਰੋਂ ਰੋਟੀ ਪਾਣੀ ਖਾ ਪੀ ਕੇ ਸੈਰ ਕਰਕੇ ਆਪਣੇ ਘਰ ਨੂੰ ਆ ਰਿਹਾ ਸੀ ਤਾਂ ਸ਼ਾਮ ਕਰੀਬ ਸਾਢੇ 8 ਵਜੇ ਦੀਦਾਰ ਸਿੰਘ ਦੀ ਕਰਿਆਨੇ ਦੀ ਦੁਕਾਨ ਕੋਲ ਅਮਨਾ ਮੋਟਾ ਵਾਸੀ ਪਿੰਡ ਧਿਗਾਣਾ ਕਿਰਪਾਲ ਲੈ ਕੇ ਖੜਾ ਸੀ, ਜਦ ਮੈਂ ਦੁਕਾਨ ਤੋਂ ਕੁਝ ਅੱਗੇ ਜਾ ਰਿਹਾ ਸੀ ਤਾਂ ਅਮਨ ਮੋਟਾ ਨੇ ਕਿਰਪਾਨ ਦੇ ਦੋ ਵਾਰ ਮੇਰੇ 'ਤੇ ਕੀਤੇ। ਮੇਰੇ ਵੱਲੋਂ ਰੌਲਾ ਪਾਉਣ 'ਤੇ ਮੇਰਾ ਚਾਚਾ ਵਜੀਰ ਸਿੰਘ ਭੱਜ ਕੇ ਮੇਰੇ ਕੋਲ ਆਇਆ, ਜਿਸ 'ਤੇ ਅਮਨ ਮੋਟਾ ਮੌਕੇ ਤੋਂ ਭੱਜ ਗਿਆ। ਮੇਰੇ ਚਾਚੇ ਨੇ ਮੈਨੂੰ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਦਾਖਲ ਕਰਵਾਇਆ, ਜਿੱਥੇ ਡਾਕਟਰ ਨੇ ਮੈਨੂੰ ਮੁੱਢਲੀ ਸਹਾਇਤਾ ਦੇ ਕੇ ਅੱਗੇ ਰੈਫਰ ਕਰ ਦਿੱਤਾ, ਜਿਸ ਤੋਂ ਬਾਅਦ ਮੈਨੂੰ ਮੁਕਤਸਰ ਦੇ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਮਨ ਮੋਟਾ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

### ਸੀ ਪੀ ਆਈ ਐੱਮ ਨੇ ਮੁੱਖ ਮੰਤਰੀ ਦੇ ਨਾਂਅ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸੀ ਪੀ ਆਈ ਐੱਮ ਦੇ ਜ਼ਿਲ੍ਹਾ ਮੁਕਤਸਰ ਦੇ ਆਗੂਆਂ ਨੇ ਪਾਰਟੀ ਦੀ ਜਲੰਧਰ ਰੈਲੀ ਵਿੱਚ, ਜੋ ਮਤਾ ਪਾਸ ਕੀਤਾ ਸੀ, ਉਨ੍ਹਾਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੇ ਨਾਮ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਮਤੇ ਦੌਰਾਨ ਪਾਸ ਕੀਤੀਆਂ ਮੰਗਾਂ ਜਿਵੇਂ ਪੰਜਾਬ ਅੰਦਰ ਦਿਨ ਪ੍ਰਤੀ ਦਿਨ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਕਰਨ ਲਈ, ਲੰਪੀ ਬਿਮਾਰੀ ਨਾਲ ਮਰੇ ਪਸ਼ੂਆਂ ਤੇ ਬਾਰਸ਼ ਨਾਲ ਫਸਲਾਂ ਦੇ ਹੋਏ ਖਰਾਬੇ ਦਾ ਤੁਰੰਤ ਮੁਆਵਜ਼ਾ ਦੇਣ ਬਾਰੇ, ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰਨ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਅਬਾਦਕਾਰਾਂ ਦੀ ਜ਼ਮੀਨ ਖੋਹਣ ਦੀ ਬਜਾਏ ਗਰੀਬ ਕਿਸਾਨਾਂ ਮਜ਼ਦੂਰਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ, ਬੇਘਰੇ ਗਰੀਬ ਲੋਕਾਂ ਨੂੰ 10-10 ਮਰਲੇ ਦੇ ਮੁਫਤ ਪਲਾਟ ਦਿੱਤੇ ਆਦਿ ਨੂੰ ਪੂਰਾ ਕੀਤਾ ਜਾਵੇ। ਇਸ ਮੌਕੇ ਕਾਮਰੇਡ ਤਰਸੇਮ ਲਾਲ, ਇੰਦਰਜੀਤ, ਰਾਜ ਕੁਮਾਰ, ਮੇਜਰ ਸਿੰਘ, ਹਰਵਿੰਦਰ ਪਾਲ ਆਦਿ ਆਗੂ ਹਾਜ਼ਰ ਸਨ।

# ਬੀ.ਡੀ.ਪੀ.ਓ. ਦਫਤਰ 'ਚ ਵਿਧਾਇਕ ਵੱਲੋਂ ਛਾਪੇਮਾਰੀ

## ਇੱਕ ਮੁਲਾਜ਼ਮ ਗੈਰ-ਹਾਜ਼ਰ ਤੇ ਇੱਕ ਸ਼ਰਾਬ ਦੇ ਨਸ਼ੇ 'ਚ ਪਾਇਆ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਜਨਤਾ ਦੇ ਕੰਮਕਾਰਾਂ ਨੂੰ ਦੇਖਦਿਆਂ ਸਰਕਾਰੀ ਦਫਤਰਾਂ 'ਚ ਵਿਧਾਇਕਾਂ ਵੱਲੋਂ ਅਚਨਚੇਤ ਛਾਪੇ ਮਾਰੇ ਜਾ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਬੀ.ਡੀ.ਪੀ.ਓ. ਨਾਭਾ ਦੇ ਦਫਤਰ 'ਤੇ ਛਾਪਾ ਮਰਿਆ, ਜਿੱਥੇ ਇੱਕ ਮੁਲਾਜ਼ਮ ਜਸਦੀਪ ਸਿੰਘ ਸੀਨੀਅਰ ਲੇਖਾਕਾਰ ਨੂੰ ਸ਼ਰਾਬ ਦੇ ਨਸ਼ੇ ਵਿੱਚ ਪਾਇਆ ਗਿਆ ਤੇ ਦਫਤਰ ਦਾ ਸੁਪਰਡੈਂਟ ਦੀਪਕ ਜਿੰਦਲ ਗੈਰ-ਹਾਜ਼ਰ ਪਾਇਆ ਗਿਆ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮੈਨੂੰ ਗੁਪਤ ਸ਼ਿਕਾਇਤ ਮਿਲੀ ਕਿ ਬੀ.ਡੀ.ਪੀ.ਓ. ਦਫਤਰ ਦਾ ਮੁਲਾਜ਼ਮ ਸ਼ਰਾਬ ਦੇ ਨਸ਼ੇ ਵਿੱਚ ਹੈ ਅਤੇ ਸੀਟ 'ਤੇ ਹਾਜ਼ਰ ਨਾ ਹੋਣ ਕਾਰਨ ਸਾਡੇ ਕੰਮ ਨਹੀਂ ਹੋ ਰਹੇ ਤਾਂ ਮੈਂ ਮੌਕੇ 'ਤੇ ਆ ਕੇ ਦੇਖਿਆ ਕਿ ਜਗਦੀਪ ਸਿੰਘ ਮੁਲਾਜ਼ਮ ਇੰਨਾ ਨਸ਼ੇ 'ਚ ਸੀ ਕਿ ਉਹ ਆਪਣਾ ਸਹੀ ਨਾਮ 'ਤੇ ਉਮਰ ਨਹੀਂ ਦੱਸ ਸਕਿਆ। ਜਦੋਂ ਮੈਂ ਸੁਪਰਡੈਂਟ ਦੇ ਦਫਤਰ ਦੇ ਕਮਰੇ ਵਿੱਚ ਗਿਆ ਤਾਂ ਕਮਰਾ ਬੰਦ ਸੀ। ਬੀ.ਡੀ.ਪੀ.ਓ. ਵੱਲੋਂ ਸੁਪਰਡੈਂਟ ਨੂੰ ਮੋਬਾਇਲ 'ਤੇ ਲੋਕੇਸ਼ਨ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਮੋਬਾਇਲ ਬੰਦ ਆ ਰਿਹਾ ਸੀ ਤਾਂ ਮੌਕੇ 'ਤੇ ਹੀ ਬੀ.ਡੀ.ਪੀ.ਓ. ਨੂੰ ਕਿਹਾ ਕਿ ਇਨ੍ਹਾਂ ਦੋਵਾਂ ਮੁਲਾਜ਼ਮਾਂ ਦੇ ਖਿਲਾਫ ਕਾਰਵਾਈ ਕਰਕੇ ਸਰਕਾਰ ਤੇ ਮੈਨੂੰ ਭੇਜੀ ਜਾਵੇ। ਬੀ.ਡੀ.ਪੀ.ਓ. ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਮੈਂ ਵਿਧਾਇਕ ਨਾਭੇ ਦੀ ਹਦਾਇਤ ਅਨੁਸਾਰ ਇਨ੍ਹਾਂ ਦੋਵੇਂ ਮੁਲਾਜ਼ਮਾਂ ਖਿਲਾਫ ਬਣਦੀ ਕਾਰਵਾਈ ਕਰਕੇ ਸਰਕਾਰ ਤੇ ਨਾਭਾ ਦੇ ਵਿਧਾਇਕ ਨੂੰ ਸੂਚਿਤ ਕਰਾਂਗਾ ਅਤੇ ਅੱਗੇ ਜੋ ਸਰਕਾਰ ਵੱਲੋਂ ਹੁਕਮ ਹੋਵੇਗਾ ਤਾਂ ਉਸ ਨੂੰ ਤੁਰੰਤ ਲਾਗੂ ਕਰਾਂਗਾ।

# ਸੇਂਟ ਕਾਨਵੈਂਟ ਸਕੂਲ ਵੱਲੋਂ ਸਵੱਛ ਭਾਰਤ ਮੁਹਿੰਮ ਤਹਿਤ ਰੈਲੀ



**ਮੱਖੂ (ਰਛਪਾਲ ਸਿੰਘ ਸੰਧੂ)** : ਮਹਾਤਮਾ ਗਾਧੀ ਜੈਅੰਤੀ ਨੂੰ ਸਮਰਪਤ ਸਵੱਛ ਭਾਰਤ ਮੁਹਿੰਮ ਤਹਿਤ ਸੈਂਟ ਮੇਰਿਜ ਕਾਨਵੈਂਟ ਸਕੂਲ ਮੱਖੂ ਦੇ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਸ਼ਹਿਰ ਵਿੱਚ ਇੱਕ ਰੈਲੀ ਕੱਢੀ ਗਈ ਅਤੇ ਨਾਲ ਹੀ ਸਫਾਈ ਅਭਿਆਨ-ਕਲੀਨਲੀਨੈੱਸ ਡਰਾਈਵ ਦਾ ਆਰੰਭ ਕੀਤਾ। ਇਸ ਰੈਲੀ ਤੇ ਮੁਹਿੰਮ ਦੀ ਸ਼ੁਰੂਆਤ ਸ਼ਹਿਰ ਦੇ ਮੇਨ ਚੌਕ ਵਿੱਚ ਨੁੱਕੜ ਨਾਟਕ ਕਰਕੇ ਕੀਤੀ ਗਈ, ਜਿਸ ਵਿੱਚ ਲੋਕਾਂ ਨੂੰ ਆਪਣਾ ਆਲਾ ਦੁਆਲਾ ਸਾਫ ਰੱਖਣ ਲਈ ਪ੍ਰੇਰਿਤ ਕੀਤਾ। ਕਲੀਨਲੀਨੈੱਸ ਡਰਾਈਵ ਪ੍ਰੋਗਰਾਮ ਤਹਿਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਮੱਖੂ ਦੇ ਰੇਲਵੇ ਸਟੇਸ਼ਨ, ਸਿਵਲ ਹਸਪਤਾਲ, ਮੇਨ ਬਜ਼ਾਰ, ਜ਼ੀਰਾ ਵਾਲਾ ਮੋੜ ਆਦਿ ਇਲਾਕੇ ਦੀ ਸਫਾਈ ਕੀਤੀ ਗਈ। ਵਿਦਿਆਰਥੀਆਂ ਦੁਆਰਾ ਲਗਾਏ ਸਲੋਗਨ ਵੀ ਖਿੱਚ ਦਾ ਕੇਂਦਰ ਬਣੇ ਰਹੇ। ਸਕੂਲ ਵਾਪਸ ਪਹੁੰਚਣ ਉਪਰੰਤ ਵਿਦਿਆਰਥੀਆਂ ਤੇ ਸਮੂਹ ਸਟਾਫ ਨੇ ਸਕੂਲ ਦੇ ਡਾਇਰੈਕਟਰ ਫਾਦਰ ਸਬਾਸਟਿਨ, ਪ੍ਰਿੰਸੀਪਲ ਸਿਸਟਰ ਅੰਜਨਾ ਤੇ ਮੈਨੇਜਮੈਂਟ ਦੇ ਇਸ ਉਪਰਾਲੇ ਦਾ ਧੰਨਵਾਦ ਕੀਤਾ।

# ਡੀ ਏ ਵੀ ਨੈਸ਼ਨਲ ਸਪੋਰਟਸ 'ਚ ਕਕਰਾਲਾ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਡੀ.ਏ.ਵੀ. ਨੈਸ਼ਨਲ ਸਪੋਰਟਸ ਵੱਲੋਂ ਪਟਿਆਲਾ ਕਲੱਸਟਰ ਵਿਖੇ ਵੱਖ-ਵੱਖ ਪ੍ਰਕਾਰ ਦੀਆਂ ਖੇਡਾਂ ਕਰਵਾਈਆਂ ਗਈਆਂ। ਇਸ ਟੂਰਨਾਮੈਂਟ ਵਿੱਚ ਪਟਿਆਲਾ ਕਲੱਸਟਰ ਦੇ ਸਾਰੇ ਸਕੂਲਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਹ ਮੁਕਾਬਲੇ ਵੱਖ-ਵੱਖ ਖੇਡ ਮਾਹਰਾਂ ਦੀ ਦੇਖ-ਰੇਖ ਹੇਠ ਕਰਵਾਏ ਗਏ। ਇਨ੍ਹਾਂ ਖੇਡਾਂ ਵਿੱਚ ਡੀ.ਏ.ਵੀ. ਪਬਲਿਕ ਸਕੂਲ ਕਕਰਾਲਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਡੀ.ਏ.ਵੀ. ਕਕਰਾਲਾ ਦੇ ਖਿਡਾਰੀਆਂ ਨੇ ਖੋ-ਖੋ ਵਿੱਚ ਲੜਕੇ ਤੇ ਲੜਕੀਆਂ ਦੋਵਾਂ ਵਰਗਾਂ ਵਿੱਚ ਗੋਲਡ, ਕਬੱਡੀ ਵਿੱਚ ਲੜਕਿਆਂ ਨੇ ਸਿਲਵਰ, ਕੁਸ਼ਤੀ ਵਿੱਚ ਲੜਕਿਆਂ ਨੇ 6 ਗੋਲਡ ਤੇ 3 ਸਿਲਵਰ, ਕੁਸ਼ਤੀ ਵਿੱਚ ਲੜਕੀਆਂ ਨੇ 3 ਸੋਨੇ ਤੇ 2 ਚਾਂਦੀ ਦੇ ਤਮਗੇ ਜਿੱਤੇ। ਕਰਾਟੇ ਵਿੱਚ ਲੜਕਿਆਂ ਨੇ 3 ਗੋਲਡ ਤੇ 1 ਸਿਲਵਰ ਅਤੇ ਲੜਕੀਆਂ ਨੇ 1 ਗੋਲਡ, 2 ਸਿਲਵਰ ਤੇ 1 ਕਾਂਸੀ, ਅਥਲੈਟਿਕਸ 'ਚ 1 ਗੋਲਡ ਤੇ 1 ਸਿਲਵਰ ਮੈਡਲ ਜਿੱਤ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਨੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਪ੍ਰਤੀਯੋਗੀਆਂ ਤੇ ਉਨ੍ਹਾਂ ਦੇ ਕੋਚ ਸਾਹਿਬਾਨ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਵਿੱਚ ਸਮੂਹਕ ਭਾਵਨਾ ਪੈਦਾ ਕਰਦੇ ਹਨ ਤੇ ਉਨ੍ਹਾਂ ਵਿੱਚ ਪਿਆਰ ਤੇ ਸਦਭਾਵਨਾ ਵੀ ਪੈਦਾ ਕਰਦੇ ਹਨ। ਉਨ੍ਹਾਂ ਉਥੇ ਮੌਜੂਦ ਸਾਰੇ ਪ੍ਰਤੀਯੋਗੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਹਮੇਸ਼ਾ ਕਾਮਯਾਬੀ ਹਾਸਲ ਕਰਨ ਦਾ ਆਸ਼ੀਰਵਾਦ ਦਿੱਤਾ ਅਤੇ ਵਿਦਿਆਰਥੀਆਂ ਨੂੰ ਖੇਡਾਂ ਲਈ ਤਿਆਰ ਕਰਨ ਲਈ ਸਕੂਲ ਦੇ ਅਧਿਆਪਕ ਹਰਮੀਤ ਸਿੰਘ, ਸ੍ਰੀਮਤੀ ਸੀਮਾ ਹਾਂਡਾ, ਅਨਿਲ ਕੁਮਾਰ ਸ਼ਾਸਤਰੀ ਤੇ ਸ੍ਰੀਮਤੀ ਮੋਨਿਕਾ ਸ਼ਰਮਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ

# ਸ਼ੈੱਲਰਾਂ ਦੇ ਫੜ੍ਹਾਂ ਨੂੰ ਨਾ ਵਰਤਣ ਦਾ ਨਾਦਰਸ਼ਾਹੀ ਫੁਰਮਾਨ ਆੜ੍ਹਤੀਆਂ ਤੇ ਕਿਸਾਨਾਂ ਲਈ ਬਣਿਆ ਸਿਰਦਰਦੀ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪਿਛਲੇ ਕਈ ਸਾਲਾਂ ਤੋਂ ਅਨਾਜ ਮੰਡੀ ਦੀ ਘਾਟ ਨਾਲ ਜੂਝ ਰਹੇ ਪਾਤੜਾਂ ਇਲਾਕੇ ਨੂੰ ਸਾਉਣੀ ਦੇ ਸੀਜ਼ਨ ਦੌਰਾਨ ਇਸ ਵਾਰ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਸਮੇਂ ਦੌਰਾਨ ਜਦੋਂ ਝੋਨੇ ਦੀ ਫਸਲ ਪੱਕ ਕੇ ਮੰਡੀ ਵਿੱਚ ਆਉਣ ਲਈ ਤਿਆਰ ਖੜੀ ਹੈ ਤਾਂ ਉਸ ਸਮੇਂ ਜਾਰੀ ਕੀਤਾ ਗਿਆ ਫੁਰਮਾਨ ਆੜ੍ਹਤੀਆਂ ਤੇ ਕਿਸਾਨਾਂ ਲਈ ਸਿਰਦਰਦੀ ਪੈਦਾ ਕਰ ਸਕਦਾ ਹੈ। ਅਨਾਜ ਮੰਡੀ ਦਾ ਫੜ੍ਹ ਛੋਟਾ ਹੋਣ ਤੇ ਮੰਡੀ ਵਿੱਚ ਝੋਨੇ ਦੀ ਆਮਦ ਜ਼ਿਆਦਾ ਹੋਣ ਕਰਕੇ ਪਿਛਲੇ ਕਈ ਸਾਲਾਂ ਤੋਂ ਮਾਰਕੀਟ ਕਮੇਟੀ ਪਾਤੜਾਂ ਵੱਲੋਂ ਸ਼ਹਿਰ ਵਿੱਚ ਬਣੇ ਸ਼ੈਲਰਾਂ ਦੇ ਫੜ੍ਹਾਂ ਨੂੰ ਆਰਜ਼ੀ ਫੜ੍ਹਾਂ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ, ਪਰ ਇਸ ਵਾਰ ਫੂਡ ਸਪਲਾਈ ਵਿਭਾਗ ਦੀਆਂ ਹਦਾਇਤਾਂ 'ਤੇ ਮਾਰਕੀਟ ਕਮੇਟੀ ਪਾਤੜਾਂ ਵੱਲੋਂ ਲਿਖਤੀ ਪੱਤਰ ਜਾਰੀ ਕਰਕੇ ਸ਼ੈਲਰਾਂ ਦੇ ਫੜ੍ਹਾਂ ਨੂੰ ਵਰਤਣ ਦੀ ਮਨਾਹੀ ਕੀਤੀ ਗਈ ਹੈ।

ਜਾਣਕਾਰੀ ਅਨੁਸਾਰ ਕਰੀਬ ਛੇ ਦਹਾਕੇ ਪਹਿਲਾਂ ਬਣੀ ਅਨਾਜ ਮੰਡੀ ਪਾਤੜਾਂ ਕੋਲ ਆਪਣਾ ਸਿਰਫ ਦਸ ਏਕੜ ਦਾ ਫੜ੍ਹ ਹੈ, ਜਦੋਂਕਿ ਅਨਾਜ ਮੰਡੀ ਵਿੱਚ ਸਾਉਣੀ ਦੇ ਸੀਜ਼ਨ ਦੌਰਾਨ ਹਰ ਸਾਲ ਝੋਨੇ ਦੀ ਆਮਦ ਪੰਜਾਹ ਲੱਖ ਗੱਟੇ ਤੋਂ ਵੱਧ ਹੋਣ ਕਰਕੇ ਸੌ ਏਕੜ ਤੋਂ ਵੱਧ ਦੀ ਫੜ੍ਹ ਜ਼ਰੂਰਤ ਪੈਂਦੀ ਹੈ। ਪਾਤੜਾਂ ਵਿਖੇ ਸੱਤਰ ਸ਼ੈਲਰ ਹਨ ਤੇ ਹਰ ਸ਼ੈਲਰ ਕੋਲ ਦੋ ਏਕੜ ਤੋਂ ਵੱਧ ਪੱਕਾ ਫੜ੍ਹ ਹੋਣ ਕਰਕੇ ਪਿਛਲੇ ਕਈ ਸਾਲਾਂ ਤੋਂ ਮਾਰਕੀਟ ਕਮੇਟੀ ਵੱਲੋਂ ਇਨ੍ਹਾਂ ਫੜਾਂ ਨੂੰ ਆਰਜ਼ੀ ਤੌਰ 'ਤੇ ਵਰਤਿਆ ਜਾਂਦਾ ਹੈ, ਪਰ ਇਸ ਵਾਰ ਫੂਡ ਸਪਲਾਈ ਵਿਭਾਗ ਤੇ ਮਾਰਕੀਟ ਕਮੇਟੀ ਨੇ ਨਾਦਰਸ਼ਾਹੀ ਫਰਮਾਨ ਜਾਰੀ ਕਰਕੇ ਇਨ੍ਹਾਂ ਆਰਜ਼ੀ ਫੜਾਂ ਨੂੰ ਵਰਤਣ ਉੱਤੇ ਰੋਕ ਲਗਾ ਦਿੱਤੀ ਹੈ। ਜੇਕਰ ਇਨ੍ਹਾਂ ਆਰਜ਼ੀ ਫੜਾਂ ਨੂੰ ਵਰਤਣ ਦੀ ਮਨਾਹੀ ਲਾਗੂ ਰਹੀ ਤਾਂ ਕਿਸਾਨਾਂ ਦੀ ਪੁੱਤਾਂ ਵਾਂਗ ਪਾਲ ਕੇ ਤਿਆਰ ਕੀਤੀ ਝੋਨੇ ਦੀ ਫਸਲ ਸੜਕਾਂ 'ਤੇ ਰੁਲਣ ਲੱਗੇਗੀ, ਜਿਸ ਕਰਕੇ ਜਿੱਥੇ ਆੜ੍ਹਤੀ ਤੇ ਕਿਸਾਨ ਪ੍ਰੇਸ਼ਾਨ ਹੋਣਗੇ, ਉਥੇ ਸੜਕਾਂ ਕਿਨਾਰੇ ਡਿੱਗੀ ਫਸਲ ਕਾਰਨ ਹਾਦਸੇ ਦਾ ਵੀ ਖਤਰਾ ਹੋਵੇਗਾ। ਇਸ ਦੌਰਾਨ ਆੜ੍ਹਤੀ ਐਸੋਸੀਏਸ਼ਨ ਪਾਤੜਾਂ ਦੇ ਪ੍ਰਧਾਨ ਸੁਖਬੀਰ ਸਿੰਘ ਮੌਲਵੀਵਾਲਾ ਤੇ ਜਨਰਲ ਸਕੱਤਰ ਤੇਜਪਾਲ ਸ਼ਰਮਾ ਨੇ ਮੰਗ ਕੀਤੀ ਕਿ ਜਦੋਂ ਤੱਕ ਸ਼ਹਿਰ ਵਿੱਚ ਨਵੀਂ ਅਨਾਜ ਮੰਡੀ ਨਹੀਂ ਬਣ ਜਾਂਦੀ, ਉਸ ਵਕਤ ਤੱਕ ਸ਼ੈਲਰਾਂ ਵਿੱਚ ਬਣੇ ਆਰਜ਼ੀ ਫੜਾਂ ਨੂੰ ਪੱਕੇ ਸਬ ਯਾਰਡ ਘੋਸ਼ਿਤ ਕੀਤਾ ਜਾਵੇ।

ਦੱਸਣਯੋਗ ਹੈ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਅਨਾਜ ਮੰਡੀ ਵਿੱਚ ਫੜ੍ਹਾਂ ਦੀ ਘਾਟ ਦਾ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿੱਚ ਲਿਆਉਣ ਮਗਰੋਂ ਖੇਤੀ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਨਾਜ ਮੰਡੀ ਦਾ ਦੌਰਾ ਕਰਨ ਦੇ ਬਾਵਜੂਦ ਮਾਮਲੇ ਦਾ ਕੋਈ ਹੱਲ ਨਹੀਂ ਨਿੱਕਲਿਆ, ਜਿਸ ਕਰਕੇ ਸਾਉਣੀ ਦੇ ਸੀਜ਼ਨ ਦੌਰਾਨ ਆਉਣ ਵਾਲੀ ਫਸਲ ਦੀ ਸਾਂਭ ਸੰਭਾਲ ਨੂੰ ਲੈ ਕੇ ਕਿਸਾਨ ਤੇ ਆੜ੍ਹਤੀ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਲੰਘ ਰਹੇ ਹਨ।

# ਮਿੱਡ ਡੇ ਮੀਲ ਸਕੀਮ ਅਧੀਨ ਫੰਡ ਪ੍ਰਾਪਤ, ਸਕੂਲਾਂ ਨੂੰ ਜਲਦ ਹੋਣਗੇ ਜਾਰੀ : ਪ੍ਰਭਜੋਤ ਕੌਰ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪ੍ਰਭਜੋਤ ਕੌਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੇ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਅਧੀਨ ਸਰਕਾਰੀ ਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੁਪਹਿਰ ਦਾ ਭੋਜਣ (ਮਿੱਡ ਡੇ ਮੀਲ) ਬੱਚਿਆਂ ਨੂੰ ਦਿੱਤਾ ਜਾਂਦਾ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਟੇਟ ਮਿੱਡ ਡੇ ਮੀਲ ਮੋਹਾਲੀ ਤੋਂ ਕੁਕਿੰਗ ਕਾਸਟ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ, ਜੋ ਜਲਦ ਸਕੂਲਾਂ ਨੂੰ ਭੇਜ ਦਿੱਤੀ ਜਾਵੇਗੀ। ਹਰਜੀਤ ਸਿੰਘ ਉੱਪ-ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੇ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ 1476 ਕੁੱਕ-ਕਮ-ਹੈਲਪਰ ਕੰਮ ਕਰ ਰਹੀ ਹੈ। ਕੁੱਕ-ਕਮ-ਹੈਲਪਰ ਦਾ ਮਾਣ-ਭੱਤਾ ਵੀ ਪ੍ਰਾਪਤ ਹੋ ਚੁੱਕਾ ਹੈ, ਜੋ ਕਿ ਕੁੱਕ-ਕਮ-ਹੈਲਪਰ ਦੇ ਖਾਤੇ ਵਿੱਚ ਬਲਾਕ ਦਫਤਰ ਦੁਆਰਾ ਟਰਾਂਸਫਰ ਕਰਨ ਲਈ ਮਾਣ-ਭੱਤਾ ਭੇਜ ਦਿੱਤਾ ਗਿਆ ਹੈ। ਰਾਹੁਲ ਬਖਸ਼ੀ ਜ਼ਿਲ੍ਹਾ ਲੇਖਾਕਾਰ ਨੇ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ 69473 ਵਿਦਿਆਰਥੀਆਂ ਨੂੰ ਇਸ ਸਕੀਮ ਦਾ ਲਾਭ ਮਿਲ ਰਿਹਾ ਹੈ। ਅਕਤੂਬਰ ਤੋਂ ਦਸੰਬਰ 2022 ਦਾ ਤੀਸਰੇ ਕੁਆਟਰ ਦਾ ਅਨਾਜ ਵੀ ਸਕੂਲਾਂ ਵਿੱਚ ਜਲਦ ਭੇਜਿਆ ਜਾ ਰਿਹਾ ਹੈ। ਬਖਸ਼ੀ ਨੇ ਕਿਹਾ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਅਧੀਨ 6 ਬਲਾਕਾਂ ਵਿੱਚ ਮਿੱਡ ਡੇ ਮੀਲ ਬਲਾਕ ਇੰਚਾਰਜ ਸੰਦੀਪ ਕੁਮਾਰ ਮੁਕਤਸਰ-2, ਟਿੰਕੂ ਬਾਲਾ ਮਲੋਟ, ਸੁਖਜੀਤ ਸਿੰਘ ਲੰਬੀ, ਰਜਨੀ ਰਾਣੀ ਗਿੱਦੜਬਾਹਾ, ਚੇਤਨ ਸ਼ਰਮਾ ਮੁਕਤਸਰ-1 ਤੇ ਰਾਜਿੰਦਰ ਕੌਰ ਦੋਦਾ ਮਿੱਡ ਡੇ ਮੀਲ ਦੀ ਮੋਨੀਟਰਿੰਗ ਕਰਦੇ ਹਨ।



# ਮਲਵਈ ਗਿੱਧੇ ਨੇ ਦੁਸਹਿਰੇ ਮੇਲੇ ਦੀਆਂ ਵਧਾਈਆਂ ਰੌਣਕਾਂ : ਮਾ. ਦਲਬਾਰ ਸਿੰਘ



**ਸੰਗਰੂਰ (ਫ਼ਤਹਿ ਪ੍ਰਭਾਕਰ)** ਦੁਸਹਿਰਾ ਮੇਲੇ ਨੂੰ ਮੁੜ ਸੁਰਜੀਤ ਕਰਨ ਲਈ ਮਾ. ਦਲਬਾਰ ਸਿੰਘ ਦੀ ਅਗਵਾਈ ਹੇਠ ਸਾਬਕਾ ਸਰਪੰਚ ਮੱਖਣ ਸਿੰਘ ਉਭਾਵਾਲ, ਕੁਲਵੰਤ ਕਸ਼ਕ, ਕਰਨੈਲ ਸੱਗੂ, ਕਰਮ ਸਿੰਘ ਜ਼ਖ਼ਮੀ ਤੇ ਹੋਰਨਾਂ ਦੀ ਅਗਵਾਈ ਹੇਠ ਸੁਨਾਮੀ ਗੇਟ ਬਾਹਰ ਮੇਲੇ ਦੀਆਂ ਰੌਣਕਾਂ ਵਧਾਉਣ ਲਈ ਮਲਵਈ ਗਿੱਧੇ ਦਾ ਆਯੋਜਨ ਕੀਤਾ ਗਿਆ। ਮੇਲੇ ਦੀਆਂ ਰੌਣਕਾਂ ਵਧਾਉਣ ਲਈ ਰਵਾਇਤੀ ਸਾਜਾਂ ਨਾਲ ਮਲਵਈ ਗਿੱਧਾ ਤੇ ਬੋਲੀਆਂ ਪਾ ਕੇ ਬਜ਼ਾਰਾਂ ਵਿੱਚੋਂ ਦੀ ਹੁੰਦੇ ਹੋਏ ਕਲਾਕਾਰ ਮੇਲੇ ਵਾਲੀ ਥਾਂ 'ਤੇ ਪੁੱਜੇ। ਇਥੇ ਪਹਿਲਾਂ ਤੋਂ ਨੇੜੇ-ਤੇੜੇ ਦੇ ਪਿੰਡਾਂ ਵਿੱਚੋਂ ਆਏ ਮੇਲੇ ਦੇ ਸ਼ੌਕੀਨ ਲੋਕ ਜਿੱਥੇ ਢਾਡੀਆਂ, ਕਵੀਸ਼ਰਾਂ ਵੱਲੋਂ ਲਾਈਆਂ ਰੌਣਕਾਂ ਦਾ ਆਨੰਦ ਮਾਣ ਰਹੇ ਸਨ, ਉਥੇ ਮਲਵਈ ਗਿੱਧਾ ਲੋਕਾਂ ਦੀ ਖਿੱਚ ਦਾ ਕੇਂਦਰ ਬਣਿਆ। ਮਲਵਈ ਰਵਾਇਤੀ ਪਹਿਰਾਵੇ ਨਾਲ ਪੁਰਾਣੇ ਸਾਜ਼ਾਂ ਜਿਵੇਂ ਬੁਦਕੂ, ਚਿਮਟੇ, ਕਾਟੋ, ਢੋਲਕ ਤੇ ਹੋਰ ਰਵਾਇਤੀ ਸਾਜ਼ਾਂ ਨਾਲ ਆਈ ਟੀਮ ਨੇ ਬੋਲੀਆਂ ਪਾ ਕੇ ਮੇਲੇ ਵਿੱਚ ਆਏ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ। ਇਸ ਸਮੇਂ ਮਾ. ਦਲਬਾਰ ਸਿੰਘ ਨੇ ਕਿਹਾ ਕਿ ਅਗਲੇ ਵਰ੍ਹੇ ਤੋਂ ਮਲਵਈ ਗਿੱਧੇ ਦੀਆਂ ਇੱਕ ਤੋਂ ਵੱਧ ਟੀਮਾਂ ਲਿਆ ਕੇ ਸ਼ਹਿਰ ਵਿਚੋਂ ਦੀ ਹੁੰਦੇ ਹੋਏ ਇਸ ਮੇਲੇ ਵਿੱਚ ਭਾਰੀ ਰੌਣਕਾਂ ਲਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹੋਏ ਮਲਵਈ ਗਿੱਧੇ ਦੇ ਜੌਹਰ ਦਿਖਾਏ ਜਾਣਗੇ। ਵਰਨਣਯੋਗ ਹੈ ਕਿ ਸਿਰਫ਼ ਮਲਵਈ ਗਿੱਧਾ ਹੈ, ਜਿਸ ਨੂੰ ਮਰਦਾਂ ਦਾ ਗਿੱਧਾ ਵੀ ਕਿਹਾ ਜਾਂਦਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਫ਼ਤਿਹ ਪ੍ਰਭਾਕਰ, ਗੀਤਕਾਰ ਮੀਤ ਸਕਰੌਦੀ, ਪੰਜਾਬੀ ਕਵੀ ਤੇ ਸਕਾਲਰ ਜੰਗ ਸਿੰਘ ਫੱਟੜ, ਦਰਸ਼ਨ ਸਿੰਘ, ਹਾਕਮ ਸਿੰਘ, ਗੁਰਸੇਵਕ ਸਿੰਘ ਤੇ ਹੋਰ ਬਹੁਤ ਸਾਰੇ ਲੋਕਾਂ ਨੇ ਇਸ ਮੇਲੇ ਦੀਆਂ ਰੌਣਕਾਂ ਵਧਾਈਆਂ ਤੇ ਕਲਾਕਾਰਾਂ ਨੂੰ ਮਾਣ ਸਨਮਾਨ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਇਆ।

# ਮੋਟਰਸਾਈਕਲਾਂ ਦੀ ਟੱਕਰ 'ਚ ਔਰਤ ਗੰਭੀਰ ਜ਼ਖਮੀਂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੋਟਰਸਾਈਕਲ ਸਵਾਰ ਵਿਅਕਤੀ ਵੱਲੋਂ ਅੱਗੇ ਜਾ ਰਹੇ ਮੋਟਰਸਾਈਕਲ ਨੂੰ ਟੱਕਰ ਮਾਰ ਦੇਣ ਕਾਰਨ ਮੋਟਰਸਾਈਕਲ ਪਿੱਛੇ ਬੈਠੀ ਔਰਤ ਡਿੱਗ ਗਈ, ਜਿਸ ਕਾਰਨ ਉਸ ਦੇ ਸਿਰ ਵਿੱਚ ਤੇ ਹੋਰ ਕਾਫੀ ਜਗ੍ਹਾ ਸੱਟਾਂ ਲੱਗੀਆਂ ਅਤੇ ਮੋਟਰਸਾਈਕਲ ਵੀ ਨੁਕਸਾਨਿਆ ਗਿਆ, ਜਿਸ 'ਤੇ ਥਾਣਾ ਸਦਰ ਮੁਕਤਸਰ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ।

ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਬਲਰਾਜ ਸਿੰਘ ਵਾਸੀ ਪਿੰਡ ਭੁੱਲਰ ਨੇ ਦੱਸਿਆ ਕਿ ਬੀਤੇ ਦਿਨ ਉਹ ਤੇ ਉਸ ਦੀ ਪਤਨੀ ਹਰਦੀਪ ਕੌਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰੇਲੂ ਕੰਮਕਾਜ ਲਈ ਮੁਕਤਸਰ ਆਏ ਸੀ, ਜਦ ਉਹ ਕੰਮਕਾਜ ਕਰਕੇ ਵਾਪਸ ਪਿੰਡ ਭੁੱਲਰ ਨੂੰ ਜਾ ਰਹੇ ਸੀ ਤਾਂ ਸ਼ਾਮ ਕਰੀਬ 3 ਵਜੇ ਲੌਕਟਾਇਲ ਦੀ ਫੈਕਟਰੀ ਬਠਿੰਡਾ ਰੋਡ ਨੇੜੇ ਪੁਲ ਰਜਬਾਹਾ ਕੋਲ ਉਨ੍ਹਾਂ ਦੇ ਪਿੰਡ ਦੇ ਸੁਖਪਾਲ ਸਿੰਘ ਨੇ ਬੜੀ ਲਾਪ੍ਰਵਾਹੀ ਨਾਲ ਆਪਣਾ ਮੋਟਰਸਾਇਕਲ ਪਿੱਛੋਂ ਸਾਡੇ ਮੋਟਰਸਾਇਕਲ ਵਿੱਚ ਮਾਰਿਆ, ਜਿਸ ਨਾਲ ਮੇਰੀ ਪਤਨੀ ਮੋਟਰਸਾਈਕਲ ਤੋਂ ਡਿੱਗ ਪਈ ਅਤੇ ਸਿਰ ਵਿੱਚ ਸੱਟ ਲੱਗ ਗਈ ਅਤੇ ਹੋਰ ਵੀ ਸੱਟਾਂ ਲੱਗੀਆਂ ਤੇ ਮੋਟਰਸਾਈਕਲ ਵੀ ਨੁਕਸਾਨਿਆ ਗਿਆ। ਮੇਰੀ ਪਤਨੀ ਨੂੰ ਮੁਕਤਸਰ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਸੁਖਪਾਲ ਸਿੰਘ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਨਿਰਮਲ ਸਿੰਘ ਗਿੱਲ ਦਾ 'ਨੁਮਾਇੰਦਾ ਕੁੱਲ ਹਿੰਦ' ਚੁਣੇ ਜਾਣ 'ਤੇ ਸਨਮਾਨ



**ਮੋਗਾ (ਅਮਰਜੀਤ ਬੱਬਰੀ)**-ਤਹਿਸੀਲ ਕੰਪਲੈਕਸ ਵਿਖੇ ਦੀ ਰੈਵੀਨਿਊ ਪਟਵਾਰ ਯੂਨੀਅਨ ਵੱਲੋਂ ਨਿਰਮਲ ਸਿੰਘ ਗਿੱਲ ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ (ਰਜਿ:) ਦੀ ਹੋਈ ਚੋਣ ਵਿੱਚ ਨੁਮਾਇੰਦਾ ਕੁੱਲ ਹਿੰਦ ਚੁਣੇ ਜਾਣ ਤੋਂ ਬਾਅਦ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ ਤੇ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਨਿਰਮਲ ਸਿੰਘ ਗਿੱਲ ਨੇ ਇਸ ਮੁਕਾਮ 'ਤੇ ਪੁਚਾਉਣ ਲਈ ਵਿਸ਼ੇਸ਼ ਕਰਕੇ ਗੁਰਦੇਵ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਮੋਗਾ, ਹਰਪ੍ਰੀਤ ਸਿੰਘ ਦੌਲਤਪੁਰਾ, ਜਨਰਲ ਸਕੱਤਰ, ਜ਼ਿਲ੍ਹਾ ਮੋਗਾ, ਸਾਰੰਗ, ਖ਼ਜ਼ਾਨਚੀ, ਜ਼ਿਲ੍ਹਾ ਮੋਗਾ, ਮੱਖਣ ਸਿੰਘ ਤਹਿਸੀਲ ਪ੍ਰਧਾਨ ਨਿਹਾਲ ਸਿੰਘ ਵਾਲਾ, ਮਨਪ੍ਰੀਤ ਸਿੰਘ ਬਰਾੜ ਤਹਿਸੀਲ ਪ੍ਰਧਾਨ ਮੋਗਾ, ਸੰਦੀਪ ਸਿੰਘ ਗਿੱਲ ਤਹਿਸੀਲ ਪ੍ਰਧਾਨ ਬਾਘਾ ਪੁਰਾਣਾ, ਨਵਦੀਪ ਸਿੰਘ ਤਹਿਸੀਲ ਪ੍ਰਧਾਨ ਧਰਮਕੋਟ ਤੇ ਜ਼ਿਲ੍ਹੇ ਦੇ ਸਮੂਹ ਪਟਵਾਰੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਉਹ ਪੂਰੀ ਤਨਦੇਹੀ ਨਾਲ ਜਥੇਬੰਦੀ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ ਅਤੇ ਜਲਦੀ ਹੀ ਹੋਰ ਸੂਬਿਆਂ ਦੀਆਂ ਪਟਵਾਰ ਯੂਨੀਅਨਾਂ ਨਾਲ ਤਾਲਮੇਲ ਕਰਕੇ ਜਥੇਬੰਦੀ ਦੇ ਮੁੱਢਲੇ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ। ਦੱਸਣ ਯੋਗ ਹੈ ਕਿ ਨਿਰਮਲ ਸਿੰਘ ਗਿੱਲ ਪਿਛਲੇ ਦੋ ਸਾਲ ਤੋਂ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਪਿਛਲੇ ਦੋ ਸਾਲਾਂ ਦੌਰਾਨ ਦੀ ਰੈਵੀਨਿਊ ਪਟਵਾਰ ਯੂਨੀਅਨ, ਜ਼ਿਲ੍ਹਾ ਮੋਗਾ ਵੱਲੋਂ ਜਿੰਨੇ ਵੀ ਸੰਘਰਸ਼ ਲੜੇ ਗਏ, ਸਾਰਿਆਂ ਦੀ ਅਗਵਾਈ ਬਹੁਤ ਵਧ-ਚੜ੍ਹ ਕੇ ਅਤੇ ਪੂਰੀ ਵਫ਼ਾਦਾਰੀ ਨਿਰਮਲ ਸਿੰਘ ਗਿੱਲ ਵੱਲੋਂ ਕੀਤੀ ਗਈ। ਇਸ ਮੌਕੇ ਗੁਰਦੇਵ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਮੋਗਾ, ਹਰਪ੍ਰੀਤ ਸਿੰਘ ਦੌਲਤਪੁਰਾ, ਜਨਰਲ ਸਕੱਤਰ, ਜ਼ਿਲ੍ਹਾ ਮੋਗਾ, ਸਾਰੰਗ, ਖ਼ਜ਼ਾਨਚੀ, ਜ਼ਿਲ੍ਹਾ ਮੋਗਾ, ਮੱਖਣ ਸਿੰਘ ਤਹਿਸੀਲ ਪ੍ਰਧਾਨ ਨਿਹਾਲ ਸਿੰਘ ਵਾਲਾ, ਮਨਪ੍ਰੀਤ ਸਿੰਘ ਬਰਾੜ ਤਹਿਸੀਲ ਪ੍ਰਧਾਨ ਮੋਗਾ, ਸੰਦੀਪ ਸਿੰਘ ਗਿੱਲ ਤਹਿਸੀਲ ਪ੍ਰਧਾਨ ਬਾਘਾ ਪੁਰਾਣਾ, ਨਵਦੀਪ ਸਿੰਘ ਤਹਿਸੀਲ ਪ੍ਰਧਾਨ ਧਰਮ ਕੋਟ ਤੇ ਜ਼ਿਲ੍ਹੇ ਦੇ ਹੋਰ ਪਟਵਾਰੀ ਵੀ ਹਾਜ਼ਰ ਸਨ।

# ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਗਣਿਤ ਪ੍ਰਸ਼ਨੋਤਰੀ ਮੁਕਾਬਲੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਿੱਖਿਆ, ਖੇਡਾਂ ਤੇ ਹੋਰ ਅਨੇਕਾਂ ਹੀ ਤਰ੍ਹਾਂ ਦੀਆਂ ਸਰੀਰਕ ਗਤੀਵਿਧੀਆਂ ਤੇ ਦਿਮਾਗੀ ਅਭਿਆਸ ਅਤੇ ਬੁੱਧੀ ਦੇ ਵਾਧੇ ਲਈ ਬੱਚਿਆਂ ਨੂੰ ਨਿਪੁੰਨ ਬਣਾਉਣ ਸਬੰਧੀ ਪਿਛਲੇ 30 ਸਾਲ ਤੋਂ ਆਪਣੀਆਂ ਸੇਵਾਵਾਂ ਨਿਭਾਅ ਰਹੀ ਸਥਾਨਕ ਸ਼ਹਿਰ ਦੀ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵੱਲੋਂ ਚੌਥੀ ਜਮਾਤ ਦੇ ਵਿਦਿਆਰਥੀਆਂ ਦਾ ਗਣਿਤ ਕੁਇਜ਼ ਮੁਕਾਬਲਿਆਂ ਕਰਵਾਇਆ ਗਿਆ। ਗਣਿਤ ਕੁਇਜ਼ ਦਾ ਸ਼ੁੱਭ-ਆਰੰਭ ਸੰਸਥਾ ਦੇ ਪ੍ਰਿੰਸ: ਗੁਰਦੇਵ ਸਿੰਘ, ਮੈਡਮ ਪਰਮਿੰਦਰ ਕੌਰ, ਡਾਇਰੈਕਟਰ ਸੰਦੀਪ ਮਹਿਤਾ, ਐਡਵੋਕੇਟ ਰਾਜਾ ਸਿੰਘ ਵੱਲੋਂ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦੇ ਤਿੰਨ ਪੜਾਅ ਸਨ। ਮੁਕਾਬਲਾ ਵਧੇਰੇ ਕਠਿਨ ਹੋਣ ਦੇ ਬਾਵਜੂਦ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ। ਜੇਤੂ ਟੀਮ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਤੇ ਨਾਲ ਹੀ ਪ੍ਰਿੰ: ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਪ੍ਰਤੀਯੋਗਤਾਵਾਂ ਦੇ ਮਹੱਤਵ 'ਤੇ ਪ੍ਰਕਾਸ਼ ਪਾਉਂਦੇ ਹੋਏ ਦੱਸਿਆ ਕਿ ਇਸ ਨਾਲ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਵਧਦਾ ਹੈ ਅਤੇ ਇਸ ਤਰ੍ਹਾਂ ਦੇ ਮੁਕਾਬਲੇ ਉਨ੍ਹਾਂ ਦੇ ਭਵਿੱਖ ਲਈ ਲਾਭਕਾਰੀ ਸਿੱਧ ਹੁੰਦੇ ਹਨ।

# ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਸੈਮੀਨਾਰ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਐੱਸ ਸੀ ਈ ਆਰ ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਡੀ ਐੱਲ ਐੱਡ ਦੇ ਵਿਦਿਆਰਥੀਆਂ ਲਈ ਕੁੱਝ ਦਿਨਾਂ ਬਾਅਦ ਸ਼ੁਰੂ ਕੀਤੀ ਜਾਣ ਵਾਲੀ ਟੀਚਿੰਗ ਪ੍ਰੈਕਟਿਸ ਲਈ ਕਾਲਜਾਂ ਵਿੱਚ ਸੈਮੀਨਾਰ ਲਗਾਏ ਜਾ ਰਹੇ ਹਨ। ਇਸ ਲਈ ਜ਼ਿਲ੍ਹਾ ਸੰਗਰੂਰ ਡਾਈਟ ਦੇ ਪ੍ਰਿੰਸੀਪਲ ਸੁਖਵੀਰ ਸਿੰਘ ਵੱਲੋਂ ਸੈਮੀਨਾਰ ਲਗਾਉਣ ਲਈ ਕੁੱਝ ਕਾਲਜਾਂ ਦਾ ਚੁਨਾਵ ਕੀਤਾ ਗਿਆ। ਇਸ ਦੇ ਚਲਦੇ ਬਲਾਕ ਚੀਮਾ ਵੱਲੋਂ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿੱਚ ਡੀ ਐੱਮ ਹਰਮਨਦੀਪ ਸਿੰਘ ਦੀ ਅਗਵਾਈ ਹੇਠ 2 ਦਿਨਾਂ ਸੈਮੀਨਾਰ 6 ਤੇ 7 ਅਕਤੂਬਰ ਨੂੰ ਲਗਾਇਆ ਗਿਆ। ਡੀ ਐੱਮ ਦੇ ਨਾਲ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਉਨ੍ਹਾਂ ਨਾਲ ਬੀ ਐੱਮ ਅੰਗਰੇਜ਼ੀ ਵਿਭਾਗ ਦੇ ਯਸ਼ਮੀਤ ਸਿੰਘ, ਬੀ ਐੱਮ ਸਾਇੰਸ ਵਿਭਾਗ ਅਮ੍ਰਿਤਸਾਗਰ ਸਿੰਘ ਤੇ ਬੀ ਐੱਮ ਗਣਿਤ ਵਿਭਾਗ ਤੋਂ ਗੁਰਜੰਟ ਸਿੰਘ ਪਹੁੰਚੇ। ਇਨ੍ਹਾਂ ਸ਼ਖਸੀਅਤਾਂ ਵੱਲੋਂ ਵਿਦਿਆਰਥੀਆਂ ਨੂੰ ਵਧੀਆ ਢੰਗ ਨਾਲ ਆਪਣੀ ਟੀਚਿੰਗ ਪ੍ਰੈਕਟਿਸ ਸਿਰੇ ਚਾੜ੍ਹਨ ਲਈ ਤਰੀਕੇ ਦੱਸੇ। ਇਸ ਲਈ ਉਨ੍ਹਾਂ ਵੱਲੋਂ ਪ੍ਰੋਜੈਕਟਰ ਦੀ ਮਦਦ ਵੀ ਲਈ ਗਈ ਤਾਂ ਜੋ ਸਾਰੇ ਹੀ ਵਿਦਿਆਰਥੀਆਂ ਨੂੰ ਵੱਡੀ ਡਿਸਪਲੇ ਹੋਣ ਕਰਕੇ ਸਾਰੀ ਗੱਲਬਾਤ ਸਮਝ ਆ ਸਕੇ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਵੱਲੋਂ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਦੇਣ ਲਈ ਪਹੁੰਚੀਆਂ ਸ਼ਖਸੀਅਤਾਂ ਦੀ ਸ਼ਲਾਘਾ ਕੀਤੀ ਗਈ ਤੇ ਕਿਹਾ ਕਿ ਐੱਸ ਸੀ ਈ ਆਰ ਟੀ ਪੰਜਾਬ ਦੇ ਇਹ ਕਦਮ ਚੁੱਕੇ ਜਾਣ ਨਾਲ ਡੀ ਐੱਲ ਐੱਡ ਦੇ ਵਿਦਿਆਰਥੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਆਦਰਸ਼ ਅਧਿਆਪਕ ਬਣ ਜਾਣਗੇ।

# 'ਨਵਾਂ ਜੋਸ਼ ਨਵਾਂ ਦੌਰ' ਮੁਹਿੰਮ ਤਹਿਤ ਬਲਾਕ ਪੱਧਰ 'ਤੇ ਅਹੁਦੇਦਾਰ ਨਿਯੁਕਤ ਕਰਾਂਗੇ : ਤਿਵਾੜੀ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਮਾਛੀਵਾੜਾ ਬਲਾਕ ਕਾਂਗਰਸ ਦੇ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਹਦਾਇਤਾਂ ਅਤੇ ਜ਼ਿਲਾ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਾਰਟੀ ਦੀ 'ਨਵਾਂ ਜੋਸ਼ ਨਵਾਂ ਦੌਰ' ਮੁਹਿੰਮ ਤਹਿਤ ਬਲਾਕ ਦੀ ਕਾਂਗਰਸ ਕਮੇਟੀ ਦਾ ਪੁਨਰ ਗਠਨ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਬਲਾਕ ਕਾਂਗਰਸ ਕਮੇਟੀ 'ਚ ਉਨ੍ਹਾਂ ਅਹੁਦੇਦਾਰਾਂ ਨੂੰ ਅਹੁਦੇ ਦੇ ਕੇ ਨਿਵਾਜਿਆ ਜਾਵੇਗਾ ਜੋ ਕਿ ਪਾਰਟੀ ਦੀ ਵਿਚਾਰਧਾਰਾ ਨਾਲ ਚੱਲ ਕੇ ਪਾਰਟੀ ਦੇ ਹਰੇਕ ਪ੍ਰੋਗਰਾਮ ਵਿਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਮਹਿਲਾ ਕਾਂਗਰਸ, ਯੂਥ ਕਾਂਗਰਸ, ਐੱਸ.ਸੀ. ਵਿੰਗ, ਬੀ.ਸੀ. ਵਿੰਗ, ਕਿਸਾਨ ਸੈੱਲ ਵਿਚ ਬਹੁਤ ਜਲਦ ਕਾਂਗਰਸੀ ਵਰਕਰਾਂ ਨੂੰ ਪ੍ਰਧਾਨ, ਚੇਅਰਮੈਨ ਤੇ ਹੋਰ ਅਹੁਦੇ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ। ਪ੍ਰਧਾਨ ਤਿਵਾੜੀ ਨੇ ਦੱਸਿਆ ਕਿ ਇਨ੍ਹਾਂ ਅਹੁਦਿਆਂ 'ਤੇ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਹੀ ਨਿਯੁਕਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬਲਾਕ ਪੱਧਰੀ ਸੋਸ਼ਲ ਮੀਡੀਆ ਵਿੰਗ ਵੀ ਸਥਾਪਤ ਕੀਤਾ ਜਾਵੇਗਾ। ਤਿਵਾੜੀ ਨੇ ਕਿਹਾ ਕਿ ਬਲਾਕ ਮਾਛੀਵਾੜਾ 'ਚ ਕਾਂਗਰਸ ਦੀ ਬੂਥ ਪੱਧਰ 'ਤੇ ਕਮੇਟੀ ਬਣਾਈ ਜਾਵੇਗੀ ਅਤੇ ਮਿਹਨਤੀ ਵਰਕਰਾਂ ਨੂੰ ਸਨਮਾਨ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਟਕਸਾਲੀ ਕਾਂਗਰਸੀ ਵਰਕਰਾਂ ਦਾ ਮਾਣ-ਸਤਿਕਾਰ ਬਹਾਲ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੀ ਸੋਚ ਅਨੁਸਾਰ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9-OCT-PAGE-1.qxd 10/8/2022 10:39 PM Page 1

ਐਤਵਾਰ, 9 ਅਕਤੂਬਰ, 2022
23 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 129

# ਨਵਾਂ ਜ਼ਮਾਨਾ

DAILY NAWAN ZAMANA • SUNDAY, 9 OCTOBER, 2022 ਜਲੰਧਰ

You Tube nawan zamana TV

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in



## ਮੁਕਾਬਲੇ ਤੋਂ ਬਾਅਦ ਗੈਂਗਸਟਰ ਬਬਲੂ ਗ੍ਰਿਫ਼ਤਾਰ

### 4 ਘੰਟੇ ਚੱਲੇ ਅਪ੍ਰੇਸ਼ਨ 'ਚ 60 ਰੌਂਦ ਫਾਇਰਿੰਗ



**ਗੁਰਦਾਸਪੁਰ** : ਬਟਾਲਾ ਨੇੜਲੇ ਕਸਬਾ ਪਿੰਡ ਕੋਟਲਾ ਬੋਝਾ ਸਿੰਘ ਤੇ ਸੁੱਖਾ ਚਿੜਾ 'ਚ ਗੈਂਗਸਟਰ ਤੇ ਪੁਲਸ ਵਿਚਕਾਰ ਹੋਏ ਮੁਕਾਬਲੇ ਤੋਂ ਬਾਅਦ ਪੁਲਸ ਨੇ ਗੈਂਗਸਟਰ ਰਣਜੋਧ ਸਿੰਘ ਬਬਲੂ ਨੂੰ ਜ਼ਖਮੀ ਹਾਲਤ 'ਚ ਗ੍ਰਿਫਤਾਰ ਕਰ ਲਿਆ ਹੈ। ਇਸ ਦੌਰਾਨ ਕ੍ਰਾਸ ਫਾਇਰਿੰਗ ਵੀ ਹੋਈ, ਜਿਸ 'ਚ ਗੈਂਗਸਟਰ ਨੂੰ ਗੋਲੀ ਵੀ ਲੱਗੀ ਤੇ ਉਹ ਜ਼ਖਮੀ ਹੋ ਗਿਆ। ਪੁਲਸ ਉਸ ਦੇ ਪਿੱਛੇ ਘਰ ਤੋਂ ਹੀ ਲੱਗੀ ਸੀ। ਜਿਸ ਤੋਂ ਬਾਅਦ ਉਹ ਪਿੰਡ ਕੋਟਲਾ ਬੋਝਾ ਸਿੰਘ 'ਚ ਗੰਨੇ ਦੇ ਖੇਤਾਂ 'ਚ ਲੁਕ ਗਿਆ। ਉਥੇ ਮੁਕਾਬਲੇ ਤੋਂ ਬਾਅਦ ਪੁਲਸ ਨੇ ਉਸ ਨੂੰ ਫੜ ਲਿਆ। ਇਸ ਦੌਰਾਨ ਗੈਂਗਸਟਰ ਨੇ 30 ਅਤੇ ਪੁਲਸ ਨੇ 40 ਫਾਇਰ ਕੀਤੇ। ਫੜੇ ਗਏ ਗੈਂਗਸਟਰ ਬਬਲੂ ਤੋਂ 2 ਹਥਿਆਰ ਵੀ ਬਰਾਮਦ ਕੀਤੇ ਗਏ। ਦੱਸਿਆ ਜਾ ਰਿਹਾ ਹੈ ਕਿ ਇਸ ਗੈਂਗਸਟਰ 'ਤੇ ਪਹਿਲਾਂ ਤੋਂ ਹੀ ਨਸ਼ਾ ਤਸਕਰੀ ਦੇ ਕਈ ਮਾਮਲੇ ਦਰਜ ਹਨ। ਬਟਾਲਾ ਦੇ ਐੱਸ ਐੱਸ ਪੀ ਸਤਿੰਦਰ ਸਿੰਘ ਨੇ ਕਿਹਾ ਕਿ ਰਣਜੋਧ ਬਬਲੂ 'ਤੇ ਪਿਛਲੇ 15 ਦਿਨਾਂ 'ਚ ਕਈ ਕੇਸ ਦਰਜ ਕੀਤੇ ਗਏ। ਪੁਲਸ ਨੂੰ ਪਿੱਛਾ ਕਰਦੇ ਦੇਖ ਉਹ ਮੋਟਰਸਾਈਕਲ ਸੜਕ 'ਤੇ ਸੁੱਟ ਕੇ ਖੇਤਾਂ 'ਚ ਲੁਕ ਗਿਆ ਸੀ। ਐੱਸ ਐੱਸ ਪੀ ਸਤਿੰਦਰ ਸਿੰਘ ਨੇ ਕਿਹਾ ਕਿ ਇਹ ਵੱਡਾ ਅਪਰੇਸ਼ਨ ਹੈ ਕਿਉਂਕਿ ਅਸੀਂ ਇਸ ਨੂੰ ਜਿਊਂਦਾ ਫੜਿਆ। ਇਹ ਸਵੇਰ ਤੋਂ ਭੱਜ ਰਿਹਾ ਸੀ। ਇਸ ਖਿਲਾਫ਼ 12 ਮੁਕੱਦਮੇ ਦਰਜ ਹਨ। ਗੋਲੀਆਂ ਲੱਗਣ ਕਾਰਨ ਇਹ ਜ਼ਖ਼ਮੀ ਹੈ, ਇਸ ਦਾ ਇਲਾਜ ਕਰਵਾ ਕੇ ਅੱਗੇ ਦੀ ਪੁੱਛਤਾਛ ਕੀਤੀ ਜਾਵੇਗੀ। ਪੁਲਸ ਨੇ ਇਸ ਨੂੰ ਆਤਮ ਸਮਰਪਣ ਕਰਨ ਦੀ ਅਪੀਲ ਕੀਤੀ ਸੀ, ਪਰ ਉਹ ਇਹ ਨਹੀਂ ਮੰਨਿਆ। ਜਿਸ ਤੋਂ ਬਾਅਦ ਪੁਲਸ ਨਾਲ ਮੁਕਾਬਲੇ 'ਚ ਦਬੋਚਿਆ ਗਿਆ। ਗੈਂਗਸਟਰ ਬਬਲੂ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ। ਮੁਲਜ਼ਮ ਰਣਜੋਧ ਸਿੰਘ ਉਰਫ ਬਬਲੂ 'ਤੇ 7 ਕੇਸ ਦਰਜ ਹਨ, ਜਿਨ੍ਹਾਂ 'ਚੋਂ ਚਾਰ ਅੰਮ੍ਰਿਤਸਰ ਤੇ 3 ਬਟਾਲਾ ਪੁਲਸ ਨੇ ਦਰਜ ਕੀਤੇ ਹਨ। ਦੋ ਪਿਸਤੌਲਾਂ ਵੀ ਬਰਾਮਦ ਹੋਈਆਂ ਹਨ। ਬਬਲੂ ਦੀ ਪਿੱਠ 'ਚ ਗੋਲੀ ਲੱਗੀ ਹੋਈ ਹੈ। ਉਸ ਨੂੰ ਬਟਾਲਾ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਲਿਆਂਦਾ ਗਿਆ ਹੈ, ਜਿੱਥੇ ਪੁਲਸ ਦੀ ਨਿਗਰਾਨੀ ਹੇਠ ਇਲਾਜ ਚੱਲ ਰਿਹਾ ਹੈ।

## ਸੀ ਐੱਨ ਜੀ 3 ਰੁਪਏ ਮਹਿੰਗੀ



**ਨਵੀਂ ਦਿੱਲੀ** : ਰਾਸ਼ਟਰੀ ਰਾਜਧਾਨੀ 'ਚ ਸ਼ਨੀਵਾਰ ਸੀ ਐੱਨ ਜੀ ਅਤੇ ਪੀ ਐੱਨ ਜੀ ਦੀਆਂ ਕੀਮਤਾਂ 'ਚ 3 ਰੁਪਏ ਦਾ ਵਾਧਾ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ 1 ਅਕਤੂਬਰ ਤੋਂ ਕੁਦਰਤੀ ਗੈਸ ਦੀਆਂ ਕੀਮਤਾਂ 'ਚ 40 ਫੀਸਦੀ ਦਾ ਵਾਧਾ ਕੀਤੇ ਜਾਣ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਪਿਛਲੇ ਚਾਰ ਮਹੀਨਿਆਂ ਵਿਚ ਪਹਿਲੀ ਵਾਰ ਸੀ ਐੱਨ ਜੀ ਦੀ ਕੀਮਤ ਵਿਚ ਵਾਧਾ ਕੀਤਾ ਗਿਆ। ਦਿੱਲੀ ਐੱਨ ਸੀ ਆਰ 'ਚ ਸੀ ਐੱਨ ਜੀ ਦੀਆਂ ਕੀਮਤਾਂ 3 ਰੁਪਏ ਵਧ ਕੇ ਹੁਣ ਦਿੱਲੀ 'ਚ ਪ੍ਰਤੀ ਕਿਲੋ ਸੀ ਐਨ ਜੀ ਦੀ ਕੀਮਤ 78.61 ਰੁਪਏ ਹੋ ਗਈ ਹੈ। ਜੇਕਰ ਪੀ ਐਨ ਜੀ ਦੀ ਕੀਮਤ ਦੀ ਗੱਲ ਕਰੀਏ ਤਾਂ ਦਿੱਲੀ 'ਚ ਇਸ ਦੀ ਕੀਮਤ ਵਧ ਕੇ 53.59 ਪ੍ਰਤੀ ਸਟੈਂਡਰਡ ਕਿਊਬਕ ਮੀਟਰ ਹੋ ਗਈ ਹੈ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਸੰਜੀਵ ਅਰੋੜਾ
ਜਗਰਾਓਂ
98145-56990


ਨਿਰਮਲ ਕੁਮਾਰ
ਫਿਲੌਰ
98147-04346


ਰਮੇਸ਼ ਕਟਾਰੀਆ
ਰਾਜਪੁਰਾ
99880-13675


ਰਮਨ ਚੱਢਾ
ਚੋਹਲਾ ਸਾਹਿਬ
98722-26721


ਗੁਰਦੀਪ ਸਿੰਘ
ਧਰਮਕੋਟ
88474-74698


ਹਰਭਜਨ ਢਿੱਲੋਂ
ਭਲਾਣ
94638-21648


ਸੁਖਵਿੰਦਰ ਸਿੰਘ
ਖੰਨਾ
98158-69735


ਪਰਮਿੰਦਰ ਸਿੰਘ ਸੋਨੂੰ
ਖੰਨਾ
97814-09245


ਸਾਗਰਦੀਪ ਸਿੰਘ ਅਰੋੜਾ
ਤਰਨ ਤਾਰਨ
98880-36734


ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713


ਅਮਿਤ ਖੰਨਾ
ਜਗਰਾਓਂ
99140-20819


ਰਣਬੀਰ ਸਿੰਘ ਗੋਲਣ
ਖਾਲੜਾ
70094-77561

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਬੱਸ 'ਚ ਅੱਗ ਲੱਗਣ ਕਾਰਨ 11 ਜਿਊਂਦੇ ਜਲੇ, 38 ਜ਼ਖ਼ਮੀ



**ਮੁੰਬਈ** : ਮਹਾਰਾਸ਼ਟਰ ਦੇ ਨਾਸਿਕ 'ਚ ਸ਼ਨੀਵਾਰ ਸਵੇਰੇ ਬੱਸ ਅਤੇ ਟਰੱਕ ਵਿਚਾਲੇ ਟੱਕਰ ਹੋ ਗਈ। ਇਸ ਟੱਕਰ ਦੌਰਾਨ ਬੱਸ ਦੇ ਅਗਲੇ ਹਿੱਸੇ ਨੂੰ ਅੱਗ ਲੱਗ ਗਈ ਅਤੇ ਦੇਖਦੇ ਹੀ ਦੇਖਦੇ ਬੱਸ ਜਲ ਗਈ। ਹਾਦਸੇ 'ਚ ਬੱਸ ਵਿੱਚ ਸਵਾਰ 11 ਲੋਕ ਜਿਊਂਦਾ ਜਲ ਗਏ। ਇਨ੍ਹਾਂ ਤੋਂ ਇਲਾਵਾ 38 ਯਾਤਰੀ ਜ਼ਖ਼ਮੀ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਮਰਨ ਵਾਲਿਆਂ ਦਾ ਅੰਕੜਾ ਵਧ ਸਕਦਾ ਹੈ। ਜ਼ਿਆਦਾਤਰ ਲੋਕਾਂ ਨੇ ਬੱਸ 'ਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਹਾਦਸਾ ਨਾਸਿਕ-ਔਰੰਗਾਬਾਦ ਰਸਤੇ 'ਤੇ ਨੰਦੂਰਨਾਕਾ ਕੋਲ ਹੋਇਆ। ਬੱਸ ਯਵਤਮਾਲ ਤੋਂ ਮੁੰਬਈ ਜਾ ਰਹੀ ਸੀ। ਚਿੰਤਾਮਣੀ ਟਰੈਵਲਸ ਦੀ ਬੱਸ 'ਚ 50 ਤੋਂ ਜ਼ਿਆਦਾ ਲੋਕ ਸਵਾਰ ਸਨ। ਪ੍ਰਧਾਨ ਮੰਤਰੀ ਮੋਦੀ ਨੇ ਘਟਨਾ 'ਤੇ ਦੁੱਖ ਪ੍ਰਗਟ ਕੀਤਾ। ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ ਕਿ ਜ਼ਖ਼ਮੀਆਂ ਦੇ ਇਲਾਜ ਦਾ ਖਰਚ ਸਰਕਾਰ ਚੁੱਕੇਗੀ।

ਹਾਦਸਾ ਸ਼ਨੀਵਾਰ ਸਵੇਰੇ 4 ਕੁ ਵਜੇ ਹੋਇਆ। ਪੁਲਸ ਅਤੇ ਫਾਇਰ ਬ੍ਰਿਗੇਡ ਦੇ ਅਫਸਰਾਂ ਅਨੁਸਾਰ ਲੱਗਦਾ ਕਿ ਟਰੱਕ ਦੇ ਡੀਜ਼ਲ ਕਾਰਨ ਬੱਸ 'ਚ ਅੱਗ ਲੱਗੀ। ਅਸਲ 'ਚ ਹਾਦਸੇ ਤੋਂ ਬਾਅਦ ਬੱਸ ਅਤੇ ਟਰੱਕ ਵਿਚਾਲੇ ਦੂਰੀ 50 ਮੀਟਰ ਦੀ ਸੀ। ਜ਼ੋਰਦਾਰ ਟੱਕਰ ਤੋਂ ਬਾਅਦ ਟਰੱਕ ਦੇ ਡੀਜ਼ਲ 'ਚ ਧਮਾਕਾ ਹੋਇਆ ਅਤੇ ਬੱਸ 'ਚ ਅੱਗ ਲੱਗ ਗਈ। ਹਾਲਾਂਕਿ ਘਟਨਾ ਕਿਸ ਤਰ੍ਹਾਂ ਹੋਈ, ਇਸ ਦੀ ਕੋਈ ਜਾਣਕਾਰੀ ਨਹੀਂ ਹੈ।

ਇੱਕ ਬੱਸ ਯਾਤਰੀ ਪੂਜਾ ਚੌਹਾਨ ਨੇ ਦੱਸਿਆ ਕਿ ਉਹ ਆਪਣੇ ਦੋ ਬੱਚਿਆਂ ਨਾਲ ਯਾਤਰਾ ਕਰ ਰਹੀ ਸੀ। ਅਸੀਂ ਸੁੱਤੇ ਹੋਏ ਸੀ, ਅਚਾਨਕ ਲੋਕਾਂ ਦਾ ਰੌਲਾ ਸੁਣਾਈ ਦਿੱਤਾ। ਬੱਸ ਦੇ ਅਗਲੇ ਹਿੱਸੇ 'ਚ ਅੱਗ ਨਜ਼ਰ ਆਈ। ਇਸ ਤੋਂ ਬਾਅਦ ਮੈਂ ਆਪਣੇ ਦੋਵਾਂ ਬੱਚਿਆਂ ਨੂੰ ਨਾਲ ਲੈ ਕੇ ਬੱਸ 'ਚੋਂ ਬਾਹਰ ਛਾਲ ਮਾਰ ਦਿੱਤੀ। ਇਸ ਨਾਲ ਉਨ੍ਹਾਂ ਦੇ ਹੱਥ ਝੁਲਸ ਗਏ, ਹਾਲਾਂਕਿ ਇਸ ਕੋਸ਼ਿਸ਼ ਨਾਲ ਮੇਰੇ ਦੋਵੇਂ ਬੱਚੇ ਸੁਰੱਖਿਅਤ ਹਨ।

ਸਭ ਤੋਂ ਜ਼ਿਆਦਾ ਨੁਕਸਾਨ ਬੱਸ ਦੇ ਅਗਲੇ ਹਿੱਸੇ 'ਚ ਹੋਇਆ। ਸਵੇਰ ਦਾ ਸਮੇਂ ਹੋਣ ਕਾਰਨ ਜ਼ਿਆਦਾਤਰ ਯਾਤਰੀ ਸੁੱਤੇ ਹੋਏ ਸਨ, ਇਸ ਲਈ ਉਨ੍ਹਾਂ ਨੂੰ ਬਚਣ ਦਾ ਮੌਕਾ ਨਹੀਂ ਮਿਲ ਸਕਿਆ। ਮਰਨ ਵਾਲਿਆਂ 'ਚ ਬੱਸ ਦਾ ਡਰਾਇਵਰ ਅਤੇ ਕੁਝ ਬੱਚੇ ਵੀ ਸ਼ਾਮਲ ਹਨ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮ੍ਰਿਤਕਾਂ ਦੇ ਪਰਵਾਰ ਵਾਲਿਆਂ ਨੂੰ ਪੰਜ-ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਜ਼ਖ਼ਮੀਆਂ ਦਾ ਫਰੀ ਇਲਾਜ ਕਰਵਾਇਆ ਜਾਵੇਗਾ। ਸ਼ਿੰਦੇ ਨੇ ਕਿਹਾ ਕਿ ਤਿੰਨ ਲੋਕਾਂ ਨੂੰ ਪ੍ਰਾਈਵੇਟ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

## ਹੈਰੋਇਨ ਤੇ ਕਰੋੜਾਂ ਰੁਪਏ ਦੀ ਨਗਦੀ ਸਮੇਤ 4 ਗ੍ਰਿਫਤਾਰ




**ਅੰਮ੍ਰਿਤਸਰ/ਜੰਡਿਆਲਾ ਗੁਰੂ/ਭਿੱਖੀਵਿੰਡ/ ਖਾਲੜਾ/ (ਹਰਿੰਦਰ ਪਾਲ ਸਿੰਘ, ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)** : ਪੰਜਾਬ ਪੁਲਸ ਦੀ ਕਾਊਂਟਰ ਇੰਟੈਲੀਜੈਂਸ ਨੇ ਅੱਤਵਾਦ ਵਿਰੋਧੀ ਆਪ੍ਰੇਸ਼ਨ 'ਚ ਇੱਕ ਹੋਰ ਸਰਹੱਦ ਪਾਰ ਤੋਂ ਡਰੋਨ ਰਾਹੀਂ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ।

ਇਸ ਦੀ ਜਾਣਕਾਰੀ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਦਿੱਤੀ ਹੈ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਆਈ ਐਸ ਆਈ ਦੀ ਮਦਦ ਨਾਲ ਚੱਲ ਰਹੇ ਮਾਡਿਊਲ ਦੇ 4 ਅੱਤਵਾਦੀਆਂ ਨੂੰ ਵੱਡੀ ਅਸਲਾ ਖੇਪ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੈਰੋਇਨ ਵੀ ਬਰਾਮਦ ਕੀਤੀ ਗਈ ਹੈ। ਪੁਲਸ ਮੁਤਾਬਕ ਇਹ ਗਰੋਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਇਸ਼ਾਰੇ 'ਤੇ ਕੰਮ ਕਰਦਾ ਸੀ ਤੇ ਪੰਜਾਬ 'ਚ ਅਸ਼ਾਂਤੀ ਪੈਦਾ ਕਰਨਾ ਚਾਹੁੰਦਾ ਸੀ। ਮੁਲਜ਼ਮਾਂ ਕੋਲੋਂ ਇਕ ਐੱਮਪੀ-4 ਰਾਈਫਲ, 17 ਪਿਸਤੌਲ, 10 ਮੈਗਜ਼ੀਨ, 700 ਗੋਲਾ ਬਾਰੂਦ, ਇਕ ਕਰੋੜ ਤੋਂ ਜ਼ਿਆਦਾ ਦੀ ਨਗਦੀ ਤੇ 500 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਡੀ ਜੀ ਪੀ ਗੌਰਵ ਯਾਦਵ ਦਾ ਕਹਿਣਾ ਹੈ ਕਿ ਪੁਲਸ ਪੰਜਾਬ 'ਚ ਅਸ਼ਾਂਤੀ ਫੈਲਾਉਣ ਵਾਲਿਆਂ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ। ਫੜੇ ਗਏ ਵਿਅਕਤੀਆਂ ਦੀ ਪਛਾਣ ਸੁਰਿੰਦਰ ਸਿੰਘ ਵਾਸੀ ਪਿੰਡ ਬਰਵਾਲਾ ਜਿਲ੍ਹਾ ਤਰਨ ਤਾਰਨ, ਹਰਚੰਦ ਸਿੰਘ ਅਤੇ ਗੁਰਸਾਹਿਬ ਸਿੰਘ ਦੋਵੇਂ ਵਾਸੀ ਵਲਟੋਹਾ ਜਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜੇ 'ਚੋਂ 1.01 ਕਰੋੜ ਰੁਪਏ ਦੀ ਨਗਦੀ, 500 ਗ੍ਰਾਮ ਹੈਰੋਇਨ, 17 ਪਿਸਤੌਲ ਸਮੇਤ 400 ਜਿੰਦਾ ਕਾਰਤੂਸ, ਇਕ ਐਮ ਪੀ-4 ਰਾਈਫਲ ਸਮੇਤ 300 ਜਿੰਦਾ ਕਾਰਤੂਸ, ਦੋ ਤੋਲਣ ਵਾਲੀਆਂ ਮਸ਼ੀਨਾਂ ਅਤੇ ਦੋ ਕਰੰਸੀ ਗਿਣਨ ਵਾਲੀਆਂ ਮਸ਼ੀਨਾਂ ਬਰਾਮਦ ਕੀਤੀਆਂ ਹਨ।

## ਗੁਜਰਾਤ ਤੱਟ ਤੋਂ ਫੜੀ 350 ਕਰੋੜ ਦੀ ਹੈਰੋਇਨ

**ਨਵੀਂ ਦਿੱਲੀ** : ਇੰਡੀਅਨ ਕੋਸਟ ਗਾਰਡਜ਼ ਤੇ ਏ ਟੀ ਐੱਸ ਗੁਜਰਾਤ ਨੇ ਸ਼ਨੀਵਾਰ ਸਵੇਰੇ ਜੁਆਇੰਟ ਅਪਰੇਸ਼ਨ ਚਲਾ ਕੇ ਅੰਤਰਰਾਸ਼ਟਰੀ ਸਮੁੰਦਰੀ ਸਰਹੱਦ ਕੋਲੋਂ ਇੱਕ ਪਾਕਿਸਤਾਨੀ ਕਿਸ਼ਤੀ ਫੜੀ। ਅਲ ਸਾਕਾਰ ਨਾਂਅ ਦੀ ਇਸ ਕਿਸ਼ਤੀ 'ਚੋਂ 50 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਕਿਸ਼ਤੀ ਸਵਾਰ 6 ਤਸਕਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇੰਟਰਨੈਸ਼ਨਲ ਮਾਰਕਿਟ 'ਚ ਇਸ ਦੀ ਕੀਮਤ ਕਰੀਬ 350 ਕਰੋੜ ਰੁਪਏ ਹੈ। ਅੱਗੇ ਦੀ ਜਾਂਚ ਲਈ ਕਿਸ਼ਤੀ ਨੂੰ ਕੱਛ ਜ਼ਿਲ੍ਹੇ ਦੇ ਜਖਾਊ ਪੋਰਟ ਭੇਜਿਆ ਗਿਆ। ਇਸ ਤੋਂ ਪਹਿਲਾਂ 14 ਸਤੰਬਰ ਨੂੰ ਵੀ ਪਾਕਿਸਤਾਨੀ ਕਿਸ਼ਤੀ 'ਚੋਂ 200 ਕਰੋੜ ਦੀ 40 ਕਿਲੋ ਹੈਰੋਇਨ ਜ਼ਬਤ ਕੀਤੀ ਗਈ ਸੀ। ਇਸ ਦੌਰਾਨ ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ ਨੇ ਮੁੰਬਈ ਨੇੜੇ ਨਾਹਵਾ ਸੇਵਾ ਬੰਦਰਗਾਹ 'ਤੇ ਨਾਸਪਾਤੀ ਅਤੇ ਹਰੇ ਸੇਬ ਲੈ ਕੇ ਜਾ ਰਹੇ ਕੰਟੇਨਰ ਵਿੱਚੋਂ 502 ਕਰੋੜ ਰੁਪਏ ਦੀ 50 ਕਿਲੋ ਕੋਕੀਨ ਜ਼ਬਤ ਕੀਤੀ ਹੈ।

## ਗੈਸ ਸਿਲੰਡਰ ਧਮਾਕੇ 'ਚ 4 ਜਿਊਂਦੇ ਸੜੇ

**ਜੋਧਪੁਰ** : ਗੈਸ ਸਿਲੰਡਰ 'ਚ ਹੋਏ ਧਮਾਕੇ ਦੌਰਾਨ 4 ਲੋਕ ਜਿਊਂਦੇ ਸੜ ਗਏ ਤੇ 16 ਗੰਭੀਰ ਰੂਪ 'ਚ ਝੁਲਸ ਗਏ। ਮਾਮਲਾ ਜੋਧਪੁਰ ਦੇ ਕੀਰਤੀ ਨਗਰ ਦਾ ਹੈ। ਕੁਲੈਕਟਰ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਸ਼ਨੀਵਾਰ ਦੁਪਹਿਰ ਕਰੀਬ 2 ਵਜੇ ਕੀਰਤੀ ਨਗਰ 'ਚ ਗੈਰ-ਕਾਨੂੰਨੀ ਤਰੀਕੇ ਨਾਲ ਗੈਸ ਰਿਫਾਈਲਿੰਗ ਦੌਰਾਨ ਗੈਸ ਲੀਕੇਜ ਹੋ ਗਈ, ਜਿਸ ਕਾਰਨ ਨੇੜੇ ਖੜੀਆਂ ਗੱਡੀਆਂ ਵੀ ਅੱਗ ਦੀ ਲਪੇਟ 'ਚ ਆ ਗਈਆਂ। ਮਰਨ ਵਾਲਿਆਂ 'ਚ 3 ਬੱਚੇ ਵੀ ਸ਼ਾਮਲ ਹਨ। ਅੱਗ ਦੀ ਲਪੇਟ 'ਚ ਨਿਕੂ, ਵਿੱਕੀ, ਸੁਰੇਸ਼ ਤੇ ਕੋਮਲ ਦੀ ਮੌਤ ਹੋ ਗਈ। ਨਕਸ਼, ਨਿਰਮਾ, ਸ਼ੋਭਾ, ਸਰੋਜ, ਹਰੀਰਾਮ, ਨਿਤੇਸ਼, ਕੰਚਨ, ਰਾਜਵੀਰ, ਖੁਸ਼ੀ, ਪਾਰਸ ਰਾਮ, ਦਿਵਿਆਂਸ਼ੂ, ਅਸ਼ੋਕ, ਅਨਰਾਜ, ਸੂਰਜ ਅਤੇ ਭੋਮਾ ਰਾਮ ਝੁਲਸ ਗਏ।

## ਏਅਰ ਫੋਰਸ ਦਿਵਸ 'ਤੇ ਹਵਾਈ ਫੌਜ ਨੂੰ ਮਿਲੀ ਨਵੀਂ ਬਰਾਂਚ ਤੇ ਵਰਦੀ




**ਚੰਡੀਗੜ੍ਹ (ਗੁਰਜੀਤ ਬਿੱਲਾ)**- ਭਾਰਤੀ ਹਵਾਈ ਫੌਜ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਏਅਰਬੇਸ 'ਤੇ 90ਵਾਂ ਸਥਾਪਨਾ ਦਿਵਸ ਮਨਾਇਆ। ਇਸ ਦੌਰਾਨ ਹਵਾਈ ਸੈਨਾ ਦੇ ਜਵਾਨਾਂ ਅਸਮਾਨ 'ਚ ਕਰਤੱਬ ਦਿਖਾਏ। ਪ੍ਰੋਗਰਾਮ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਮੁੱਖ ਮਹਿਮਾਨ ਵਜੋਂ ਪੁੱਜੇ। ਏਅਰ ਚੀਫ਼ ਮਾਰਸ਼ਲ ਵੀ ਆਰ ਚੌਧਰੀ ਨੇ ਐਲਾਨ ਕੀਤਾ ਕਿ ਹਵਾਈ ਫੌਜ 'ਚ ਇੱਕ ਨਵੀਂ ਅਪਰੇਸ਼ਨਲ ਬਰਾਂਚ ਦਾ ਗਠਨ ਕੀਤਾ ਜਾ ਰਿਹਾ ਹੈ, ਜੋ ਜ਼ਮੀਨ ਅਧਾਰਤ ਅਤੇ ਹਵਾ 'ਚੋਂ ਲਾਂਚ ਕੀਤੇ ਗਏ ਹਥਿਆਰ ਪ੍ਰਣਾਲੀਆਂ ਵਰਗੇ ਡਰੋਨ, ਮਿਜ਼ਾਇਲਾਂ ਆਦਿ ਨੂੰ ਸੰਭਾਲੇਗੀ। ਚੌਧਰੀ ਨੇ ਕਿਹਾ ਕਿ ਇਹ ਐਲਾਨ ਕਰਨਾ ਮੇਰੇ ਲਈ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਹਵਾਈ ਫੌਜ 'ਚ ਇੱਕ ਹਥਿਆਰ ਪ੍ਰਣਾਲੀ ਸ਼ਾਖਾ ਨੂੰ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦਾ ਨਾਂਅ 'ਵੇਪੰਸ ਸਿਸਟ ਬ੍ਰਾਂਚ' ਹੈ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਹੈ, ਜਦ ਇੱਕ ਨਵੀਂ ਅਪਰੇਸ਼ਨ ਸ਼ਾਖਾ ਹਵਾਈ ਫੌਜ 'ਚ ਬਣਾਈ ਜਾ ਰਹੀ ਹੈ। ਇਸ ਦੀਆਂ ਚਾਰ ਪ੍ਰਮੁੱਖ ਬਰਾਂਚਾਂ ਹੋਣਗੀਆਂ, ਜਿਸ 'ਚ ਪਹਿਲੀ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀ ਮਿਜ਼ਾਇਲ ਹੋਵੇਗੀ। ਦੂਜੀ ਧਰਤੀ ਤੋਂ ਹਵਾ 'ਚ ਮਾਰ ਕਰਨ ਵਾਲੀ, ਤੀਜੀ ਰਿਮੋਟਲੀ ਪਾਇਲੇਟਿਡ ਏਅਰਰਾਫਟ ਹੋਣਗੇ। ਇਸ ਤੋਂ ਇਲਾਵਾ ਚੌਥੀ ਸ਼ਾਖਾ 'ਚ ਟਵਿਨ ਐਂਡ ਮਲਟੀ ਕਰੂ ਏਅਰਕ੍ਰਾਫਟ ਦੇ ਵੈਪਨ ਸਿਸਟਮ ਅਪਰੇਟਰ ਨੂੰ ਸ਼ਾਮਲ ਕੀਤਾ ਜਾਵੇਗਾ। ਹਵਾਈ ਫੌਜ ਦੇ ਮੁਖੀ ਮੁਤਾਬਕ ਅਗਨੀਵੀਰ ਯੋਜਨਾ ਦੇ ਤਹਿਤ ਮਹਿਲਾ ਉਮੀਦਵਾਰਾਂ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ। ਉਹ ਅਗਲੇ ਸਾਲ ਤੋਂ ਮਹਿਲਾ ਅਗਨੀਵੀਰਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾ ਰਹੇ ਹਨ। ਸ਼ੁਰੂਆਤੀ ਟਰੇਨਿੰਗ ਲਈ 3000 ਅਗਨੀਵੀਰ ਸ਼ਾਮਲ ਕਰਨ ਦੀ ਯੋਜਨਾ ਹੈ।

## ਫੈਕਟਰੀ 'ਚ ਧਮਾਕਾ, 7 ਜ਼ਖ਼ਮੀ



**ਲੁਧਿਆਣਾ** : ਲੁਧਿਆਣਾ-ਮਾਲੇਰਕੋਟਲਾ ਰੋਡ 'ਤੇ ਪਿੰਡ ਰੰਗੀਆਂ ਵਿਚਲੀ ਫੈਕਟਰੀ 'ਚ ਸ਼ਨੀਵਾਰ ਸਵੇਰੇ ਹੋਏ ਧਮਾਕੇ 'ਚ 7 ਵਿਅਕਤੀ ਜ਼ਖਮੀ ਹੋ ਗਏ। ਜ਼ਖਮੀਆਂ 'ਚ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਹ ਧਮਾਕਾ ਸ਼ਨੀਵਾਰ ਸਵੇਰੇ ਲੱਗਭੱਗ 6.30 ਵਜੇ ਉਸ ਵੇਲੇ ਹੋਇਆ, ਜਦੋਂ ਸਕਰੈਪ ਨੂੰ ਕੰਪਰੈੱਸ ਕੀਤਾ ਜਾ ਰਿਹਾ ਸੀ। ਫੈਕਟਰੀ ਦੇ ਮੈਨੇਜਰ ਦੀਪਕ ਸਿੰਘ ਨੇ ਦੱਸਿਆ ਕਿ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਜਦੋਂ ਸਕਰੈਪ ਨੂੰ ਕੰਪਰੈੱਸ ਕੀਤਾ ਜਾ ਰਿਹਾ ਸੀ ਤਾਂ ਇਸ ਦੌਰਾਨ ਜ਼ੋਰਦਾਰ ਧਮਾਕਾ ਹੋ ਗਿਆ। ਇਹ ਧਮਾਕਾ ਕੈਮੀਕਲ ਬੋਤਲ ਫਟਣ ਨਾਲ ਜਾਂ ਬੰਬ-ਨੁਮਾ ਕਿਸੇ ਚੀਜ਼ ਨਾਲ ਹੋਇਆ ਦੱਸਿਆ ਜਾ ਰਿਹਾ ਹੈ। ਜ਼ਖਮੀਆਂ ਵਿਚ ਦਲੀਪ ਕੁਮਾਰ, ਦਲੀਪ ਗੁਪਤਾ, ਸ਼ਿਵਮ, ਰਾਮ ਬਾਬੂ, ਰਵੀ ਕੁਮਾਰ ਦੁਰਬੇ ਤੇ ਰਵੀ ਕੁਮਾਰ ਸ਼ਾਮਲ ਹਨ, ਜਿਨ੍ਹਾਂ ਨੂੰ ਲੁਧਿਆਣਾ ਅਤੇ ਮੰਡੀ ਅਹਿਮਦਗੜ੍ਹ ਦੇ ਨਿੱਜੀ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਡੇਹਲੋਂ ਥਾਣੇ ਦੇ ਐਡੀਸ਼ਨਲ ਐੱਸ ਐੱਚ ਓ ਜਸਵਿੰਦਰ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਅਤੇ ਤਫਤੀਸ਼ ਸ਼ੁਰੂ ਕਰ ਦਿੱਤੀ। ਧਮਾਕੇ ਦੇ ਅਸਲ ਕਾਰਨਾਂ ਦਾ ਪਤਾ ਫੋਰੈਂਸਿਕ ਟੀਮ ਦੇ ਆਉਣ ਤੋਂ ਬਾਅਦ ਹੀ ਲੱਗੇਗਾ। ਸ਼ੱਕ ਕੀਤਾ ਜਾਂਦਾ ਹੈ ਕਿ ਸਿਲੰਡਰਨੁਮਾ ਵੱਡੀਆਂ ਸ਼ੀਸ਼ੀਆਂ ਵਿੱਚ ਕੋਈ ਰਸਾਇਣ ਸੀ, ਜੋ ਦਬਾਅ ਕਾਰਨ ਫਟ ਗਿਆ।

ਹਸਪਤਾਲ ਦੇ ਡਾਕਟਰ ਰਾਜੀਵ ਸੂਦ ਨੇ ਦੱਸਿਆ ਕਿ ਕਰੀਬ ਪੌਣੇ ਸੱਤ ਵਜੇ ਸੱਤ ਮਜ਼ਦੂਰਾਂ ਨੂੰ ਜ਼ਖਮੀ ਹਾਲਤ ਵਿੱਚ ਲਿਆਂਦਾ ਗਿਆ ਸੀ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੋਣ ਕਰਕੇ ਲੁਧਿਆਣਾ ਭੇਜ ਦਿੱਤਾ ਗਿਆ ਅਤੇ ਬਾਕੀਆਂ ਦੀ ਹਾਲਤ ਸਥਿਰ ਹੈ।

## ਅਵਤਾਰ ਜੌਹਲ ਨਹੀਂ ਰਹੇ

### ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ



**ਜਲੰਧਰ (ਕੇਸਰ)** ਆਈ ਡਬਲਿਊ ਏ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈੱਲਫੇਅਰ ਟਰੱਸਟ ਦੇ ਆਗੂ, ਲੰਮਾ ਸਮਾਂ ਸਾਮਰਾਜ, ਫਾਸ਼ੀਵਾਦ ਵਿਰੋਧੀ ਲਹਿਰਾਂ ਦੀ ਅਗਵਾਈ ਕਰਦੇ ਰਹੇ ਅਵਤਾਰ ਸਿੰਘ ਜੌਹਲ ਸਦੀਵੀ ਵਿਛੋੜਾ ਦੇ ਗਏ। ਉਹਨਾ ਦੀ ਅਗਵਾਈ 'ਚ ਜਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ, ਮੇਲਾ, ਹੋਰ ਸਰਗਰਮੀਆਂ ਅਤੇ ਲੋੜਾਂ ਦੀ ਪੂਰਤੀ ਲਈ ਸਦਾ ਹੀ ਭਰਵਾਂ ਹੁੰਗਾਰਾ ਭਰਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਸ਼ੀਤਲ ਸਿੰਘ ਸੰਘਾ, ਰਣਜੀਤ ਸਿੰਘ ਔਲਖ, ਚਰੰਜੀ ਲਾਲ ਕੰਗਣੀਵਾਲ, ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਕੁਲਵੀਰ ਸਿੰਘ ਸੰਘੇੜਾ ਨੇ ਸਮੁੱਚੀ ਕਮੇਟੀ ਦੀ ਤਰਫੋਂ ਵਿਛੜੀ ਸ਼ਖਸੀਅਤ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ। ਕਮੇਟੀ ਨੇ ਅਵਤਾਰ ਸਿੰਘ ਜੌਹਲ ਦੇ ਪਰਵਾਰ ਅਤੇ ਉਹਨਾ ਦੀਆਂ ਸੰਸਥਾਵਾਂ ਨਾਲ ਗਹਿਰੀ ਹਮਦਰਦੀ ਪ੍ਰਗਟ ਕਰਦਿਆਂ ਉਹਨਾ ਦੇ ਅਧੂਰੇ ਕਾਜ਼ ਪੂਰੇ ਕਰਨ ਦਾ ਅਹਿਦ ਲਿਆ ਹੈ।

## ਭਾਜਪਾ ਦੇ ਇਸ਼ਾਰੇ 'ਤੇ ਜੇ ਡੀ ਯੂ ਨੂੰ ਕਾਂਗਰਸ 'ਚ ਮਿਲਾਉਣਾ ਚਾਹੁੰਦੇ ਸਨ ਪੀ ਕੇ : ਨਿਤਿਸ਼

**ਨਵੀਂ ਦਿੱਲੀ** : ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ 'ਤੇ ਵੱਡਾ ਹਮਲਾ ਕੀਤਾ ਹੈ। ਨਿਤਿਸ਼ ਕੁਮਾਰ ਨੇ ਕਿਹਾ ਕਿ ਇਹ ਉਹੀ ਪ੍ਰਸ਼ਾਂਤ ਕਿਸ਼ੋਰ ਹੈ, ਜੋ ਕੁਝ ਸਮਾਂ ਪਹਿਲਾਂ ਸਾਡੀ ਪਾਰਟੀ ਦੇ ਕਾਂਗਰਸ 'ਚ ਰਲੇਵੇਂ ਦੀ ਸਲਾਹ ਦੇ ਰਹੇ ਸਨ। ਉਹਨਾ ਇਹ ਵੀ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਹੁਣ ਭਾਜਪਾ ਦੇ ਨਾਲ ਹੈ, ਇਸ ਲਈ ਉਥੋਂ ਦੇ ਹਿਸਾਬ ਨਾਲ ਬਿਆਨਬਾਜ਼ੀ ਕਰ ਰਹੇ ਹਨ। ਨਿਤਿਸ਼ ਨੇ ਇਹ ਗੱਲ ਇੱਕ ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ। ਉਨ੍ਹਾ ਤੋਂ ਪੁੱਛਿਆ ਗਿਆ ਕਿ ਪ੍ਰਸ਼ਾਂਤ ਕਿਸ਼ੋਰ ਦਾ ਕਹਿਣਾ ਹੈ ਕਿ ਤੁਸੀਂ ਉਸ ਨੂੰ ਸਰਕਾਰ 'ਚ ਪੋਸਟ ਆਫਰ ਕੀਤੀ ਸੀ। ਇਸ ਦੇ ਜਵਾਬ 'ਚ ਨਿਤਿਸ਼ ਨੇ ਉਕਤ ਗੱਲਾਂ ਕਹੀਆਂ। ਨਿਤਿਸ਼ ਨੇ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਵੈਸੇ ਹੀ ਬੋਲਦੇ ਰਹਿੰਦੇ ਹਨ। ਇਸ ਤਰ੍ਹਾਂ ਦਾ ਕੁਝ ਨਹੀਂ ਹੈ, ਬਸ ਉਸ ਦੀਆਂ ਗੱਲਾਂ ਸੁਣ ਲਵੋ। ਨਿਤਿਸ਼ ਨੇ ਕਿਹਾ ਕਿ ਉਹ ਪ੍ਰਸ਼ਾਂਤ 'ਤੇ ਰੋਜ਼ਾਨਾ ਬੋਲਣਾ ਸਹੀ ਨਹੀਂ ਸਮਝਦੇ, ਇਨ੍ਹਾਂ ਲੋਕਾਂ ਦਾ ਕੋਈ ਟਿਕਾਣਾ ਨਹੀਂ।

## ਅੱਜ-ਨਾਮਾ

ਮਤਾ ਪੇਸ਼ ਅਮਰੀਕਾ ਕੋਈ ਫੇਰ ਕਰਿਆ,
ਨਿੰਦਾ ਚੀਨ ਦੀ ਚਾਹੁੰਦਾ ਸੀ ਕਰੀ ਮੀਆਂ।
ਵਿਕਸਤ ਦੇਸ਼ ਨੇ ਪੱਕੇ ਕੁਝ ਨਾਲ ਉਹਦੇ,
ਹਮਾਇਤ ਪੱਕੀ ਪਲੇਟ ਵਿੱਚ ਧਰੀ ਮੀਆਂ।
ਖਿਝਿਆ ਰੂਸ ਸੀ ਜਾਵਣਾ ਉਲਟ ਉਹਦੇ,
ਸਮਝਣ ਗੱਲ ਉਹ ਖਰੀ ਨਾ ਖਰੀ ਮੀਆਂ।
ਅਮਰੀਕੀ ਅੱਖ ਸੀ ਭਾਰਤ ਦੇ ਵੱਲ ਸਿੱਧੀ,
ਮੁੜ ਕੇ ਹਾਮੀ ਨਾ ਭਾਰਤ ਵੀ ਭਰੀ ਮੀਆਂ।
ਸੱਤਰਾਂ ਸਾਲਾਂ ਤੋਂ ਭਾਰਤ ਵਿਰੁੱਧ ਜਿਹੜਾ,
ਮੁੜ-ਮੁੜ ਰਿਹਾ ਸੀ ਗੱਡਦਾ ਲੱਤ ਮੀਆਂ।
ਉਸ ਦੇ ਵਾਸਤੇ ਚੀਨ ਨਾਲ ਵੈਰ ਪਾਉਂਦਾ,
ਮਾਰੀ ਭਾਰਤ ਦੀ ਅਜੇ ਨਹੀਂ ਮੱਤ ਮੀਆਂ।

-ਤੀਸ ਮਾਰ ਖਾਂ

## ਖੜਗੇ ਤੇ ਥਰੂਰ ਨੂੰ ਰਿਮੋਟ ਕੰਟਰੋਲ ਨਾਲ ਨਹੀਂ ਚਲਾਇਆ ਜਾ ਸਕਦਾ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਭਾਰਤ ਜੋੜੋ ਯਾਤਰਾ ਦੌਰਾਨ ਉਨ੍ਹਾਂ ਸ਼ੰਕਿਆਂ ਨੂੰ ਖਾਰਜ ਕਰ ਦਿੱਤਾ ਕਿ ਗਾਂਧੀ ਪਰਵਾਰ ਪਾਰਟੀ ਦੇ ਅਗਲੇ ਪ੍ਰਧਾਨ ਨੂੰ ਰਿਮੋਟ ਕੰਟਰੋਲ ਨਾਲ ਚਲਾ ਸਕਦਾ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਦੋਵੇਂ ਉਮੀਦਵਾਰ ਮਲਿਕਾਰਜੁਨ ਖੜਗੇ ਅਤੇ ਸ਼ਸ਼ੀ ਥਰੂਰ ਮਜ਼ਬੂਤ ਅਤੇ ਚੰਗੀ ਸਮਝ ਵਾਲੇ ਵਿਅਕਤੀ ਹਨ।

ਇਸ ਤੋਂ ਪਹਿਲਾਂ ਕਾਂਗਰਸ ਨੇਤਾ ਨੇ ਕਿਹਾ ਕਿ ਸਿਰਫ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦਾ ਕੋਈ ਇਰਾਦਾ ਨਹੀਂ ਅਤੇ ਕੰਨੜ ਵਰਗੀਆਂ ਖੇਤਰੀ ਭਾਸ਼ਾਵਾਂ ਦੀ ਪਛਾਣ ਨੂੰ ਕੋਈ ਖਤਰਾ ਨਹੀਂ।

## ਇਜ਼ਰਾਈਲ 'ਚ ਭਾਰਤੀ ਨੌਜਵਾਨ ਦੀ ਹੱਤਿਆ ਦੇ ਮਾਮਲੇ 'ਚ 8 ਗ੍ਰਿਫਤਾਰ

**ਯੇਰੂਸ਼ਲਮ** : ਇਜ਼ਰਾਈਲ ਪੁਲਸ ਨੇ ਉੱਤਰੀ ਸ਼ਹਿਰ ਕਿਰਿਆਤ ਸਮੋਨਾ 'ਚ ਜਨਮ ਦਿਨ ਦੀ ਪਾਰਟੀ 'ਚ ਭਾਰਤੀ ਮੂਲ ਦੇ ਨੌਜਵਾਨ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਦੋਸ਼ 'ਚ ਅੱਠ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਾਰੇ 13 ਤੋਂ 15 ਸਾਲ ਦੀ ਉਮਰ ਦੇ ਹਨ। 18 ਸਾਲਾ ਯੋਏਲ ਆਪਣੇ ਪਰਵਾਰ ਨਾਲ ਸਾਲ ਪਹਿਲਾਂ ਭਾਰਤ ਤੋਂ ਇਜ਼ਰਾਈਲ ਦੇ ਉੱਤਰੀ ਜ਼ਿਲ੍ਹੇ ਦੇ ਸ਼ਹਿਰ ਨੋਫ ਹਗਲੀਲ ਆ ਗਿਆ ਸੀ। ਉਹ ਬਨੀ ਮੇਨਾਸੇ ਦੇ ਉੱਤਰ-ਪੂਰਬੀ ਭਾਰਤੀ-ਯਹੂਦੀ ਭਾਈਚਾਰੇ ਨਾਲ ਸਬੰਧਤ ਸੀ।

## ਫਾਰਮਾਸਿਊਟੀਕਲ ਉਦਯੋਗ ਨੂੰ ਸਰਕਾਰੀ ਖੇਤਰ 'ਚ ਮੁੜ ਸੁਰਜੀਤ ਕੀਤਾ ਜਾਵੇ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐੱਸ ਭਾਟੀਆ/ ਰੈਕਟਰ ਕਥੂਰੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈੱਲਪਮੈਂਟ (ਆਈ ਡੀ ਪੀ ਡੀ) ਨੇ ਸੋਨੀਪਤ ਸਥਿਤ ਦਵਾਈਆਂ ਬਣਾਉਣ ਵਾਲੀ ਮੇਡਨ ਨਾਂਅ ਦੀ ਫ਼ਰਮ ਦੁਆਰਾ ਤਿਆਰ ਖੰਘ ਦੀ ਦਵਾਈ ਦੀ ਵਰਤੋਂ ਕਰਨ ਨਾਲ ਅਫ਼ਰੀਕਾ ਦੇ ਦੇਸ਼ ਗਾਂਬੀਆ ਵਿੱਚ 66 ਬੱਚਿਆਂ ਦੀ ਮੌਤ ਦਾ ਗੰਭੀਰ ਨੋਟਿਸ ਲਿਆ ਹੈ।

ਆਈ ਡੀ ਪੀ ਡੀ ਦੇ ਡਾ: ਐੱਸ ਐੱਸ ਸੂਦਨ ਪ੍ਰਧਾਨ, ਡਾ: ਅਰੁਣ ਮਿੱਤਰਾ ਸੀਨੀਅਰ ਮੀਤ ਪ੍ਰਧਾਨ ਅਤੇ ਡਾ: ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਜਿਹੀਆਂ ਕਈ ਰਿਪੋਰਟ ਆਈਆਂ ਹਨ ਕਿ ਇਸ ਕੰਪਨੀ ਦੁਆਰਾ ਬਣਾਏ ਗਏ ਉਤਪਾਦਾਂ ਵਿੱਚ ਪਹਿਲਾਂ ਵੀ ਕਈ ਅੰਤਰ ਪਾਏ ਗਏ ਹਨ। ਅਜਿਹੀ ਕੰਪਨੀ ਨੂੰ ਦਵਾਈ ਬਰਾਮਦ ਕਰਨ ਦੀ ਇਜਾਜ਼ਤ ਕਿਵੇਂ ਦਿੱਤੀ ਗਈ, ਇਹ ਵੱਡਾ ਸਵਾਲ ਹੈ। ਡਾਇਰੈਕਟੋਰੇਟ ਜਨਰਲ ਸਿਹਤ ਅਤੇ ਪਰਵਾਰ ਭਲਾਈ ਮੰਤਰਾਲਾ ਭਾਰਤ ਸਰਕਾਰ ਦੀ ਰਾਸ਼ਟਰੀ ਰੈਗੂਲੇਟਰੀ ਅਥਾਰਟੀ ਦੇ ਅਧੀਨ ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਦੀ ਪੂਰੀ ਤਰ੍ਹਾਂ ਅਸਫਲਤਾ ਹੈ।

ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਬਾਜ਼ਾਰ ਵਿੱਚ ਘਟੀਆ ਜਾਂ ਇੱਥੋਂ ਤੱਕ ਕਿ ਨਕਲੀ ਦਵਾਈਆਂ ਬਣਾਉਣ ਵਾਲੀਆਂ ਕਈ ਕੰਪਨੀਆਂ ਵੱਲੋਂ ਦਵਾਈਆਂ ਵੇਚੀਆਂ ਜਾ ਰਹੀਆਂ ਹਨ। ਰੈਗੂਲੇਟਰੀ ਪ੍ਰਬੰਧ ਖਰਾਬ ਹੋਣ ਕਾਰਨ ਉਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਅਸੀਂ ਰੈਗੂਲੇਟਰੀ ਤੰਤਰ ਨੂੰ ਮਜ਼ਬੂਤ ਕਰਨ ਅਤੇ ਅਜਿਹੀਆਂ ਫਾਰਮਾਸਿਊਟੀਕਲ ਕੰਪਨੀਆਂ ਨੂੰ ਨਿਯਮਿਤ ਕਰਨ ਦੀ ਮੰਗ ਕਰਦੇ ਹਾਂ। ਅਸੀਂ ਮੰਗ ਕਰਦੇ ਹਾਂ ਫਾਰਮਾਸਿਊਟੀਕਲ ਉਦਯੋਗ ਨੂੰ ਸਰਕਾਰੀ ਖੇਤਰ ਵਿੱਚ ਮੁੜ ਸੁਰਜੀਤ ਕੀਤਾ ਜਾਵੇ।

ਤਾਜ਼ੀਆਂ ਖ਼ਬਰਾਂ ਲਈ
ਨਵਾਂ ਜ਼ਮਾਨਾ ਟੀ ਵੀ
https://www.youtube.com/c/nawanzamanatv
ਨੂੰ ਸਬਸਕਰਾਈਵ ਕਰੋ
ਸਾਡੇ ਵਿਸ਼ੇਸ਼ ਪ੍ਰੋਗਰਾਮ
ਹਰ ਬੁੱਧਵਾਰ ਤੇ ਸ਼ਨੀਵਾਰ
ਕਾਨੂੰਨੀ ਜਾਣਕਾਰੀ
ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਰਾਹੀਂ
ਮੇਲਾ ਗ਼ਦਰੀ ਬਾਬਿਆਂ ਦਾ
ਅਕਤੂਬਰ ਦੇ ਹਰ ਐਤਵਾਰ ਮੁਲਾਕਾਤ
ਇਸ ਵਾਰ ਦੇ ਮਹਿਮਾਨ
ਕੇਸਰ
ਨਾਲ ਪੁਸਤਕ ਮੇਲੇ ਬਾਰੇ ਚਰਚਾ

CMYK

9-OCT-PAGE-4 qxd..qxd 10/8/2022 9:50 PM Page 1



# ਪੈਨਸ਼ਨਰਾਂ ਨੇ ਮੰਗਾਂ ਨੂੰ ਲੈ ਕੇ ਸਰਕਾਰ ਦੀ ਅਰਥੀ ਫੂਕੀ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਸੈਂਕੜੇ ਪੈਨਸ਼ਨਰਾਂ ਵੱਲੋਂ ਸਰਪ੍ਰਸਤ ਜਗਦੀਸ਼ ਸ਼ਰਮਾ, ਪ੍ਰਧਾਨ ਅਰਜਨ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਕੁਮਾਰ ਬਾਲੀਆਂ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਦਫਤਰ ਅੱਗੇ ਮੰਗਾਂ ਸੰਬੰਧੀ ਸਰਕਾਰ ਦੀ ਟਾਲ-ਮਟੋਲ, ਡੰਗ ਟਪਾਊ ਨੀਤੀ ਵਿਰੁੱਧ ਭਾਰੀ ਰੋਸ ਮੁਜ਼ਾਹਾਰਾ ਕੀਤਾ ਤੇ ਸਰਕਾਰ ਦੀ ਅਰਥੀ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਜਗਦੀਸ਼ ਸ਼ਰਮਾ, ਸੁਰਿੰਦਰ ਕੁਮਾਰ ਬਾਲੀਆਂ, ਬਿੱਕਰ ਸਿੰਘ ਸਿਬੀਆ, ਸ਼ਿਵ ਕੁਮਾਰ ਸ਼ਰਮਾ, ਬਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿੱਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਪੈਨਸ਼ਨਾਂ ਦੀਆਂ ਹੋਈਆਂ ਕਈ ਮੀਟਿੰਗਾਂ ਬੇ-ਸਿੱਟਾ ਰਹੀਆਂ। ਪੈਨਸ਼ਨਰਾਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 2.59 ਗੁਣਾਂਕ ਨਾ ਦੇਣਾ, ਨੋਸ਼ਨਲ ਫਿਕਸੇਸ਼ਨ ਦੀਆਂ ਉਦਾਹਾਰਨਾਂ ਜਾਰੀ ਨਾ ਕਰਨਾ, 1-1-16 ਤੋਂ ਬਾਅਦ ਸਾਢੇ ਪੰਜ ਸਾਲ ਦਾ ਬਕਾਇਆ ਦੱਬੀ ਰੱਖਣਾ, ਡੀ ਏ ਦੀਆਂ ਰਹਿੰਦੀਆਂ 10 ਕਿਸ਼ਤਾਂ ਨੂੰ ਵੱਟੇ ਖਾਤੇ ਪਾਉਣ ਤੋਂ ਸਰਕਾਰ ਦੀ ਬਦਨੀਤੀ ਸਾਫ ਦਿਖਾਈ ਦਿੰਦੀ ਹੈ, ਜਿਸ ਕਰਕੇ ਪੈਨਸ਼ਨਰਾਂ 'ਚ ਬਹੁਤ ਰੋਸ ਤੇ ਰੋਹ ਫੈਲ ਗਿਆ ਹੈ। ਬਹੁਤ ਪੈਨਸ਼ਨਰ ਬਕਾਏ ਦੀ ਆਸ ਕਰਦੇ-ਕਰਦੇ ਰੱਬ ਨੂੰ ਪਿਆਰੇ ਹੋ ਗਏ ਹਨ। ਕਰੌਨਿਕ ਬਿਮਾਰੀ ਦੇ ਮਰੀਜ਼ਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਇੱਕ ਸਾਲ ਤੋਂ ਵੱਧ ਸਮੇਂ ਤੋਂ ਪੁਲਸ ਵਿਭਾਗ ਚੰਡੀਗੜ੍ਹ, ਸਿੱਖਿਆ ਤੇ ਸਿਹਤ ਵਿਭਾਗਾਂ ਦੇ ਡਾਇਰੈਕਟਰ ਪੱਧਰ ਦੇ ਦਫਤਰਾਂ 'ਚ ਲਮਕਦੇ ਹਨ, ਜਿਸ ਕਰਕੇ ਪੈਨਸ਼ਨਰ ਜਿਸਮਾਨੀ ਤੇ ਦਿਮਾਗੀ ਪ੍ਰੇਸ਼ਾਨੀ ਦੀ ਪੀੜ੍ਹਾ ਝਲਦੇ ਹਨ। ਉਨ੍ਹਾਂ ਮੰਗ ਕੀਤੀ ਕਿ ਜੇਕਰ ਸਰਕਾਰ ਵੱਲੋਂ 31 ਅਕਤੂਬਰ ਤੱਕ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਮੁਲਾਜ਼ਮ/ਪੈਨਸ਼ਨਰ ਸਾਂਝੇ ਫਰੰਟ ਦੀ ਅਗਵਾਈ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਕਰਨੈਲ ਸਿੰਘ, ਸੱਤਪਾਲ ਕਲਸੀ, ਬਲਵੀਰ ਸਿੰਘ ਰਤਨ, ਜਗਦੇਵ ਸਿੰਘ, ਕੁਲਵੰਤ ਸਿੰਘ, ਰਾਮ ਲਾਲ ਸ਼ਰਮਾ, ਮੰਗਲ ਰਾਣਾ, ਤਾਰਾ ਸਿੰਘ, ਜੈ ਸਿੰਘ, ਹਵਾ ਸਿੰਘ, ਰਾਮ ਲਾਲ, ਅਜਮੇਰ ਸਿੰਘ, ਸੁਖਵਿੰਦਰ ਸਿੰਘ ਖੇੜੀ, ਨਾਨਕ ਸਿੰਘ ਦੁੱਗਾਂ, ਦਰਸ਼ਨ ਸਿੰਘ, ਹਰਚਰਨ ਸਿੰਘ, ਪਿਆਰਾ ਸਿੰਘ, ਸਤਨਾਮ ਬਾਜਵਾ ਆਦਿ ਹਾਜ਼ਰ ਸਨ।

# ਨਵੀਂ ਤਕਨੀਕ ਨਾਲ ਝੋਨਾ ਪੈਦਾ ਕਰਨ ਵਾਲਾ ਕਿਸਾਨ ਗੁਰਪ੍ਰੀਤ ਹੋਰਨਾਂ ਲਈ ਬਣਿਆ ਪ੍ਰੇਰਨਾ-ਸਰੋਤ

### ਸੁੱਕੇ ਖੇਤ 'ਚ ਬਿਨਾਂ ਕੱਦੂ ਕੀਤਿਆਂ ਝੋਨਾ ਲਾਉਣ ਨਾਲ ਨਹੀਂ ਘਟਦਾ ਝਾੜ-ਚੰਦਬਾਜਾ

**ਫਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜ਼ਾ/ਰਛਪਾਲ ਭੁੱਲਰ)**-ਡੂੰਘੇ ਤੇ ਪ੍ਰਦੂਸ਼ਿਤ ਹੋ ਰਹੇ ਪਾਣੀਆਂ ਪ੍ਰਤੀ ਚਿੰਤਤ ਰਹਿਣ ਵਾਲੀ ਸ਼ਖਸੀਅਤ ਗੁਰਪ੍ਰੀਤ ਸਿੰਘ ਚੰਦਬਾਜਾ ਸੰਸਥਾਪਕ ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਪੰਜਾਬ ਭਰ ਦੇ ਹੋਰਨਾਂ ਕਿਸਾਨਾਂ ਲਈ ਪ੍ਰੇਰਨਾ ਸਰੋਤ ਬਣਨ ਜਾ ਰਹੀ ਹੈ, ਕਿਉਂਕਿ ਪਾਣੀ ਤੋਂ ਬਿਨਾਂ, ਸੁੱਕੇ ਖੇਤ ਵਿੱਚ ਸੁਹਾਗਾ ਮਾਰ ਕੇ, ਬਿਨਾਂ ਕੱਦੂ ਕੀਤਿਆਂ ਝੋਨਾ ਲਾ ਕੇ ਰਿਸਕ ਲੈਣ ਵਾਲੇ ਗੁਰਪ੍ਰੀਤ ਸਿੰਘ ਚੰਦਬਾਜਾ ਦੇ ਝੋਨੇ ਦਾ ਝਾੜ ਵੀ ਪੂਰਾ ਉੱਤਰਦਾ ਦਿਖਾਈ ਦੇ ਰਿਹਾ ਹੈ।

ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਜ਼ਿਲ੍ਹੇ ਦੇ ਪਿੰਡ ਚੰਦਬਾਜਾ ਵਿਖੇ ਗੁਰਪ੍ਰੀਤ ਸਿੰਘ ਦੇ ਖੇਤਾਂ ਵਿੱਚ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਸਮੇਤ ਖੁਦ ਪਹੁੰਚ ਕਰਨ ਮੌਕੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਅਜਿਹੇ ਕਿਸਾਨਾਂ ਦੀ ਸਰਕਾਰ ਬਾਂਹ ਜ਼ਰੂਰ ਫੜੇਗੀ, ਕਿਉਂਕਿ ਸ. ਚੰਦਬਾਜਾ ਤੇ ਇਨ੍ਹਾਂ ਦੇ ਅਨੇਕਾਂ ਸਾਥੀ ਕਿਸਾਨਾਂ ਨੇ ਪਿਛਲੇ 8 ਜਾਂ ਇਸ ਤੋਂ ਵੀ ਜ਼ਿਆਦਾ ਸਾਲਾਂ ਤੋਂ ਪਰਾਲੀ, ਨਾੜ ਜਾਂ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਾਈ। ਇਸ ਮੌਕੇ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਕਿਹਾ ਕਿ ਇਸ ਨਾਲ ਪਾਣੀ ਦੀ ਬੱਚਤ, ਰੀਚਾਰਜਿੰਗ, ਸਮੇਂ ਦੀ ਬੱਚਤ, ਮਹਿਜ ਤਿੰਨ ਮਹੀਨਿਆਂ ਵਿੱਚ ਕਟਾਈ ਸੰਭਵ, ਮਿੱਤਰ ਕੀੜਿਆਂ 'ਚ ਵਾਧਾ ਵਰਗੇ ਫਾਇਦਿਆਂ ਦਾ ਜ਼ਿਕਰ ਕੀਤਾ।

ਚੰਦਬਾਜਾ ਨੇ ਦੱਸਿਆ ਕਿ ਉਨ੍ਹਾਂ ਕਰੀਬ 10 ਸਾਲ ਪਹਿਲਾਂ ਪੰਜਾਬ ਭਰ ਵਿੱਚੋਂ ਪਰਾਲੀ ਤੇ ਨਾੜ ਨੂੰ ਅੱਗ ਨਾ ਲਾਉਣ ਵਾਲੇ 50 ਕਿਸਾਨਾਂ ਦੀ ਚੋਣ ਕਰਕੇ ਸੁਸਾਇਟੀ ਵੱਲੋਂ ਉਨ੍ਹਾ ਦਾ ਸਨਮਾਨ ਕੀਤਾ ਸੀ ਤੇ ਬਾਅਦ ਵਿੱਚ ਉਹੀ ਕਿਸਾਨ ਸਾਡੇ ਲਈ ਪ੍ਰੇਰਨਾ ਸਰੋਤ ਬਣੇ, ਕਿਉਂਕਿ ਉਸ ਤੋਂ ਉਸ ਨੇ ਲਗਾਤਾਰ 8 ਸਾਲ ਤੋਂ ਨਾੜ ਜਾਂ ਪਰਾਲੀ ਨੂੰ ਅੱਗ ਨਹੀਂ ਲਾਈ ਤੇ ਇਸ ਨਾਲ ਫਸਲ ਦੇ ਝਾੜ ਵਿੱਚ ਵੀ ਕੋਈ ਕਮੀ ਨਹੀਂ ਆਈ। ਡਾ. ਯਾਦਵਿੰਦਰ ਸਿੰਘ ਏ.ਡੀ.ਓ., ਰਾਮ ਸਿੰਘ ਬਲਾਕ ਅਫਸਰ ਤੇ ਦਵਿੰਦਰ ਸਿੰਘ ਗਰੇਵਾਲ ਨੇ ਆਖਿਆ ਕਿ ਜਿਸ ਤਰ੍ਹਾਂ ਸ. ਚੰਦਬਾਜਾ ਨੇ ਰੋਟਾਵੇਟਰ, ਹੈਪੀ ਸੀਡਰ, ਸੁਪਰ ਸੀਡਰ ਵਰਗੀ ਹਰ ਨਵੀਂ ਤਕਨੀਕ ਅਪਣਾਈ ਤੇ ਕਾਮਯਾਬੀ ਹਾਸਲ ਕੀਤੀ, ਹੁਣ ਸ. ਚੰਦਬਾਜਾ ਨੇ ਨਵੀਂ ਤਕਨੀਕ ਮਲਚਰ ਵੀ ਅਪਣਾਉਣ ਦਾ ਫੈਸਲਾ ਕੀਤਾ ਹੈ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਖਵਿੰਦਰ ਸਿੰਘ ਬੱਬੂ, ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਸੁਖਵਿੰਦਰ ਸਿੰਘ ਧਾਲੀਵਾਲ, ਅਮਨਦੀਪ ਸਿੰਘ ਸੰਧੂ, ਜਗਤਾਰ ਸਿੰਘ ਜੱਗਾ, ਗੁਰਿੰਦਰ ਸਿੰਘ ਮਹਿੰਦੀਰੱਤਾ ਆਦਿ ਹਾਜ਼ਰ ਸਨ।

# ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮੰਗਾਂ ਸੰਬੰਧੀ ਪ੍ਰਸ਼ਾਸਨ ਨਾਲ ਪੈਨਲ ਮੀਟਿੰਗ

### ਮੰਗਾਂ ਨਾ ਪ੍ਰਵਾਨ ਕਰਨ 'ਤੇ ਸੰਘਰਸ਼ ਦੀ ਚੇਤਾਵਨੀ



**ਮਾਨਸਾ (ਪਰਮਦੀਪ ਰਾਣਾ)**-ਭਾਰੀ ਬਾਰਸ਼ ਕਾਰਨ ਡਿੱਗੇ ਮਕਾਨਾਂ, ਨਰਮੇ ਦਾ ਮੁਆਵਜ਼ਾ ਤੇ ਕੱਚੇ ਪਲਾਟਾਂ ਦੀ ਮਾਲਕੀ ਦੇ ਸਰਟੀਫਿਕੇਟ ਜਾਰੀ ਕਰਨ ਆਦਿ ਮੰਗਾਂ ਨੂੰ ਲੈ ਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸਾਥੀ ਸੀਤਾ ਰਾਮ ਗੋਬਿੰਦਪੁਰਾ, ਜਰਨੈਲ ਸਿੰਘ ਸਰਦੂਲਗੜ੍ਹ ਤੇ ਸੁਖਦੇਵ ਸਿੰਘ ਮਾਨਸਾ ਦੀ ਅਗਵਾਈ ਹੇਠ ਜੀ. ਏ. ਸ੍ਰ. ਹਰਜਿੰਦਰ ਸਿੰਘ ਜੱਸਲ ਸਮੇਤ ਸਬੰਧਤ ਅਧਿਕਾਰੀਆਂ ਨਾਲ ਪੈਨਲ ਮੀਟਿੰਗ ਕੀਤੀ ਗਈ। ਪੜਾਅ ਦਰ ਸਬੰਧਤ ਮੰਗਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਇਸ ਸਮੇਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਚਿੱਟੇ ਮੱਛਰ ਕਾਰਨ ਨਰਮੇ ਦੀ ਬਰਬਾਦ ਹੋਈ ਫਸਲ ਦਾ ਮੁਆਵਜ਼ਾ ਜਾਰੀ ਨਾ ਕਰਨ, ਦਲਿਤਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ਾ ਮਾਫੀ ਤੇ ਮਾਈਕਰੋਫਾਈਨਾਂਸ ਕੰਪਨੀਆਂ ਦੁਆਰਾ ਧੱਕੇਸ਼ਾਹੀ ਅਤੇ ਕਰਜ਼ਾ ਮਾਫੀ ਆਦਿ ਮੰਗਾਂ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੂੰਹ ਨਾ ਖੋਲ੍ਹਣਾ ਆਪ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ। ਸੰਘਰਸ਼ ਦੌਰਾਨ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਦੀਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਲੜੇ ਸੰਘਰਸ਼ ਤਹਿਤ ਮੰਨੀਆਂ ਮੰਗਾਂ ਮੰਨ ਕੇ ਲਾਗੂ ਨਾ ਕਰਨਾ ਆਪ ਸਰਕਾਰ ਦਾ ਦਲਿਤ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਸ ਸਮੇਂ ਉਨ੍ਹਾਂ ਪੰਚਾਇਤੀ ਜ਼ਮੀਨਾਂ ਵਿੱਚ 1/3 ਹਿੱਸੇਦਾਰੀ, ਮਨਰੇਗਾ ਵਿੱਚ ਹੋ ਰਹੇ ਘਪਲੇ ਨੂੰ ਰੋਕਣ, ਕੱਟੇ ਗਏ ਕਾਰਡ ਬਹਾਲ ਕਰਨ ਤੇ ਉਸਾਰੀ ਕਾਮਿਆਂ ਲਈ ਬੈਠਣ ਦਾ ਪ੍ਰਬੰਧ, ਲਾਭ ਪਾਤਰੀ ਕਾਪੀਆਂ ਰਾਹੀਂ ਮਿਲਣ ਵਾਲੀ ਸ਼ਗਨ ਸਕੀਮ, ਵਜ਼ੀਫਾ ਆਦਿ ਸਹੂਲਤਾਂ ਦੇਣ, ਘੱਟੋ ਘੱਟ ਉਜ਼ਰਤ 700 ਰੁਪਏ ਤੇ ਦਸ ਮਰਲੇ ਦਾ ਪਲਾਟ, ਮਕਾਨ ਉਸਾਰੀ ਕਰਨ ਲਈ ਗਰਾਂਟ ਦੇਣ ਦੀ ਮੰਗ ਕੀਤੀ। ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ।

ਇਸ ਸਮੇਂ ਸਾਥੀ ਚੌਹਾਨ ਨੇ ਕਿਹਾ ਕਿ 10, 11ਤੇ 12 ਅਕਤੂਬਰ ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਮੁੱਖ ਮੰਤਰੀ ਪੰਜਾਬ ਦੇ ਪੁਤਲੇ ਸਾੜਨ ਦਾ ਐਲਾਨ ਕੀਤਾ। ਮੀਟਿੰਗ ਦੌਰਾਨ ਕਪੂਰ ਸਿੰਘ ਕੋਟਲੱਲੂ, ਬੰਬੂ ਸਿੰਘ, ਲਾਭ ਮੰਢਾਲੀ, ਨਰਿੰਦਰ ਕੌਰ, ਸੁਖਦੇਵ ਸਿੰਘ ਬਘੇਲਾ ਸਰਦੂਲਗੜ੍ਹ ਤੇ ਹਰਪ੍ਰੀਤ ਮਾਨਸਾ ਸ਼ਾਮਲ ਸਨ।

## ਕਾਤਰਾਂ

### ਚੋਰਾਂ ਵੱਲੋਂ ਮੋਟਰਾਂ ਦੀਆਂ ਤਾਰਾਂ ਚੋਰੀ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਬੇਖੌਫ ਹੋਏ ਚੋਰਾਂ ਵੱਲੋਂ ਸਮਾਣਾ ਹਲਕੇ ਦੇ ਪਿੰਡ ਤਰੋੜਾ ਖੁਰਦ ਵਿੱਚ ਪੈਂਦੇ ਖੇਤਾਂ ਦੀਆਂ ਕਰੀਬ ਡੇਢ ਦਰਜਨ ਟਿਊਬਵੈੱਲ ਮੋਟਰਾਂ ਦੀਆਂ ਤਾਰਾਂ ਕੱਟ ਲਈਆਂ ਗਈਆਂ। ਚੋਰੀ ਦਾ ਸ਼ਿਕਾਰ ਹੋਏ ਕਿਸਾਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਸ-ਪਾਸ ਦੇ ਲਗਪਗ ਡੇਢ ਦਰਜਨ ਦੇ ਕਰੀਬ ਮੋਟਰਾਂ ਦੀਆਂ ਤਾਰਾਂ ਚੋਰਾਂ ਵੱਲੋਂ ਕੱਟ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਉਨ੍ਹਾਂ ਵੱਲੋਂ ਬੜੇ ਹੀ ਆਰਾਮ ਨਾਲ ਤਾਰਾਂ ਕੱਟੀਆਂ ਗਈਆਂ ਤੇ ਫਿਰ ਉੱਥੇ ਹੀ ਬੈਠ ਕੇ ਬੜੇ ਹੀ ਆਰਾਮ ਨਾਲ ਤਾਰਾਂ ਸਾੜ ਕੇ ਤਾਂਬਾ ਕੱਢ ਕੇ ਤੁਰਦੇ ਬਣੇ।

### ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ

**ਜਲਾਲਾਬਾਦ (ਦਹੂਜਾ)**-ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਦੇਸ ਰਾਜ ਗਾਂਧੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਜਨਰਲ ਸਕੱਤਰ ਦੇਵ ਰਾਜ ਸ਼ਰਮਾ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਹਾਜ਼ਰ ਪੈਨਸ਼ਨਰਾਂ ਦਾ ਧੰਨਵਾਦ ਕੀਤਾ।ਸਭ ਤੋਂ ਪਹਿਲਾਂ ਦੇਸ ਰਾਜ ਗਾਂਧੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਵੱਲੋਂ 26 ਅਗਸਤ ਤੇ 10 ਅਕਤੂਬਰ ਨੂੰ ਸੰਗਰੂਰ ਵਿੱਚ ਵਿਸ਼ਾਲ ਰੈਲੀਆਂ ਕੀਤੀਆਂ ਗਈਆਂ, ਪਰ ਅੱਜ ਤੱਕ ਪੰਜਾਬ ਸਰਕਾਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨਣ ਲਈ ਤਿਆਰ ਨਹੀਂ ਹੈ।ਇਸ ਮੌਕੇ ਦੇਸ ਰਾਜ ਗਾਂਧੀ, ਦੇਵ ਰਾਜ ਸ਼ਰਮਾ, ਮਹਿਤਾਬ ਰਾਮ, ਗੁਰਦੀਪ ਸਿੰਘ, ਜੀਤ ਸਿੰਘ, ਰਾਜ ਕੁਮਾਰ, ਨਿਰਮਲਜੀਤ ਸਿੰਘ ਬਰਾੜ, ਬਲਵੰਤ ਸਿੰਘ, ਰਾਮਚੰਦ ਪਟਵਾਰੀ, ਗੁਰਮੀਤ ਸਿੰਘ, ਦੁਨੀ ਚੰਦ ਆਦਿ ਹਾਜ਼ਰ ਸਨ।

### ਮਹਾਰਾਜ ਅਜਮੀੜ ਦੇਵ ਦੀ ਜਯੰਤੀ ਮਨਾਈ

**ਸਮਾਣਾ,(ਗੁਰਪਿਆਰ ਸਿੰਘ ਬੱਲ)**-ਸਵਰਨਕਾਰ ਸਮਾਜ ਦੇ ਸੰਸਥਾਪਕ ਤੇ ਸਵਰਨਕਾਰਾਂ ਦੇ ਮਹਾਨ ਗੁਰੂ ਰਾਜਪੂਤ ਸ਼੍ਰੀ ਅਜਮੀੜ ਦੇਵ ਦੀ ਜਯੰਤੀ ਮੈੜ ਰਾਜਪੂਤ ਸਭਾ ਸਮਾਣਾ ਵੱਲੋਂ ਸਥਾਨਕ ਨਿਊ ਸਰਾਫ਼ਾ ਬਾਜ਼ਾਰ ਸਮਾਣਾ ਵਿਖੇ ਪ੍ਰਧਾਨ ਬਲਜੀਤ ਸਿੰਘ ਜੱਗਲ ਤੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਧੂਮਧਾਮ ਤੇ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਨਰਸੀ ਵਰਮਾ, ਰਣਜੀਤ ਵਰਮਾ, ਸੰਤੋਸ਼ ਵਰਮਾ, ਕੁੱਕੂ ਵਰਮਾ, ਵਿਕਾਸ ਵਰਮਾ, ਸੁਖਵਿੰਦਰ ਖੁਰਮੀ, ਪਰਮਿੰਦਰ ਵਰਮਾ, ਕਸ਼ਮੀਰੀ ਵਰਮਾ, ਸ਼ੈਂਪੀ ਵਰਮਾ, ਰਵੀ ਵਰਮਾ, ਲਕਸ਼ਮੀ ਨਾਰਾਇਣ ਤੇ ਸਮੂਹ ਸਵਰਨਕਾਰ ਭਾਈਚਾਰੇ ਦੇ ਪਤਵੰਤੇ ਹਾਜ਼ਰ ਸਨ।

### ਸੰਧੂ ਫਾਇਨਾਂਸ ਕੰਪਨੀ ਵੱਲੋਂ ਲੰਗਰ



**ਦੋਰਾਹਾ (ਹਰਮਿੰਦਰ ਸੇਠ)**-ਸੰਧੂ ਫਾਇਨਾਂਸ ਕੰਪਨੀ ਦੋਰਾਹਾ ਵੱਲੋਂ ਦੁਸਹਿਰੇ ਮੌਕੇ ਆਉਣ-ਜਾਣ ਵਾਲਿਆਂ ਲਈ ਅੜੈਚਾਂ ਰੋਡ ਦੋਰਾਹਾ ਵਿਖੇ ਖੀਰ ਦਾ ਲੰਗਰ ਲਾਇਆ ਗਿਆ। ਇਹ ਲੰਗਰ ਦੁਸਹਿਰਾ ਦੇਖਣ ਆਉਣ ਵਾਲੇ ਰਾਹਗੀਰਾਂ ਤੇ ਸ਼ਹਿਰ ਵਾਸੀਆਂ ਲਈ ਲਗਾਇਆ ਗਿਆ ਸੀ। ਇਸ ਮੌਕੇ ਹਰਜਿੰਦਰ ਸਿੰਘ ਜਿੰਦਰ, ਯੂਥ ਆਗੂ ਰਿੰਮੀ ਘੁਡਾਣੀ, ਹਰਪ੍ਰੀਤ ਬਾਦਸਾ, ਮਨੀ ਦੋਰਾਹਾ, ਮਨਦੀਪ ਬਾਵਾ, ਰਮਨ ਡੀ ਸੀ, ਤਰਸੇਮ, ਦਿਆ ਸਿੰਘ ਵੱਲੋਂ ਲੰਗਰ ਦੀ ਸੇਵਾ ਬਾਖੂਬੀ ਨਿਭਾਈ

# ਨਜਾਇਜ਼ ਕਬਜ਼ਾ ਕਰਨ ਵਾਲਿਆਂ ਖ਼ਿਲਾਫ਼ ਪਰਚਾ ਦਰਜ

**ਜਲਾਲਾਬਾਦ, (ਦਹੂਜਾ)**-ਥਾਣਾ ਅਰਨੀਵਾਲਾ ਦੀ ਪੁਲਸ ਨੇ ਨਜਾਇਜ਼ ਕਬਜ਼ਾ ਕਰਨ ਵਾਲੇ ਅੱਧਾ ਦਰਜਨ ਆਰੋਪੀਆਂ ਖ਼ਿਲਾਫ਼ ਪਰਚਾ ਦਰਜ ਕੀਤਾ ਹੈ।ਜਾਂਚ ਅਧਿਕਾਰੀ ਮਲਕੀਤ ਸਿੰਘ ਨੇ ਦੱਸਿਆ ਕਿ ਉਨ੍ਹਾ ਨੇ ਪਿਆਰ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਰਨੀਵਾਲਾ ਸ਼ੇਖਸੁਭਾਨ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਪਿੰਡ ਨੂਰਪੁਰਾ ਵਿੱਚ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਕਬਜ਼ਾ ਹਟਾਇਆ ਗਿਆ ਹੈ।ਇਸ ਤੋਂ ਬਾਅਦ 29 ਸਤੰਬਰ ਨੂੰ ਸਰਪੰਚ, ਗ੍ਰਾਮ ਪੰਚਾਇਤ ਨੂਰਪੁਰਾ ਤੇ ਹੋਰ ਪਿੰਡ ਵਾਸੀਆਂ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਸੁਰਜੀਤ ਸਿੰਘ, ਰਣਜੀਤ ਸਿੰਘ, ਜਸਪਾਲ ਸਿੰਘ, ਰਾਣੋ ਬਾਈ, ਪਾਸ਼ੋ ਬਾਈ, ਬਲਜਿੰਦਰ ਸਿੰਘ ਵਾਸੀ ਢਾਣੀ ਨੂਰਪੁਰਾ ਦੱਖਲੀ ਪਿੰਡ ਝੋਟਿਆਂਵਾਲੀ ਨੇ ਮੁੜ ਕਬਜ਼ਾ ਕਰ ਲਿਆ ਤੇ ਪੰਚਾਇਤ ਵੱਲੋਂ ਰੱਖੇ ਹੋਏ ਬੈਂਚਾਂ ਨੂੰ ਤੋੜ ਦਿੱਤਾ ਗਿਆ ਹੈ। ਅਜਿਹਾ ਕਰਨ ਨਾਲ ਪੰਚਾਇਤ ਦਾ ਨੁਕਸਾਨ ਹੋਇਆ, ਜਿਸ 'ਤੇ ਪੁਲਸ ਨੇ ਆਰੋਪੀਆਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

# ਬੰਦ ਬੈਂਕ ਖਾਤੇ ਦਾ ਚੈੱਕ ਦੇ ਕੇ 9 ਲੱਖ ਦੀ ਮਾਰੀ ਠੱਗੀ

**ਜਲਾਲਾਬਾਦ, (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਨੇ ਬੰਦ ਪਏ ਬੈਂਕ ਖਾਤੇ ਦਾ ਚੈੱਕ ਦੇ ਕੇ 9 ਲੱਖ ਰੁਪਏ ਦੀ ਠੱਗੀ ਮਾਰਨ ਸਬੰਧੀ ਇੱਕ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਭਜਨ ਸਿੰਘ ਨੇ ਦੱਸਿਆ ਕਿ ਮੁਦੱਈ ਕੇਵਲ ਕ੍ਰਿਸ਼ਨ ਪੁੱਤਰ ਚਿਮਨ ਲਾਲ ਵਾਸੀ 878 ਗਗਨੇਜਾ ਗਲੀ ਜਲਾਲਾਬਾਦ ਵੱਲੋਂ ਇਕ ਦਰਖਾਸਤ ਨੰਬਰ 9090 ਐਸ.ਪੀ.ਐਲ-ਪੀ.ਸੀ. ਮਿਤੀ 10-05-2022 ਯੂਆਈਡੀ 2332192 ਦਰਖਾਸਤ ਹਰਬੰਸ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਰਾਣਾ ਪੰਜ ਗਰਾਈ ਦੇ ਖਿਲਾਫ ਦਿੱਤੀ ਗਈ ਸੀ ਕਿ ਹਰਬੰਸ ਸਿੰਘ ਨੇ ਧੋਖਾਧੜੀ ਦੀ ਨੀਤ ਨਾਲ ਬੰਦ ਬੈਂਕ ਖਾਤੇ ਦਾ ਚੈੱਕ ਦੇ ਕੇ ਉਸ ਨਾਲ 9 ਲੱਖ ਰੁਪਏ ਦੀ ਠੱਗੀ ਮਾਰੀ ਹੈ, ਜਿਸ ਸਬੰਧੀ ਦਿੱਤੀ ਦਰਖਾਸਤ ਦੀ ਪੜਤਾਲ ਕਰਨ ਉਪਰੰਤ ਐੱਸ ਐੱਸ ਪੀ ਫਾਜ਼ਿਲਕਾ ਵੱਲੋਂ ਥਾਣੇ ਆਉਣ 'ਤੇ ਥਾਣਾ ਸਿਟੀ ਵਿਖੇ ਕੇਵਲ ਕ੍ਰਿਸ਼ਨ ਦੇ ਬਿਆਨਾਂ 'ਤੇ ਹਰਬੰਸ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਭਗਵਾਨ ਵਾਲਮੀਕਿ ਜੀ ਦੇ ਸਰੂਪ ਦੀ ਬੇਅਦਵੀ 'ਤੇ ਭੜਕਿਆ ਦਲਿਤ ਸਮਾਜ

### ਪੁਲਸ ਪ੍ਰਸ਼ਾਸਨ ਨੂੰ ਵੀ ਕਾਰਵਾਈ ਲਈ ਸੌਂਪਿਆ ਮੰਗ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**-ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸਬੰਧੀ ਲੱਗੇ ਬੋਰਡ ਨੂੰ ਗੰਦਗੀ ਦੇ ਢੇਰ 'ਤੇ ਸੁੱਟ ਕੇ ਕੀਤੀ ਬੇਅਦਵੀ ਨੂੰ ਲੈ ਕੇ ਸਿਰਫ ਵਾਲਮੀਕਿ ਸਮਾਜ ਹੀ ਨਹੀਂ ਬਲਕਿ ਸਮੂਹ ਦਲਿਤ ਸਮਾਜ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਸਬੰਧੀ ਵਾਲਮੀਕਿ ਸਮਾਜ ਵੱਲੋਂ ਜਿੱਥੇ ਐੱਸ ਸੀ ਕਮਿਸ਼ਨ ਭਾਰਤ ਤੇ ਐੱਸ ਸੀ ਕਮਿਸ਼ਨ ਪੰਜਾਬ ਨੂੰ ਪੱਤਰ ਭੇਜੇ ਗਏ ਹਨ, ਉੱਥੇ ਹੀ ਵਾਲਮੀਕਿ ਸਮਾਜ ਦੇ ਇੱਕ ਵਫਦ ਵੱਲੋਂ ਪੁਲਸ ਪ੍ਰਸ਼ਾਸਨ ਤੋਂ ਭਗਵਾਨ ਵਾਲਮੀਕਿ ਜੀ ਦੇ ਸਰੂਪ ਵਾਲੇ ਫਲੈਕਸ ਬੋਰਡ ਨੂੰ ਗੰਦਗੀ ਵਿੱਚ ਸੁੱਟ ਕੇ ਬੇਅਦਵੀ ਕਰਨ ਵਾਲੇ ਤੇ ਗੰਦਗੀ ਵਿੱਚ ਪਏ ਉਸ ਫਲੈਕਸ ਬੋਰਡ ਦੀਆਂ ਫੋਟੋਆਂ ਖਿਚ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਥਾਣਾ ਸਿਟੀ ਸੰਗਰੂਰ ਦੇ ਮੁਖੀ ਦੇ ਨਾਮ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀਯ ਅੰਬੇਡਕਰ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ, ਯੂਥ ਵਿੰਗ ਦੇ ਸੂਬਾ ਪ੍ਰਧਾਨ ਮੁਕੇਸ਼ ਰਤਨਾਕਰ ਤੇ ਸੀਨੀਅਰ ਦਲਿਤ ਆਗੂ ਸ੍ਰੀ ਵਿਜੇ ਲੰਕੇਸ਼ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਵਧਾਈ ਦੇਣ ਸਬੰਧੀ ਭਾਰਤੀ ਵਾਲਮੀਕਿ ਧਰਮ ਸਮਾਜ ਵੱਲੋਂ ਸ਼ਹਿਰ ਅੰਦਰ ਭਗਵਾਨ ਵਾਲਮੀਕਿ ਜੀ ਦੇ ਸਰੂਪ ਵਾਲੇ ਫਲੈਕਸ ਬੋਰਡ ਲਗਾਏ ਗਏ ਹਨ, ਜਿਨ੍ਹਾਂ ਵਿੱਚੋਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਸ਼ਹਿਰ ਦੇ ਮਹਾਰਾਜਾ ਅਗਰਸੈਨ ਚੌਕ ਵਿੱਚ ਲੱਗੇ ਭਗਵਾਨ ਵਾਲਮੀਕਿ ਜੀ ਦੇ ਸਰੂਪ ਵਾਲੇ ਫਲੈਕਸ ਬੋਰਡ ਨੂੰ ਉਤਾਰ ਕੇ ਨਾਲ ਹੀ ਪਏ ਗੰਦਗੀ ਦੇ ਢੇਰ 'ਤੇ ਸੁੱਟ ਕੇ ਭਗਵਾਨ ਵਾਲਮੀਕਿ ਜੀ ਦੇ ਸਰੂਪ ਦੀ ਬੇਅਦਵੀ ਕੀਤੀ ਗਈ ਹੈ, ਜਿਸ ਨਾਲ ਵਾਲਮੀਕਿ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਗਈ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਭਗਵਾਨ ਵਾਲਮੀਕਿ ਜੀ ਦੇ ਸਰੂਪ ਦੀ ਬੇਅਦਵੀ ਕਰਨ ਵਾਲਿਆਂ ਵਿਰੁੱਧ ਜਲਦ ਕਾਰਵਾਈ ਨਾ ਕੀਤੀ ਗਈ ਤਾਂ ਮੋਰਚਾ ਲਗਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

# ਆਈ ਐੱਸ ਐੱਫ ਕਾਲਜ ਵਿਖੇ ਗੁੱਡ ਲੈਬੋਰੇਟਰੀ ਪ੍ਰੈਕਟਿਸ 'ਤੇ ਵਰਕਸ਼ਾਪ



**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ ਫਾਰਮੇਸੀ ਵਿਖੇ ਇਕ ਰੋਜ਼ਾ ਗੁੱਡ ਲੈਬੋਰੇਟਰੀ ਪ੍ਰੈਕਟਿਸ 'ਤੇ ਵਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੀ ਸ਼ੁਰੂਆਤ ਪ੍ਰੋ. ਵਾਈ ਕੇ ਗੁਪਤਾ ਚੇਅਰਮੈਨ ਜੀ ਐੱਲ ਪੀ, ਪ੍ਰਧਾਨ ਏਮਜ਼ ਜੰਮੂ ਤੇ ਭੋਪਾਲ, ਡਾ. ਏਕਤਾ ਕਪੂਰ ਸਾਇੰਟਿਸਟ ਡੀ ਐੱਸ ਟੀ, ਡਾ. ਅਜੇ ਪ੍ਰਕਾਸ਼ ਪੀ ਜੀ ਆਈ ਚੰਡੀਗੜ੍ਹ, ਡਾ. ਐੱਸ ਐੱਸ ਸ਼ਰਮਾ ਨਾਈਪਰ ਮੋਹਾਲੀ, ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾਇਰੈਕਟਰ ਡਾ. ਜੀ ਡੀ ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ ਕੇ ਨਾਰੰਗ ਨੇ ਸਾਂਝੇ ਤੌਰ 'ਤੇ ਜੋਤੀ ਜਗਾ ਕੇ ਕੀਤਾ। ਇਸ ਮੌਕੇ ਡਾ. ਵਾਈ ਕੇ ਗੁਪਤਾ ਨੇ ਦੱਸਿਆ ਕਿ ਇਹ ਵਰਕਸ਼ਾਪ ਨੈਸ਼ਨਲ ਰਾਸ਼ਟਰੀ ਗੁੱਡ ਲੈਬੋਰੇਟਰੀ ਅਥਾਰਿਟੀ, ਡਿਵੈਲਪਮੈਂਟ ਪ੍ਰੈਕਟਿਸ-ਕਮ-ਲਾਗਤ, ਮੋਨੀਟਰਿੰਗ ਅਥਾਰਿਟੀ, ਡਿਵਲਪਮੈਂਟ ਦੇ ਨਾਲ-ਨਾਲ ਨਵੇਂ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਜਾਣਕਾਰੀ ਦਿੱਤੀ। ਇਸ ਵਕਸ਼ਾਪ ਵਿੱਚ 200 ਦੇ ਕਰੀਬ ਪੋਸਟ ਗ੍ਰੈਜੂਏਟ ਵਿਦਿਆਰੀਆਂ ਨੇ ਹਿੱਸਾ ਲਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਸਾਰਿਆਂ ਨੂੰ ਵਕਸ਼ਾਪ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਿੰਸੀਪਲ ਡਾ. ਆਰ ਕੇ ਨਾਰੰਗ ਨੇ ਆਪਣੇ ਭਾਸ਼ਣ ਵਿੱਚ ਜ਼ੋਰਦਾਰ ਢੰਗ ਨਾਲ ਵਰਕਸ਼ਾਪ ਦੀ ਉਪਯੋਗਤਾ ਬਾਰੇ ਦੱਸਿਆ। ਇਸ ਮੌਕੇ ਮੁੱਖ ਸਪੀਕਰ ਡਾ. ਅਜੇ ਪ੍ਰਕਾਸ਼, ਰਾਮ ਪ੍ਰਕਾਸ਼ ਪੀ ਜੀ ਆਈ ਚੰਡੀਗੜ੍ਹ, ਡਾ. ਐੱਸ ਐੱਸ ਸ਼ਰਮਾ ਨਾਈਪਰ ਮੋਹਾਲੀ, ਡਾ. ਏਕਤਾ ਕਪੂਰ ਸਾਇੰਟੀਫਿਕ, ਡਾ. ਐੱਸ ਐੱਸ ਸ਼ਰਮਾ ਨੇ ਆਪਣੇ ਵਿਚਾਰ ਵਿਦਿਆਰਥੀਆਂ ਦੇ ਨਾਲ ਸਾਂਝੇ ਕੀਤੇ। ਇਸ ਮੌਕੇ ਸਸੰਸਥਾ ਦੇ ਡਾ. ਸਿਦਾਰਥ ਮੋਹਨ, ਡਾ. ਸ਼ਮਸ਼ੇਰ ਸਿੰਘ ਨੇ ਵਰਕਸ਼ਾਪ ਦੇ ਸਫਲ ਆਯੋਜਨ 'ਤੇ ਸਾਰਿਆਂ ਦਾ ਧੰਨਵਾਦ ਕੀਤਾ।

# ਮੰਗਾਂ ਨੂੰ ਲੈ ਕੇ ਠੇਕਾ ਮੁਲਾਜ਼ਮਾਂ ਦਾ ਧਰਨਾ ਦੂਜੇ ਦਿਨ ਵੀ ਰਿਹਾ ਜਾਰੀ

### ਬੱਬਨਪੁਰ ਨਹਿਰੀ ਪੁਲ ਤੋਂ ਬਾਅਦ ਕੱਕੜਵਾਲ ਚੌਕ ਵੀ ਕੀਤਾ ਜਾਮ



ਧਰਨਾ ਪ੍ਰਦਰਸ਼ਨ 'ਤੇ ਬੈਠੇ ਧਰਨਾਕਾਰੀ।

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਬੀਤੇ ਸ਼ੁੱਕਰਵਾਰ ਸਥਾਨਕ ਧੂਰੀ-ਲੁਧਿਆਣਾ ਮੁੱਖ ਮਾਰਗ 'ਤੇ ਲਗਾਇਆ ਗਿਆ ਧਰਨਾ ਜਿੱਥੇ ਅੱਜ ਦੂਸਰੇ ਦਿਨ ਵੀ ਜਾਰੀ ਰਿਹਾ, ਉਥੇ ਧਰਨਾਕਾਰੀਆਂ ਨੇ ਸੰਘਰਸ਼ ਨੂੰ ਹੋਰ ਪ੍ਰਚੰਡ ਕਰਦਿਆਂ ਸ਼ਹਿਰ ਦੇ ਕੱਕੜਵਾਲ ਚੌਕ ਵਿੱਚ ਧਰਨਾ ਦਿੰਦਿਆਂ ਚੱਕਾ ਜਾਮ ਕਰ ਦਿੱਤਾ। ਦੋ ਥਾਵਾਂ 'ਤੇ ਹੋਏ ਚੱਕਾ ਜਾਮ ਕਾਰਨ ਜਿੱਥੇ ਇਲਾਕੇ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਥੇ ਸ਼ਹਿਰ ਦੇ ਵਪਾਰੀਆਂ ਦੇ ਹਾਲ ਵੀ ਮੰਦੇ ਵੇਖੇ ਗਏ। ਧਰਨਾਕਾਰੀ ਮੰਗ ਕਰ ਰਹੇ ਸਨ ਕਿ ਜਦੋਂ ਤੱਕ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਆਊਟ ਸੋਰਸਿੰਗ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਹੋਰ ਹੱਕੀ ਮੰਗਾਂ ਨੂੰ ਸਰਕਾਰ ਮੰਨਣ ਦਾ ਐਲਾਨ ਨਹੀਂ ਕਰਦੀ, ਉਦੋਂ ਤੱਕ ਇਹ ਧਰਨਾ ਜਾਰੀ ਰਹੇਗਾ। ਬੁਲਾਰਿਆਂ ਨੇ ਕਿਹਾ ਕਿ ਪਹਿਲਾਂ ਸਰਕਾਰ ਵੱਲੋਂ ਮੀਟਿੰਗ ਦਾ ਭਰੋਸਾ ਦੇਣ ਕਾਰਨ ਜਥੇਬੰਦੀ ਨੇ ਧਰਨਾ ਪ੍ਰਦਰਸ਼ਨ ਮੁਲਤਵੀ ਕਰ ਦਿੱਤਾ ਸੀ, ਪਰ ਸਰਕਾਰ ਇਸ ਵਾਅਦੇ 'ਤੇ ਵੀ ਖਰੀ ਨਹੀਂ ਉੱਤਰੀ।

ਇਸ ਮੌਕੇ ਸੂਬਾਈ ਆਗੂਆਂ ਵਿੱਚ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ, ਸ਼ੇਰ ਸਿੰਘ ਖੰਨਾ, ਗੁਰਵਿੰਦਰ ਸਿੰਘ, ਰਮਨਪ੍ਰੀਤ ਕੌਰ ਮਾਨ, ਸਿਮਰਨਜੀਤ ਸਿੰਘ ਨੀਲੋਂ, ਜਸਪ੍ਰੀਤ ਸਿੰਘ ਗਗਨ ਤੇ ਸੁਰਿੰਦਰ ਕੁਮਾਰ, ਪਵਨਦੀਪ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਠੇਕਾ ਕਰਮੀ ਤੇ ਹੋਰ ਜਥੇਬੰਦੀਆਂ ਆਗੂ ਵੀ ਹਾਜ਼ਰ ਸਨ।

# ਨੰਬਰਦਾਰ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਸੰਗਰੂਰ ਕੋਠੀ ਅੱਗੇ ਧਰਨਾ ਭਲਕੇ

### ਤਹਿਸੀਲ ਮਹਿਲ ਕਲਾਂ 'ਚੋਂ ਕਾਫ਼ਲੇ ਸਮੇਤ ਨੰਬਰਦਾਰ ਰੈਲੀ 'ਚ ਕਰਨਗੇ ਸ਼ਮੂਲੀਅਤ : ਸਿੱਧੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਪੰਜਾਬ ਨੰਬਰਦਾਰਾ ਯੂਨੀਅਨ ਐਸੋਸੀਏਸ਼ਨ ਗਾਲਿਬ ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਪਰਮਿੰਦਰਜੀਤ ਸਿੰਘ ਗਾਲਿਬ ਦੀ ਅਗਵਾਈ ਹੇਠ ਨੰਬਰਦਾਰਾਂ ਦੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਨੂੰ ਲੈ ਕੇ 10 ਅਕਤੂਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਦਿੱਤੇ ਜਾ ਰਹੇ ਧਰਨੇ ਦਾ ਵਿਸ਼ਾਲ ਇਕੱਠ ਮਾਨ ਸਰਕਾਰ ਨੂੰ ਨੰਬਰਦਾਰਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰਕੇ ਰੱਖ ਦੇਵੇਗਾ। ਇਹ ਜਾਣਕਾਰੀ ਪੰਜਾਬ ਨੰਬਰਦਾਰ ਯੂਨੀਅਨ ਐਸੋਸੀਏਸ਼ਨ ਗਾਲਿਬ ਦੇ ਸੀਨੀਅਰ ਆਗੂ ਨੰਬਰਦਾਰ ਨਛੱਤਰ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ।

ਉਨ੍ਹਾ ਕਿਹਾ ਕਿ ਜਥੇਬੰਦੀ ਦੇ ਸੂਬਾ ਪ੍ਰਧਾਨ ਪ੍ਰਮਿੰਦਰਜੀਤ ਸਿੰਘ ਗਾਲਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਰੂਰ ਰੈਲੀ ਤਹਿਸੀਲ ਮਹਿਲ ਕਲਾਂ ਵਿੱਚੋਂ ਨੰਬਰਦਾਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਾਫ਼ਲਿਆਂ ਸਮੇਤ ਸ਼ਮੂਲੀਅਤ ਕਰਨਗੇ। ਉਨ੍ਹਾ ਕਿਹਾ ਕਿ ਰੈਲੀ ਦੀਆਂ ਸਾਰੀਆਂ ਤਿਆਰੀਆਂ ਪੂਰੀ ਤਰ੍ਹਾਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾ ਕਿਹਾ ਕਿ ਛੇ ਮਹੀਨੇ ਦਾ ਸਮਾਂ ਬੀਤ ਜਾਣ 'ਤੇ ਮਾਨ ਸਰਕਾਰ ਨੇ ਨੰਬਰਦਾਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ। ਵਿਧਾਇਕਾਂ, ਮੰਤਰੀਆਂ ਤੇ ਮੁੱਖ ਮੰਤਰੀ ਵੱਲੋਂ ਲਗਾਤਾਰ ਜਥੇਬੰਦੀ ਨਾਲ ਮੀਟਿੰਗਾਂ ਕਰਨ ਤੇ ਮੰਗ ਪੱਤਰ ਲੈਣ ਦੇ ਬਾਵਜੂਦ ਨੰਬਰਦਾਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾ ਸਮੂਹ ਨੰਬਰਦਾਰਾਂ ਨੂੰ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਗਰੂਰ ਰੈਲੀ ਵਿੱਚ ਕਾਫ਼ਲੇ ਬੰਨ੍ਹ ਕੇ ਪਹੁੰਚਣ ਦੀ ਅਪੀਲ ਕੀਤੀ।

# ਡਿੰਪੀ ਢਿੱਲੋਂ ਦੀ ਅਗਵਾਈ 'ਚ ਵਰਕਰ ਖਾਲਸਾ ਰੋਸ ਮਾਰਚ 'ਚ ਸ਼ਾਮਲ ਹੋਏ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਤੇ ਪੰਜਾਬ ਦੀਆਂ ਪੰਥਕ ਹਿਤੈਸ਼ੀ ਜਥੇਬੰਦੀਆਂ ਵੱਲੋਂ ਹਰਿਆਣਾ ਸ਼੍ਰੋਮਣੀ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦਿੱਤੇ ਜਾਣ ਦੇ ਫੈਸਲੇ ਖਿਲਾਫ ਸੂਬਾ ਪੱਧਰੀ ਖਾਲਸਾ ਰੋਸ ਮਾਰਚ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਚੱਲ ਕੇ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਲਈ ਚੱਲਿਆ ਤਾਂ ਦਿੱਤੇ ਗਏ ਰੂਟ ਪ੍ਰੋਗਰਾਮ ਤਹਿਤ ਹਲਕਾ ਗਿੱਦੜਬਾਹਾ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਅਗਵਾਈ ਵਿੱਚ ਖਾਲਸਾ ਰੋਸ ਮਾਰਚ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਪੰਥਕ ਆਗੂਆਂ ਤੇ ਰੋਸ ਮਾਰਚ ਦਾ ਨਿੱਘਾ ਸਵਾਗਤ ਕੀਤਾ ਅਤੇ ਇੱਕ ਵੱਡਾ ਕਾਫਲਾ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਲਈ ਖਾਲਸਾ ਰੋਸ ਵਿੱਚ ਸ਼ਾਮਲ ਹੋਇਆ। ਇਸ ਮੌਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕੇ ਗੰਦੀ ਰਾਜਨੀਤੀ ਕਰਕੇ ਸਿੱਖਾਂ ਵਿੱਚ ਪਾੜਾ ਪਾ ਕੇ ਵੰਡਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀ ਕੋਝੀ ਚਾਲ ਹੈ ਤੇ ਇਹ ਲੜਾਈ ਇਕੱਲੇ ਸ਼੍ਰੋਮਣੀ ਅਕਾਲੀ ਦਲ ਦੀ ਨਹੀਂ, ਸਗੋਂ ਸਾਰੇ ਪੰਜਾਬੀਆਂ ਦੀ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ, ਪੰਜਾਬੀਅਤ ਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਅੱਗੇ ਹੋ ਕੇ ਲੜਾਈਆਂ ਲੜਦਾ ਆ ਰਿਹਾ ਹੈ, ਕਿਉਂਕਿ ਇਹ ਲੋਕਾਂ ਦੀ ਆਪਣੀ ਪਾਰਟੀ ਹੈ। ਉਨ੍ਹਾ ਕਿਹਾ ਕਿ ਹਰਿਆਣਾ ਸ਼੍ਰੋਮਣੀ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦਿੱਤੇ ਜਾਣ ਦੇ ਇਸ ਫੈਸਲੇ ਖਿਲਾਫ ਪੰਜਾਬੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਖਾਲਸਾ ਰੋਸ ਮਾਰਚ ਵਿੱਚ ਸ਼ਾਮਲ ਹੋਣ ਲਈ ਸੰਗਤ ਤੇ ਅਕਾਲੀ ਵਰਕਰਾਂ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

# ਭਾਰੀ ਉਤਸ਼ਾਹ ਨਾਲ ਮਨਾਇਆ ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ




**ਸੰਗਰੂਰ (ਪ੍ਰਵੀਨ ਸਿੰਘ)**-ਸ੍ਰਿਸ਼ਟੀ ਰਚਾਇਤਾ, ਤ੍ਰਿਕਾਲਦਰਸ਼ੀ, ਲਵ ਕੁਸ਼ ਪਾਲਣ ਹਾਰ ਤੇ ਰਮਾਇਣ ਰਚਾਇਤਾ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਸਥਾਨਕ ਸ਼ਹਿਰ ਅੰਦਰ ਸਮੂਹ ਵਾਲਮੀਕਿ ਸਮਾਜ ਵੱਲੋਂ ਬੜੀ ਹੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ।

ਇਸ ਸਬੰਧੀ ਧਰਮ ਗੁਰੂ ਡਾ. ਦੇਵ ਸਿੰਘ ਅਦੈਵਤੀ ਦੇ ਪੂਰਨ ਆਸ਼ੀਰਵਾਦ ਸਦਕਾ ਦਰਸ਼ਨ ਸਿੰਘ ਕਾਂਗੜਾ, ਮੁਕੇਸ਼ ਰਤਨਾਕਰ ਤੇ ਵੀਰਪਾਲ ਗਿੱਲ ਦੀ ਯੋਗ ਅਗਵਾਈ ਹੇਠ ਮਹਾਰਾਜਾ ਅਗਰਸੈਨ ਚੌਕ ਵਿਖੇ ਭਾਰਤੀਯ ਅੰਬੇਡਕਰ ਮਿਸ਼ਨ ਤੇ ਸਰਦ ਪੂਰਨਿਮਾ ਉਤਸਵ ਕਮੇਟੀ ਸੰਗਰੂਰ ਵੱਲੋਂ ਇੱਕ ਸਮਾਗਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੈਡਮ ਪੂਨਮ ਕਾਂਗੜਾ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਤੇ ਬਾਬੂ ਪ੍ਰਕਾਸ਼ ਚੰਦ ਗਰਗ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਪੰਜਾਬ ਸ਼ਾਮਲ ਹੋਏ। ਇਸ ਮੌਕੇ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੀ ਖੁਸ਼ੀ ਵਜੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਲੱਡੂ ਤੇ ਪੌਦੇ ਵੰਡੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਮੈਡਮ ਪੂਨਮ ਕਾਂਗੜਾ ਤੇ ਪ੍ਰਕਾਸ਼ ਚੰਦ ਗਰਗ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਾਡੇ ਹੱਥਾਂ ਵਿੱਚ ਕਲਮ ਫੜਾਈ ਹੈ, ਜਿਸ ਨਾਲ ਅਸੀਂ ਅਪਣੇ ਪਰਿਵਾਰ ਦੀ ਤਰੱਕੀ ਕਰਨ ਦੇ ਨਾਲ-ਨਾਲ ਦੇਸ਼ ਨੂੰ ਵੀ ਹੋਰ ਬੁਲੰਦੀਆਂ 'ਤੇ ਲਿਜਾ ਸਕਦੇ ਹਾਂ। ਇਸ ਮੌਕੇ ਵੀਰ ਜੋਗਿੰਦਰ ਸਿੰਘ, ਕਮਲ ਕੁਮਾਰ ਗੋਗਾ, ਸੁਖਪਾਲ ਸਿੰਘ ਭੰਮਾਬੱਦੀ, ਹੈਪੀ, ਅਮਰਿੰਦਰ ਸਿੰਘ ਬੱਬੀ, ਅਮਿਤ ਕੁਮਾਰ, ਵੀਰਪਾਲ ਗਿੱਲ, ਸੰਜੀਵ ਕੁਮਾਰ ਬੇਦੀ, ਨੀਰਜ ਕੁਮਾਰ ਸ਼ਰਮਾ ਪ੍ਰਧਾਨ ਮਨੀ ਮਹੇਸ਼ ਲੰਗਰ ਕਮੇਟੀ ਸੰਗਰੂਰ, ਰਾਜ ਕੁਮਾਰ ਸ਼ਰਮਾ ਹਰਮਨ, ਸੰਦੀਪ ਸਿੰਘ, ਪੁਸ਼ਵਿੰਦਰ ਸਿੰਘ, ਸੁਨੀਲ ਕੁਮਾਰ, ਅਮਿਤ ਗੋਇਲ ਰੋਕਸੀ ਆਦਿ ਹਾਜ਼ਰ ਸਨ।

# ਮਾਈਨਿੰਗ ਅਧਿਕਾਰੀ, ਪੁਲਸ ਪ੍ਰਸ਼ਾਸਨ ਤੇ ਉਗਰਾਹਾਂ ਦੇ ਆਗੂ ਆਹਮੋ-ਸਾਹਮਣੇ

### ਕਿਸਾਨਾਂ ਨੇ ਲਾਇਆ ਧਰਨਾ



**ਨਾਭਾ (ਵਰਿੰਦਰ ਵਰਮਾ)**-ਨਾਭਾ ਬਲਾਕ ਦੇ ਪਿੰਡ ਰਾਮਗੜ੍ਹ ਵਿਖੇ ਕਿਸਾਨ ਕਰਨੈਲ ਸਿੰਘ ਵੱਲੋਂ ਆਪਣੀ ਇੱਕ ਏਕੜ ਜ਼ਮੀਨ ਵਿੱਚੋਂ ਜੇ ਸੀ ਬੀ ਮਸ਼ੀਨ ਨਾਲ ਮਿੱਟੀ ਦੀਆਂ ਟਰਾਲੀਆਂ ਭਰ ਕੇ ਭੇਜੀ ਜਾ ਰਹੀ ਸੀ ਤਾਂ ਮੌਕੇ 'ਤੇ ਪੁਲਸ ਤੇ ਮਾਈਨਿੰਗ ਵਿਭਾਗ ਵੱਲੋਂ ਮਿੱਟੀ ਦੀ ਮਾਈਨਿੰਗ ਨੂੰ ਰੋਕ ਦਿੱਤਾ ਗਿਆ ਅਤੇ ਮੌਕੇ 'ਤੇ ਪੁਲਸ ਪਾਰਟੀ ਤੇ ਮਾਈਨਿੰਗ ਅਫਸਰ ਵੀ ਪਹੁੰਚ ਗਏ। ਕਿਸਾਨਾਂ ਨੇ ਕਿਹਾ ਕਿ ਅਸੀਂ ਇਹ ਮਾਈਨਿੰਗ ਨਹੀਂ ਕਰ ਰਹੇ ਇਹ ਮਿੱਟੀ ਆਪਣੇ ਕਿਸਾਨ ਭਰਾ ਦੇ ਘਰ ਵਿੱਚ ਭੇਜ ਰਿਹਾ, ਕਿਉਂਕਿ ਉਸ ਦਾ ਕੋਠਾ ਬਾਰਿਸ਼ ਦੇ ਕਾਰਨ ਚੋਅ ਰਿਹਾ ਸੀ, ਪਰ ਕਿਸਾਨ ਕੋਲ ਮਾਈਨਿੰਗ ਦੀ ਪ੍ਰਮਿਸ਼ਨ ਨਾ ਹੋਣ ਕਰਕੇ ਹੁਣ ਮਾਈਨਿੰਗ ਅਫਸਰ ਵੱਲੋਂ ਕਾਰਵਾਈ ਕਰਨ ਨੂੰ ਲੈ ਕੇ ਸਥਿਤੀ ਤਣਾਅਪੂਰਨ ਹੋ ਗਈ ਤੇ ਕਿਸਾਨਾਂ ਨੇ ਪੁਲਸ ਅਧਿਕਾਰੀਆਂ ਤੇ ਮਾਈਨਿੰਗ ਅਫ਼ਸਰ ਨੂੰ ਘੇਰ ਲਿਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਸਾਨੂੰ ਭਰੋਸਾ ਨਹੀਂ ਦਿੰਦਾ ਕਿ ਅਸੀਂ ਪਰਚਾ ਨਹੀਂ ਦਰਜ ਕਰਦੇ, ਉਦੋਂ ਤੱਕ ਅਸੀਂ ਜਾਣ ਨਹੀਂ ਦੇਵਾਂਗੇ। ਇਸ ਮੌਕੇ ਜ਼ਮੀਨ ਦੇ ਮਾਲਕ ਕਿਸਾਨ ਕਰਨੈਲ ਸਿੰਘ ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਬਲਾਕ ਪ੍ਰਧਾਨ ਰਾਜਿੰਦਰ ਸਿੰਘ ਤੇ ਬਲਕਾਰ ਸਿੰਘ ਨੇ ਕਿਹਾ ਕਿ ਅਸੀਂ ਕਿਸੇ ਵੀ ਕੀਮਤ 'ਤੇ ਇਹ ਪਰਚਾ ਨਹੀਂ ਹੋਣ ਦੇਵਾਂਗੇ, ਜਦੋਂਕਿ ਆਪ ਸਰਕਾਰ ਵੱਲੋਂ ਕਿਹਾ ਗਿਆ ਕਿ ਤੁਸੀਂ ਦੋ ਏਕੜ ਵਿੱਚ ਤਿੰਨ ਫੁੱਟ ਮਾਈਨਿੰਗ ਕਰ ਸਕਦੇ ਹੋ, ਪਰ ਅਸੀਂ ਤਾਂ ਆਪਣੇ ਖੇਤ ਵਿੱਚੋਂ ਮਿੱਟੀ ਪੁੱਟ ਰਹੇ ਸੀ, ਪਰ ਇਨ੍ਹਾਂ ਵੱਲੋਂ ਹੁਣ ਜ਼ਬਰਦਸਤੀ ਕੰਮ ਰੁਕਵਾ ਦਿੱਤਾ ਹੈ ਅਤੇ ਪਰਚਾ ਕਰਨ ਦੀ ਗੱਲ ਕਹਿ ਰਿਹਾ ਹੈ। ਅਸੀਂ ਕਿਸੇ ਵੀ ਕੀਮਤ 'ਤੇ ਪਰਚਾ ਨਹੀਂ ਹੋਣ ਦੇਵਾਂਗੇ ਤੇ ਅਸੀਂ ਉਦੋਂ ਤੱਕ ਘੇਰਾ ਪਾਈ ਰੱਖਾਂਗੇ ਜਦੋਂ ਤੱਕ ਸਾਨੂੰ ਇਹ ਭਰੋਸਾ ਨਹੀਂ ਦਿੰਦੇ ਕਿ ਅਸੀਂ ਪਰਚਾ ਨਹੀਂ ਕਰਦੇ। ਇਸ ਮੌਕੇ ਮਾਈਨਿੰਗ ਅਫਸਰ ਰਾਜਬੀਰ ਸਿੰਘ ਨੇ ਕਿਹਾ ਕਿ ਇਹ ਜ਼ਮੀਨ ਤੋਂ ਜੇ ਸੀ ਬੀ ਮਸ਼ੀਨ ਦੇ ਨਾਲ ਮਿੱਟੀ ਪੁੱਟ ਰਹੇ ਸੀ ਤੇ ਟਰਾਲੀਆਂ ਰਾਹੀਂ ਵੀ ਅੱਗੇ ਲਿਜਾ ਰਹੀ ਸੀ। ਇਨ੍ਹਾਂ ਨੂੰ ਜਦੋਂ ਪ੍ਰਮਿਸ਼ਨ ਬਾਰੇ ਪੁੱਛਿਆ ਤਾਂ ਕੋਇ ਪ੍ਰਮਿਸ਼ਨ ਨਹੀਂ ਸੀ ਤੇ ਲਾਅ ਦੇ ਮੁਤਾਬਕ ਅਸੀਂ ਵੇਖ ਕੇ ਪਰਚਾ ਵੀ ਕਰਾਂਗੇ। ਇਸ ਮੌਕੇ ਨਾਭਾ ਸਦਰ ਥਾਣਾ ਦੇ ਇੰਚਾਰਜ ਮੈਡਮ ਪ੍ਰਿਆਂਸੂ ਸਿੰਘ ਨੇ ਕਿਹਾ ਕਿ ਇਹ ਖੇਤ ਵਿੱਚੋਂ ਮਾਈਨਿੰਗ ਕਰ ਰਹੇ ਸੀ ਤੇ ਮੌਕੇ 'ਤੇ ਅਸੀਂ ਟਰੈਕਟਰ-ਟਰਾਲੀ ਨੂੰ ਕਬਜ਼ੇ ਵਿੱਚ ਲਿਆ ਹੈ ਅਤੇ ਅਸੀਂ ਜੇਬੀਸੀ ਮਸ਼ੀਨਾਂ ਨੂੰ ਵੀ ਕਬਜ਼ੇ ਵਿੱਚ ਲਵਾਂਗੇ, ਪਰ ਇਨ੍ਹਾਂ ਵੱਲੋਂ ਹੁਣ ਰਸਤਾ ਰੋਕਿਆ ਹੈ ਤੇ ਮਾਈਨਿੰਗ ਅਫਸਰ ਜਿਸ ਤਰ੍ਹਾਂ ਕਹੇਗਾ, ਉਸ ਦੇ ਆਧਾਰ 'ਤੇ ਕਾਰਵਾਈ ਹੋਵੇਗੀ। ਅਸੀਂ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ।

### ਮੱਛੀ ਪਾਲਣ ਸੰਬੰਧੀ ਟ੍ਰੇਨਿੰਗ ਕੈਂਪ ਭਲਕ ਤੋਂ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਮੱਛੀ ਪਾਲਣ ਵਿਭਾਗ ਫ਼ਰੀਦਕੋਟ ਵੱਲੋਂ ਮੱਛੀ ਪਾਲਣ ਧੰਦੇ ਨੂੰ ਪ੍ਰਫੁਲਤ ਕਰਨ ਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ 5 ਦਿਨਾਂ ਸਿਖਲਾਈ ਕੈਂਪ 10 ਅਕਤੂਬਰ ਤੋਂ 14 ਅਕਤੂਬਰ ਤੱਕ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸ੍ਰੀ ਮਨਜੀਤ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਫਰੀਦਕੋਟ ਨੇ ਦਿੱਤੀ। ਉਨ੍ਹਾ ਕਿਹਾ ਕਿ ਇਸ ਲਈ ਚਾਹਵਾਨ ਪ੍ਰਾਰਥੀ 10 ਅਕਤੂਬਰ ਨੂੰ ਸਵੇਰੇ 10.00 ਵਜੇ ਸਰਕਾਰੀ ਮੱਛੀ ਪੂੰਗ ਫਾਰਮ ਟਹਿਣਾ, ਨੇੜੇ ਨਵੀਂ ਜੇਲ੍ਹ ਫਰੀਦਕੋਟ ਵਿਖੇ ਅਰਜ਼ੀ ਨਾਲ ਲੈ ਕੇ ਸੰਪਰਕ ਕਰ ਸਕਦੇ ਹਨ। ਟ੍ਰੇਨਿੰਗ ਪ੍ਰਾਪਤੀ ਲਈ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 94631-50037 ਤੇ 6284533497 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### 1 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਕੇਸ ਦਰਜ

**ਜਲਾਲਾਬਾਦ, (ਦਹੂਜਾ)**-ਥਾਣਾ ਸਿਟੀ ਪੁਲਸ ਨੇ 1 ਲੱਖ ਦੀ ਠੱਗੀ ਮਾਰਨ ਵਾਲੇ ਆਰੋਪੀ ਖਿਲਾਫ ਪਰਚਾ ਦਰਜ ਕੀਤਾ ਹੈ।ਜਾਂਚ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਅਮਰ ਸਿੰਘ ਪੁੱਤਰ ਬੱਕਰ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ ਨੇੜੇ ਆਈਸ ਫੈਕਟਰੀ ਜਲਾਲਾਬਾਦ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਪਰਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਢਾਣੀ ਸਟੋਰਾਂ ਵਾਲੀ ਜਲਾਲਾਬਾਦ ਨੇ ਉਸ ਨਾਲ 1 ਲੱਖ ਰੁਪਏ ਦੀ ਠੱਗੀ ਮਾਰੀ ਹੈ, ਜਿਸ ਦੇ ਖਿਲਾਫ ਕਾਰਵਾਈ ਕਰਨ ਲਈ ਸੀਨੀਅਰ ਪੁਲਸ ਕਪਤਾਨ ਫਾਜ਼ਿਲਕਾ ਦੇ ਦਫ਼ਤਰ 'ਚ ਦਰਖਾਸਤ ਦਿੱਤੀ ਗਈ ਸੀ, ਜਿਸ 'ਤੇ ਪੁਲਸ ਵੱਲੋਂ ਆਰੋਪੀ 'ਤੇ ਧਾਰਾ 420 ਦੇ ਅਧੀਨ ਪਰਚਾ ਦਰਜ ਕਰ ਲਿਆ ਹੈ।

# ਸੀ ਪੀ ਐੱਮ ਦੇ ਵਫ਼ਦ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ



**ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸੀ ਪੀ ਆਈ (ਐੱਮ) ਦੀ ਸੂਬਾ ਕਮੇਟੀ ਦੇ ਸੱਦੇ 'ਤੇ ਸੀ ਪੀ ਆਈ ਤਹਿਸੀਲ ਖੰਨਾ ਤੇ ਪਾਇਲ ਦੇ ਸਕੱਤਰ ਕਾ. ਗੁਰਦੀਪ ਸਿੰਘ ਹੌਲ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਤੇ ਸੀ ਪੀ ਐੱਮ ਦੇ ਜ਼ਿਲ੍ਹਾ ਕਮੇਟੀ ਮੈਂਬਰ ਕਾ. ਬਲਵੀਰ ਸਿੰਘ ਸੁਹਾਵੀ ਦੀ ਅਗਵਾਈ ਹੇਠਾਂ ਵਫ਼ਦ ਵੱਲੋਂ ਪੰਜਾਬ ਦੇ ਲੋਕਾਂ ਦੀਆਂ ਹੱਕੀ ਮੰਗਾਂ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਐੱਸ ਡੀ ਐੱਮ ਖੰਨਾ ਸ਼੍ਰੀਮਤੀ ਮਨਜੀਤ ਕੌਰ ਨੂੰ ਸੌਂਪਿਆ ਗਿਆ, ਜਿਸ ਵਿੱਚ ਮੰਗ ਕੀਤੀ ਕਿ ਪੰਜਾਬ ਅੰਦਰ ਦਿਨ ਪ੍ਰਤੀ ਦਿਨ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਕਰਦੇ ਹੋਏ ਸੁਧਾਰ ਕੀਤਾ ਜਾਵੇ। ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਅਤੇ ਬਾਰਸ਼ ਨਾਲ ਫਸਲਾਂ ਦੇ ਹੋਏ ਖਰਾਬੇ ਦਾ ਤੁਰੰਤ ਵਾਜਬ ਮੁਆਵਜ਼ਾ ਦਿੱਤਾ ਜਾਵੇ, ਚੋਣਾਂ ਦੌਰਾਨ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾਣ, ਕੱਚੇ ਮੁਲਾਜਮ ਪੱਕੇ ਕੀਤੇ ਜਾਣ ਅਤੇ ਬੇਰੁਜਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਤੇ ਆਬਾਦਕਾਰਾਂ ਦੀ ਜ਼ਮੀਨ ਖੋਹਣ ਦੀ ਬਜਾਏ ਗਰੀਬ ਕਿਸਾਨਾਂ/ਮਜ਼ਦੂਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਬੇਘਰ ਗਰੀਬ ਲੋਕਾਂ ਨੂੰ 10-10 ਮਰਲੇ ਦੇ ਮੁਫਤ ਪਲਾਟ ਦਿੱਤੇ ਜਾਣ ਤੇ 5 ਲੱਖ ਦੀ ਗਰਾਂਟ ਦਿੱਤੀ ਜਾਵੇ। ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਪੰਚਾਇਤੀ ਜ਼ਮੀਨਾਂ ਵਿੱਚ ਕਾਨੂੰਨ ਅਨੁਸਾਰ ਬਣਦਾ ਹਿੱਸਾ ਠੇਕੇ 'ਤੇ ਦਿੱਤਾ ਜਾਵੇ। ਨਸ਼ਾ, ਰੇਤ ਤੋਂ ਬਜਰੀ ਮਾਫੀਆ ਨੂੰ ਨੱਥ ਪਾਈ ਜਾਵੇ ਤੇ ਰੇਤ-ਬਜਰੀ ਦੀਆਂ ਕੀਮਤਾਂ ਦਾ ਅਥਾਹ ਵਾਧਾ ਫੌਰੀ ਤੌਰ 'ਤੇ ਰੋਕ ਕੇ ਵਾਅਦੇ ਅਨੁਸਾਰ ਸਸਤਾ ਕੀਤਾ ਜਾਵੇ, ਨਸ਼ਾ, ਰੇਤ ਤੇ ਬਜਰੀ ਮਾਫੀਏ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਵਿਰੁੱਧ ਬਣਾਏ ਝੂਠੇ ਮੁਕੱਦਮੇ ਤੁਰੰਤ ਵਾਪਸ ਲਏ ਜਾਣ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਦਾ ਕੰਮ ਤੇ 700 ਰੁਪਏ ਪ੍ਰਤੀ ਦਿਹਾੜੀ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਤੇ ਆਪ ਆਗੂਆਂ ਵੱਲੋਂ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਇਸ ਮੌਕੇ ਇਕਬਾਲ ਸਿੰਘ ਗਰੇਵਾਲ, ਮਲਕੀਤ ਸਿੰਘ ਵਾਲੀਆ, ਤਰਲੋਚਨ ਸਿੰਘ ਖੱਟੜਾ, ਜਸਵੀਰ ਸਿੰਘ ਆਦਿ ਹਾਜ਼ਰ ਸਨ।

CMYK

# 14 ਨੂੰ ਅਨਮੋਲ ਗਗਨ ਮਾਨ ਦੇ ਦਫ਼ਤਰ ਅੱਗੇ ਧਰਨੇ 'ਚ ਆਟੋ ਵਰਕਰ ਕਰਨਗੇ ਭਰਵੀਂ ਸ਼ਮੂਲੀਅਤ



**ਨਵਾਂਸ਼ਹਿਰ, (ਮਨੋਜ ਲਾਡੀ)**

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵਲੋਂ 14 ਅਕਤੂਬਰ ਨੂੰ ਖਰੜ ਵਿਖੇ ਕਿਰਤ ਮੰਤਰੀ ਪੰਜਾਬ ਅਨਮੋਲ ਗਗਨ ਮਾਨ ਦੇ ਦਫਤਰ ਅੱਗੇ ਦਿੱਤੇ ਜਾ ਰਹੇ ਧਰਨੇ ਵਿਚ ਆਟੋ ਵਰਕਰ ਭਰਵੀਂ ਸ਼ਮੂਲੀਅਤ ਕਰਨਗੇ। ਇਸ ਸਬੰਧੀ ਆਟੋ ਸਟੈਂਡ ਨਵਾਂਸ਼ਹਿਰ ਵਿਖੇ ਨਿਊ ਆਟੋ ਵਰਕਰਜ਼ ਯੂਨੀਅਨ ਪੰਜਾਬ (ਇਫਟੂ) ਦੀ ਮੀਟਿੰਗ ਹੋਈ ਜਿਸਨੂੰ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ,ਨਿਊ ਆਟੋ ਵਰਕਰਜ਼ ਯੂਨੀਅਨ ਦੇ ਪ੍ਰਧਾਨ ਪੁਨੀਤ ਬਛੌੜੀ,ਮੀਤ ਪ੍ਰਧਾਨ ਬਿੱਲਾ ਗੁੱਜਰ,ਖਜਾਨਚੀ ਤਰਨਜੀਤ,ਸੀਤਲ ਸਿੰਘ,ਅਫਸਰ ਖਾਨ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਫਟੂ ਵਲੋਂ ਕਿਰਤੀਆ ਦੀਆ ਮੰਗਾਂ ਉੱਤੇ ਗੱਲਬਾਤ ਕਰਨ ਲਈ ਕਿਰਤ ਮੰਤਰੀ ਅਨਮੋਲ ਗਗਨ ਮਾਨ ਕੋਲੋਂ ਡੇਢ ਮਹੀਨੇ ਤੋਂ ਸਮਾਂ ਮੰਗਿਆ ਜਾ ਰਿਹਾ ਹੈ ਪਰ ਮੰਤਰੀ ਵਲੋਂ ਅੱਜ ਤਕ ਸਮਾਂ ਨਹੀਂ ਦਿੱਤਾ ਗਿਆ। ਜਿਸ ਕਾਰਨ ਮੰਤਰੀ ਦੇ ਦਫਤਰ ਅੱਗੇ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਹਨਾਂ ਕਿਹਾ ਕਿ ਕਿਰਤੀਆਂ ਦੀਆਂ ਬਹੁਤ ਸਾਰੀਆ ਮੰਗਾਂ ਹਨ ਜਿਹਨਾਂ ਦਾ ਹੱਲ ਕਰਨ ਦੀ ਲੋੜ ਹੈ। ਉਸਾਰੀ ਕਿਰਤੀਆਂ ਦੀ ਭਲਾਈ ਲਈ ਬਣੇ ਬੋਰਡ ਕੋਲ 1200 ਕਰੋੜ ਰੁਪਏ ਜਮ੍ਹਾਂ ਪਏ ਹਨ ਜਿਹਨਾਂ ਉੱਤੇ ਪੰਜਾਬ ਦੀ ਮਾਨ ਸਰਕਾਰ ਨਾਗ ਕੁੰਡਲੀ ਮਾਰੀ ਬੈਠੀ ਹੈ। ਇਹ ਪੈਸਾ ਉਸਾਰੀ ਕਿਰਤੀਆਂ ਦੀ ਭਲਾਈ ਉੱਤੇ ਹੀ ਖਰਚਿਆਂ ਜਾ ਸਕਦਾ ਹੈ। ਉਹਨਾ ਕਿਹਾ ਕਿ ਕਿਰਤ ਵਿਭਾਗ ਦੀਆਂ ਬਹੁਤ ਸਾਰੀਆਂ ਆਸਾਮੀਆਂ ਖਾਲੀ ਹਨ ਜਿਸ ਕਾਰਨ ਕਿਰਤ ਵਿਭਾਗ ਦੇ ਮਸਲੇ ਅਤੇ ਕੰਮ ਖੜੋਤ ਵਿਚ ਹਨ ਪਰ ਮਾਨ ਸਰਕਾਰ ਆਸਾਮੀਆਂ ਪੁਰ ਨਹੀਂ ਕਰ ਰਹੀ। ਕਿਰਤ ਵਿਭਾਗ ਦੇ ਦਫਤਰ ਭ੍ਰਿਸ਼ਟਾਚਾਰ ਦੇ ਅੱਡੇ ਬਣੇ ਹੋਏ ਹਨ। ਉਹਨਾਂ ਕਿਹਾ ਕਿ ਉਸਾਰੀ ਦੇ ਕੰਮਾਂ ਨਾਲ ਕਿਰਤੀਆਂ ਦੀਆਂ 43 ਕੈਟਾਗਿਰੀ ਜੁੜੀਆਂ ਹੋਈਆਂ ਹਨ ਜਿਹਨਾਂ ਦੇ ਬੱਚਿਆਂ ਦੇ ਵਜੀਫਾ ਕੇਸ,ਸ਼ਗਨ ਸਕੀਮਾਂ,ਮੈਡੀਕਲ ਸਕੀਮਾਂ ਆਦਿ ਦੇ ਮਾਮਲੇ ਬਕਾਇਆ ਹਨ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪਹਿਲੇ ਕਿਰਤੀ ਪੱਖੀ 29 ਕਿਰਤ ਕਾਨੂੰਨ ਖਤਮ ਕਰਕੇ ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਚਾਰ ਕਿਰਤ ਕੋਡ ਲਾਗੂ ਕਰਨਾ ਚਾਹੁੰਦੀ ਹੈ ਜਿਹਨਾਂ ਦੇ ਲਾਗੂ ਹੋਣ ਨਾਲ ਕਿਰਤੀ ਜਮਾਤ ਉੱਤੇ ਬਹੁਪਰਤੀ ਅਤੇ ਬਹੁਪੱਖੀ ਹਮਲੇ ਹੋਣਗੇ ਜਿਸ ਕਾਰਨ ਕਿਰਤੀ ਜਮਾਤ ਵਿਚ ਭਾਰੀ ਗੁੱਸਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕਿਰਤ ਕੋਡ ਪੰਜਾਬ ਵਿਚ ਲਾਗੂ ਕਰਨ ਤੋਂ ਸਾਫ ਇਨਕਾਰ ਕੀਤਾ ਜਾਵੇ। ਕਿਉਂਕਿ ਕਿਰਤ ਕਾਨੂੰਨਾਂ ਦਾ ਮਾਮਲਾ ਸਮਦਰਸ਼ੀ ਸੂਚੀ ਵਿਚ ਆਉਂਦਾ ਹੈ ਇਸ ਲਈ ਪੰਜਾਬ ਸਰਕਾਰ ਕੋਲ ਇਹ ਅਖਤਿਆਰ ਹੈ ਕਿ ਉਹ ਇਹ ਕੋਡ ਲਾਗੂ ਨਾ ਕਰੇ।

# ਮੰਗਾਂ ਨਾ ਮੰਨਣ ਕਰਕੇ ਮਨਿਸਟੀਰੀਅਲ ਕਾਮੇ 10 ਤੋਂ 15 ਤੱਕ ਕਰਨਗੇ ਕਲਮਛੋੜ ਹੜਤਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੀ ਮੁਲਾਜਮਾਂ ਦੀਆਂ ਹੱਕੀ ਮੰਗਾਂ ਪ੍ਰਤੀ ਵਿੱਢੇ ਸੰਘਰਸ਼ ਤਹਿਤ ਪੰਜਾਬ ਵਿੱਚ ਚਾਰ ਕਾਮਯਾਬ ਜੋਨਲ ਰੈਲੀਆਂ ਜੋ ਕਿ ਪਹਿਲੀ ਰੈਲੀ ਅੱਠ ਨੌਂ ਬਾਈ ਨੂੰ ਅੰਮ੍ਰਿਤਸਰ ਦੂਸਰੀ ਰੈਲੀ ਤੇਰਾਂ ਨੌਂ ਨੂੰ ਲੁਧਿਆਣਾ ਤੀਸਰੀ ਰੈਲੀ ਪੰਦਰਾਂ ਨੂੰ ਫਿਰੋਜ਼ਪੁਰ ਤੇ ਚੌਥੀ ਰੈਲੀ ਚਾਰ ਦਸ ਨੂੰ ਸੰਗਰੂਰ ਵਿਖੇ ਕੀਤੀ ਗਈ। ਸਰਕਾਰ ਵੱਲੋਂ ਜਥੇਬੰਦੀ ਨੂੰ ਗੱਲਬਾਤ ਲਈ ਬੁਲਾਇਆ ਨਹੀਂ ਗਿਆ, ਜਿਸ ਕਾਰਨ ਜਥੇਬੰਦੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਦਸ ਅਕਤੂਬਰ ਬਾਈ ਤੋਂ ਪੰਦਰਾਂ ਅਕਤੂਬਰ ਬਾਈ ਤੱਕ ਪੰਜਾਬ ਭਰ ਦੇ ਸਾਰੇ ਦਫਤਰਾਂ ਸਕੂਲਾਂ ਕਾਲਜਾਂ ਅਤੇ ਚੰਡੀਗੜ੍ਹ ਸਥਿਤ ਡਾਇਰੈਕਟੋਰੇਟ ਦੇ ਕਰਮਚਾਰੀ ਕਲਮਛੋੜ ਕੰਪਿਊਟਰ ਬੰਦ ਹੜਤਾਲ 'ਤੇ ਰਹਿਣਗੇ ਕੋਈ ਵੀ ਕਰਮਚਾਰੀ ਦਫਤਰੀ ਫੋਨ ਵੀ ਅਟੈਂਡ ਨਹੀਂ ਕਰੇਗਾ। ਜਥੇਬੰਦੀ ਵੱਲੋਂ ਸਮੂਹ ਅਧਿਕਾਰੀਆਂ ਪਾਸੋਂ ਇਸ ਸਬੰਧੀ ਸਹਿਯੋਗ ਦੀ ਆਸ ਕੀਤੀ ਗਈ ਹੈ ਕੋਈ ਵੀ ਅਧਿਕਾਰੀ ਕਿਸੇ ਵੀ ਕਰਮਚਾਰੀ ਨੂੰ ਹੜਤਾਲ ਦੇ ਦਿਨਾਂ ਦੌਰਾਨ ਦਫਤਰੀ ਕੰਮ ਕਰਨ ਲਈ ਮਜਬੂਰ ਨਾ ਕਰੇ । ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਅਨਿਰੁੱਧ ਮੋਦਗਿੱਲ ਵੱਲੋਂ ਕਿਹਾ ਗਿਆ ਕਿ ਸੂਬਾ ਕਮੇਟੀ ਦਾ ਹਰ ਐਕਸ਼ਨ ਜ਼ਿਲ੍ਹੇ ਵਿਚ ਪੂਰਨ ਤੌਰ 'ਤੇ ਲਾਗੂ ਕੀਤਾ ਜਾਵੇਗਾ ਦਸ ਅਕਤੂਬਰ ਬਾਈ ਤੋਂ ਪੰਦਰਾਂ ਅਕਤੂਬਰ ਬਾਈ ਤਕ ਸਾਰੇ ਹੀ ਵਿਭਾਗਾਂ ਦੇ ਕਰਮਚਾਰੀ ਕਰਮ ਕਲਮ ਛੋੜ ਹੜਤਾਲ 'ਤੇ ਰਹਿਣਗੇ। ਜੇਕਰ ਕਿਸੇ ਵਿਭਾਗ ਦੇਸ਼ ਵਿੱਚ ਕਿਸੇ ਕਰਮਚਾਰੀ ਨੂੰ ਕੰਮ ਲਈ ਮਜਬੂਰ ਕੀਤਾ ਗਿਆ ਤਾਂ ਜਥੇਬੰਦੀ ਸੰਬੰਧਿਤ ਅਧਿਕਾਰੀ ਦੇ ਖ਼ਿਲਾਫ਼ ਵੀਹ ਮੋਰਚਾ ਖੋਲ੍ਹੇਗੀ। ਇਸ ਸਬੰਧੀ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਕੁਮਾਰ ਅਤੇ ਦੀਪਕ ਤ੍ਰੇਹਨ ਦੀ ਅਗਵਾਈ ਵਿੱਚ ਟੀਮਾਂ ਦਫਤਰਾਂ ਦੀ ਚੈਕਿੰਗ ਕਰਨਗੀਆਂ ਅਤੇ ਜਥੇਬੰਦੀ ਦੇ ਐਕਸ਼ਨ ਨੂੰ 100% ਲਾਗੂ ਕਰਵਾਉਣਗੀਆਂ। ਇਹ ਕਰਮਚਾਰੀ ਸਰਕਾਰ ਦੇ ਅੜੀਅਲ ਰਵੱਈਏ ਵਿਰੁੱਧ ਅਤੇ ਆਪਣੀਆਂ ਹੱਕੀ ਮੰਗਾਂ ਪ੍ਰਤੀ ਸੰਘਰਸ਼ ਕਰ ਰਹੀਆਂ ਹਨ ਮੁੱਖ ਮੰਗਾਂ ਵਿਚ ਪੁਰਾਣੀ ਪੈਨਸ਼ਨ ਬਹਾਲ ਕਰਵਾਉਣਾ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਵਾਉਣਾ ਪ੍ਰੋਬੇਸ਼ਨ ਪੀਰੀਅਡ ਦਾ ਸਮਾਂ ਘਟਾਉਣਾ ਸੈਂਟਰ ਪੈਟਰਨ ਤੇ ਕੀਤੀ ਜਾ ਰਹੀ ਭਰਤੀ ਨੂੰ ਰੱਦ ਕਰਨਾ ਟਾਈਪ ਟੈਸਟ ਦੀ ਥਾਂ ਕੰਪਿਊਟਰ ਟ੍ਰੇਨਿੰਗ ਲਾਗੂ ਕਰਨਾ ਸਿੱਖਿਆ ਵਿਭਾਗ ਵਿੱਚ ਇਕ ਕਲਰਕ ਨੂੰ ਦੂਰ ਦੁਰਾਡੇ ਦਿੱਤੇ ਦੋ ਦੋ ਤਿੰਨ ਤਿੰਨ ਸਟੇਸ਼ਨਾਂ ਦੇ ਹੁਕਮ ਵਾਪਸ ਲੈ ਕੇ ਘਰ ਦੇ ਨੇੜੇ ਇੱਕ ਸਟੇਸ਼ਨ ਦੇਣਾ ਆਦਿ ਸ਼ਾਮਲ ਹਨ।

# 14 ਨੂੰ ਇਫਟੂ ਵੱਲੋਂ ਅਨਮੋਲ ਗਗਨ ਮਾਨ ਦੀ ਕੋਠੀ ਦੇ ਘਿਰਾਓ 'ਚ ਸ਼ਾਮਲ ਹੋਣ ਦਾ ਫੈਸਲਾ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਰਜਿ : ਬਲਾਕ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੈਰੋਮਾਜਰਾ ਦੀ ਪ੍ਰਧਾਨਗੀ ਹੇਠ ਸ੍ਰੀ ਵਿਸ਼ਵਕਰਮਾ ਭਵਨ ਵਿਖੇ ਹੋਈ। ਮੀਟਿੰਗ ਵਿੱਚ ਹੋਏ ਫੈਸਲਿਆਂ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਮਿਸਤਰੀ ਮਨਮੋਹਣ ਸਿੰਘ ਕਾਲਾ ਨੇ ਦੱਸਿਆ ਕਿ 14 ਅਕਤੂਬਰ ਨੂੰ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਇਫਟੂ ਪੰਜਾਬ ਵੱਲੋਂ ਉਸਾਰੀ ਨਾਲ ਸਬੰਧਤ ਮਿਸਤਰੀ, ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਕਿਰਤ ਮੰਤਰੀ ਅਨਮੋਲ ਗਗਨ ਮਾਨ ਦੀ ਖਰੜ ਕੋਠੀ ਦਾ ਘਿਰਾਓ ਕੀਤਾ ਜਾਵੇਗਾ । ਜਿਸ ਵਿਚ ਬਲਾਕ ਸ੍ਰੀ ਚਮਕੌਰ ਸਾਹਿਬ ਤੋਂ ਸੈਂਕੜੇ ਮਿਸਤਰੀ, ਮਜ਼ਦੂਰ ਸ਼ਮੂਲੀਅਤ ਕਰਨਗੇ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਜ਼ਦੂਰਾਂ ਪੱਖੀ ਲੇਬਰ ਕਾਨੂੰਨਾਂ ਨੂੰ ਸੋਧ ਕੇ ਕਾਰਪੋਰੇਟ ਪੱਖੀ ਚਾਰ ਕੋਡਾਂ ਵਿਚ ਤਬਦੀਲ ਕਰਕੇ ਮਜ਼ਦੂਰਾਂ ਤੋਂ ਕਾਨੂੰਨੀ ਤੇ ਸੰਵਿਧਾਨਕ ਹੱਕ ਖੋਹ ਲਏ ਹਨ। ਹੁਣ ਇਨ੍ਹਾਂ ਕਾਨੂੰਨਾਂ ਵਿਚ ਸਿਰਫ ਅਪੀਲਾਂ ਹੀ ਰਹਿ ਗਈਆਂ ਹਨ, ਸਜਾ ਖਤਮ ਹੋ ਗਈ ਹੈ। ਦੂਜੇ ਪਾਸੇ ਭਾਵੇਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਕੋਲ ਇੱਕ ਸੰਵਿਧਾਨਕ ਹੱਕ ਹੈ। ਕਿ ਉਹ ਇਨ੍ਹਾਂ ਸੋਧੇ ਹੋਏ ਚਾਰ ਕੋਡਾਂ ਨੂੰ ਲਾਗੂ ਕਰਨ ਤੋਂ ਜਵਾਬ ਦੇ ਸਕਦੀ ਹੈ। ਪ੍ਰੰਤੂ ਜੋ ਸਰਕਾਰ ਮਜ਼ਦੂਰਾਂ ਦਾ ਕਰੋੜਾਂ ਰੁਪਿਆ ਵੈੱਲਫੇਅਰ ਬੋਰਡ ਰਾਹੀਂ ਦੱਬੀ ਬੈਠੀ ਹੈ। ਉਸ ਤੋਂ ਹੋਰ ਉਮੀਦ ਕੀ ਕੀਤੀ ਜਾ ਸਕਦੀ ਹੈ, ਕੀ ਉਹ ਮਜ਼ਦੂਰਾਂ ਦੇ ਪੱਖ ਵਿਚ ਖੜ੍ਹੇਗੀ। ਇਸ ਲਈ ਮਜ਼ਦੂਰਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਕਿ 18 ਅਕਤੂਬਰ ਨੂੰ ਬਲਾਕ ਪੱਧਰੀ ਜਨਰਲ ਕੌਂਸਲ ਕੀਤੀ ਜਾਵੇਗੀ। ਜਿਸ ਵਿੱਚ ਸੂਬਾ ਪੱਧਰੀ ਆਗੂ ਸ਼ਾਮਲ ਹੋਣਗੇ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਵਿਸ਼ਵਕਰਮਾ ਮੰਦਰ ਸੋਸ਼ਲ ਵੈੱਲਫੇਅਰ ਸੁਸਾਇਟੀ ਰਜਿ: ਵੱਲੋਂ ਸ੍ਰੀ ਵਿਸ਼ਵਕਰਮਾ ਭਵਨ ਵਿਖੇ 25 ਅਕਤੂਬਰ ਨੂੰ ਸ੍ਰੀ ਵਿਸ਼ਵਕਰਮਾ ਜਨਮ ਦਿਹਾੜੇ ਮੌਕੇ ਕੀਤੇ ਜਾ ਰਹੇ ਸਮਾਗਮਾਂ ਵਿਚ ਸਮੁੱਚੇ ਮਿਸਤਰੀ ਤੇ ਮਜ਼ਦੂਰ ਸ਼ਮੂਲੀਅਤ ਕਰਨਗੇ। ਇਸ ਮੌਕੇ ਚੇਅਰਮੈਨ ਦਲਵੀਰ ਸਿੰਘ ਜਟਾਣਾ, ਅਜੈਬ ਸਿੰਘ ਸਮਾਣਾ, ਜਰਨੈਲ ਸਿੰਘ ਜੈਲਾ, ਗੁਲਾਬ ਚੰਦ ਚੌਹਾਨ, ਮਲਾਗਰ ਸਿੰਘ, ਸੁਰਿੰਦਰ ਸਿੰਘ, ਮਿਸਤਰੀ ਜੀਵਨ ਸਿੰਘ, ਕਮਲਜੀਤ ਸਿੰਘ, ਫੌਜੀ ਹਰਜਿੰਦਰਪਾਲ ਸਿੰਘ ਡੱਲਾ, ਬਹਾਦਰ ਸਿੰਘ ਜਟਾਣਾ, ਗੁਰਮੇਲ ਸਿੰਘ ਅਤੇ ਗੁਰਪ੍ਰੀਤ ਸਿੰਘ ਬਿੱਟੂ ਆਦਿ ਆਗੂ ਹਾਜ਼ਰ ਸਨ।

# ਆੜ੍ਹਤੀਆਂ ਨੇ ਕੀਤੀ ਹੜਤਾਲ

**ਫਿਲੌਰ (ਨਿਰਮਲ)**

ਪੰਜਾਬ ਸਰਕਾਰ ਦੀ ਨਵੀਆਂ ਤੇ ਮਾਰੂ ਨੀਤੀਆਂ ਔਨ ਲਾਈਨ ਗੇਟ ਪਾਸ ਹੁਕਮ ਜਾਰੀ ਕੀਤੀ ਹੈ। ਉਸ ਦੇ ਵਿਰੋਧ ਵਿਚ ਫਿਲੌਰ ਮੰਡੀ ਵਿੱਚ ਆੜ੍ਹਤੀਆਂ ਦੀ ਹੜਤਾਲ ਕੋਈ ਵੀ ਬੋਲੀ ਨਹੀਂ ਲਿਖਾਈ ਗਈ। ਕਿਸਾਨ ਅਤੇ ਮਜਦੂਰ ਤੇ ਆੜ੍ਹਤੀ ਸਰਕਾਰ ਦੀ ਖਰੀਦ ਸਬੰਧੀ ਨੀਤੀਆਂ ਕਾਰਨ ਖਜਲ ਖਵਾਰ ਹੋ ਰਹੇ ਹਨ । ਇਸ ਮੌਕੇ ਗੁਲਸ਼ਨ ਕੁਮਾਰ ਅਹੂਜਾ ਪ੍ਰਧਾਨ, ਵਿਸ਼ਾਲ ਗੁਪਤਾ ਵਾਈਸ ਪ੍ਰਧਾਨ ਨੇ ਕਿਹਾ ਕਿ ਸਾਡੇ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਨੇ ਰੋਸ ਵਜੋ ਮੰਡੀਆਂ 'ਚ ਹੜਤਾਲ ਕੀਤੀ ਗਈ । ਫਿਲੌਰ, ਗੁਰਾਇਆਂ, ਲਸਾੜਾ, ਅੱਪਰਾ, ਦੁਸਾਂਝ ਕਲਾਂ ਅਤੇ ਹੋਰ ਮੰਡੀਆਂ 'ਚ ਬੋਲੀ ਨਹੀਂ ਕੀਤੀ ਗਈ। ਆੜ੍ਹਤੀਆ ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਔਨ ਲਾਈਨ ਸਿਸਟਮ ਬੰਦ ਕਰਕੇ ਪੁਰਾਣਾ ਸਿਸਟਮ ਹੀ ਚਾਲੂ ਕੀਤਾ ਜਾਵੇ । ਇਸ ਮੌਕੇ ਗੌਰਵ, ਸੁਖਪ੍ਰੀਤ ਸਿੰਘ ਕਿਸਾਨ, ਪਰਮਜੀਤ ਸਿੰਘ ਰਾਮਗੜ੍ਹ ਨੇ ਆਪ ਸਰਕਾਰ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ , ਸ਼ਾਹੂਕਾਰ ਦੀ ਸਰਕਾਰ ਹੈ । ਇਨ੍ਹਾਂ ਦੇ ਰਾਜ ਕਿਸਾਨ ਮਜਦੂਰ, ਆੜ੍ਹਤੀਏ, ਦੁਕਾਨਦਾਰ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਮਾਰਕੀਟ ਕਮੇਟੀ ਫਿਲੌਰ, ਗੁਰਾਇਆਂ ਦਫਤਰਾਂ 'ਚ ਸਟਾਫ ਦੀ ਕਮੀ ਹੋਣ ਦੇ ਬਾਵਜੂਦ ਦਲਬੀਰ ਸਿੰਘ ਸਕੱਤਰ ਬਹੁਤ ਵਧੀਆ ਕੰਮ ਕਰ ਰਹੇ ਹਨ। ਇਸ ਮੌਕੇ ਭਾਰਤ ਭੂਸ਼ਨ, ਸਚਿਨ ਅਗਰਵਾਲ, ਚਤਿੰਦਰ ਸੀਟਾ ਅਗਰਵਾਲ ਆੜਤੀਆ, ਲਖਵਿੰਦਰ ਸਿੰਘ ਮੋਤੀਪੁਰ ਖਾਲਸਾ, ਰਵੀਕਾਂਤ ਗੁਪਤਾ, ਕਿਸਾਨ ,ਮਜਦੂਰ ਆੜ੍ਹਤੀਏ ਹਾਜਰ ਸਨ।



# ਜੇਲ੍ਹ ਲੋਕ ਅਦਾਲਤ ਦੌਰਾਨ 8 'ਚੋਂ 7 ਕੇਸਾਂ ਦਾ ਮੌਕੇ 'ਤੇ ਨਿਪਟਾਰਾ

**ਹੁਸ਼ਿਆਰਪੁਰ, (ਓ ਪੀ ਰਾਣਾ )**

ਸ਼੍ਰੀਮਤੀ ਅਮਰਜੋਤ ਭੱਟੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੀ ਯੋਗ ਅਗਵਾਈ ਹੇਠ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ ਹੈ। ਇਸ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਵਿੱਚ 8 ਕੇਸਾਂ ਵਿੱਚੋਂ 7 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ, ਹੁਸ਼ਿਆਰਪੁਰ ਨੂੰ ਹਦਾਇਤ ਦਿੱਤੀ ਕਿ ਜਿਨ੍ਹਾਂ ਕੇਸਾਂ ਦਾ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦੌਰਾਨ ਨਿਪਟਾਰਾ ਹੋ ਗਿਆ ਹੈ, ਉਹ ਉਨ੍ਹਾਂ ਦੋਸ਼ੀਆਂ ਨੂੰ ਰਿਹਾਅ ਕਰ ਦੇਣ ਅਤੇ ਜਿਹੜੇ ਦੋਸ਼ੀ ਕਿਸੇ ਹੋਰ ਕੇਸ ਵਿੱਚ ਹਿਰਾਸਤ ਵਿੱਚ ਨਹੀਂ ਹਨ ਉਨ੍ਹਾਂ ਨੂੰ ਵੀ ਰਿਹਾਅ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦਾ ਆਯੋਜਨ ਕਰਨ ਦਾ ਮੁੱਖ ਮੰਤਵ ਹੈ ਕਿ ਅੰਡਰ ਟ੍ਰਾਇਲ ਕੈਦੀਆਂ, ਜਿਨ੍ਹਾਂ ਦੇ ਕੇਸ ਕਾਫੀ ਲੰਬੇ ਸਮੇਂ ਤੋਂ ਕੋਰਟਾਂ ਵਿੱਚ ਚੱਲ ਰਹੇ ਸਨ ਉਨ੍ਹਾਂ ਦਾ ਇਸ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਵਿੱਚ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਸਕੇ ਅਤੇ ਇਸ ਜੇਲ੍ਹ ਲੋਕ ਅਦਾਲਤ/ਕੈਂਪ ਕੋਰਟ ਦੋਸ਼ੀਆਂ/ਕੈਦੀਆਂ ਨੂੰ ਲੰਬੇ ਟ੍ਰਾਇਲ ਤੋਂ ਬਚਾਇਆ ਜਾ ਸਕੇ, ਜਿਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਸ਼੍ਰੀਮਤੀ ਅਪਰਾਜੀਤਾ ਜੋਸ਼ੀ ਵਲੋਂ ਮਿਤੀ 12 ਨਵੰਬਰ 2022 ਨੂੰ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜਾਉਣ ਲਈ ਜ਼ਿਲ੍ਹੇ ਦੇ ਬੈਂਕਾਂ ਦੇ ਕੰਟਰੋਲਿੰਗ ਹੈੱਡਜ਼ ਅਤੇ ਹੋਰ ਕੰਪਨੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਮੀਟਿੰਗ ਦੌਰਾਨ ਦੱਸਿਆ ਗਿਆ ਕਿ ਇਸ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਪ੍ਰੀਲੀਟੀਗੇਟੀਵ ਕੇਸ ਲੈ ਕੇ ਆਉਣ ਅਤੇ ਜਿਹੜੇ ਕੇਸ ਕੋਰਟਾਂ ਵਿੱਚ ਪੈਂਡਿੰਗ ਚੱਲ ਰਹੇ ਹਨ ਉਨ੍ਹਾਂ ਕੇਸਾਂ ਨੂੰ ਵੀ ਲੋਕ ਅਦਾਲਤ ਵਿੱਚ ਅਰਜ਼ੀ ਦੇ ਕੇ ਸਬੰਧਤ ਕੋਰਟ ਵਿੱਚ ਲਗਾਇਆ ਜਾ ਸਕਦਾ ਹੈ, ਜਿਵੇਂ ਕਿ ਚੈਕ ਬਾਊਂਸ ਕੇਸ ਆਦਿ। ਉਨ੍ਹਾਂ ਕਿਹਾ ਕਿ ਉਹਨਾਂ ਵਲੋਂ ਲੋਕਾਂ ਨੂੰ ਵੱਧ ਤੋਂ ਵੱਧ ਆਉਣ ਵਾਲੀ ਲੋਕ ਅਦਾਲਤ ਦੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਲੋਕ ਇਸ ਲੋਕ ਅਦਾਲਤ ਵਿੱਚ ਆਪਣੇ ਵੱਧ ਤੋਂ ਵੱਧ ਕੇਸ ਲਗਾ ਸਕਣ ਅਤੇ ਲੋਕ ਅਦਾਲਤ ਦਾ ਲਾਭ ਪ੍ਰਾਪਤ ਕਰ ਸਕਣ। ਕਿਉਂਕਿ ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ, ਇਸ ਫੈਸਲੇ ਦੀ ਕੋਈ ਅਪੀਲ ਨਹੀਂ ਹੁੰਦੀ ਅਤੇ ਲੋਕ ਅਦਾਲਤ ਵਿੱਚ ਲੱਗੀ ਕੋਰਟ ਫੀਸ ਵੀ ਵਾਪਿਸ ਹੋ ਜਾਂਦੀ ਹੈ ਅਤੇ ਵੱਧ ਤੋਂ ਵੱਧ ਲੋਕ, ਇਸ ਲੋਕ ਅਦਾਲਤ ਵਿੱਚ ਕੇਸ ਲਗਾ ਕੇ ਇਸ ਦਾ ਲਾਭ ਪ੍ਰਾਪਤ ਕਰ ਸਕਣ। ਇਸੇ ਤਰ੍ਹਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਬਲਾਇੰਡ ਸਕੂਲ, ਬਾਹੋਵਾਲ, ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਦੌਰਾ ਕੀਤਾ ਗਿਆ। ਜਿਸ ਦੌਰਾਨ ਉਨ੍ਹਾਂ ਵਲੋਂ ਬਲਾਇੰਡ ਸਕੂਲ ਵਿੱਚ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਜਾਣਿਆ ਗਿਆ, ਉਨ੍ਹਾਂ ਦੇ ਹੱਕਾਂ ਤੇ ਅਧਿਕਾਰਾਂ ਦੀ ਗੱਲ ਕੀਤੀ ਗਈ ਅਤੇ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਨੂੰ ਕਿਹਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਲੋਂ ਚੱਲ ਰਹੀਆਂ ਮੁਫਤ ਕਾਨੂੰਨੀ ਸਹਾਇਤਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਜਿਵੇਂ ਕਿ ਬਾਰੇ ਜਾਣੂ ਕਰਵਾਇਆ ਗਿਆ ਅਤੇ ਜ਼ਿਲ੍ਹਾ ਕਚਹਿਰੀ ਹੁਸ਼ਿਆਰਪੁਰ ਵਿਖੇ 12 ਨਵੰਬਰ ਨੂੰ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੱਤੀ ਗਈ।




# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੇ ਕੰਮ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ

**ਜਲੰਧਰ (ਸ਼ੈਲੀ ਐਲਬਰਟ)**

ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਵਰਿੰਦਰਪਾਲ ਸਿੰਘ ਬਾਜਵਾ ਨੇ ਵੋਟਰ ਸੂਚੀ ਦੀ ਸੁਧਾਈ ਦੇ ਨਾਲ-ਨਾਲ ਵੋਟਰ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨ ਦੇ ਚੱਲ ਰਹੇ ਕੰਮ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਇਸ ਮਹੱਤਵਪੂਰਨ ਤੇ ਮਿਤੀਬੱਧ ਕਾਰਜਾਂ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਸਮੇਤ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 10,91,402 ਵੋਟਰਾਂ ਦੇ ਵੋਟਰ ਕਾਰਡ ਆਧਾਰ ਕਾਰਡ ਨਾਲ ਲਿੰਕ ਕੀਤੇ ਜਾ ਚੁੱਕੇ ਹਨ। ਇਸ ਸਬੰਧੀ ਹਲਕਾਵਾਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਫਿਲੌਰ ਦੇ 1,44,320 ਵੋਟਰਾਂ, ਨਕੋਦਰ ਦੇ 1,49,308, ਸ਼ਾਹਕੋਟ ਦੇ 1,21,773, ਕਰਤਾਰਪੁਰ ਦੇ 1,33,048, ਜਲੰਧਰ ਪੱਛਮੀ ਦੇ 1,20,850, ਜਲੰਧਰ ਕੇਂਦਰੀ ਦੇ 88,099, ਜਲੰਧਰ ਉੱਤਰੀ ਦੇ 1,10,673, ਜਲੰਧਰ ਕੈਂਟ ਦੇ 1,15,660 ਅਤੇ ਆਦਮਪੁਰ ਹਲਕੇ ਦੇ 1,07,671 ਵੋਟਰਾਂ ਦੇ ਵੋਟਰ ਕਾਰਡ ਅਧਾਰ ਨਾਲ ਲਿੰਕ ਕੀਤੇ ਜਾ ਚੁੱਕੇ ਹਨ। ਉਨ੍ਹਾਂ ਈ.ਆਰ.ਓਜ ਨੂੰ ਵਿਸ਼ੇਸ਼ ਤਵਜੋਂ ਦਿੰਦਿਆਂ ਇਸ ਕੰਮ ਦੀ ਨਿਗਰਾਨੀ ਕਰਨ ਅਤੇ ਘੱਟ ਪ੍ਰਗਤੀ ਵਾਲੇ ਸੁਪਰਵਾਈਜ਼ਰ/ਬੀ.ਐਲ.ਓਜ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਲਈ ਕਿਹਾ ਤਾਂ ਜੋ ਇਹ ਕੰਮ ਭਾਰਤ ਚੋਣ ਕਮਿਸਨ ਵੱਲੋਂ ਨਿਰਧਾਰਿਤ ਸਮੇਂ ਦੇ ਅੰਦਰ ਮੁਕੰਮਲ ਕੀਤਾ ਜਾ ਸਕੇ। ਜ਼ਿਲ੍ਹੇ ਵਿੱਚ ਵੋਟਰ ਸੂਚੀ ਦੀ ਸੁਧਾਈ ਦੇ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ ਲੈਂਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਈ.ਆਰ.ਓਜ਼ ਨੂੰ ਪ੍ਰਾਪਤ ਹੋਏ ਦਾਅਵੇ ਅਤੇ ਇਤਰਾਜ਼ਾਂ ਸਬੰਧੀ ਈ.ਆਰ.ਓ. ਨੈਟ ਵਿੱਚ ਪੈਂਡਿੰਗ ਫਾਰਮ 6, 6-ਏ, 7,8 ਦਾ ਨਾਲੋ ਨਾਲ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਵੋਟਰਾਂ ਨੂੰ ਵੋਟਰ ਫੋਟੋ ਸਨਾਖਤੀ ਕਾਰਡ ਸਮੇਂ ਸਿਰ ਸਪੀਡ ਪੋਸਟ ਰਾਹੀਂ ਭੇਜੇ ਜਾ ਸਕਣ। ਇਸ ਮੌਕੇ ਸਮੂਹ ਚੋਣਕਾਰ ਰਜਿਸਟ੍ਰੇਸਨ ਅਫਸਰ/ਹਲਕਾ ਇੰਚਾਰਜ, ਚੋਣ ਤਹਿਸੀਲਦਾਰ ਸੁਖਦੇਵ ਸਿੰਘ ਅਤੇ ਸਮੂਹ ਚੋਣ ਕਾਨੂੰਨਗੋ ਮੌਜੂਦ ਸਨ।

# ਕਨੇਡਾ ਸਰਕਾਰ ਨੇ ਜਾਰੀ ਕੀਤੀਆਂ ਭਾਰਤੀ ਵਿਦਿਆਰਥੀਆਂ ਲਈ ਨਵੀਆਂ ਸ਼ਰਤਾਂ

**ਜਲੰਧਰ (ਸੁਰਿੰਦਰ ਕੁਮਾਰ)**- ਕਨੇਡਾ ਜਾ ਕੇ ਪੜ੍ਹਾਈ ਕਰਕੇ ਆਪਣੀ ਤੇ ਪਰਵਾਰ ਦਾ ਭਵਿੱਖ ਬਣਾਉਣ ਦਾ ਟੀਚਾ ਲੈ ਕੇ ਗਏ ਭਾਰਤੀ ਵਿਦਿਆਰਥੀਆ ਲਈ ਹੁਣ ਕਨੇਡਾ ਦੀ ਸਰਕਾਰ ਨੇ ਉਥੇ ਗਏ ਤੇ ਰਹਿ ਕੇ ਆਪਣੀ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆ ਲਈ ਨਵੀਆਂ ਸ਼ਰਤਾਂ ਵਾਲੀ ਗਾਇਡ ਲਾਇਨ ਜਾਰੀ ਕਰਕੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸਥਿੱਤ ਹਾਈ ਕਮਿਸ਼ਨਰ ਨੇ ਚਿਤਾਵਨੀ ਦੇਂਦਿਆਂ ਕਿਹਾ ਕਿ ਹੁਣ ਭਾਰਤੀ ਵਿਦਿਆਰਥੀ ਉਦੋਂ ਤੱਕ ਕੰਮ ਨਹੀਂ ਕਰ ਸਕਣਗੇ ਜਦੋਂ ਤੱਕ ਉਨਾਂ ਦੁਆਰਾ ਚੁਣੇ ਕੋਰਸ ਦੀ ਪੜ੍ਹਾਈ ਪੂਰੀ ਤਰ੍ਹਾਂ ਸ਼ੁਰੂ ਨਹੀ ਹੋ ਜਾਂਦੀ। ਇਸ ਸਬੰਧ ਵਿੱਚ ਦਿੱਲੀ ਸਥਿਤ ਕਨੇਡਾ ਦੇ ਹਾਈ ਕਮਿਸ਼ਨਰ ਨੇ ਆਪਣੇ ਵੱਲੋਂ ਜਾਰੀ ਕੀਤੇ ਇੱਕ ਟਵੀਟ ਵਿੱਚ ਕਿਹਾ ਕਿ ਕੁਝ ਸਿੱਖਿਆ ਪ੍ਰਾਪਤ ਕਰਨ ਵਾਲੇ ਪਰਮਿਟ ਤੁਹਾਨੂੰ ਕਨੇਡਾ ਵਿੱਚ ਕੰਮ ਕਰਨ ਦੀ ਅਗਿਆ ਦਿੰਦੇ ਹਨ। ਪਰ ਕੰਮ ਤੁਸੀ ਉਦੋ ਸ਼ੁਰੂ ਕਰ ਸਕਦੇ ਹੋ ਜਦੋਂ ਤੁਹਾਡੇ ਪੜ੍ਹਾਈ ਕਰਨ ਦੀ ਸ਼ੁਰੂਆਤ ਹੋ ਗਈ ਹੋਵੇ। ਉਸ ਤੋਂ ਪਹਿਲਾਂ ਕਨੇਡਾ ਪੜ੍ਹਾਈ ਕਰਨ ਗਏ ਵਿਦਿਆਰਥੀਆਂ ਨੂੰ ਕੰਮ ਕਰਨ ਦੀ ਇਜਾਜਤ ਨਹੀਂ ਹੈ। ਹਾਈ ਕਮਿਸ਼ਨਰ ਨੇ ਕਿਹਾ ਕਿ ਕਨੇਡਾ ਆਉਣ ਵਾਲੇ ਵਿਦਿਆਰਥੀ ਆਪਣੇ ਦਸਤਾਵੇਜੀ ਸਬੂਤਾਂ ਰਾਹੀਂ ਇਹ ਕਰ ਸਕਦੇ ਹਨ ਕਿ ਜਿਸ ਯੂਨਿਵਰਸਟੀ ਜਾ ਕਾਲਜ ਨੇ ਉਨ੍ਹਾਂ ਨੂੰ ਬੁਹਤ ਦੇਰ ਨਾਲ ਆਉਣ ਦੀ ਇਜਾਜਤ ਦਿੱਤੀ ਹੈ। ਉਸ ਤੋਂ ਇਲਾਵਾ ਵਿਦਿਆਰਥੀ ਉਨ੍ਹਾਂ ਦੇ ਕੋਰਸ ਦੀ ਡੇਟ ਬਦਲਾਉਣ ਦੀ ਜਾਣਕਾਰੀ ਦਿੱਤੀ ਗਈ ਸੀ। ਕਮਿਸ਼ਨ ਨੇ ਟਵੀਟ ਵਿੱਚ ਹੋਰ ਲਿੱਖਿਆ ਅਗਰ ਕੋਈ ਵਿਦਿਆਰਥੀ ਇਨ੍ਹਾਂ ਸਰਦੀਆਂ ਵਿੱਚ ਕਨੇਡਾ ਜਾ ਰਿਹਾ ਹੈ ਤਾ ਉਸ ਨੂੰ ਇੱਕ ਬਾਰਡਰ ਸਰਵਿਸ ਅਫਸਰ ਨਾਲ ਉਨ੍ਹਾਂ ਦਾ ਸਾਹਮਣਾ ਹੋਏਗਾ। ਉਹ ਕਨੇਡਾ ਆਉਣ ਵਾਲੇ ਹਰ ਇੱਕ ਵਿਦਿਆਰਥੀ ਦੇ ਦਸਤਾਵੇਜਾਂ ਦੀ ਜਾਂਚ ਕਰੇਗਾ। ਜਿਸ ਵਿੱਚ ਡੀ ਐਲ ਆਈ ਨੇ ਤੁਹਾਨੂੰ ਦੇਰੀ ਨਾਲ ਆਉਣ ਦੀ ਇਜਾਜਤ ਦਿੱਤੀ ਹੈ ਜਾਂ ਤੁਹਾਨੂੰ ਕੋਈ ਰੈਫਰਲ ਮਿਲਿਆ ਹੈ। ਇਸ ਨੂੰ ਸਾਬਿਤ ਕਰਨ ਵਾਲੇ ਦਸਤਾਵੇਜ ਤੁਹਾਨੂੰ ਦਿਖਾਉਣੇ ਪੈਣਗੇ। ਇਸ ਲਈ ਭਾਰਤੀ ਵਿਦਿਆਰਥੀਆਂ ਨੂੰ ਹੁਣ ਕਨੇਡਾ ਪੁਹੰਚਣ ਤੋਂ ਬਾਅਦ ਤਿਆਰ ਹੋ ਕੇ ਪੁਹੰਚਣਾ ਪਏਗਾ।

# ਮਾਨ ਸਰਕਾਰ ਦੇ ਪੁਤਲੇ ਫੂਕੇ ਜਾਣਗੇ : ਰੰਧਾਵਾ

**ਫਿਲੌਰ (ਨਿਰਮਲ)**

ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਲਗਾਏ ਸੰਗਰੂਰ ਧਰਨੇ ਦੌਰਾਨ ਭਗਵੰਤ ਮਾਨ ਦੀ ਸਰਕਾਰ ਵਲੋਂ ਗੱਲਬਾਤ ਦਾ ਸੱਦਾ ਦੇ ਕੇ ਗੱਲਬਾਤ ਤੋਂ ਇਨਕਾਰੀ ਹੋ ਜਾਣ ਕਾਰਨ ਰੋਸ ਪ੍ਰਗਟਾਉਣ ਲਈ ਪੁਤਲੇ ਫੂਕੇ ਜਾਣਗੇ। ਇਸ ਸਬੰਧੀ ਉਕਤ ਮੋਰਚੇ 'ਚ ਸ਼ਾਮਲ ਦਿਹਾਤੀ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ, ਤਹਿਸੀਲ ਪ੍ਰਧਾਨ ਜਰਨੈਲ ਫਿਲੌਰ, ਤਹਿਸੀਲ ਸਕੱਤਰ ਮੇਜਰ ਫਿਲੌਰ ਨੇ ਇਥੇ ਦੱਸਿਆ ਕਿ ਸੰਗਰੂਰ ਧਰਨੇ ਦੌਰਾਨ ਸਰਕਾਰ ਵਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਵਲੋਂ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਆਗੂਆਂ ਨਾਲ ਮਸਲੇ ਵਿਚਾਰਨ ਲਈ ਮੀਟਿੰਗ ਕੀਤੀ ਜਾਵੇਗੀ, ਪਰ ਦਿੱਤੇ ਸਮੇਂ ਤੋਂ ਸਰਕਾਰ ਭੱਜ ਗਈ ਹੈ। ਉਕਤ ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਖਿਲਾਫ ਮਜਦੂਰਾਂ 'ਚ ਡਾਢਾ ਰੋਸ ਪਾਇਆ ਜਾ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਸਰਕਾਰ ਦੇ ਬੋਲੇ ਕੰਨਾਂ ਤੱਕ ਅਵਾਜ ਪੁੱਜਦੀ ਕਰਨ ਲਈ 12 ਅਕਤੂਬਰ ਨੂੰ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕ ਕੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਮਜਦੂਰਾਂ ਦੀਆਂ ਮੰਗਾਂ ਮੰਨਣ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ ਅਤੇ ਵਾਰ-ਵਾਰ ਗੱਲਬਾਤ ਤੋਂ ਹੀ ਭੱਜ ਰਹੀ ਹੈ। ਆਗੂਆਂ ਨੇ ਕਿਹਾ ਕਿ ਜੇ ਮਜਦੂਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨਾ ਲਾਗੂ ਕੀਤੀਆਂ ਗਈਆਂ ਤਾਂ ਅਗਲੇ ਪੜਾਅ ਤਹਿਤ ਵੱਡੇ ਸੰਘਰਸ਼ ਦਾ ਐਲਾਨ 12 ਅਕਤੂਬਰ ਤੋਂ ਬਾਅਦ ਕੀਤਾ ਜਾਵੇਗਾ।



# ਅਣ-ਅਧਿਕਾਰਤ ਇਸ਼ਤਿਹਾਰਬਾਜ਼ੀ ਕਰਨ ਵਾਲਿਆਂ ਨੂੰ ਨੋਟਿਸ ਜਾਰੀ

**ਫਗਵਾੜਾ, (ਜਸਵਿੰਦਰ ਢੱਡਾ)**

ਨਗਰ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਨੇ ਦੱਸਿਆ ਕਿ ਨਗਰ ਨਿਗਮ, ਫਗਵਾੜਾ ਦੀ ਹਦੂਦ ਅੰਦਰ ਅਣ-ਅਧਿਕਾਰਤ ਇਸਤਿਹਾਰਬਾਜੀ ਕਰਨ ਵਾਲਿਆਂ ਨੂੰ ਪੀ.ਐਮ.ਸੀ ਐਕਟ 1976 ਦੀ ਧਾਰਾ 123 ਅਧੀਨ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਕਈ ਪ੍ਰਾਪਰਟੀ ਮਾਲਕਾਂ/ਫਰਮਾਂ ਵੱਲੋਂ ਆਪਣੀਆਂ ਦੁਕਾਨਾਂ/ ਪ੍ਰਾਪਰਟੀਆਂ ਤੇ "ਪੰਜਾਬ ਐਡਵਰਟਾਈਜਮੈਂਟ ਬਾਈਲਾਜ 2018" ਦੇ ਵਿਰੁੱਧ ਬੋਰਡ/ਫਲੈਕਸ ਲਗਾਏ ਹੋਏ ਹਨ, ਜਦ ਕਿ ਕਾਨੂੰਨਨ ਸਿਰਫ ਆਪਣੀ ਦੁਕਾਨ ਜਾਂ ਟਰੇਡ ਸਬੰਧੀ ਬੋਰਡ ਇੱਕ ਨਿਰਧਾਰਤ ਸਾਈਜ ਅਨੁਸਾਰ ਲਗਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕਈ ਪ੍ਰਾਪਰਟੀ ਮਾਲਕਾਂ/ਫਰਮਾਂ ਵੱਲੋਂ ਆਪਣੀਆਂ ਬਿਲਡਿੰਗਾਂ ਦੇ ਉੱਪਰ ਰੂਫ ਟਾਪ ਬੋਰਡ ਲਗਾਏ ਹਨ,ਜੋ ਕਿ ਨਹੀਂ ਲਗਾਏ ਜਾ ਸਕਦੇ। ਉਨ੍ਹਾਂ ਕਿਹਾ ਕਿ ਨਿਗਮ ਦੀ ਇਸ਼ਤਿਹਾਰਬਾਜੀ ਸਾਖਾ ਵੱਲੋਂ ਅਜਿਹੇ ਪ੍ਰਾਪਰਟੀ ਮਾਲਕਾਂ ਨੂੰ ਲਗਾਤਾਰ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਨਿਗਮ ਕਮਿਸਨਰ ਡਾ. ਨਯਨ ਜੱਸਲ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਇਸ਼ਤਿਹਾਰਬਾਜੀ ਨਾ ਕੀਤੀ ਜਾਵੇ। ਇਸ ਉਪਰੰਤ ਐਡਵਰਟਾਈਜਮੈਂਟ ਸ਼ਾਖਾ ਦੇ ਸੁਪਰਡੰਟ ਅਮਿਤ ਕਾਲੀਆ ਨੇ ਦੱਸਿਆ ਕਿ ਜਿਹਨਾਂ ਪ੍ਰਾਪਰਟੀ ਮਾਲਕਾਂ/ਫਰਮਾਂ ਨੂੰ ਨੋਟਿਸ ਜਾਰੀ ਕੀਤੇ ਹਨ, ਕੁਝ ਵੱਲੋਂ ਆਪਣੇ ਅਣ-ਅਧਿਕਾਰਤ ਬੋਰਡ ਉਤਾਰ ਕੇ ਉਸਦਾ ਜੁਰਮਾਨਾ ਨਗਰ ਨਿਗਮ ਵਿੱਖੇ ਜਮ੍ਹਾਂ ਕਰਵਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਜਿਹਨਾਂ ਵੱਲੋਂ ਅਣ-ਅਧਿਕਾਰਤ ਬੋਰਡ ਉਤਾਰ ਕੇ ਜੁਰਮਾਨਾ ਨਹੀ ਦਿੱਤਾ ਜਾਵੇਗਾ ਉਹਨਾ ਵਿਰੁੱਧ ਕੋਰਟ ਕੇਸ ਦਾਇਰ ਕਰਨ ਹਿੱਤ ਜਾਰੀ ਕੀਤੇ ਨੋਟਿਸ ਨੂੰ ਮਾਣਯੋਗ ਅਦਾਲਤ ਵਿੱਚ ਭੇਜਿਆ ਜਾਵੇਗਾ।


# ਨਵੇਂ ਸਾਲ ਤੱਕ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਲਾਇਬ੍ਰੇਰੀ ਨੂੰ ਨਵੀਂ ਦਿੱਖ ਪ੍ਰਦਾਨ ਕਰਨ ਦਾ ਟੀਚਾ

**ਜਲੰਧਰ (ਸ਼ੈਲੀ ਐਲਬਰਟ)**- ਨਵੇਂ ਸਾਲ ਤੱਕ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਲਾਇਬ੍ਰੇਰੀ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਜਾਵੇਗੀ, ਜਿਸ ਸਬੰਧੀ ਲਾਇਬ੍ਰੇਰੀ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ ਦੇ ਨਾਲ-ਨਾਲ ਡਿਜੀਟਾਈਜ਼ੇਸ਼ਨ ਦਾ ਕੰਮ ਕਰਵਾਇਆ ਗਿਆ ਹੈ । ਪ੍ਰਿੰਸੀਪਲ ਸਕੱਤਰ ਉਚੇਰੀ ਸਿੱਖਿਆ ਜਸਪ੍ਰੀਤ ਤਲਵਾਰ ਵੱਲੋਂ ਪਬਲਿਕ ਲਾਇਬ੍ਰੇਰੀਆਂ ਦੇ ਵੱਖ-ਵੱਖ ਮੁੱਦਿਆਂ ਸਬੰਧੀ ਜਾਇਜ਼ਾ ਲੈਣ ਲਈ ਵੀਡੀਓ ਕਾਨਫਰੰਸ ਰਾਹੀਂ ਕੀਤੀ ਗਈ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਸ੍ਰੀ ਗੁਰੂ ਨਾਨਕ ਲਾਇਬ੍ਰੇਰੀ ਦੇ ਨਵੀਨੀਕਰਨ ਲਈ ਜਲੰਧਰ ਦੀ ਯੋਜਨਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਲਾਇਬ੍ਰੇਰੀ ਨੂੰ ਨਵੇਂ ਸਾਲ ਤੱਕ ਆਧੁਨਿਕ ਦਿੱਖ ਦੇਣ ਦਾ ਟੀਚਾ ਮਿਥਿਆ ਗਿਆ ਹੈ ਤਾਂ ਜੋ ਲੋਕਾਂ ਨੂੰ ਇਥੇ ਕਿਤਾਬਾਂ ਪੜ੍ਹਨ ਦਾ ਨਵਾਂ ਅਨੁਭਵ ਮਿਲ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਸਮਾਰਟ ਸਿਟੀ ਪ੍ਰਾਜੈਕਟ ਅਧੀਨ 1.99 ਕਰੋੜ ਦੀ ਲਾਗਤ ਨਾਲ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਡਿਜੀਟਲ ਲਾਇਬ੍ਰੇਰੀ ਦੀ ਵੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ 20 ਡੈਸਕਟਾਪ ਟੱਚ ਸਕਰੀਨ ਕੰਪਿਊਟਰ ਅਤੇ ਇੱਕ ਵੈੱਬ ਪੋਰਟਲ ਆਮ ਲੋਕਾਂ ਲਈ ਉਪਲਬਧ ਹੈ। ਇਸ ਤੋਂ ਇਲਾਵਾ ਨਵਾਂ ਫਰਨੀਚਰ, ਪੇਂਟ ਆਦਿ ਸਮੇਤ ਬੁਨਿਆਦੀ ਢਾਂਚੇ ਦੇ ਸੁਧਾਰ ਨਾਲ ਸਬੰਧਤ ਕਈ ਕੰਮ ਕਰਵਾਏ ਗਏ ਹਨ ਤਾਂ ਜੋ ਇਥੇ ਆਉਣ ਵਾਲੇ ਲੋਕਾਂ ਦੇ ਪੜ੍ਹਨ ਦੇ ਤਜਰਬੇ ਨੂੰ ਹੋਰ ਵਧੀਆ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਬੁਨਿਆਦੀ ਢਾਂਚੇ ਨਾਲ ਸਬੰਧਤ ਹੋਰ ਵੀ ਕਾਰਜ ਕਰਵਾਏ ਜਾ ਰਹੇ ਹਨ। ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਲਾਇਬ੍ਰੇਰੀ ਵਿਖੇ ਸਥਿਤ ਆਡੀਟੋਰੀਅਮ ਦੇ ਨਵੀਨੀਕਰਨ ਦੀ ਲੋੜ ਬਾਰੇ ਜਾਣੂ ਕਰਵਾਉਣ 'ਤੇ ਪ੍ਰਿੰਸੀਪਲ ਸਕੱਤਰ ਵੱਲੋਂ ਪ੍ਰਸਤਾਵ ਬਣਾ ਕੇ ਭੇਜਣ ਲਈ ਕਿਹਾ ਗਿਆ। ਇਸ ਮੌਕੇ ਸਹਾਇਕ ਕਮਿਸ਼ਨਰ (ਯੂ.ਟੀ.) ਪੰਕਜ ਬਾਂਸਲ ਵੀ ਮੌਜੂਦ ਸਨ।

# ਵੱਖ-ਵੱਖ ਸੇਵਾਵਾਂ ਲਈ ਹਲਫੀਆ ਬਿਆਨ ਦੀ ਜਗ੍ਹਾ ਸਵੈ-ਘੋਸ਼ਣਾ ਪੱਤਰ ਲੈਣ ਦੀ ਹਦਾਇਤ

**ਹੁਸ਼ਿਆਰਪੁਰ, (ਓ ਪੀ ਰਾਣਾ )**-ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਦੱਸਿਆ ਕਿ ਪ੍ਰਸ਼ਾਸਨਿਕ ਸੁਧਾਰ ਅਤੇ ਜਨ ਸ਼ਿਕਾਇਤਾਂ ਵਿਭਾਗ ਪੰਜਾਬ ਵਲੋਂ ਆਮ ਲੋਕਾਂ ਦੀ ਸੁਵਿਧਾ ਲਈ ਵੱਖ-ਵੱਖ ਸੇਵਾਵਾਂ ਲਈ ਹਲਫੀਆ ਬਿਆਨ ਦੀ ਜਗ੍ਹਾ ਸਵੈ-ਘੋਸ਼ਣਾ ਪੱਤਰ ਲੈਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੇਵਲ ਉਨ੍ਹਾਂ ਕੇਸਾਂ ਵਿਚ ਹੀ ਹਲਫੀਆ ਬਿਆਨ ਲਏ ਜਾ ਸਕਦੇ ਹਨ, ਜਿਨ੍ਹਾਂ ਦੀ ਸਟੈਚੂਟਰੀ ਪ੍ਰੋਵੀਜ਼ਨ ਹੈ। ਇਸ ਤੋਂ ਇਲਾਵਾ ਸਾਰੇ ਮਾਮਲਿਆਂ ਵਿਚ ਹਲਫੀਆ ਬਿਆਨ ਬੰਦ ਕਰਦੇ ਹੋਏ ਸਵੈ-ਘੋਸ਼ਣਾ ਪੱਤਰ ਸਵੀਕਾਰ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਕਈ ਦਫਤਰਾਂ, ਨਿੱਜੀ ਸੰਸਥਾਵਾਂ ਅਤੇ ਸਕੂਲਾਂ ਆਦਿ ਨੇ ਹਲਫੀਆ ਬਿਆਨ ਦੀ ਮੰਗ ਸ਼ੁਰੂ ਕਰ ਦਿੱਤੀ ਹੈ, ਜੋ ਕਿ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਹੈ। ਇਸ ਲਈ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ,ਤਾਂ ਜੋ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਸੀ ਆਰ ਐਮ ਸਕੀਮ ਅਧੀਨ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ



**ਨੂਰਮਹਿਲ (ਬਾਲੀ)**

ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀ ਆਰ ਐਮ ਸਕੀਮ ਅਧੀਨ ਪਿੰਡ ਸੰਗੋਵਾਲ ਵਿਖੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਤਹਿਤ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕਿਸਾਨਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਬਲਾਕ ਖੇਤੀਬਾੜੀ ਅਫਸਰ ਡਾ. ਸੁਰਜੀਤ ਸਿੰਘ ਨੇ ਦੱਸਿਆ ਕਿ ਸੀ ਆਰ ਐਮ ਸਕੀਮ ਅਧੀਨ ਬਲਾਕ ਨੂਰਮਹਿਲ ਵਿਖੇ ਇਸ ਸਾਲ ਪੰਜਾਬ ਸਰਕਾਰ ਨੇ ਲਗਭਗ 110 ਮਸ਼ੀਨਾਂ ਦੀ ਸਬਸਿਡੀ ਦਿੱਤੀ ਹੈ। ਇਸ ਤੋਂ ਇਲਾਵਾ ਕਸਟਮ ਹਾਇਰਿੰਗ ਸੈਂਟਰਾਂ ਕੋਲ ਵੀ ਮਸ਼ੀਨਾਂ ਹਨ, ਜਿਸਦਾ ਫਾਇਦਾ ਛੋਟੇ ਕਿਸਾਨ ਵੀ ਲੈ ਸਕਦੇ ਹਨ। ਡਾ. ਕੇਵਲ ਸਿੰਘ ਭਿੰਡਰ ਨੇ ਕਿਸਾਨਾਂ ਨੂੰ ਪਰਾਲੀ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਚਾਨਣਾ ਪਾਇਆ। ਡਾ. ਗੁਰਚਰਨ ਸਿੰਘ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸੁਚੱਜੇ ਰੂਪ ਵਿੱਚ ਵਾਹ ਕੇ ਕਣਕ ਦੀ ਬਿਜਾਈ ਸਬੰਧੀ ਆਪਣੇ ਨੁਕਤੇ ਸਾਂਝੇ ਕੀਤੇ। ਡਾ. ਸੁਖਜਿੰਦਰ ਸਿੰਘ ਨੇ ਬਲਾਕ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਲੋੜ ਪੈਣ 'ਤੇ ਮਹਿਕਮੇ ਨਾਲ ਰਾਬਤਾ ਕਾਇਮ ਕਰਕੇ ਹੀ ਖੇਤੀ ਉਪਜਾਂ ਵਿੱਚ ਜਹਿਰਾਂ ਦੀ ਵਰਤੋਂ ਕਰਨ। ਡਾ. ਰਾਜੀਵ ਵਰਮਾ ਨੇ ਕਿਸਾਨਾਂ ਨੂੰ ਮਹਿਕਮੇ ਦੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਸੁਰਜੀਤ ਸਿੰਘ ਨੇ ਕਿਸਾਨਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਪਰਾਲੀ ਦੀ ਸਾਂਭ ਸੰਭਾਲ ਪ੍ਰਤੀ ਬਹੁਤ ਜਿਆਦਾ ਗੰਭੀਰ ਹੈ। ਇਸ ਲਈ ਕੰਬਾਈਨ ਮਾਲਕ ਸੁਪਰ ਐਸ ਐਮ ਐਸ ਰਾਹੀਂ ਹੀ ਝੋਨੇ ਦੀ ਵਾਢੀ ਕਰਨ। ਇਸ ਕੈਂਪ ਵਿੱਚ ਪ੍ਰਵੀਨ ਸਿੰਘ , ਵਿਜੇ ਕੁਮਾਰ ਬੇਲਦਾਰ, ਸਰਪੰਚ ਵੀਨਾ ਰਾਣੀ, ਬਲਵੀਰ ਸਿੰਘ, ਮਨਪ੍ਰੀਤ ਸਿੰਘ, ਮੇਜਰ ਸਿੰਘ, ਸੁਖਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ।

# 6ਵੇਂ ਤਨਖਾਹ ਕਮਿਸ਼ਨ ਦੀ ਪ੍ਰਾਪਤੀ ਲਈ ਲੈਂਡ ਮਾਰਗੇਜ ਬੈਂਕ ਕਰਮਚਾਰੀ ਯੂਨੀਅਨ ਨੇ ਦਿੱਤਾ ਰੋਸ ਧਰਨਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਲੈਂਡ ਮਾਰਗੇਜ ਬੈਂਕ ਕਰਮਚਾਰੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਗਿੱਲ ਦੇ ਸੱਦੇ 'ਤੇ ਪੰਜਾਬ ਰਾਜ ਵਿਚ ਸਮੂਹ ਪੀ.ਏ.ਡੀ.ਬੀਜ਼. ਦੇ ਕਰਮਚਾਰੀਆਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਗਿਆ। ਇਸੇ ਲੜੀ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸਮੂਹ ਪੀ.ਏ.ਡੀ.ਬੀਜ ਦੇ ਕਰਮਚਾਰੀਆਂ ਵੱਲੋਂ ਵੀ ਜਿਲ੍ਹਾ ਮੈਨੇਜਰ ਪੀ.ਏ.ਡੀ.ਬੀਜ ਹੁਸ਼ਿਆਰਪੁਰ ਦੇ ਦਫ਼ਤਰ ਅੱਗੇ ਰੋਹ ਭਰਪੂਰ ਸ਼ਾਂਤਮਈ ਧਰਨਾ ਦਿੱਤਾ ਗਿਆ। ਇਸ ਧਰਨੇ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਬਿਕਰਮਜੀਤ ਸਿੰਘ ਅਤੇ ਲਖਵਿੰਦਰ ਸਿੰਘ ਐਗਜੀਕਿਊਟਿਵ ਮੈਂਬਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਕੀਤੀ। ਬੁਲਾਰਿਆਂ ਨੇ ਪੰਜਾਬ ਸਰਕਾਰ ਵਲੋਂ ਇਸ ਅਦਾਰੇ ਦੇ ਕਰਮਚਾਰੀਆਂ ਨੂੰ 6ਵਾਂ ਤਨਖਾਹ ਕਮਿਸ਼ਨ ਲਾਗੂ ਨਾ ਕਰਨ ਦੀ ਘੋਰ ਨਿੰਦਾ ਕੀਤੀ ਅਤੇ ਜੋਸ਼ ਭਰਪੂਰ ਨਾਅਰੇ ਲਾ ਕੇ ਸਰਕਾਰ ਵਿਰੁੱਧ ਤਨਖਾਹ ਕਮਿਸ਼ਨ ਲਾਗੂ ਨਾ ਕਰਨ ਲਈ ਭੜਾਸ ਕੱਢੀ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਜਲਦੀ 6ਵਾਂ ਤਨਖਾਹ ਕਮਿਸ਼ਨ ਲਾਗੂ ਨਾ ਕੀਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਧਰਨੇ ਵਿੱਚ ਜ਼ਿਲ੍ਹੇ ਦੀਆਂ ਸਾਰੀਆਂ 5 ਪੀ.ਏ.ਡੀ.ਬੀਜ ਦੇ ਸਮੂਹ ਮੁਲਾਜਮਾਂ ਨੇ ਸ਼ਮੂਲੀਅਤ ਕੀਤੀ। ਕਰਮਚਾਰੀਆਂ ਦੀਆਂ ਮੁੱਖ ਮੰਗਾਂ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨਾ ਬੈਂਕਾਂ ਵਿੱਚ ਚਿਰਾਂ ਤੋਂ ਰੁਕੀ ਹੋਈ ਕਰਜੇ ਦੀ ਅਡਵਾਂਸਮੈਂਟ ਕਰਨਾ, ਕਰਮਚਾਰੀਆਂ ਦੀਆਂ ਤਰੱਕੀਆਂ ਕਰਨਾ ਆਦਿ ਮੰਗਾਂ ਸ਼ਾਮਲ ਹਨ। ਇਸ ਮੌਕੇ ਸੁਖਵਿੰਦਰ ਸਿੰਘ ਕਾਰਜਕਾਰੀ ਮੈਂਬਰ, ਵਿਜੈ ਸਿੱਧੂ ਮੈਨੇਜਰ ਪੀ.ਏ.ਡੀ.ਬੀਜ ਦਸੂਹਾ, ਕੁਲਵੰਤ ਸਿੰਘ ਮੈਨੇਜਰ ਪੀ.ਏ.ਡੀ.ਬੀਜ. ਮੁਕੇਰੀਆਂ, ਸੁਖਰਾਜ ਸਿੰਘ ਮੈਨੇਜਰ ਪੀ.ਏ.ਡੀ.ਬੀਜ. ਹੁਸ਼ਿਆਰਪੁਰ, ਮੰਗਤ ਰਾਮ ਮੈਨੇਜਰ ਪੀ.ਏ.ਡੀ.ਬੀਜ ਗੰੜ੍ਹਸ਼ੰਕਰ, ਜੋਗਿੰਦਰ ਪਾਲ ਮੈਨੇਜਰ ਪੀ.ਏ.ਡੀ.ਬੀਜ. ਮਾਹਿਲਪੁਰ ਆਦਿ ਹਾਜਰ ਸਨ।

# ਗਹੂੰਣ ਵਿਖੇ 'ਇਨ ਸੀਟੂ ਸਕੀਮ' ਅਧੀਨ ਲਗਾਇਆ ਕਿਸਾਨ ਸਿਖਲਾਈ ਕੈਂਪ



**ਬਲਾਚੌਰ , (ਜਤਿੰਦਰ ਪਾਲ ਸਿੰਘ ਕਲੇਰ)**

ਖੇਤੀਬਾੜੀ ਅਫਸਰ ਬਲਾਚੌਰ ਡਾ. ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਪਿੰਡ ਗਹੂੰਣ ਵਿਖੇ 'ਇਨ ਸੀਟੂ ਸਕੀਮ' ਅਧੀਨ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ . ਕੈਂਪ ਦੌਰਾਨ ਖੇਤੀ ਮਾਹਿਰਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸੰਬੰਧੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉੱਤਰੀ ਭਾਰਤ ਖਾਸ ਕਰਕੇ ਪੰਜਾਬ ਵਿਚ ਅਕਤੂਬਰ-ਨਵੰਬਰ ਮਹੀਨੇ ਝੋਨੇ ਦੀ ਪਰਾਲੀ ਨੂੰ ਜਲਾਉਣ ਨਾਲ ਪੈਦਾ ਹੋਇਆ ਧੂੰਆਂ ਅਤੇ ਕਾਰਬਨ ਦੇ ਅੱਧ ਜਲੇ ਬਰੀਕ ਕਣ, ਵਾਤਾਵਰਨ ਨੂੰ ਆਪਣੀ ਲਪੇਟ ਵਿਚ ਲੈ ਲੈਂਦੇ ਹਨ, ਜਿਸ ਕਰਕੇ ਸਾਹ ਲੈਣ ਵਿਚ ਮੁਸਕਿਲ ਆਉਂਦੀ ਹੈ। ਉਨ੍ਹਾਂ ਕਿਹਾ ਕਿ ਕੰਬਾਈਨ ਨਾਲ ਵਾਢੀ ਤੋਂ ਬਾਅਦ ਹੈਪੀਸੀਡਰ ਅਤੇ ਖੁੱਲ੍ਹੀਆਂ ਕਤਾਰਾਂ ਵਾਲੀ ਜੀਰੋ ਟਿੱਲ ਡਰਿੱਲ ਨਾਲ ਕਣਕ ਦੀ ਬਿਜਾਈ ਨਾੜ ਨੂੰ ਬਿਨਾ ਅੱਗ ਲਗਾਏ ਹੋ ਸਕਦੀ ਹੈ। ਇਸ ਮੌਕੇ ਆਤਮਾ ਸਕੀਮ ਵਲੋਂ ਹਰਮੇਸ ਕੁਮਾਰ ਏ.ਟੀ.ਐਮ. ਨੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਕੈਂਪ ਵਿਚ ਸਰਪੰਚ ਗੁਰਮੁਖ ਸਿੰਘ, ਕਿਸਾਨ ਯੂਨੀਅਨ ਆਗੂ ਨਿਰਮਲ ਸਿੰਘ, ਹਰੀ ਸਿੰਘ ਪੰਚ, ਨੰਬਰਦਾਰ ਰਾਮ ਕਿਸਨ, ਹਰਦੀਪ ਸਿੰਘ ਗਹੂੰਣ ਸਮੇਤ ਹੋਰ ਵੀ ਕਿਸਾਨ ਹਾਜਰ ਸਨ।

# ਸ੍ਰੀ ਅਕਾਲ ਉਸਤਤਿ ਸੇਵਾ ਮਿਸ਼ਨ ਨੇ ਪਹਿਲਾ ਗਤਕਾ ਕੱਪ ਕਰਵਾਇਆ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਸਥਾਨਕ ਸ੍ਰੀ ਅਕਾਲ ਉਸਤਤਿ ਸੇਵਾ ਮਿਸ਼ਨ ਵਲੋਂ ਪਹਿਲਾ ਗੱਤਕਾ ਕੱਪ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਕਪਾਲ ਸਿੰਘ ਸ੍ਰੀ ਚਮਕੌਰ ਸਾਹਿਬ ਨੇ ਦੱਸਿਆ ਕਿ ਮੁਕਾਬਲਿਆਂ ਦਾ ਉਦਘਾਟਨ ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਵਲੋਂ ਕੀਤਾ ਗਿਆ। ਮੁਕਾਬਲੇ ਦੌਰਾਨ ਪਹਿਲਾਂ ਇਨਾਮ ਬਾਬਾ ਫਤਿਹ ਸਿੰਘ ਗੱਤਕਾ ਅਖਾੜਾ ਹਸਨਪੁਰ ਦੀ ਅਤੇ ਦੂਜਾ ਇਨਾਮ ਬਾਬਾ ਬੰਦਾ ਸਿੰਘ ਬਹਾਦਰ ਗੱਤਕਾ ਅਖਾੜਾ ਲੁਧਿਆਣਾ ਦੀ ਟੀਮ ਨੂੰ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਸੈਂਪਲਾ, ਮੈਡਮ ਗੁਰਮੀਤ ਕੌਰ, ਹਿੰਮਤ ਸਿੰਘ ਰਾਜਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ, ਮੋਹਣ ਸਿੰਘ ਜੀਦਾਪੁਰ, ਡਾਕਟਰ ਕੁਲਜੀਤ ਸਿੰਘ, ਉਦੇਵੀਰ ਸਿੰਘ, ਮਨਰਾਜਵੀਰ ਕੌਰ, ਐਡਵੋਕੇਟ ਜਰਨੈਲ ਸਿੰਘ, ਐਡਵੋਕੇਟ ਕੁਲਵਿੰਦਰ ਸਿੰਘ ਮੁਜਾਫਤ, ਡਾਕਟਰ ਪਾਲ ਸਿੰਘ, ਸੁਮਨਜੀਤ ਸਿੰਘ, ਗੁਰਵੀਰ ਸਿੰਘ ਕੰਧੋਲਾ, ਬਾਬਾ ਜਰਨੈਲ ਸਿੰਘ ਆਦਿ ਹਾਜਰ ਸਨ



# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰੀ ਫੂਡ ਸੇਫਟੀ ਸਲਾਹਕਾਰ ਕਮੇਟੀ ਦੀ ਪਲੇਠੀ ਮੀਟਿੰਗ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**-ਜ਼ਿਲ੍ਹਾ ਪੱਧਰੀ ਫੂਡ ਸੇਫਟੀ ਸਲਾਹਕਾਰ ਕਮੇਟੀ ਦੀ ਪਲੇਠੀ ਮੀਟਿੰਗ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਕੀਤੀ ਗਈ । ਖਾਧ ਪਦਾਰਥ ਤਿਆਰ ਕਰਨ ਤੋਂ ਲੈ ਕੇ ਵੇਚਣ ਤੱਕ ਦੀ ਪ੍ਰਕਿਰਿਆ ਵਿੱਚ ਨਿੱਜੀ ਸਫਾਈ, ਅਦਾਰੇ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਦੀ ਸਾਫ ਸਫਾਈ ਅਤੇ ਖਾਧ ਪਦਾਰਥਾਂ ਦੇ ਮਿਆਰ ਅਤੇ ਗੁਣਵੱਤਾ ਨੂੰ ਕਾਇਮ ਰੱਖਣ ਲਈ ਜਾਗਰੂਕ ਕਰਨ ਸਬੰਧੀ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਵਿੱਚ ਸੁਝਾਅ ਸਾਂਝੇ ਕੀਤੇ ਗਏ । ਤਲਵਾੜ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖਾਣ-ਪੀਣ ਦੀਆਂ ਚੀਜ਼ਾਂ ਦਾ ਮਿਆਰੀ ਹੋਣਾ ਜਨਤਕ ਸਿਹਤ ਲਈ ਅਤਿ ਜਰੂਰੀ ਹੈ । ਇਸ ਲਈ ਇਸ ਦੀ ਕੁਆਲਟੀ, ਪੋਸ਼ਟਿਕਤਾ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ । ਉਨ੍ਹਾਂ ਜਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਸਾਡਾ ਉਦੇਸ ਭੋਜਨ ਕਾਰਨ ਪੈਦਾ ਹੋਣ ਵਾਲੇ ਜੋਖਮ ਨੂੰ ਰੋਕਣ, ਖੋਜਣ ਅਤੇ ਪ੍ਰਬੰਧਤ ਕਰਨ ਲਈ ਕਾਰਵਾਈ ਨੂੰ ਪ੍ਰੇਰਿਤ ਕਰਨਾ ਹੈ ਅਤੇ ਅਜਿਹਾ ਕਰਕੇ ਅਸੀਂ ਭੋਜਨ ਸੁਰੱਖਿਆ, ਮਨੁੱਖੀ ਸਿਹਤ, ਆਰਥਿਕ ਖੁਸਹਾਲੀ, ਮਾਰਕੀਟ ਤੱਕ ਪਹੁੰਚ ਅਤੇ ਸਥਿਰ ਵਿਕਾਸ ਵੱਲ ਯੋਗਦਾਨ ਪਾ ਸਕਦੇ ਹਾਂ । ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਪਬਲਿਕ ਨੂੰ ਸਾਫ ਸੁਥਰੀਆਂ ਅਤੇ ਉਚ-ਕੁਆਲਟੀ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਉਪਲੱਬਧ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਵਿੱਚ ਫੂਡ ਸੇਫਟੀ ਐਕਟ ਦੀ ਹਦਾਇਤਾਂ ਅਨੁਸਾਰ ਫਰਮਾਂ ਦੀ ਚੈਕਿੰਗ ਨੂੰ ਯਕੀਨੀ ਬਣਾਉਣ ਅਤੇ ਜੋ ਸੈਂਪਲ ਗੈਰ ਮਿਆਰੀ, ਐਕਸਪਾਇਰ ਅਤੇ ਮਿਸਬ੍ਰਾਂਡਡ ਪਾਏ ਜਾਂਦੇ ਹਨ, ਉਨ੍ਹਾਂ ਦੋਸ਼ੀਆਂ ਦੇ ਖਿਲਾਫ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਅਧੀਨ ਕਾਰਵਾਈ ਕਰਨ ਨੂੰ ਯਕੀਨੀ ਬਣਾਇਆ ਜਾਵੇ । ਉਨ੍ਹਾਂ ਵੱਖ ਵੱਖ ਵਪਾਰਿਕ ਅਦਾਰਿਆਂ ਦੇ ਨੁਮਾਇੰਦਿਆ ਨੂੰ ਅਪੀਲ ਕੀਤੀ ਕਿ ਖਾਣ ਪੀਣ ਵਾਲੀਆਂ ਵਸਤਾਂ ਦੀ ਕੁਆਲਟੀ, ਸਾਫ ਸਫਾਈ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ । ਉਨ੍ਹਾਂ ਕਿਹਾ ਕਿ ਖਾਣ ਪੀਣ ਦੇ ਵਪਾਰੀਆ ਨੂੰ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਦੇ ਨਿਯਮਾਂ ਤੋਂ ਪੂਰੀ ਤਰ੍ਹਾ ਜਾਣੂ ਕਰਵਾਇਆ ਜਾਵੇ ਅਤੇ ਖਾਧ ਪਦਾਰਥ ਤਿਆਰ ਕਰਨ ਤੋਂ ਲੈ ਕੇ ਵੇਚਣ ਤੱਕ ਦੀ ਪ੍ਰਕਿਰਿਆ ਵਿੱਚ ਨਿੱਜੀ ਸਫਾਈ, ਅਦਾਰੇ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਦੀ ਸਾਫ ਸਫਾਈ ਅਤੇ ਖਾਧ ਪਦਾਰਥਾਂ ਦੇ ਮਿਆਰ ਅਤੇ ਗੁਣਵੱਤਾ ਨੂੰ ਕਾਇਮ ਰੱਖਣ ਲਈ ਜਾਗਰੂਕ ਕੀਤਾ ਜਾਵੇ । ਉਨ੍ਹਾਂ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਨੂੰ ਹਦਾਇਤ ਕੀਤੀ ਕਿ ਤਿਉਹਾਰਾਂ ਦੇ ਮੱਦੇਨਜਰ ਲੋਕਾਂ ਨੂੰ ਸ਼ੁੱਧ ਅਤੇ ਸਾਫ਼ ਸੁਥਰੀਆਂ ਮਿਠਾਈਆਂ ਮੁਹੱਈਆ ਕਰਾਉਣ ਦੇ ਮੰਤਵ ਨਾਲ ਮਿਠਾਈਆਂ ਦੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਵੇ । ਫੂਡ ਸੇਫਟੀ ਟੀਮ ਵੱਲੋਂ ਚੈਕਿੰਗ ਦੌਰਾਨ ਸਾਫ ਸੁਥਰੇ ਢੰਗ ਨਾਲ ਮਿਠਾਈਆਂ ਬਣਾਉਣ, ਫੂਡ ਸੇਫਟੀ ਅਥਾਰਿਟੀ ਵੱਲੋਂ ਮਾਨਤਾ ਪ੍ਰਾਪਤ ਰੰਗਾਂ ਦੀ ਵਰਤੋਂ ਕਰਨ ਅਤੇ ਮਿਠਾਈਆਂ ਉਤੇ ਬੈਸਟ ਬਿਫੋਰ ਤਰੀਕ ਲਿਖਣ ਸਬੰਧੀ ਦੁਕਾਨਦਾਰਾਂ ਨੂੰ ਪ੍ਰੇਰਤ ਕਰਨ ਲਈ ਕਿਹਾ । ਇਸ ਜ਼ਿਲ੍ਹਾ ਪੱਧਰੀ ਸਲਾਹਕਾਰੀ ਕਮੇਟੀ ਵਿੱਚ ਵਧੀਕ ਡਿਪਟੀ ਕਮਿਸ਼ਨਰ(ਜ) ਸ੍ਰੀਮਤੀ ਅਮਨਿੰਦਰ ਕੌਰ, ਜ਼ਿਲ੍ਹਾ ਹੈਲਥ ਅਫਸਰ ਡਾ: ਸੁਭਾਸ ਕੁਮਾਰ ਐਫਐਸਓ ਰਵੀਨੰਦਨ ਗੋਇਲ ਅਤੇ ਐਫਐਸਓ ਅਨਿਲ ਕੁਮਾਰ, ਐਸ.ਡੀ.ਐਮ. ਖਰੜ ਸ੍ਰੀ ਰਵਿੰਦਰ ਸਿੰਘ, ਐਸ.ਡੀ.ਐਮ.ਡੇਰਾਬੱਸੀ ਹਿੰਮਾਸ਼ੂ ਗੁਪਤਾ , ਡਾ: ਰੇਣੂ, ਐਫ.ਐਸ.ਓ ਲਵਪ੍ਰੀਤ ਸਿੰਘ ਵੀ ਹਾਜਰ ਸਨ।

# ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ

**ਮੋਹਾਲੀ (ਗੁਰਜੀਤ ਬਿੱਲਾ)**

ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਜ਼ਿਲ੍ਹਾ ਮੋਹਾਲੀ ਵੱਲੋਂ ਜਲੰਧਰ ਰੈਲੀ ਦੌਰਾਨ ਪਾਸ ਕੀਤੇ ਮਤੇ ਅਨੁਸਾਰ ਮੋਹਾਲੀ ਦੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਜਿਲਾ ਮੋਹਾਲੀ ਦੇ ਸਕੱਤਰ ਬਲਬੀਰ ਸਿੰਘ ਮੁਸਾਫਿਰ ਨੇ ਦੱਸਿਆ ਕਿ ਮੁੱਖ ਮੰਤਰੀ ਤੋਂ ਮੰਗ ਕੀਤੀ ਗਈ ਕਿ ਪੰਜਾਬ ਅੰਦਰ ਦਿਨ ਪ੍ਰਤੀ ਦਿਨ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਕਰਦੇ ਹੋਏ ਸੁਧਾਰ ਕੀਤਾ ਜਾਵੇ। ਲੰਪੀ ਬਿਮਾਰੀ ਨਾਲ ਮਰ ਰਹੇ ਪਸ਼ੂਆਂ ਅਤੇ ਬਾਰਸ਼ ਨਾਲ ਬਰਬਾਦ ਹੋਈਆਂ ਫਸਲਾਂ ਦਾ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਪੰਜਾਬ ਸਰਕਾਰ ਚੋਣਾਂ ਦੌਰਾਨ ਕੀਤੇ ਵਾਦਿਆਂ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ। ਪੰਜਾਬ ਸਰਕਾਰ ਅਤੇ ਬੋਰਡ ਕਾਰਪਾਰੇਸ਼ਨਾਂ ਵਿੱਚ ਕੰਮ ਕਰਦੇ ਕੱਚੇ ਕਰਮਚਾਰੀਆਂ ਨੂੰ ਬਿਨਾਂ ਸਰਤ ਪੱਕਾ ਕੀਤਾ ਜਾਵੇ। ਜਮੀਨਾਂ ਅਬਾਦਕਾਰਾਂ ਦੀਆਂ ਜਮੀਨਾਂ ਖੋਹਣ ਦੀ ਬਜਾਏ ਮਾਲਕੀ ਦੇ ਹੱਕ ਦਿਤੇ ਜਾਣ। ਬੇ-ਘਰੇ ਗਰੀਬ ਲੋਕਾਂ ਨੂੰ 10 -10 ਮਰਲੇ ਦੇ ਪਲਾਟ ਦਿੱਤੇ ਜਾਣ, ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਪੰਚਇਤ ਜਮੀਨਾਂ ਵਿੱਚ ਕਾਨੂੰਨ ਅਨੁਸਾਰ ਬੱਣਦਾ ਹਿੱਸ ਦਿਤਾ ਜਾਵੇ। ਮੰਗ ਕੀਤੀ ਗਈ ਕਿ ਨਸ਼ਾ, ਰੇਤ ਤੇ ਬਜਰੀ ਮਾਫੀਏ ਨੂੰ ਨੱਥ ਪਾਈ ਜਾਵੇ ਅਤੇ ਰੇਤ ਕੀਮਤਾਂ ਵਿੱਚ ਵਾਧੇ ਨੂੰ ਤੁਰੰਤ ਵਾਪਸ ਲਿਆ ਜਾਵੇ। ਮਨਰੇਗਾ ਮਜਦੂਰਾਂ ਨੂੰ ਸਾਲ ਵਿੱਚ 200 ਦਿਨ ਕੰਮ ਦਿਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ। ਮੁਸਾਫਿਰ ਨੇ ਕਿਹਾ ਕਿ ਆਪ ਆਦਮੀ ਦੀ ਸਰਕਾਰ ਤੋਂ ਮੰਗ ਕੀਤੀ ਗਈ ਆਪ ਦੇ ਆਗੂ ਵੱਲੋਂ ਮੁਲਾਜਮਾਂ ਅਤੇ ਅਧਿਕਾਰੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।



page-6-9-Oct.-2022-(SM).qxd 10/8/2022 10:00 PM Page 1



# ਇਕੋਤਰੀ ਸਮਾਗਮ ਮੌਕੇ ਸਜਾਇਆ ਵਿਸ਼ਾਲ ਨਗਰ ਕੀਰਤਨ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ )-ਸ਼੍ਰੋਮਣੀ ਇਕੋਤਰੀ ਸਮਾਗਮ ਨੂੰ ਸਮਰਪਿਤ ਵਿਸ਼ਾਲ ਤੇ ਅਲੌਕਿਕ ਨਗਰ ਕੀਰਤਨ ਸੰਗਤ ਦੇ ਭਾਰੀ ਉਤਸ਼ਾਹ ਹੇਠ ਟਾਂਡਾ ਵਿਖੇ ਪੂਰੇ ਜਾਹੋ ਜਲਾਲ ਨਾਲ ਸਜਾਏ ਗਏ, ਜੋ ਸਵੇਰੇ 10 ਵਜੇ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਤੋਂ ਰਵਾਨਾ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਏਅਰਕੰਡੀਸ਼ਨ ਪਾਲਕੀ ਸਾਹਿਬ ਨੂੰ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਨਾਲ ਸਜਾਇਆ ਗਿਆ। ਇਸ ਨਗਰ ਕੀਰਤਨ 'ਚ ਜਿਥੇ ਦੇਸ਼-ਵਿਦੇਸ਼ 'ਚੋਂ ਵੱਡੀ ਗਿਣਤੀ ਵਿਚ ਸੰਗਤ ਪੁੱਜੀ ਹੋਈ ਸੀ। ਇਹ ਨਗਰ ਕੀਰਤਨ ਦਾਰਾਪੁਰ ਬਾਈਪਾਸ ਤੋਂ ਤਹਿਸੀਲ ਚੌਕ, ਹਸਪਤਾਲ ਚੌਕ ਤੋਂ ਬਾਬਾ ਬੂਟ ਭਗਤ ਚੌਕ ਤੇ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਦੇਰ ਸ਼ਾਮ ਡੇਰਾ ਬਾਬਾ ਬਲਵੰਤ ਸਿੰਘ ਵਿਖੇ ਸਮਾਪਤ ਹੋਇਆ। ਇਸ ਮੌਕੇ ਵੱਖ-ਵੱਖ ਗੱਤਕਾ ਪਾਰਟੀਆਂ ਨੇ ਖਾਲਸਈ ਸ਼ਾਨ ਦੀ ਪ੍ਰਤੀਕ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ। ਧਾਰਮਿਕ ਇਤਿਹਾਸ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਵਿਸ਼ੇਸ਼ ਰੂਪ 'ਚ ਖਿੱਚ ਦਾ ਕੇਂਦਰ ਰਹੀਆਂ। ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਸੰਤ ਜੋਗਾ ਸਿੰਘ ਰਾਮੂ ਥਿਆੜਾ ,ਸੰਤ ਧਰਮਵੀਰ ਸਿੰਘ ਘੁੰਗਰਾਣੇ ਵਾਲੇ, ਸੰਤ ਸੁਖਦੇਵ ਸਿੰਘ ਭੁਮੇਲੀ, ਸੰਤ ਅਮਰੀਕ ਸਿੰਘ ਪੁੜੈਣ ,ਬਾਬਾ ਹਰਜਿੰਦਰ ਸਿੰਘ ਬਲਾਚੌਰ ਤੇ ਹੋਰ ਮਹਾਂਪੁਰਸ਼ਾਂ ਨੇ ਮਨੁੱਖਤਾ ਦੇ ਕਾਰਜ ਲਈ ਚਲਾਏ ਜਾਂਦੇ ਕਾਰਜਾਂ ਲਈ ਸੰਤ ਬਾਬਾ ਗੁਰਦਿਆਲ ਸਿੰਘ ਦੀ ਖੂਬ ਪ੍ਰਸ਼ੰਸਾ ਕੀਤੀ। ਨਗਰ ਕੀਰਤਨ ਵਿੱਚ ਜਿੱਥੇ ਵੱਡੀ ਗਿਣਤੀ ਵਿਚ ਪੰਥ ਪ੍ਰਸਿੱਧ ਸ਼ਖਸੀਅਤਾਂ,ਸਿੰਘ ਸਹਿਬਾਨਾਂ ਤੇ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ, ਉਥੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ,ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ , ਮਨਪ੍ਰੀਤ ਸਿੰਘ ਇਯਾਲੀ ਵਿਧਾਇਕ, ਲਖਵਿੰਦਰ ਸਿੰਘ ਲੱਖੀ ਸਾਬਕਾ ਕਮਿਸ਼ਨਰ, ਜਸਵੀਰ ਸਿੰਘ ਰਾਜਾ ਵਿਧਾਇਕ, ਕਰਮਵੀਰ ਸਿੰਘ ਘੁੰਮਣ ਵਿਧਾਇਕ, ਹਰਮੀਤ ਸਿੰਘ ਔਲਖ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੰਗਤ ਸਿੰਘ ਗਿਲਜੀਆਂ ਸਾਬਕਾ ਮੰਤਰੀ, ਅਰਵਿੰਦਰ ਸਿੰਘ ਰਸੂਲਪੁਰ ,ਬਿਕਰਮਜੀਤ ਸਿੰਘ ਬਾਲੀ ,ਸਰਬਜੀਤ ਸਿੰਘ , ਕਮਲਜੀਤ ਸਿੰਘ ਕੁਲਾਰ,ਸੁਖਵਿੰਦਰ ਸਿੰਘ ਮੂਨਕ, ਕਮਲਜੀਤ ਸਿੰਘ ਤੁੱਲੀ ,ਸਰਬਜੀਤ ਸਿੰਘ ਮੋਮੀ ਤੇ ਦੂਸਰੀ ਤੋਂ ਉੱਚੇ ਤੌਰ 'ਤੇ ਸ਼ੇਖ ਜਾਸਿਮ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਇਕੋਤਰੀ ਸਮਾਗਮਾਂ ਦੀ ਸੰਪੂਰਨਤਾ 9 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ਾਲ ਗੁਰਮਤਿ ਸਮਾਗਮ ਨਾਲ ਹੋਵੇਗੀ।

ਇਸ ਮੌਕੇ ਸੰਗਤਾਂ ਦੇ ਗੁਰੂ ਵਾਲੇ ਬਣਨ ਲਈ ਖੰਡੇ ਬਾਟੇ ਦੀ ਪਾਹੁਲ ਵੀ ਤਿਆਰ ਕੀਤੀ ਜਾਵੇਗੀ ।

# ਪਸਸਫ ਦਾ 11ਵਾਂ ਸੂਬਾਈ ਡੈਲੀਗੇਟ ਅਜਲਾਸ ਸਫਲਤਾ ਪੂਰਵਕ ਸੰਪੰਨ



ਧਾਰੀਵਾਲ (ਮਨਦੀਪ ਵਿੱਕੀ)-ਪੰਜਾਬ ਦੇ ਸਰਕਾਰੀ, ਅਰਧ ਸਰਕਾਰੀ ਅਤੇ ਜਨਤਕ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮਾਂ ਦੀ ਸਿਰਮੌਰ ਅਤੇ ਸੰਘਰਸ਼ਸ਼ੀਲ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈੱਡਰੇਸ਼ਨ ਦਾ ਗਿਆਰਾਵਾਂ ਸੂਬਾਈ ਡੈਲੀਗੇਟ ਅਜਲਾਸ ਜਲੰਧਰ ਵਿਖੇ ਉਸਾਰੇ ਸਵਰਗੀ ਸਾਥੀ ਰਮੇਸ਼ ਚੰਦਰ ਸ਼ਰਮਾ ਨਗਰ, ਸਵਰਗੀ ਸਾਥੀ ਸੁਖਦੇਵ ਸਿੰਘ ਬੜੀ ਕੰਪਲੈਕਸ, ਸਵਰਗੀ ਸਾਥੀ ਸੁਲਿੰਦਰ ਸਿੰਘ ਜੌਹਲ ਹਾਲ ਵਿਚ ਸਵਰਗੀ ਸਾਥੀ ਜਸਵੀਰ ਸਿੰਘ ਨਗਰ ਦੇ ਨਾਂ 'ਤੇ ਬਣਾਏ ਮੰਚ ਵਿਖੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਨਾਅਰਿਆਂ ਦੀ ਗੂੰਜ ਨਾਲ ਸੰਪੰਨ ਹੋਇਆ। ਇਸ ਅਜਲਾਸ ਦਾ ਉਦਘਾਟਨ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਾਥੀ ਸੁਭਾਸ਼ ਲਾਂਬਾ ਨੇ ਕੀਤਾ। ਸੂਬਾ ਸਹਾਇਕ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਦੱਸਿਆ ਕਿ ਅਜਲਾਸ ਦੀ ਸ਼ੁਰੂਆਤ ਵਿੱਚ ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕੀਤੀ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 260 ਦੇ ਲੱਗ ਭੱਗ ਡੈਲੀਗੇਟਾਂ ਨੇ ਵੱਖ-ਵੱਖ ਵਿਭਾਗਾਂ ਦੀ ਨੁਮਾਇੰਦਗੀ ਕਰਦਿਆਂ ਭਾਗ ਲਿਆ। ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਾਥੀ ਸੁਭਾਸ਼ ਲਾਂਬਾ ਅਤੇ ਕੌਮੀ ਵਿੱਤ ਸਕੱਤਰ ਸ਼ਸ਼ੀ ਕਾਂਤ ਰਾਏ, ਅਜਲਾਸ ਵਿੱਚ ਸ਼ਾਮਲ ਡੈਲੀਗੇਟਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਨੂੰ ਕਾਨਫ਼ਰੰਸ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਸਾਥੀ ਕਰਨੈਲ ਸੰਧੂ ਨੇ ਆਖਿਆ। ਅਜਲਾਸ ਨੂੰ ਸਫ਼ਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਵੱਖ-ਵੱਖ ਕਮੇਟੀਆਂ ਦੇ ਗਠਨ ਤੋਂ ਬਾਅਦ ਪਸਸਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਪਿਛਲੀ ਟਰਮ ਦੌਰਾਨ ਕੀਤੇ ਗਏ ਕੰਮਾਂ ਅਤੇ ਸੰਘਰਸ਼ਾਂ ਤੇ ਆਧਾਰਤ ਕਾਰਵਾਈ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ। ਪੇਸ਼ ਕੀਤੀ ਰਿਪੋਰਟ ਤੇ ਹੋਈ ਬਹਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ 42 ਡੈਲੀਗੇਟਾਂ ਨੇ ਭਾਗ ਲਿਆ। ਕੁੱਝ ਸੋਧਾਂ ਸਮੇਤ ਰਿਪੋਰਟ ਨੂੰ ਪ੍ਰਵਾਨ ਕੀਤਾ ਗਿਆ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਇਸ ਸੂਬਾਈ ਜਥੇਬੰਦਕ ਕਾਨਫ਼ਰੰਸ ਵਿੱਚ ਸ਼ਾਮਲ ਹੋਏ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਵਿੱਤ ਸਕੱਤਰ ਸ਼ਸ਼ੀ ਕਾਂਤ ਰਾਏ (ਬਿਹਾਰ) ਨੇ ਜਿੱਥੇ ਕਾਨਫ਼ਰੰਸ ਦੀਆਂ ਮੁਬਾਰਕਾਂ ਦਿੱਤੀਆਂ, ਉੱਥੇ ਬਿਹਾਰ ਅਤੇ ਪੰਜਾਬ ਦੀਆਂ ਸਾਂਝਾਂ ਦਾ ਭਰਪੂਰ ਜ਼ਿਕਰ ਕੀਤਾ। ਭਰਾਤਰੀ ਤੌਰ ਤੇ ਜਮਹੂਰੀ ਲਹਿਰ ਦੇ ਆਗੂ ਸਾਥੀ ਮੰਗਤ ਰਾਮ ਪਾਸਲਾ, ਸਾਬਕਾ ਮੁਲਾਜ਼ਮ ਆਗੂ ਹਰਕੰਵਲ ਸਿੰਘ, ਜਮਹੂਰੀ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਅਤੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ, ਪੰਜਾਬ ਸਟੂਡੈਂਟ ਫੈਡਰੇਸ਼ਨ ਦੇ ਸੂਬਾ ਕਨਵੀਨਰ ਗਗਨਦੀਪ ਸਰਦੂਲਗੜ੍ਹ, ਡੀ. ਐੱਮ. ਐੱਫ. ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਇਸ ਸਮੇਂ ਸੰਘਰਸ਼ ਸ਼ੀਲ ਜਥੇਬੰਦੀਆਂ ਦੇ ਆਗੂਆਂ ਵਲੋਂ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਆਮ ਲੋਕਾਂ ਅਤੇ ਮੁਲਾਜ਼ਮਾਂ ਵਿਰੋਧੀ ਨੀਤੀਆਂ ਸੰਬੰਧੀ ਕੁੱਝ ਮਤੇ ਵੀ ਪਾਸ ਕੀਤੇ ਗਏ। ਅਜਲਾਸ ਦੇ ਅੰਤ ਤੇ ਡੈਲੀਗੇਟਾਂ ਵੱਲੋਂ ਆਏ ਸੁਝਾਵਾਂ ਅਤੇ ਉਠਾਏ ਗਏ ਨੁਕਤਿਆਂ ਦੇ ਜਵਾਬ ਪਸਸਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਦਿੱਤੇ। ਸੂਬਾ ਜਥੇਬੰਦਕ ਕਾਨਫ਼ਰੰਸ ਦੇ ਅਖ਼ੀਰ ਵਿੱਚ ਨਵੀਂ ਸੂਬਾ ਕਮੇਟੀ ਦਾ ਪੈਨਲ ਪਸਸਫ ਦੇ ਮੁੱਖ ਸਲਾਹਕਾਰ ਸਾਥੀ ਵੇਦ ਪ੍ਰਕਾਸ਼ ਸ਼ਰਮਾ ਨੇ ਪੇਸ਼ ਕੀਤਾ ਜਿਸ ਅਨੁਸਾਰ ਸਤੀਸ਼ ਰਾਣਾ ਨੂੰ ਮੁੜ ਚੌਥੀ ਵਾਰ ਪ੍ਰਧਾਨ ਅਤੇ ਤੀਰਥ ਸਿੰਘ ਬਾਸੀ ਨੂੰ ਮੁੜ ਦੂਸਰੀ ਵਾਰ ਜਨਰਲ ਸਕੱਤਰ ਚੁਣਿਆ ਗਿਆ।

## ਮੈਂਟਲ ਹੈਲਥ ਨਾਲ ਜੂਝ ਰਹੇ ਬੱਚਿਆਂ, ਬਜ਼ੁਰਗਾਂ ਨੂੰ ਦਿਓ ਆਪਣਾਪਨ: ਸੰਗੀਤਾ ਚੋਪੜਾ

ਜਲੰਧਰ : ਸੇਂਟ ਸੋਲਜਰ ਗਰੁੱਪ ਆਫ ਇੰਸਟੀਟਿਊਸ਼ਨਜ਼ ਵਲੋਂ ਵਰਲਡ ਮੈਂਟਲ ਹੇਲਥ ਡੇ ਅਪਾਹਜ ਆਸ਼ਰਮ ਦੇ ਮੈਂਟਲੀ ਡਿਸੇਬਲਡ ਬੱਚਿਆਂ, ਬਜ਼ੁਰਗਾਂ ਅਤੇ ਅਪੰਗ ਲੋਕਾਂ ਦੇ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਗਰੁੱਪ ਦੀ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ, ਸੇਂਟ ਸੋਲਜਰ ਇੰਟਰ ਕਾਲਜ ਦੇ ਪ੍ਰਿੰਸੀਪਲ ਮਨਗਿੰਦਰ ਸਿੰਘ, ਸਟਾਫ ਅਤੇ ਵਿਦਿਆਰਥੀ ਮੌਜੂਦ ਹੋਏ। ਸੀਮਤੀ ਚੋਪੜਾ ਨੇ ਬੱਚਿਆਂ, ਬਜ਼ੁਰਗਾਂ ਨੂੰ ਸੂਟ ਅਤੇ ਫਲ ਵੰਡਦੇ ਹੋਏ ਆਪਣਾ ਧਿਆਨ ਰੱਖਣ ਨੂੰ ਕਿਹਾ।

ਚੋਪੜਾ ਨੇ ਸਾਰਿਆਂ ਦਾ ਮੂੰਹ ਮਿੱਠਾ ਕਰਵਾ ਉਨ੍ਹਾਂ ਦੇ ਜੀਵਨ ਵਿੱਚ ਮਿਠਾਸ ਬਣੀ ਰਹਿਣ ਦਾ ਅਸ਼ੀਰਵਾਦ ਦਿੱਤਾ । ਉਨ੍ਹਾਂ ਨੇ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਕੇ ਅੱਜ ਦੇ ਯੁਵਾਵਾਂ ਨੂੰ ਮੈਂਟਲ ਇਕਾਗਰਤਾ ਲਈ ਯੋਗ, ਕਸਰਤ, ਮੈਡੀਟੇਸ਼ਨ ਕਰਨ ਨੂੰ ਕਿਹਾ ਜੋ ਸਾਡੇ ਦਿਮਾਗ ਨੂੰ ਸਕਾਰਾਤਮਕ ਊਰਜਾ ਪ੍ਰਦਾਨ ਕਰਦੀ ਹੈ।


**ਨੋਟਿਸ**

**ਸੂਚਿਤ ਕੀਤਾ ਜਾਂਦਾ ਹੈ ਕਿ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਵਿਖੇ 10 ਦਰੱਖਤਾਂ (02 ਧਰੇਕਾਂ ਅਤੇ 08 ਫੁੱਟ ਟਰੀ), ਜਿਸ ਦੀ ਨਿਲਾਮੀ 17.10.2022 ਨੂੰ ਕੀਤੀ ਜਾਣੀ ਹੈ। ਇਸ ਸੰਬੰਧੀ ਖੁੱਲ੍ਹੀ ਬੋਲੀ ਦਿੱਤੀ ਜਾਣੀ ਹੈ, ਜੋ ਵੀ ਚਾਹਵਾਨ ਬੋਲੀ ਦੇਣਾ ਚਾਹੁੰਦਾ ਹੈ ਮਿਤੀ 17.10.2022 ਨੂੰ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਵਿਖੇ ਹਾਜ਼ਰ ਹੋ ਕੇ ਬੋਲੀ ਦੇ ਸਕਦਾ ਹੈ।**

**ਸਹੀ/- ਸੁਪਰਡੈਂਟ, ਕੇਂਦਰੀ ਜੇਲ੍ਹ ਹੁਸ਼ਿਆਰਪੁਰ।**


# ਅਮਰੀਕਾ ਵਿੱਚ ਪੰਜਾਬੀਆਂ ਦੇ ਹੋਏ 4 ਕਤਲਾਂ ਨਾਲ ਪੂਰੇ ਸੰਸਾਰ 'ਚ ਸੋਗ ਦੀ ਲਹਿਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪ੍ਰੈਸ ਬਿਆਨ ਜਾਰੀ ਕਰਦਿਆਂ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ ਨੇ ਦੱਸਿਆ ਕਿ ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਦੀ ਮਰਸਿਡ ਕਾਊਂਟੀ ਵਿੱਚੋਂ ਇਕੋ ਪਰਿਵਾਰ ਦੇ 4 ਮੈਂਬਰ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਰਸੀ ਨਾਲ ਸੰਬੰਧਤ ਸਨ, ਨੂੰ ਅਗਵਾ ਕਰਕੇ ਬੜੀ ਬੇਰਹਿਮੀ ਦੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜਿਸ ਵਿਚ ਇਕ 8 ਮਹੀਨੇ ਦੀ ਨੰਨ੍ਹੀ ਬੱਚੀ ਵੀ ਸ਼ਾਮਲ ਸੀ, ਨਾਲ ਪੂਰੇ ਸੰਸਾਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ । ਇਸ ਦਰਦਨਾਕ ਕਾਰੇ ਦੇ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਇਕ ਡਰ ਦਾ ਮਾਹੌਲ ਬਣ ਗਿਆ ਹੈ। ਭਾਰਤ ਸਰਕਾਰ ਅਤੇ ਦੇਸ਼ ਦੇ ਰਾਜਦੂਤਾਂ ਨੂੰ ਇਸ ਘਟਨਾਕ੍ਰਮ ਸੰਬੰਧੀ ਜਲਦੀ ਤੋਂ ਜਲਦੀ ਅਮਰੀਕਾ ਦੇ ਰਾਸ਼ਟਰਪਤੀ ਨਾਲ ਸੰਪਰਕ ਕਰਕੇ ਉਕਤ ਦੋਸ਼ੀ ਲਈ ਮੌਤ ਦੀ ਸਜ਼ਾ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਆਉਣ ਵਾਲੇ ਸਮੇਂ ਵਿਚ ਦੁਬਾਰਾ ਇਹੋ ਜਿਹੇ ਘਿਨੌਣੇ ਅਪਰਾਧ ਅਤੇ ਹਮਲੇ ਨਾ ਹੋਣ। ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ ਜਿਥੇ ਮ੍ਰਿਤਕ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿਚ ਹਮਦਰਦੀ ਜ਼ਾਹਰ ਕਰਦਾ ਹੈ, ਉਥੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜਲਦੀ ਹੀ ਕੈਂਡਲ ਮਾਰਚ ਕੱਢਿਆ ਜਾਵੇ।

# ਭਗਵਾਨ ਬਾਲਮੀਕਿ ਜੀ ਦੇ ਪ੍ਰਕਾਸ਼ ਪੁਰਬ 'ਤੇ ਸ਼ਰਧਾ ਤੇ ਧੂਮਧਾਮ ਨਾਲ ਕੱਢੀ ਸ਼ੋਭਾ ਯਾਤਰਾ



ਹੁਸ਼ਿਆਰਪੁਰ, (ਓ ਪੀ ਰਾਣਾ) ਭਗਵਾਨ ਵਾਲਮੀਕਿ ਸਭਾ (ਰਜਿ.) ਹੁਸ਼ਿਆਰਪੁਰ ਅਤੇ ਭਗਵਾਨ ਵਾਲਮੀਕਿ ਧਰਮ ਰਕਸ਼ਾ ਸਮਿਤੀ ਹੁਸ਼ਿਆਰਪੁਰ ਵਲੋਂ ਕਰੁਣਾਸਾਗਰ, ਅਜਰ ਅਮਰ ਤ੍ਰਿਕਾਲਦਰਸ਼ੀ ਆਦਿ ਮਹਾਂਕਾਵਿ ਰਮਾਇਣ ਦੇ ਰਚੇਤਾ ਸਰਿਸ਼ਟੀਕਰਤਾ ਭਗਵਾਨ ਵਾਲਮੀਕਿ ਜੀ ਦੇ ਪਵਿੱਤਰ ਪ੍ਰਗਟ ਉਤਸਵ ਦੇ ਮੌਕੇ ਤੇ ਭਗਵਾਨ ਵਾਲਮੀਕਿ ਸਭਾ ਅਤੇ ਭਗਵਾਨ ਵਾਲਮੀਕਿ ਧਰਮ ਰਕਸਾ ਸਮਿਤੀ ਦੇ ਉੱਚ ਅਹੁਦੇਦਾਰਾਂ ਵਿਕਾਸ ਹੰਸ,ਮਨੋਜ ਕਨੇਡੀ, ਤਰਸੇਮ ਆਦੀਆ, ਬਲਬਿੰਦਰ ਮਰਵਾਹਾ, ਵਿਨੋਦ ਹੰਸ, ਲਾਲ ਚੰਦ ਭੱਟੀ, ਸੁਰਿੰਦਰ ਦੀਵਾਨ, ਚਿੰਟੂ ਹੰਸ, ਰਿਸ਼ੂ ਆਦੀਆ ਦੀ ਪ੍ਰਧਾਨਗੀ ਹੇਠ ਇਕ ਵਿਸ਼ਾਲ ਸ਼ੋਭਾ ਯਾਤਰਾ ਸ਼ਹੀਦ ਉਧਮ ਸਿੰਘ ਪਾਰਕ ਤੋਂ ਸ਼ੁਰੂ ਹੋ ਕੇ ਸਹਿਰ ਦੇ ਮੁੱਖ ਬਾਰਾਰਾਂ ਵਿਚੋਂ ਹੁੰਦੀ ਹੋਈ ਘੰਟਾ ਘਰ ਚੌਕ ਵਿਖੇ ਸਮਾਪਤ ਹੋਈ, ਜਿਸ ਵਿਚ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਮੁੱਖ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ । ਇਸ ਮੌਕੇ ਸ਼ਹਿਰ ਦੇ ਪਤਵੰਤੇ ਲੋਕ ਕੈਬਨਿਟ ਮੰਤਰੀ ਬ੍ਰਹਮ ਸੰਕਰ ਜ਼ਿੰਪਾ, ਸਾਬਕਾ ਵਿਧਾਇਕ ਪਵਨ ਆਦੀਆ, ਡਾ. ਰਾਜ ਕੁਮਾਰ ਚੱਬੇਵਾਲ ਵਿਧਾਇਕ, ਸੰਦੀਪ ਹੰਸ ਡਿਪਟੀ ਕਮਿਸ਼ਨਰ, ਐਸ.ਐਸ.ਪੀ. ਸਰਤਾਜ ਸਿੰਘ ਚਾਹਲ,ਠੇਕੇਦਾਰ ਭਗਵਾਨ ਦਾਸ ਸਿੱਧੂ, ਪ੍ਰਸ਼ੋਤਮ ਰਾਜ ਅਹੀਰ, ਮੋਹਣ ਲਾਲ ਭਟੋਆ,ਹਰਵਿੰਦਰ ਹੀਰਾ, ਓਂਕਾਰ ਸਿੰਘ ਝੱਮਟ, ਮਹਿੰਦਰ ਸਿੰਘ ਹੀਰ,ਐਡਵੋਕੇਟ ਰੋਹਿਤ ਜੋਸ਼ੀ,ਐਡਵੋਕੇਟ ਧਰਮਿੰਦਰ ਦਾਦਰਾ, ਇੰਜ ਸਤਪਾਲ ਭਾਰਜਵਾਜ, ਐਡਵੋਕੇਟ ਆਰ ਡੀ ਬੱਧਣ, ਗੁਰਨਾਮ ਸਿੰਘ ਸਿੰਗੜੀ ਵਾਲਾ,ਸੁਖਦੇਵ ਬਿੱਟਾ, ਨਗਰ ਨਿਗਮ ਦੇ ਮੇਅਰ ਸੁਰਿੰਦਰ ਛਿੰਦਾ, ਜਤਿੰਦਰ ਸਿੰਘ ਲਾਲੀ ਬਾਜਵਾ, ਕੌਂਸਲਰ ਮੁਖੀ ਰਾਮ, ਸਮੂਹ ਕੌਂਸਲਰ, ਨਗਰ ਨਿਗਮ ਦੇ ਕਮਿਸਨਰ ਸੰਦੀਪ ਤਿਵਾੜੀ, ਐਡਵੋਕੇਟ ਜਨਰਲ ਇੰਦਰਪਾਲ ਸਿੰਘ ਧੰਨਾ, ਆਦਿ ਹਾਜ਼ਰ ਸਨ। ਸ਼ੋਭਾ ਯਾਤਰਾ 'ਚ ਔਰਤਾਂ ਵੱਲੋਂ ਸਿਰ 'ਤੇ ਚੁੱਕੇ ਗਏ ਕਲਸ ਸ਼ੋਭਾ ਯਾਤਰਾ ਦੀ ਸ਼ੋਭਾ ਵਧਾ ਰਹੇ ਸਨ। ਭਜਨ ਗਾਉਣ ਵਾਲੀ ਮੰਡਲੀਆ ਵਾਲਮੀਕਿ ਭਜਨਾਂ ਦਾ ਗੁਣਗਾਨ ਕਰ ਰਹੀਆਂ ਸਨ। ਪੂਰਾ ਸ਼ਹਿਰ ਵਾਲਮੀਕਿ ਜੈਕਾਰਿਆਂ ਨਾਲ ਗੂੰਜ ਉਠਿਆ। ਬੈਂਡ ਬਾਜੇ ਅਤੇ ਰੰਗੋਲੀ ਕਲਾਕਾਰ ਰੰਗੋਲੀ ਬਣਾ ਕੇ ਸ਼ੋਭਾ ਯਾਤਰਾ ਨੂੰ ਚਾਰ ਚੰਨ ਲਗਾ ਰਹੇ ਸਨ। ਸ਼ੋਭਾ ਯਾਤਰਾ ਦੀ ਸਮਾਪਤੀ 'ਤੇ ਸਾਰੇ ਪਿੰਡਾਂ ਤੋਂ ਆਈਆਂ ਸੰਗਤਾਂ ਨੂੰ ਘੰਟਾ ਘਰ ਚੌਕ ਵਿਖੇ ਭਗਵਾਨ ਵਾਲਮੀਕਿ ਸਭਾ ਅਤੇ ਭਗਵਾਨ ਵਾਲਮੀਕਿ ਧਰਮ ਰਕਸ਼ਾ ਸਮਿਤੀ ਵੱਲੋਂ ਸਾਂਝੇ ਤੌਰ 'ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜੋਗਿੰਦਰ ਪਾਲ ਮੰਗੂ, ਕਿਸ਼ਨ ਲਾਲ ਨਾਹਰ, ਮੁਕੇਸ਼ ਰੱਤੀ, ਅਜੇ ਕੁਮਾਰ ਲਾਡੀ, ਮਨੂ ਆਦੀਆ, ਐਸ.ਐਮ.ਸਿੱਧੂ, ਦਰਸ਼ਨ ਲਾਲ ਸਿੱਧੂ, ਅਨਿਲ ਹੰਸ, ਸੁਰਿੰਦਰ ਛਿੰਦਾ, ਸਕਤੀ ਰਹਿਲਾ, ਕਰਨਜੋਤ ਆਦੀਆ, ਸੋਮਾ ਆਦੀਆ, ਵਿਪਨ ਗੱਬਰ, ਗਾਗੋ ਸਾਈਂ, ਮਨੀ ਫਰਵਾਹਾ, ਗੁਰਦਾਸ ਰਾਮ ਬਿੱਟਾ, ਕਮਲ ਭੱਟੀ, ਰਾਜੂ ਰਿਸੀ ਨਗਰ, ਬੰਟੀ ਗਿੱਲ, ਅਮਰਜੀਤ ਖੋਸਲਾ, ਵਰਿੰਦਰ ਪਟਵਾਰੀ, ਬੱਬੀ ਲਾਹੌਰੀਆ, ਨਾਥੀ ਪਹਿਲਵਾਨ, ਬਿੱਲਾ ਕੋਚ, ਲੇਖ ਰਾਜ ਲੇਖੂ, ਰਵੀ ਕੁਮਾਰ, ਅਸ਼ੋਕ ਸੌਂਕੀ, ਯਸਪਾਲ ਕੌੜਾ, ਮੋਹਿੰਦਰ ਪਾਲ ਕੈਪੀਟਲ, ਹੇਮਰਾਜ ਪੱਪੂ, ਪ੍ਰੋ ਵਰਿੰਦਰ ਆਦੀਆ, ਵਿਕਰਮ ਆਦੀਆ, ਮਨਸਾ ਰਾਮ, ਅਰਜੁਨ ਮਰਵਾਹਾ, ਨਿਸ਼ਾਂਤ ਸਹੋਤਾ, ਸਾਗਰ ਹੰਸ, ਦੀਪਕ ਭੱਟੀ, ਤਰਸੇਮ ਲਾਲ ਨਾਰੂ ਨੰਗਲ, ਰੋਹਿਤ, ਵਿੱਕੀ ਆਦਿ ਸਾਮਲ ਹੋਏ।

# ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਬਣਦਾ ਬਕਾਇਆ ਤੁਰੰਤ ਜਾਰੀ ਕਰਨ ਦੀ ਮੰਗ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੈਨਸ਼ਨਰ ਐਸੋਸੀਏਸ਼ਨ ਪਾਵਰ ਟਰਾਂਸਮਿਸ਼ਨ ਕਾਰਪੋਰੇਸ਼ਨ ਮੰਡਲ ਪੱਟੀ ਦੀ ਮਹੀਨਾਵਾਰ ਮੀਟਿੰਗ ਸੀਨੀ: ਮੀਤ ਪ੍ਰਧਾਨ ਓਮ ਪ੍ਰਕਾਸ਼ ਧਵਨ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਦਫਤਰ ਵਿਖੇ ਹੋਈ ਜਿਸ ਵਿੱਚ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੀਟਿੰਗ ਨੂੰ ਮੰਡਲ ਪੱਟੀ ਯੂਨਿਟ ਦੇ ਜਨਰਲ ਸਕੱਤਰ ਰਛਪਾਲ ਸਿੰਘ ਸਹਿਦੇਵ, ਵਿੱਤ ਸਕੱਤਰ ਕਾਮਰੇਡ ਹਰਭਜਨ ਸਿੰਘ ਪੱਟੀ, ਸੀਨੀਅਰ ਮੀਤ ਪ੍ਰਧਾਨ ਓਮ ਪ੍ਰਕਾਸ਼ ਧਵਨ ਤੇ ਸਾਥੀ ਸ਼ਾਮ ਸਿੰਘ ਆਗੂਆਂ ਨੇ ਸੰਬੋਧਨ ਕਰਦਿਆਂ ਮੈਨੇਜਮੈਂਟ ਦੇ ਪੈਨਸ਼ਨਰਾਂ ਵਿਰੋਧੀ ਰਵੱਈਏ ਦੀ ਜ਼ੋਰਦਾਰ ਨਿੰਦਾ ਕੀਤੀ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਲੈਕਸ਼ਨਾਂ ਦੌਰਾਨ ਗਰੰਟੀ ਕੀਤੀ ਗਈ ਸੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਧਰਨੇ ਮੁਜ਼ਾਹਰੇ ਨਹੀਂ ਕਰਨੇ ਪੈਣਗੇ ਪ੍ਰੰਤੂ ਸਰਕਾਰ ਛੇ ਮਹੀਨੇ ਬੀਤ ਜਾਣ ਉਪਰੰਤ ਵੀ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਲਮਕਾਅ ਵਿੱਚ ਪਈਆਂ ਹੋਈਆਂ ਹਨ ਅਤੇ ਮੁਲਾਜ਼ਮ ਲਗਾਤਾਰ ਰੋਸ ਪ੍ਰਦਰਸ਼ਨ ਧਰਨੇ ਮੁਜ਼ਾਹਰੇ ਕਰ ਰਹੇ ਪਰ ਸਰਕਾਰ ਦੇ ਕੰਨਾਂ ਤੇ ਕੋਈ ਜੂੰ ਨਹੀਂ ਸਰਕ ਰਹੀ। ਇਸ ਮੌਕੇ ਮੀਟਿੰਗ ਵਿੱਚ ਪੰਜਾਬ ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਛੇਵੇਂ ਤਨਖਾਹ ਕਮਿਸ਼ਨ ਵਿਚ ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ, ਪੁਰਾਣੇ ਮੁਲਾਜਮਾਂ ਦੀ ਤਰ੍ਹਾਂ ਪਹਿਲੀ ਜਨਵਰੀ 2016 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਵਿੱਤੀ ਲਾਭ ਦਿੰਦਿਆਂ ਤਨਖਾਹ ਵਿਚ ਘੱਟੋ ਘੱਟ 20% ਵਾਧਾ ਯਕੀਨੀ ਬਣਾਉਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਮਹਿੰਗਾਈ ਭੱਤੇ ਦੀਆਂ ਬਣਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਅਤੇ ਪਿਛਲਾ ਬਣਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ, ਪੰਜਾਬ ਦੇ ਖਪਤਕਾਰਾਂ ਦੀ ਤਰ੍ਹਾਂ ਪੈਨਸ਼ਨਰਾਂ ਅਤੇ ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਬਿਜਲੀ ਯੂਨਿਟਾਂ ਵਿਚ ਘੱਟੋ-ਘੱਟ 600 ਯੂਨਿਟ ਬਿਜਲੀ ਦੀ ਸਬਸਿਡੀ ਪੰਜਾਬ ਸਰਕਾਰ/ਮੈਨੇਜਮੈਂਟ ਜਾਰੀ ਕਰੇ, ਵਿਭਾਗ ਅੰਦਰ ਖਾਲੀ ਪਈਆਂ ਅਸਾਮੀਆਂ ਉੱਪਰ ਪੱਕੀ ਭਰਤੀ ਕੀਤੀ ਜਾਵੇ। ਇਸ ਮੌਕੇ ਗਿਆਨ ਸਿੰਘ ਅਹਿਮਦਪੁਰ, ਸ਼ਾਮ ਸਿੰਘ ਕੁਹਾੜਕਾ, ਗੁਰਵਰਿਆਮ ਸਿੰਘ ਉਬੋਕੇ, ਜਗਤਾਰ ਸਿੰਘ ਪੱਟੀ, ਅਮਰ ਸਿੰਘ ਕੁਹਾੜਕਾ, ਨਿਰਮਲ ਸਿੰਘ ਸਰਹਾਲੀ, ਬਲਬੀਰ ਸਿੰਘ ਮਰਹਾਣਾ, ਚਰਨ ਸਿੰਘ ਜੰਡੋਕੇ, ਧਰਮ ਸਿੰਘ ਸ਼ਕੀਰਾ ਭਗਵਾਨ ਸਿੰਘ, ਸਵਰਨ ਸਿੰਘ ਅਤੇ ਅਵਤਾਰ ਸਿੰਘ ਅਹਿਮਦਪੁਰ ਆਦਿ ਹਾਜ਼ਰ ਸਨ।

## 12 ਨੂੰ ਸੁੰਦਰ ਦਸਤਾਰ ਮੁਕਾਬਲੇ ਕਰਵਾਏ

ਬੁਤਾਲਾ (ਨਿਰਮਲ ਸਿੰਘ ਸੰਘਾ)-ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਬਾਬਾ ਪੱਲਾ ਵਿਖੇ 12 ਅਕਤੂਬਰ ਦਿਨ ਬੁੱਧਵਾਰ ਨੂੰ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਦਸਤਾਰ ਮੁਕਾਬਲਾ ਜੂਨੀਅਰ, ਸੀਨੀਅਰ ਅਤੇ ਓਪਨ ਗਰੁੱਪ ਬਣਾ ਕੇ ਕਰਵਾਇਆ ਜਾਵੇਗਾ। ਜੂਨੀਅਰ ਗਰੁੱਪ ਵਿੱਚ ਅਠਵੀਂ ਕਲਾਸ ਤਕ, ਸੀਨੀਅਰ ਗਰੁੱਪ ਵਿੱਚ +12 ਕਲਾਸ ਤਕ ਅਤੇ ਇਸ ਤੋਂ ਉੱਪਰ ਓਪਨ ਗਰੁੱਪ ਹੋਵੇਗਾ, ਜਿਸ ਵਿੱਚ ਕਿਸੇ ਵੀ ਉਮਰ ਦੇ ਨੌਜਵਾਨ ਹਿੱਸਾ ਲੈ ਸਕਦੇ ਹਨ। ਤਿੰਨਾਂ ਗਰੁੱਪਾਂ ਵਿੱਚੋਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਧੀਆ ਇਨਾਮ ਅਤੇ ਦਸਤਾਰਾਂ ਦਿੱਤੀਆਂ ਜਾਣਗੀਆਂ। ਦਸਤਾਰ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਹਰੇਕ ਬੱਚੇ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਦਸਤਾਰ ਮੁਕਾਬਲੇ ਲਈ ਬੱਚੇ ਸ਼ੀਸ਼ਾ, ਸਲਾਈ ਅਤੇ ਦਸਤਾਰ ਆਪਣੇ ਕੋਲੋਂ ਲੈ ਕੇ ਆਉਣਗੇ। ਦਸਤਾਰ ਕਿਸੇ ਵੀ ਰੰਗ ਦੀ ਹੋ ਸਕਦੀ ਹੈ। ਜਿਨ੍ਹਾਂ ਬੱਚਿਆਂ ਨੇ ਦਸਤਾਰ ਮੁਕਾਬਲੇ ਵਿੱਚ ਹਿੱਸਾ ਲੈਣਾ ਹੋਵੇ ਉਹ 11 ਅਕਤੂਬਰ ਨੂੰ ਆਪਣੇ ਨਾਮ ਹੈੱਡ ਗ੍ਰੰਥੀ ਭਾਈ ਬਲਜੀਤ ਸਿੰਘ ਨੂੰ ਲਿਖਵਾ ਦੇਣ। ਇਹ ਮੁਕਾਬਲਾ ਕੇਵਲ ਬੁਤਾਲਾ ਪਿੰਡ ਦੇ ਸਕੂਲ ਅਤੇ ਬੁਤਾਲਾ ਪਿੰਡ ਦੇ ਹੀ ਵਸਨੀਕਾਂ ਲਈ ਹੋਵੇਗਾ। ਜੱਜ ਸਾਹਿਬਾਨ ਦਾ ਫੈਸਲਾ ਆਖਰੀ ਹੋਵੇਗਾ।

## ਬਿਸ਼ਨਪੁਰ 'ਚ ਹੋਈ 'ਬੇਅਦਬੀ' ਦੀ ਧਾਮੀ ਵੱਲੋਂ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਿਸ਼ਨਪੁਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਕੀਤੀ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਸੁਚੱਜਾ ਜੀਵਨ ਜਿਊਣ ਦਾ ਰਾਹ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਦੋਸ਼ੀ ਸਜ਼ਾਵਾਂ ਤੋਂ ਬਚ ਨਿਕਲਦੇ ਹਨ।

ਇਸ ਤਾਜ਼ਾ ਘਟਨਾ ਵਿਚ ਇਕ 9 ਸਾਲ ਦਾ ਪ੍ਰਵਾਸੀ ਬੱਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਦੀ ਬੇਅਦਬੀ ਕਰਦਾ ਹੈ, ਜੋ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਕਰਵਾਉਣ ਵਾਲੇ ਲੋਕਾਂ ਦੀ ਪਛਾਣ ਜ਼ਰੂਰੀ ਹੈ ਤਾਂ ਜੋ ਗੁੱਝੇ ਰੂਪ ਵਿਚ ਕੰਮ ਕਰਦੀਆਂ ਸ਼ਕਤੀਆਂ ਸਾਹਮਣੇ ਆ ਸਕਣ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਤਹਿਕੀਕਾਤ ਗੰਭੀਰਤਾ ਨਾਲ ਕੀਤੀ ਜਾਵੇ ਅਤੇ ਘਟਨਾ ਪਿੱਛੇ ਕੰਮ ਕਰਦੇ ਲੋਕਾਂ ਨੂੰ ਨਸ਼ਰ ਕਰਕੇ ਉਨ੍ਹਾਂ ਵਿਰੁੱਧ ਕਰੜੀ ਕਾਨੂੰਨੀ ਕਾਰਵਾਈ ਕੀਤੀ ਜਾਵੇ।





**Public Notice**

I, Husan Lal S/o Gurdev Ram R/o V.P.O. Jaitewali (Jalandhar) that name of my wife has wrongly recorded as Dev Kaur in my Passport No. R3463147 and her actual name is Debo.

**ਦਸਤਾਵੇਜ਼ ਗੁੰਮ**

ਮੈਂ, ਨਵੀਨ ਚੰਦਰ ਪੁੱਤਰ ਰਵਿੰਦਰ ਨਾਥ ਜੈਨ ਵਾਸੀ ਮੁਹੱਲਾ ਠਾਕੁਰ ਦੁਆਰਾ, ਗਲੀ ਉੜਮੁੜ, ਥਾਣਾ ਟਾਂਡਾ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੇ ਮਕਾਨ ਦੀ ਇੱਕ ਰਜਿਸਟਰੀ ਬੈਨਾਮਾ, ਜਿਸ ਦਾ ਵਸੀਕਾ ਨੰ. 1276 ਮਿਤੀ 04-07-1968 ਹੈ, ਮੇਰੇ ਇਹ ਦਸਤਾਵੇਜ਼ 03-10-2022 ਨੂੰ ਥਾਣਾ ਚੌਕ ਟਾਂਡਾ ਵਿਖੇ ਕਿਧਰੇ ਗੁੰਮ ਹੋ ਗਏ, ਜੋ ਕਾਫੀ ਭਾਲਣ 'ਤੇ ਵੀ ਨਹੀਂ ਮਿਲੇ। ਉਪਰੋਕਤ ਦਸਤਾਵੇਜ਼ ਜੇਕਰ ਕਿਸੇ ਨੂੰ ਮਿਲਣ ਤਾਂ ਉਹ ਕਿਰਪਾ ਕਰਕੇ ਇਸ ਨੰਬਰ 98155-62308 (ਨਵੀਨ ਚੰਦਰ) ਨਾਲ ਸੰਪਰਕ ਕਰਨ।

**ਆਮ ਸੂਚਨਾ**

ਮੈਂ ਕੁਲਵੰਤ ਕੌਰ ਪਤਨੀ ਸਤਪਾਲ ਸਿੰਘ ਪਿੰਡ ਤੇ ਡਾਕਖਾਨਾ ਹਕੀਮਪੁਰ ਤਹਿਸੀਲ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਣ ਵਾਲੀ ਹਾਂ ਹੇਠ ਲਿਖਿਆ ਬਿਆਨ ਕਰਦੀਆਂ ਹਾਂ ਕਿ ਮੈਂ ਆਪਣੀ ਲੜਕੀ ਕੁਲਵਿੰਦਰ ਕੌਰ ਹਾਲ ਪਤਨੀ ਗੁਰਵਿੰਦਰ ਸਿੰਘ ਪਿੰਡ ਬਖਤਪੁਰ ਤਹਿਸੀਲ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਹੋਇਆ ਸੀ ਪਰ ਹੁਣ ਮੇਰੀ ਲੜਕੀ ਨਾਲ ਮੇਰੇ ਸਬੰਧ ਸੁਖਾਵੇਂ ਹੋ ਗਏ ਹਨ ਅਤੇ ਮੈਂ ਪਹਿਲਾਂ ਕੀਤੀ ਹੋਈ ਬੇਦਖ਼ਲੀ ਵਾਪਸ ਲੈਂਦੀ ਹਾਂ ਅਤੇ ਹੁਣ ਉਸ ਨੂੰ ਸਕੀ ਲੜਕੀ ਹੋਣ ਦੇ ਨਾਤੇ ਸਾਰੇ ਜਾਇਦਾਦ ਅਤੇ ਕਾਨੂੰਨੀ ਹੱਕ ਹਾਸਿਲ ਹੋਣਗੇ.ਸਾਰੇ ਨੋਟ ਕਰ ਲੈਣ।

**ਬੇਦਖਲੀ ਨੋਟਿਸ**

ਮੈਂ ਬਲਕਾਰ ਸਿੰਘ ਪੁੱਤਰ ਸੰਗਾਰਾ ਸਿੰਘ ਵਾਸੀ ਪਿੰਡ ਬਾਲੇਵਾਲ, ਡਾਕ: ਧਰਮਕੋਟ ਬੱਗਾ,ਤਹਿਸੀਲ ਬਟਾਲਾ,ਜਿਲਾ ਗੁਰਦਾਸਪੁਰ । ਮੇਰਾ ਲੜਕਾ ਸੁਖਵੰਤ ਸਿੰਘ ਜੋ ਕਿ ਸਾਦੀ ਸੁਦਾ ਹੈ ਅਤੇ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਸੁਖਵੰਤ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ । ਸੰਬੰਧਤ ਨੋਟ ਕਰਨ ।

ਮੈਂ ਬਲਵਿੰਦਰ ਸਿੰਘ ਪੁੱਤਰ ਸ੍ਰ. ਮੂਰਤਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੋਹੜੂ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਬਜੀਤ ਸਿੰਘ ਅਤੇ ਉਸਦੀ ਪਤਨੀ ਰਾਜਬੀਰ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ,ਤੰਗ ਪਰੇਸ਼ਾਨ ਕਰਦੇ ਹਨ ਅਤੇ ਸਾਡੀ ਕੋਈ ਸੇਵਾ ਸੰਭਾਲ ਨਹੀ ਕਰਦੇ । ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਨਿੱਜੀ ਜਿੰਦਗੀ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦਾ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗਾ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ।

ਮੈਂ ਗੁਰਦਿਆਲ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪਾਲਦੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਕਮਲਜੀਤ ਕੌਰ ਮੇਰੇ ਕਹਿਣੇ ਵਿੱਚ ਨਹੀ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ।

ਅਸੀ ਸੁਖਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਆਸ਼ਾ ਰਾਣੀ ਪਤਨੀ ਸੁਖਦੇਵ ਸਿੰਘ ਵਾਸੀ ਪਿੰਡ ਰਜ਼ਾਪੁਰ, ਡਾਕ: ਖਾਨੋਵਾਲ, ਜ਼ਿਲ੍ਹਾ ਕਪੂਰਥਲਾ ਦੇ ਰਹਿਣ ਵਾਲੇ ਹਾਂ। ਅਸੀ ਆਪਣੇ ਲੜਕੇ ਵਰਦੀਪ ਕੁਮਾਰ ਅਤੇ ਨੂੰਹ ਨੀਤਾ ਨੂੰ ਆਪਣੀ ਤਮਾਮ ਚਲ ਅਤੇ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਿੰਦਰ ਸਿੰਘ ਪੁੱਤਰ ਗੁਰਾ ਸਿੰਘ ਵਾਸੀ ਅਰਬਨ ਅਸਟੇਟ, ਲੇਬਰ ਕਲੋਨੀ, ਬਟਾਲਾ ਹਾਲ ਵਾਸੀ ਉਮਰਪੁਰਾ, ਬਟਾਲਾ, ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਵਪ੍ਰੀਤ ਸਿੰਘ ਅਤੇ ਦੂਸਰਾ ਲੜਕਾ ਅਮਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਧਰਮਪਾਲ ਪੁੱਤਰ ਮਿਲਖੀ ਰਾਮ ਵਾਸੀ ਰਾਮ ਨਗਰ/ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੁਰਿੰਦਰ ਕੁਮਾਰ ਅਤੇ ਇਸ ਦੀ ਪਤਨੀ ਜੋਤੀ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਤੀ ਪਤਨੀ ਲੇਟ ਪ੍ਰੇਮ ਪਾਲ ਵਾਸੀ ਮਕਾਨ ਨੰ. 1017/5 ਆਦਮਪੁਰ, ਜ਼ਿਲ੍ਹਾ ਜਲੰਧਰ ਆਪਣੇ ਲੜਕੇ ਕਰਨ ਹਮਪਾਲ, ਨੂੰਹ ਆਈਸ਼ਾ ਅਤੇ ਪੋਤੇ ਮਿਹਾਨ ਹਮਪਾਲ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਵਾਰ ਦੇ ਕਿਸੇ ਵੀ ਮੈਂਬਰ ਦਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ। ਜੋ ਵੀ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਵਿੱਗ)

**ਨਾਂਅ ਦੀ ਬਦਲੀ**

ਮੈਂ, ਹਰਵਿੰਦਰ ਕੌਰ ਪਤਨੀ ਅਵਤਾਰ ਸਿੰਘ ਭੁੱਲਰ ਵਾਸੀ ਐੱਲ -ਆਈ ਏ, ਗਲੀ ਨੰ. 9, ਮਜੀਠੀਆ ਇਨਕਲੇਵ ਪਟਿਆਲਾ ਨੇ ਆਪਣਾ ਨਾਂਅ ਬਦਲ ਕੇ ਹਰਵਿੰਦਰ ਕੌਰ ਭੁੱਲਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਪ੍ਰਾਈਮ)

**Change of Name**

I Pawandeep Singh Wadhera ,S/O Manjit singh Wadhera , R/O H.No: 21,Mithapur, khambra Road, Jalandhar, Near Ashok Auto have changed my minor sons name from Bawandeep Singh to Bawandeep Singh Wadhera and Ishvirdeep Singh to Ishvirdeep Singh Wadhera

I, Kuldeep Singh Sidhu S/o Bharpur Singh, Village Bugra (Sangrur) have changed my name to Kuldeep Singh.

I, Des Raj S/o Jit Ram R/o VPO. Nussi, Distt. Jalandhar-144004, Punjab have changed the name of my minor daughter Priya to Priya Banger. All Please Note. (CRA)

I Neha W/O Saurabh Ahuja R/O H.no.5b/4 Co Operative Colony Lawrence Road Amritsar Have Changed My Name To Neha Ahuja

I Neha Mahajan W/O Saurabh Ahuja R/O H.no.5b/4 Co Operative Colony Lawrence Road Amritsar Have Changed My Name To Neha Ahuja

I Prit Pal Singh S/O Paramjit Singh R/O H.no.55 Mall Mandi G.t.road Amritsar Have Changed My Name To Pritpal Singh.

I Karamjeet kaur W/o Gurpreet Singh R/o VPO Bahmaniwala,Tarn Taran have change my name from karamjit kaur to Karamjeet kaur

I Gurpreet Singh S/o Ravinder Singh R/o VPO Bahmaniwala,Tarn Taran have change my name from Gurprit Singh dhillon to Gurpreet Singh

I Jagdeep Singh S/o Balkar Singh Vill.Nag Nawen . PO.Nag Kalan. Distt Amritsar have changed my name From Jagdeep Singh To Jagdip Singh.

I Jagroop Singh S/o Darshan Singh R/o VPO Boharhu,Amritsar, Have change my name Singh is my surname and given name is Jagroop

**ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ**

**ਪਲਾਟ ਨੰ. 31, ਉਦਯੋਗਿਕ ਖੇਤਰ, ਫਗਵਾੜਾ ਦਾ ਅੱਧਾ ਹਿੱਸਾ ਤਬਦੀਲ ਕਰਨ ਸੰਬੰਧੀ ਪਬਲਿਕ ਨੋਟਿਸ**

ਇਸ ਪਬਲਿਕ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਕਿਆ ਪਲਾਟ ਨੰ. 31 ਉਦਯੋਗਿਕ ਖੇਤਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੇ ਕੁੱਲ ਰਕਬੇ ਵਿੱਚ ਅੱਧਾ ਹਿੱਸਾ ਸ੍ਰੀ ਵਿਕਾਸ ਉਪਲ ਪੁੱਤਰ ਸ੍ਰੀ ਸੁਦਰਸ਼ਨ ਉਪਲ ਵਾਸੀ 1, ਗਰੀਨ ਪਾਰਕ, ਜੀ ਟੀ ਰੋਡ ਫਗਵਾੜਾ ਦੇ ਨਾਂਅ 'ਤੇ ਤਬਦੀਲ ਕਰਨ ਸੰਬੰਧੀ ਬਿਨੈ ਪੱਤਰ ਇਸ ਦਫਤਰ ਵਿੱਚ ਪ੍ਰਾਪਤ ਹੋਇਆ ਹੈ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫਤਰ ਵਿੱਚ ਆ ਕੇ ਦੇ ਸਕਦਾ ਹੈ। ਮਿੱਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ. 31 ਉਦਯੋਗਿਕ ਖੇਤਰ ਫਗਵਾੜਾ ਦਾ ਅੱਧਾ ਹਿੱਸਾ ਬਿਨੈਕਾਰ ਦੇ ਨਾਂਅ 'ਤੇ ਤਬਦੀਲ ਕਰਨ ਸੰਬੰਧੀ ਅਗਲੀ ਕਾਰਵਾਈ ਕੀਤੀ ਜਾਵੇਗੀ।

ਸਹੀ/- ਜਨਰਲ ਮੈਨੇਜਰ,
ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ।
Mail ID : gmdickpt@gmail.com

**ਅਦਾਲਤੀ ਇਸ਼ਤਿਹਾਰ**

ਬਾ-ਅਦਾਲਤ ਸ੍ਰੀ ਜਗਸੀਰ ਸਿੰਘ ਮਿੱਤਲ ਨਾਇਬ ਤਹਿਸੀਲਦਾਰ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।
ਵਿਸ਼ਾ: ਦਰਖਾਸਤ ਬਰਾਏ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਬਾਰੇ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਹਰਪਾਲ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਮੁਗਲਾਨੀ ਕੋਟ, ਸਬ-ਤਹਿਸੀਲ ਰਾਜਾਸਾਂਸੀ, ਤਹਿਸੀਲ ਲੋਪੋਕੇ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੇ ਇਸ ਅਦਾਲਤ ਵਿੱਚ ਪੇਸ਼ ਹੋ ਕੇ ਦਰਖਾਸਤ ਦਿੱਤੀ ਹੈ ਕਿ ਜਮ੍ਹਾਂਬੰਦੀ ਸਾਲ 2019-2020 ਪਿੰਡ ਮੁਗਲਾਨੀ ਕੋਟ, ਹੱਦਬਸਤ ਨੰਬਰ 301, ਤਹਿਸੀਲ ਰਾਜਾਸਾਂਸੀ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਖੇਵਟ ਨੰਬਰ 76/124 ਵਿੱਚ ਉਸ ਦਾ ਨਾਂਅ ਭਗਵਾਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਪੁੱਤਰ ਸੰਤਾ ਸਿੰਘ ਲਿਖਿਆ ਗਿਆ ਹੈ, ਜਿਹੜਾ ਕਿ ਗਲਤ ਹੈ, ਜਦਕਿ ਉਸ ਦਾ ਨਾਂਅ ਹਰਪਾਲ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਪੁੱਤਰ ਸੰਤਾ ਸਿੰਘ ਹੈ। ਇਸ ਦੇ ਸਮਰਥਨ ਵਿੱਚ ਅਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਪੇਸ਼ ਕੀਤੇ ਹਨ। ਇਸ ਸੋਧ ਸੰਬੰਧੀ ਹਲਕਾ ਪਟਵਾਰੀ ਵੱਲੋਂ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਰਿਪੋਰਟ ਵੀ ਪ੍ਰਾਪਤ ਕੀਤੀ ਹੈ। ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੀ ਦਫਤਰੀ ਮੀਮੋ ਨੰਬਰ 25/78-2012-ਭਮ-2/12445-71 ਮਿਤੀ 26-07-2013 ਰਾਹੀਂ ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਦਾ ਅੰਦਰਾਜ਼ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ ਨੰਬਰ 7.28 (2) ਅਨੁਸਾਰ ਦਰਖਾਸਤਕਰਤਾ ਦੀ ਦਰਖਾਸਤ ਮੁਤਾਬਕ ਉਸ ਦਾ ਗਲਤ ਨਾਂਅ ਭਗਵਾਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਪੁੱਤਰ ਸੰਤਾ ਸਿੰਘ ਦਰਜ ਹੋ ਚੁੱਕਾ ਹੈ, ਜਦਕਿ ਉਸ ਦਾ ਸਹੀ ਨਾਂਅ ਹਰਪਾਲ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਪੁੱਤਰ ਸੰਤਾ ਸਿੰਘ ਦਾ ਸਹੀ ਨਾਂਅ ਹੈ। ਦਰਖਾਸਤ ਵਿੱਚ ਦਰਸਾਏ ਸਹੀ ਨਾਂਅ ਦਰੁਸਤ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਅਖਬਰ ਵਿੱਚ ਨੋਟਿਸ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੱਕ ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਮਾਲ ਰਿਕਾਰਡ ਵਿੱਚ ਨਾਂਅ ਨੂੰ ਸੋਧਣ ਦੀ ਕਾਰਵਾਈ ਕਰ ਦਿੱਤੀ ਜਾਵੇਗੀ। ਬਾਅਦ 'ਚ ਪੇਸ਼ ਕੀਤੇ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਨੰਬਰ 248 ਮਿਤੀ 6.10.2022    ਸਹੀ/- ਨਾਇਬ ਤਹਿਸੀਲਦਾਰ ਰਾਜਾਸਾਂਸੀ

**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲ ਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ, ਫਿਰੋਜ਼ਪੁਰ ਮੰਡਲ ਦੇ ਵੱਖ-ਵੱਖ ਸਟੇਸ਼ਨਾਂ ਤੋਂ ਸ਼ੁਰੂ ਹੋਣ ਵਾਲੀ ਵੱਖ-ਵੱਖ ਟ੍ਰੇਨਾਂ ਵਿਚ 3.9 / 4 ਟਨ ਦੀ ਸ਼ਮਤਾ ਵਾਲੇ ਐਸਐਲਆਰ ਜਗ੍ਹਾਂ ਨੂੰ ਦੋ ਸਾਲ ਦੇ ਸਮੇਂ ਦੇ ਲਈ ਪਟਟੇ ਉਤੇ ਦੇਣ ਦੇ ਲਈ ਈ-ਨੀਲਾਮੀ ਮੰਗ ਕਰਦੇ ਹਨ। ਵੇਰਵਾ ਇਸ ਪ੍ਰਕਾਰ ਹੈ:

| | |
|---|---|
| Admin Unit/Zone | FEROZPUR DIVISION-COMMERCIAL/NORTHERN RLY. |
| Catalogue Published on | 04.10.2022 |
| Auction catalogue No. | FZRPARCEL19 |
| Auction Start (All Lots) | 21.10.2022 11:00 hrs. |
| Auction close Date/Time | 21.10.2022 12:40 hrs. |
| Auction Type | Close Ended |
| Website particulars where complete details of auction can be seen by registered bidders | E-Auction Module of www.ireps.gov.in |
| Lot No./Category | 18102-SLR-R1-JAT-TATA-22-1 |
| | 15654-SLR-F1-JAT-GHY-22-1 |
| | 15654-SLR-F2-JAT-GHY-22-1 |
| | 12920-SLR-F1-SVDK-DADN-22-1 |
| | 12408-SLR-F1-ASR-NJP-22-1 |
| | 12904-SLR-F1-ASR-MMCT-22-1 |
| | 12484-SLR-F1-ASR-KCVL-22-1 |
| | 15652-SLR-R1-JAT-GHY-22-1 |

2657/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਨੀਲਾਮੀ ਸੂਚਨਾ ਨੰ.-ਦਸੰਬਰ/22**

ਨੰਬਰ:-177-ਐਸ/ਆਕਸ਼ਨ ਪ੍ਰੋਗਰਾਮ/ਸੇਲ/2022-23    ਤਾਰੀਕ : 07.10.2022

ਰਦ ਲੋਹਾ, ਅਲੋਹ, ਹੋਰ ਵਿਵਿਧ ਸਕ੍ਰੈਪ, ਕੰਡਮ ਲੋਕੋ ਕੋਚੇਜ ਅਤੇ ਵੈਗਨਸ, ਸਕ੍ਰੈਪ ਰੇਲ ਅਤੇ ਹੋਰ ਰੇਲ ਪਥ ਸਮਗਰੀ ਦੇ ਨਿਪਟਾਰੇ ਲਈ ਈ-ਨੀਲਾਮੀ ਕੀਤੀ ਜਾਵੇਗੀ। ਲੈਡ ਅਸਿਡ ਬੈਟਰੀਜ/ਯੂਜਡ ਆਯਲ/ਰਿਯੂਜਡ ਆਯਲ ਕੇਵਲ ਉਨ੍ਹਾਂ ਸੰਭਰਨਕਰਤਾਵਾਂ ਨੂੰ ਵਿਕਰੀ ਕੀਤਾ ਜਾਵੇਗਾ ਜੋ ਕਿ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਤਹਿਤ ਰਜਿਸਟਰਡ ਹੋਣਗੇ।

**ਦਸੰਬਰ 2022 ਦੀ ਈ-ਨੀਲਾਮੀ**


| ਨੰ. | ਨੀਲਾਮੀ ਕਰਨ ਵਾਲਾ ਡਿਪੋ | ਸਮਾਂ | ਪਹਿਲਾ ਪੜਾਅ | ਦੂਜਾ ਪੜਾਅ | ਤੀਸਰਾ ਪੜਾਅ | ਚੌਥਾ ਪੜਾਅ | ਪੰਚਮ ਪੜਾਅ |
|---|---|---|---|---|---|---|---|
| 1 | ਆਲਮਬਾਗ/ਲਖਨਊ 0522-2451257 | 11.00 | 5 | 12 | 19 | 26 | 31 |
| 2 | ਸ਼ਕੂਰਬਸਤੀ 011-27015387 | 11.00 | 7 | 14 | 21 | 28 | 31 |
| 3 | ਜਗਾਧਰੀ 01732-252388 | 11.00 | 6 | 13 | 20 | 27 | 31 |
| 4 | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਲਖਨਊ 0522-2234756 | 10.00 | 6 | 13 | 20 | 27 | 30 |
| 5 | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਫਿਰੋਜਪੁਰ 01632-244154 | 12.00 | 2 | 8 | 15 | 22 | 30 |
| 6 | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਅੰਬਾਲਾ 0171-2611203 | 10.00 | 7 | 14 | 21 | 28 | 30 |
| 7 | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਮੁਰਾਦਾਬਾਦ 0591-2413141 | 12.00 | 2 | 8 | 15 | 22 | 30 |
| 8 | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਦਿੱਲੀ 011-23365311 | 12.30 | 5 | 12 | 19 | 26 | 30 |

ਨੋਟ: ਨੀਲਾਮੀ ਵਿਚ ਵੇਚੀ ਜਾਣ ਵਾਲੀ ਸਮਗਰੀ ਦਾ ਵੇਰਵਾ www.ireps.gov.in 'ਤੇ ਦਿਤੇ ਕੈਟਲਾਗ 'ਤੇ ਉਪਲਬਧ ਹੋਣਗੇ। 1. ਇਛੁਕ ਖਰੀਦਦਾਰ ਉਪਰੋਕਤ ਵਰਣਿਤ ਸਮਗਰੀ ਨੂੰ ਨੀਲਾਮੀ ਦੇ ਪੂਰਵ ਨਾਮਿਤ ਸਥਾਨ 'ਤੇ ਕੰਮ ਦਿਵਸ ਵਿਚ ਦੇਖ ਸਕਦੇ ਹਨ। 2. ਪੂਰਵ ਨਿਲਾਮੀ ਵਿਚ ਵੇਚੇ ਗਏ ਸਮਗਰੀ ਦਾ ਵੇਰਵਾ www.nr.railnet.gov.in 'ਤੇ ਉਪਲਬਧ ਹੈ। 3. ਈ-ਨੀਲਾਮੀ ਵਿਚ ਭਾਗ ਲੈਣ ਦੇ ਲਈ ਕ੍ਰੇਤਾ ਨੂੰ ireps 'ਤੇ ਰਜਿਸਟਰਡ ਹੋਣਾ ਜਰੂਰੀ ਹੈ। ਨੀਲਾਮੀ ਦੀ ਵਿਸਤ੍ਰਿਤ ਜਾਣਕਾਰੀ, ਰਜਿਸਟਰੇਸ਼ਨ ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਲਈ ਕਿਰਪਾ ਰੇਲਵੇ ਵੈਬਸਾਈਟ www.ireps.gov.in ਦੇਖੋ।

2673/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸੰਤ ਜੌਰਜ ਕੈਥੋਲਿਕ ਚਰਚ 'ਚ ਮੈਡੀਕਲ ਕੈਂਪ ਲਗਾਇਆ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਸੰਤ ਫਰਾਂਸਿਸ ਕਾਨਵੈਂਟ ਸਕੂਲ ਦੀ ਸੰਤ ਜੌਰਜ ਕੈਥੋਲਿਕ ਚਰਚ ਡੇਰਾ ਬਾਬਾ ਨਾਨਕ ਵਿਖੇ ਡੌਨ ਬਾਸਕੋ ਯੂਥ ਕਲੱਬ ਵੱਲੋਂ ਗਰੀਬ ਲੋਕਾਂ ਦੀ ਸਹੂਲਤ ਲਈ ਇੱਕ ਮੈਡੀਕਲ ਕੈਂਪ ਲਗਵਾਇਆ ਗਿਆ ਜਿਸ ਵਿੱਚ ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਮਾਣਯੋਗ ਡਾਇਰੈਕਟਰ ਫਾਦਰ ਰੀਮੋਲਡ ਮਾਰਿਓ, ਪ੍ਰਿੰਸੀਪਲ ਸਿਸਟਰ ਐਨਸਲੈਟ ਅਤੇ ਸਿਸਟਰ ਜਯਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੈਡੀਕਲ ਕੈਂਪ ਵਿੱਚ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਐੱਸਐੱਮਓ ਡਾ. ਹਰਪਾਲ ਸਿੰਘ ਵੱਲੋਂ ਮੈਡੀਕਲ ਅਫਸਰ ਡਾ. ਕੰਵਲਜੀਤ ਕੌਰ ਦੀ ਅਗਵਾਈ ਹੇਠ ਆਪਣੀ ਮੈਡੀਕਲ ਟੀਮ ਨੂੰ ਮਰੀਜ਼ਾਂ ਦੀ ਜਾਂਚ ਲਈ ਭੇਜਿਆ ਗਿਆ। ਇਸ ਮੌਕੇ ਮੈਡੀਕਲ ਟੀਮ ਵੱਲੋਂ ਮਰੀਜ਼ਾਂ ਦੇ ਵੱਖ-ਵੱਖ ਤਰ੍ਹਾਂ ਦੇ ਟੈਸਟ ਲਏ ਗਏ ਅਤੇ ਮੈਡੀਕਲ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ 200 ਤੋਂ ਵੱਧ ਮਰੀਜ਼ਾਂ ਨੇ ਆਪਣੇ ਸਰੀਰ ਦੀ ਜਾਂਚ ਕਰਵਾਈ ਅਤੇ ਦਵਾਈਆਂ ਪ੍ਰਾਪਤ ਕੀਤੀਆਂ। ਇਸ ਮੌਕੇ ਯੂਥ ਕਲੱਬ ਦੇ ਨੌਜਵਾਨ ਸਾਜਨ ਮਸੀਹ, ਸੌਰਵ ਮਸੀਹ, ਸ਼ੁਭਮ, ਸਾਗਰ, ਮਾਈਕਲ, ਰੇਖਾ, ਰਜ਼ੀਆ, ਪ੍ਰੀਆ, ਮੁਸਕਾਨ ਸਮੇਤ ਸਾਰੇ ਨੌਜਵਾਨਾਂ ਨੇ ਫਾਦਰ ਰੀਮੋਲਡ ਮਾਰਿਓ, ਸਿਸਟਰ ਜਯਾ, ਸਿਸਟਰ ਐਲਸਲੈਟ ਅਤੇ ਆਈ ਹੋਈ ਸਾਰੀ ਮੈਡੀਕਲ ਟੀਮ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਫਾਰਮਾਸਿਸਟ ਡਾ. ਮਨਮੋਹਨ ਸਿੰਘ ਭੱਟੀ, ਮਲਟੀਪਰਪਜ਼ ਹੈਲਥ ਵਰਕਰ ਦੀਪਕ ਨਈਅਰ ਆਦਿ ਹਾਜ਼ਰ ਸਨ।

# 'ਰਾਹੀ' ਸਕੀਮ ਦੇ ਤਹਿਤ ਈ-ਆਟੋ 'ਤੇ ਹੁਣ ਮਿਲੇਗੀ 1.25 ਲੱਖ ਰੁਪਏ ਦੀ ਕੈਸ਼ ਸਬਸਿਡੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼ਹਿਰ ਦੀ ਜਨਤਕ ਆਵਾਜਾਈ ਨੂੰ ਬਿਹਤਰ ਬਣਾਉਣ ਅਤੇ ਪ੍ਰਦੂਸ਼ਣ ਘਟਾਉਣ ਲਈ ਪੁਰਾਣੇ ਡੀਜ਼ਲ ਆਟੋ ਨੂੰ ਈ-ਆਟੋ ਨਾਲ ਬਦਲਣ ਵਾਸਤੇ ਅੰਮ੍ਰਿਤਸਰ ਸਮਾਰਟ ਸਿਟੀ ਦੇ 'ਰਾਹੀ' (ਰੇਜੁਵੀਨੇਸ਼ਨ ਆਫ਼ ਆਟੋ ਰਿਕਸ਼ਾ ਇਨ ਅੰਮ੍ਰਿਤਸਰ ਥਰੂ ਹੋਲਿਸਟਿਕ ਇੰਟਰਵੈਨਸ਼ਨ) ਪ੍ਰੋਜੈਕਟ ਤਹਿਤ ਹੁਣ 75 ਹਜ਼ਾਰ ਰੁਪਏ ਦੀ ਥਾਂ 1.25 ਲੱਖ ਰੁਪਏ ਦੀ ਕੈਸ਼ ਸਬਸਿਡੀ ਮਿਲੇਗੀ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਸਮਾਰਟ ਸਿਟੀ ਦੇ ਸੀ.ਈ.ਓ. ਅਤੇ ਨਗਰ ਨਿਗਮ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਦੱਸਿਆ ਕਿ ਆਟੋ ਰਿਕਸ਼ਾ ਯੂਨੀਅਨਾਂ ਅਤੇ ਡਰਾਈਵਰਾਂ ਨਾਲ ਗੱਲ ਕਰਕੇ ਇਹ ਪਤਾ ਚਲਿਆ ਸੀ ਕਿ ਪਹਿਲਾਂ ਆਟੋ ਰਿਕਸ਼ਾ ਡਰਾਈਵਰਾਂ ਨੂੰ ਈ-ਆਟੋ ਲੈਣ ਦੇ ਲਈ ਲੱਗਭਗ 50 ਹਜ਼ਾਰ ਰੁਪਏ ਦੀ ਡਾਊਨ ਪੇਮੈਂਟ ਕਰਨੀ ਹੁੰਦੀ ਸੀ, ਪਰ ਉਨ੍ਹਾਂ ਦੀ ਆਰਥਿਕ ਹਾਲਤ ਇਸ ਤਰ੍ਹਾਂ ਦੀ ਨਹੀਂ ਹੈ ਕਿ ਉਹ ਡਾਊਨ ਪੇਮੈਂਟ ਕਰ ਸਕਣ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਰਾਹੀ ਸਕੀਮ ਤਹਿਤ ਸਟੇਟ ਬੈਂਕ ਤੋਂ ਇਲਾਵਾ ਹੋਰ ਬੈਂਕਾਂ ਨੂੰ ਵੀ ਇਮਪੈਨੇਲਡ ਕੀਤਾ ਜਾ ਰਿਹਾ ਹੈ ਜਿਸਦੇ ਤਹਿਤ ਕੇਨਰਾ ਬੈਂਕ, ਇੰਡੀਅਨ ਬੈਂਕ, ਯੂਨੀਅਨ ਬੈਂਕ, ਐੱਚਡੀਐੱਫਸੀ ਬੈਂਕ ਅਤੇ ਪੰਜਾਬ ਐਂਡ ਗ੍ਰਾਮੀਣ ਬੈਂਕਾਂ ਤੋਂ ਪ੍ਰਸਤਾਵ ਮਿਲੇ ਚੁਕੇ ਹਨ। ਉਨ੍ਹਾਂ ਦੱਸਿਆ ਕਿ ਰਾਹੀ ਸਕੀਮ ਦਾ ਲਾਭ ਲੈਣ ਲਈ ਚਾਹਵਾਨ ਡਰਾਈਵਰ ਦਾ ਅੰਮ੍ਰਿਤਸਰ ਆਟੋ ਰਿਕਸ਼ਾ ਕਾਰਪੋਰੇਟਿਵ ਸੋਸਾਇਟੀ ਦਾ ਮੈਂਬਰ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਈ-ਆਟੋ ਲੈਣ ਦੇ ਲਈ ਚਾਹਵਾਨ ਡਰਾਈਵਰ ਕੋਲ ਅਧਾਰ ਕਾਰਡ ਜਾਂ ਵੋਟਰ ਕਾਰਡ, ਆਟੋ ਦੀ ਆਰ. ਸੀ., ਡ੍ਰਾਈਵਿੰਗ ਲਾਇਸੈਂਸ ਅਤੇ ਅੰਮ੍ਰਿਤਸਰ ਆਟੋ ਰਿਕਸ਼ਾ ਕਾਰਪੋਰੇਟਿਵ ਸੋਸਾਇਟੀ ਦੀ ਮੈਂਬਰ ਸਲਿੱਪ ਹੋਣੀ ਜ਼ਰੂਰੀ ਹੈ। ਇਨ੍ਹਾਂ ਦਸਤਾਵੇਜ਼ਾਂ ਨੂੰ ਲੈ ਕੇ ਡਰਾਈਵਰ ਇਮਪੈਨੇਲਡ ਕੰਪਨੀਆਂ ਮਹਿੰਦਰਾ ਅਤੇ ਪਿਆਜਿਓ ਦੀ ਡੀਲਰਸ਼ਿਪ ਤੇ ਜਾ ਕੇ ਆਪਣੀ ਅਰਜ਼ੀ ਦੇ ਸਕਦਾ ਹੈ। 'ਰਾਹੀ' ਪ੍ਰੋਜੈਕਟ ਦੇ ਤਹਿਤ ਆਟੋ ਰਿਕਸ਼ਾ ਡਰਾਈਵਰਾਂ ਦੇ ਪਰਿਵਾਰ ਦੀਆਂ ਔਰਤਾਂ ਦੇ ਲਈ ਮੁਫ਼ਤ ਵਿੱਚ ਸਕਿਲ ਡਿਵੈਲਪਮੈਂਟ ਕੋਰਸ ਵੀ ਕਰਵਾਏ ਜਾ ਰਹੇ ਹਨ ਜਿਸਦੇ ਤਹਿਤ ਕਟਿੰਗ ਐਂਡ ਟੇਲਰਿੰਗ, ਬਿਊਟੀ ਪਾਰਲਰ, ਕੰਪਿਊਟਰ ਓਪਰੇਟਰ ਅਤੇ ਫ਼ੂਡ ਐਂਡ ਫਰੂਟ ਪ੍ਰੀਜ਼ਰਵੇਸ਼ਨ ਦੇ ਕੋਰਸ ਆਲ ਇੰਡੀਆ ਵੂਮੈਨ ਕਾਨਫਰੰਸ ਦੀ ਬੱਸ ਸਟੈਂਡ ਦੇ ਨੇੜੇ ਦੀ ਸ਼ਾਖਾ ਤੋਂ ਕੀਤੇ ਜਾ ਸਕਦੇ ਹਨ।


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੁਲਸ ਵੱਲੋਂ ਤੜਕਸਾਰ ਸਰਹੱਦੀ ਪਿੰਡਾਂ 'ਚ ਅਚਨਚੇਤ ਚੈਕਿੰਗ



ਕਲਾਨੌਰ (ਕੋਹਲੀ)-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਜਦੋਂ ਦੇ ਪੰਜਾਬ ਪੁਲਸ ਵਿੱਚ ਡੀਜੀਪੀ ਦੇ ਅਹੁਦੇ 'ਤੇ ਗੌਰਵ ਯਾਦਵ ਬਿਰਾਜਮਾਨ ਹੋਏ ਹਨ ਉਦੋਂ ਤੋਂ ਹੀ ਪੂਰੇ ਪੰਜਾਬ ਦੀ ਪੁਲਸ ਐਕਸ਼ਨ ਮੋਡ ਵਿੱਚ ਨਜ਼ਰ ਆ ਰਹੀ ਹੈ। ਹਰ ਵਕਤ ਕਿਤੇ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਕਿਤੇ ਨਸ਼ਿਆਂ ਦੀਆਂ ਖੇਪਾਂ ਨੂੰ ਕਬਜ਼ੇ ਵਿੱਚ ਕਰਨ ਵਿੱਚ ਲੱਗੀ ਹੋਈ ਹੈ। ਇਸੇ ਦੇ ਚੱਲਦੇ ਜ਼ਿਲ੍ਹਾ ਗੁਰਦਾਸਪੁਰ ਦੇ ਐੱਸਐੱਸਪੀ ਦੀਪਕ ਹਿਲੋਰੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਣਯੋਗ ਡੀਐੱਸਪੀ ਗੁਰਵਿੰਦਰ ਸਿੰਘ ਦੀ ਦੇਖਰੇਖ ਹੇਠ ਕਲਾਨੌਰ ਦੇ ਐੱਸਐੱਚਓ ਮਨਜੀਤ ਸਿੰਘ ਵੱਲੋਂ ਕਰੀਬ 80 ਜਵਾਨਾਂ ਨੂੰ ਨਾਲ ਲੈ ਕੇ ਜਿਨ੍ਹਾਂ ਵਿੱਚ ਲੇਡੀਜ਼ ਪੁਲਸ ਮੁਲਾਜ਼ਮ ਵੀ ਮੌਜੂਦ ਸਨ, ਬਾਰਡਰ ਪੱਟੀ ਨਾਲ ਲੱਗਦੇ ਚਾਰ ਪਿੰਡਾਂ ਰੁੜਿਆਣਾ, ਸ਼ਹੂਰ ਕਲਾਂ, ਅਗਵਾਨ ਅਤੇ ਦੋਸਤਪੁਰ ਵਿੱਚ ਸਵੇਰੇ ਤੜਕਸਾਰ ਹੱਲਾ ਬੋਲ ਦਿੱਤਾ ਗਿਆ ਅਤੇ ਘਰਾਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਕਲਾਨੌਰ ਦੇ ਐੱਸਐੱਚਓ ਮਨਜੀਤ ਸਿੰਘ ਨੇ ਦੱਸਿਆ ਕਿ ਪਿੰਡਾਂ ਵਿੱਚ ਕਰੀਬ ਅਠਾਰਾਂ ਤੋਂ ਵੀਹ ਘਰਾਂ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਗਈ। ਹਾਲਾਂਕਿ ਕੁਝ ਵੀ ਬਰਾਮਦੀ ਤਾਂ ਨਹੀਂ ਹੋਈ ਪਰ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਰਚ ਅਭਿਆਨ ਨਾਲ ਸਾਫ਼-ਸੁਥਰੀ ਜ਼ਮੀਰ ਵਾਲੇ ਲੋਕਾਂ ਨੂੰ ਸ਼ਾਂਤੀ ਮਿਲਦੀ ਹੈ ਅਤੇ ਗਲਤ ਅਨਸਰਾਂ 'ਚ ਪੁਲਸ ਦਾ ਡਰ ਬਣਿਆ ਰਹਿੰਦਾ ਹੈ ਅਤੇ ਉਹ ਕੁਝ ਵੀ ਗਲਤ ਸਟੈੱਪ ਚੁੱਕਣ ਤੋਂ ਪਹਿਲਾਂ ਇੱਕ ਵਾਰ ਜ਼ਰੂਰ ਸੋਚਣਗੇ। ਡੀਐੱਸਪੀ ਗੁਰਵਿੰਦਰ ਸਿੰਘ ਨੇ ਪਿੰਡਾਂ ਵਿਚ ਲੋਕਾਂ ਨੂੰ ਇਹੋ ਅਪੀਲ ਕੀਤੀ ਕਿ ਉਹ ਪੁਲਸ ਪ੍ਰਸ਼ਾਸਨ ਦਾ ਦਿਲ ਤੋਂ ਸਾਥ ਦੇਣ ਤਾਂ ਕਿ ਨਸ਼ਿਆਂ ਵਰਗੀ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ

# ਪ੍ਰਿਤਪਾਲ ਬੱਲ ਤੇ ਰਾਜਵੀਰ 'ਤੇ ਬਲਾਤਕਾਰ ਦਾ ਵੀ ਪਰਚਾ ਦਰਜ

**ਮਜੀਠਾ (ਸੋਇਮ ਆਨੰਦ)**-ਪਿਛਲੇ ਦਿਨੀਂ ਹਲਕਾ ਮਜੀਠਾ 'ਚ ਆਮ ਪਾਰਟੀ ਦੇ ਇਕ ਸੀਨੀਅਰ ਆਗੂ ਪ੍ਰਿਤਪਾਲ ਸਿੰਘ ਬੱਲ ਤੇ ਉਸਦੇ ਇੱਕ ਸਾਥੀ ਰਾਜਵੀਰ ਸਿੰਘ ਰਾਜੂ ਰੋੜੀ 'ਤੇ ਨਾਬਾਲਗ ਲੜਕੀ ਦੇ ਨਾਲ ਛੇੜਛਾੜ ਦੇ ਦੋਸ਼ਾਂ ਤਹਿਤ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਸੀ ਤੇ ਪ੍ਰਿਤਪਾਲ ਸਿੰਘ ਬੱਲ ਅਤੇ ਰਾਜਵੀਰ ਸਿੰਘ ਨੂੰ ਇਸਦੇ ਤਹਿਤ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਇਸ ਮਾਮਲੇ 'ਚ ਇਕ ਨਵਾਂ ਮੋੜ ਆਇਆ ਜਿਸ ਵਿਚ ਲੜਕੀ ਵੱਲੋਂ ਮਾਣਯੋਗ ਅਦਾਲਤ 'ਚ ਆਪਣੇ 164 ਦੇ ਬਿਆਨਾਂ ਤਹਿਤ ਬਿਆਨ ਦਿੱਤਾ ਗਿਆ ਕਿ ਪ੍ਰਿਤਪਾਲ ਦੇ ਸਾਥੀ ਰਾਜਵੀਰ ਵੱਲੋਂ ਧਮਕਾ ਕੇ ਮੇਰੇ ਨਾਲ ਸਰੀਰਕ ਸੰਬੰਧ ਵੀ ਬਣਾਏ ਗਏ ਹਨ ਜਿਸਦੇ ਚਲਦਿਆਂ ਪੁਲਸ ਵੱਲੋਂ ਜੁਰਮ 'ਚ ਵਾਧਾ ਕਰਦਿਆਂ 376,511 ਅਤੇ ਪੋਕਸੋ ਧਾਰਾ ਦਾ ਵਾਧਾ ਕੀਤਾ ਗਿਆ ਹੈ ਜੋ ਸਾਰੇ ਦੋਸ਼ੀਆਂ 'ਤੇ ਲਾਗੂ ਹੁੰਦਾ ਹੈ। ਮਜੀਠਾ ਪੁਲਸ ਨੇ ਜੁਰਮ 'ਚ ਵਾਧਾ ਕਰਦਿਆਂ ਆਪ ਆਗੂ ਸਮੇਤ ਚਾਰੇ ਦੋਸ਼ੀਆਂ ਵਿਰੁੱਧ ਬਲਾਤਕਾਰ ਦਾ ਪਰਚਾ ਦਰਜ ਕੀਤਾ ਹੈ।

# ਪੰਜਾਬ ਕਿਸਾਨ ਯੂਨੀਅਨ ਵੱਲੋਂ ਕਿਸਾਨੀ ਮਸਲਿਆਂ 'ਤੇ ਵਿਚਾਰ-ਵਟਾਂਦਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰਾਮਦਿਵਾਲੀ ਵਿਖੇ ਪੰਜਾਬ ਕਿਸਾਨ ਯੂਨੀਅਨ ਨੇ ਕਿਸਾਨੀ ਮਸਲਿਆਂ ਉਪਰ ਕੁਲਵੰਤ ਸਿੰਘ ਅਤੇ ਗੁਰਦੇਵ ਸਿੰਘ ਦੀ ਪ੍ਰਧਾਨਗੀ ਹੇਠ ਇਕ ਵਿਸ਼ਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਬੋਲਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਭਾਗੋਕਾਵਾਂ, ਅਸ਼ਵਨੀ ਕੁਮਾਰ ਲਖਣਕਲਾਂ ਅਤੇ ਲਿਬਰੇਸ਼ਨ ਦੇ ਸੂਬਾ ਆਗੂ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਖੰਨਾ ਚਮਾਰਾ ਅਤੇ ਰਾਮਦਿਵਾਲੀ ਦੇ ਐੱਸਜੀਪੀਸੀ ਦੇ ਮੁਜਾਰੇ ਕਿਸਾਨਾਂ ਦੇ ਪਿਛਲੇ ਤਿੰਨ ਸਾਲਾਂ ਤੋਂ ਰੁਕੇ ਹੋਏ ਠੇਕੇ ਪ੍ਰਸ਼ਾਸਨ ਜਮ੍ਹਾ ਕਰੇ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਦੇ ਮੁਜਾਰੇ ਕਿਸਾਨਾਂ ਤੋਂ ਐੱਸਜੀਪੀਸੀ ਠੇਕੇ ਜਮ੍ਹਾ ਕਰਵਾਉਣ ਤੋਂ ਇਨਕਾਰੀ ਹੈ। ਇਸ ਕਾਰਨ ਕਰੀਬ ਤਿੰਨ ਸਾਲ ਪਹਿਲਾਂ ਮੁਜਾਰਿਆਂ ਨੇ ਐੱਸਡੀਐੱਮ ਡੇਰਾ ਬਾਬਾ ਨਾਨਕ ਨੂੰ ਸਰਕਾਰੀ ਖਜ਼ਾਨੇ ਵਿੱਚ ਠੇਕੇ ਜਮ੍ਹਾ ਕਰਵਾਉਣ ਲਈ ਅਰਜ਼ੀਆਂ ਦਿੱਤੀਆਂ ਸਨ ਪਰ ਅਜੇ ਤਕ ਵੀ ਐੱਸਡੀਐੱਮ ਦਫਤਰ ਨੇ ਇਸ ਸਬੰਧੀ ਹੁਕਮ ਜਾਰੀ ਨਹੀਂ ਕੀਤੇ ਜਿਸ ਕਾਰਨ ਕਿਸਾਨਾਂ ਵਿਚ ਬੇਹੱਦ ਗੁੱਸਾ ਅਤੇ ਨਾਰਾਜ਼ਗੀ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਗੁਰਦਾਪੁਰ ਨੂੰ ਵੀ ਮੰਗ ਪੱਤਰ ਦਿੱਤਾ ਜਾ ਚੁੱਕਾ ਹੈ। ਆਗੂਆਂ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਡੇਰਾ ਬਾਬਾ ਨਾਨਕ ਤਹਿਸੀਲ ਵਿਚ ਕੋਈ ਵੀ ਟਿਕਾਊ ਐੱਸਡੀਐੱਮ ਨਹੀਂ ਲਗਾ ਸਕੀ ਬਲਕਿ ਇਨ੍ਹਾਂ ਮਹੀਨਿਆਂ ਵਿਚ ਅੱਧੀ ਦਰਜਨ ਤੋਂ ਵਧੇਰੇ ਐੱਸਡੀਐੱਮ ਆਏ ਅਤੇ ਬਦਲੀ ਕਰਵਾ ਕੇ ਚਲੇ ਗਏ, ਜਿਸ ਕਾਰਨ ਮੁਜਾਰਿਆਂ ਦੇ ਠੇਕੇ ਜਮ੍ਹਾ ਕਰਨ ਸਮੇਤ ਤਹਿਸੀਲ ਦੇ ਲੋਕਾਂ ਦੇ ਹਰ ਤਰ੍ਹਾਂ ਦੇ ਕੰਮ ਰੁਕੇ ਪਏ ਹਨ। ਇਸ ਮੀਟਿੰਗ ਇਹ ਵੀ ਮੰਗ ਕੀਤੀ ਗਈ ਕੀ ਸਰਕਾਰ ਚੀਨੀ ਵਾਇਰਸ ਨਾਲ ਖਰਾਬ ਹੋਈ ਫਸਲ ਦੀ ਫੌਰੀ ਗਰਦੌਰੀ ਕਰੇ, ਤਹਿ. ਡੇਰਾ ਬਾਬਾ ਨਾਨਕ ਨੂੰ ਸਥਾਈ ਐੱਸਡੀਐੱਮ ਅਤੇ ਤਹਿਸੀਲਦਾਰ ਦਿੱਤਾ ਜਾਵੇ। ਫੈਸਲਾ ਲਿਆ ਗਿਆ ਕਿ ਜੇਕਰ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਪ੍ਰਸ਼ਾਸਨ ਨੇ ਧਿਆਨ ਨਾ ਦਿੱਤਾ ਤਾਂ ਯੂਨੀਅਨ ਪੱਕੇ ਤੌਰ 'ਤੇ ਤਹਿ. ਡੇਰਾ ਬਾਬਾ ਨਾਨਕ ਵਿਖੇ ਧਰਨਾ ਦੇਣ ਲਈ ਮਜਬੂਰ ਹੋਵੇਗੀ। ਮੀਟਿੰਗ ਵਿੱਚ ਹਰਭੇਜ ਸਿੰਘ, ਧੀਰ ਸਿੰਘ, ਅਰਜੁਨ ਸਿੰਘ, ਕੁਲਵੰਤ ਸਿੰਘ, ਕੇਵਲ ਸਿੰਘ, ਮੰਗਾ ਮਸੀਹ, ਦਵਿੰਦਰਜੀਤ ਸਿੰਘ, ਮੇਜਰ ਸਿੰਘ ਅਤੇ ਹਰਦੀਪ ਸਿੰਘ ਵੀ ਸ਼ਾਮਲ ਸਨ।

# ਗੁ. ਬੀੜ ਬਾਬਾ ਬੁੱਢਾ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ



ਝਬਾਲ, ਸਰਾਏ ਅਮਾਨਤ ਖਾਂ (ਮੱਖਣ ਮਨੋਜ , ਹਰਜਿੰਦਰ ਸਿੰਘ ਸੋਨੀ)-ਇਤਿਹਾਸਕ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਵਿਚ ਅੱਜ ਮੇਲੇ ਦੇ ਤੀਸਰੇ ਦਿਨ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋਏ। ਧਾਰਮਿਕ ਦੀਵਾਨ 'ਚ ਪੁੱਜੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ ਨੇ ਸੰਗਤਾਂ ਨੂੰ ਗੁਰੂ ਘਰ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਰਾਤ ਨੂੰ ਉੱਘੇ ਕਥਾਵਾਚਕ ਭਾਈ ਬੰਤਾ ਸਿੰਘ ਮੁੰਡਾਪਿੰਡ ਨੇ ਗੁਰਬਾਣੀ ਦੀ ਕਥਾ ਕੀਤੀ। ਇਸ ਸਮੇਂ ਪੁੱਜੇ ਅੰਤ੍ਰਿੰਗ ਕਮੇਟੀ ਮੈਂਬਰ ਬਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਗੁਰਬਚਨ ਸਿੰਘ ਕਰਮੂਵਾਲਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਤੇ ਫੈਡਰੇਸ਼ਨ ਪ੍ਰਧਾਨ ਕੰਵਰ ਚੜਤ ਸਿੰਘ ਤੇ ਸੰਤਾਂ ਮਹਾਂਪੁਰਸ਼ਾਂ ਤੇ ਹੋਰ ਪ੍ਰਮੁੱਖ ਆਗੂਆਂ ਨੂੰ ਮੈਨੇਜਰ ਹਰਜਿੰਦਰ ਸਿੰਘ ਪੱਟੀ ਤੇ ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਸਨਮਾਨਤ ਕੀਤਾ। ਵੱਡੀ ਗਿਣਤੀ 'ਚ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਤੇ ਭੇਟਾ ਰਹਿਤ ਕਕਾਰ ਭੇਟ ਕੀਤੇ। ਇਸ ਮੌਕੇ ਬਾਬਾ ਸੁਬੇਗ ਸਿੰਘ ਕਾਰਸੇਵਾ ਗੋਇੰਦਵਾਲ ਸਾਹਿਬ ਵਾਲੇ, ਮੀਤ ਸਕੱਤਰ ਹਰਜੀਤ ਸਿੰਘ ਲਾਲੂਘੁੰਮਣ, ਸਾਬਕਾ ਸਕੱਤਰ ਸੁਖਦੇਵ ਸਿੰਘ, ਚੇਅਰਮੈਨ ਹਰਵੰਤ ਸਿੰਘ ਝਬਾਲ, ਮਾਨਕ ਸਿੰਘ ਝਬਾਲ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਸਾਬਕਾ ਵਾਈਸ ਚੇਅਰਮੈਨ ਗੁਰਬੀਰ ਸਿੰਘ ਝਬਾਲ , ਬਲਵਿੰਦਰ ਸਿੰਘ ਝਬਾਲ , ਪਰਮਜੀਤ ਸਿੰਘ ਮੁੰਡਾਪਿੰਡ, ਬਾਬਾ ਹਰਜਿੰਦਰ ਸਿੰਘ, ਤੇਗਾ ਸਿੰਘ ਸੋਹਲ, ਵਰਿੰਦਰ ਸਿੰਘ ਠੱਠਾ, ਸਰਪੰਚ ਮਨਜਿੰਦਰ ਸਿੰਘ ਐਮਾ, ਮਨਜੀਤ ਸਿੰਘ, ਰਮਨ ਝਬਾਲ, ਮਾ. ਗੁਰਬੀਰ ਸਿੰਘ ਐਮਾਂ, ਹਰਜੀਤ ਸਿੰਘ ਐਮਾਂ, ਆੜ੍ਹਤੀ ਸੁਖਦੇਵ ਸਿੰਘ ਖਾਲਸਾ ਐਮਾ, ਪ੍ਰਿੰਸੀਪਲ ਤਰਨਜੀਤ ਸਿੰਘ, ਪ੍ਰਿੰਸੀਪਲ ਜਗਰੂਪ ਕੌਰ , ਦਵਿੰਦਰ ਸਿੰਘ, ਗੁਰਿੰਦਰ ਸਿੰਘ , ਕਸ਼ਮੀਰ ਸਿੰਘ ਕੁੰਚਰ , ਗੁਰਜੀਤ ਸਿੰਘ ਪੰਜਵੜ , ਜਸਪਾਲ ਸਿੰਘ ਤੇ ਹੋਰ ਹਾਜ਼ਰ ਸਨ।

# ਸਵਰਾਜ ਸਿੰਘ ਸ਼ਾਮ ਸਮੇਤ ਚੀਫ ਖਾਲਸਾ ਦੀਵਾਨ ਦੇ ਤਿੰਨ ਨਵੇਂ ਮੈਂਬਰ ਨਿਯੁਕਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ ਖਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਇਕਬਾਲ ਸਿੰਘ, ਸਵਰਾਜ ਸਿੰਘ ਸ਼ਾਮ, ਅਮਰਦੀਪ ਸਿੰਘ ਮਰਵਾਹਾ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸੁਲਤਾਨਵਿੰਡ ਲਿੰਕ ਰੋਡ ਦੇ ਨਵੇਂ ਮੈਂਬਰਜ਼ ਇੰਚਾਰਜ ਨਿਯੁਕਤ ਕੀਤਾ ਗਿਆ। ਗੁਰੂ ਘਰ ਨਾਲ ਜੁੜੇ ਅਤੇ ਉਸਾਰੂ ਪ੍ਰਬੰਧਕ ਨੀਤੀਆਂ ਦੇ ਮਾਲਕ ਇਕਬਾਲ ਸਿੰਘ, ਸਵਰਾਜ ਸਿੰਘ ਸ਼ਾਮ, ਅਮਰਦੀਪ ਸਿੰਘ ਮਰਵਾਹਾ ਲੋਕ ਸੇਵਾ ਦੇ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਚੀਫ ਖਾਲਸਾ ਦੀਵਾਨ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਮੁੱਖ ਦਫਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ ਅਤੇ ਹੋਰਨਾਂ ਮੈਂਬਰ ਸਾਹਿਬਾਨ ਵੱਲੋਂ ਇਕਬਾਲ ਸਿੰਘ, ਸਵਰਾਜ ਸਿੰਘ ਸ਼ਾਮ, ਅਮਰਦੀਪ ਸਿੰਘ ਮਰਵਾਹਾ ਨੂੰ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਗੁਰੂ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਕੂਲ ਦੇ ਮੈਂਬਰ ਇੰਚਾਰਜ ਵਜੋਂ ਸੇਵਾਵਾਂ ਸੌਂਪੀਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਸੇਠੀ ਅਤੇ ਸਕੂਲ ਸਟਾਫ ਵੱਲੋਂ ਨਵੇਂ ਮੈਂਬਰ ਇੰਚਾਰਜ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਚੀਫ ਖਾਲਸਾ ਦੀਵਾਨ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਮੁੱਖ ਦਫਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਗੁਰਪ੍ਰੀਤ ਸਿੰਘ ਸੇਠੀ, ਇੰਦਰਜੀਤ ਸਿੰਘ ਅੜੀ, ਸਰਜੋਤ ਸਿੰਘ ਸਾਹਨੀ, ਹਰਿੰਦਰਪਾਲ ਸਿੰਘ ਸੇਠੀ, ਹਰਮਨਜੀਤ ਸਿੰਘ, ਰਮਣੀਕ ਸਿੰਘ, ਜਸਮੀਤ ਸਿੰਘ, ਹਰਪ੍ਰੀਤ ਸਿੰਘ, ਤਰਲੋਚਨ ਸਿੰਘ, ਗੁਰਬਖਸ਼ ਸਿੰਘ ਬੇਦੀ, ਵਰਿੰਦਰਪਾਲ ਸਿੰਘ ਕੋਚਰ ਆਦਿ ਮੈਂਬਰ ਸਾਹਿਬਾਨ ਸਮੇਤ ਸਕੂਲ ਪ੍ਰਿੰਸੀਪਲ ਅਤੇ ਸਟਾਫ ਹਾਜ਼ਰ ਸੀ।

# ਘਰਾਂ 'ਚੋਂ ਮੀਟਰ ਬਾਹਰ ਕੱਢਣ ਆਏ ਬਿਜਲੀ ਅਧਿਕਾਰੀ ਵਾਪਸ ਮੋੜੇ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਜਥੇਬੰਦੀ ਵੱਲੋਂ ਪਿੰਡ ਸਹਾਬਪੁਰ ਡਿਆਲ ਵਿਖੇ ਘਰਾਂ ਵਿਚੋਂ ਬਿਜਲੀ ਮੀਟਰ ਬਾਹਰ ਕੱਢਣ ਆਏ ਬਿਜਲੀ ਅਧਿਕਾਰੀ ਵਾਪਸ ਮੋੜੇ। ਪੀ.ਸੀ.ਆਰ.ਸੀ. ਦੇ ਨੋਟੀਫਿਕੇਸ਼ਨ ਦੀ ਧਾਰਾ 21.2 ਬੀ ਅਤੇ ਸੀ ਅਨੁਸਾਰ ਖਪਤਕਾਰਾਂ ਦੇ ਘਰਾਂ ਤੋਂ ਬਿਜਲੀ ਮੀਟਰ ਬਾਹਰ ਕੱਢਣ ਲਈ ਆਪਸੀ ਸਹਿਮਤੀ ਅਤੇ ਘਰਾਂ ਵਿਚ ਪੜ੍ਹਤ ਲਗਾਉਣ ਜ਼ਰੂਰੀ ਹੈ। ਪਾਵਰਕੌਮ ਜਬਰੀ ਘਰਾਂ 'ਚੋਂ ਮੀਟਰ ਬਾਹਰ ਨਹੀਂ ਕੱਢ ਸਕਦਾ। 2014 ਵਿਚ ਮੀਟਰਾਂ ਦੀ ਲੜਾਈ ਵਿਚ 33 ਕਿਸਾਨ, ਮਜ਼ਦੂਰ ਤੇ ਬੀਬੀਆਂ ਨੂੰ ਜੇਲ੍ਹ ਜਾਣਾ ਪਿਆ ਤਾਂ ਮੀਟਰਾਂ ਦੀ ਲੜਾਈ ਜਿੱਤੀ ਗਈ ਸੀ।

ਅੱਜ ਜ਼ੋਨ ਬਾਬਾ ਬੀਰ ਸਿੰਘ ਦੇ ਪਿੰਡ ਸਹਾਬਪੁਰ ਡਿਆਲ ਵਿਖੇ ਪਾਵਰਕਾਮ ਦੀ ਇਕ ਟੀਮ ਐਕਸੀਅਨ ਦੀ ਅਗਵਾਈ ਵਿੱਚ ਪਿੰਡ ਆਈ ਤੇ ਘਰਾਂ ਵਿਚੋਂ ਬਿਜਲੀ ਮੀਟਰ ਬਾਹਰ ਕੱਢਣੇ ਸ਼ੁਰੂ ਕਰ ਦਿੱਤੇ। ਇਸ ਘਟਨਾ ਦਾ ਪਤਾ ਜਦ ਕਿਸਾਨ ਆਗੂਆਂ ਨੂੰ ਲੱਗਾ ਤਾਂ ਉਸੇ ਵੇਲੇ ਸਾਰੇ ਕਿਸਾਨ, ਮਜ਼ਦੂਰ ਤੇ ਮੈਂਬਰ ਇਕੱਠੇ ਹੋ ਗਏ। ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ ਤੇ ਜ਼ੋਨ ਸਕੱਤਰ ਬਲਵਿੰਦਰ ਸਿੰਘ ਸੇਰੋਂ ਤੇ ਪਿੰਡ ਪ੍ਰਧਾਨ ਸੁਖਦੇਵ ਸਿੰਘ ਸਹਾਬਪੁਰ ਵੀ ਆ ਗਏ। ਉਨ੍ਹਾਂ ਦੀ ਅਗਵਾਈ ਵਿਚ ਬਿਜਲੀ ਅਧਿਕਾਰੀ ਦੇ ਵਿਰੋਧ ਵਿਚ ਪਿੰਡ ਵਾਸੀ ਵੀ ਧਰਨੇ ਉਤੇ ਬੈਠ ਗਏ। ਕਿਸਾਨ ਆਗੂਆਂ ਨੇ ਬਿਜਲੀ ਅਧਿਕਾਰੀ ਨੂੰ ਪੰਜਾਬ ਸਟੇਟ ਇਲੈਕਟ੍ਰਸਿਟੀ ਰੈਗੂਲੇਟਰੀ ਕਮਿਸ਼ਨ ਦੇ ਨੋਟੀਫਿਕੇਸ਼ਨ ਦੀ ਕਾਪੀ ਦਿਖਾਈ। ਇਸ ਨੋਟੀਫਿਕੇਸ਼ਨ ਦੀ ਕਾਪੀ ਦੇ ਅਧਾਰ ਉੱਤੇ ਅਧਿਕਾਰੀਆਂ ਨੂੰ ਕਿਸਾਨ ਆਗੂਆਂ ਨਾਲ ਸਹਿਮਤ ਹੋਣਾ ਪਿਆ ਤੇ ਵਾਪਸ ਮੁੜਨਾ ਪਿਆ।

ਇਸ ਮੌਕੇ ਅਵਤਾਰ ਸਿੰਘ, ਸਤਨਾਮ ਸਿੰਘ, ਸਕੱਤਰ ਸਿੰਘ ਅਮਰਜੀਤ ਸਿੰਘ, ਹਰਦੀਪ ਸਿੰਘ ਸਤਨਾਮ ਸਿੰਘ ਫੌਜੀ ਸਕੱਤਰ ਸਿੰਘ ਖਹਿਰਾ, ਗੁਰਸੇਵਕ ਸਿੰਘ ਬਲਦੇਵ ਸਿੰਘ ਜਸਪਾਲ ਕੌਰ, ਕਿਰਨਵੀਰ ਕੌਰ, ਬਲਵਿੰਦਰ ਕੌਰ, ਸ਼ਰਨਪ੍ਰੀਤ ਕੌਰ, ਪ੍ਰੀਤ ਬੇਗਮ, ਗੁਰਮੀਤ ਕੌਰ, ਰਜਵੰਤ ਕੌਰ, ਸਨਦੀਪ ਕੌਰ, ਸੁਖਰਾਜ ਕੌਰ ਰਾਜਦੀਪ ਕੌਰ, ਕਵਲਜੀਤ ਕੌਰ, ਨਿੰਦਰ ਕੌਰ ਅਜੀਤ ਕੌਰ ਅਤੇ ਸੁਖਰਾਜ ਕੌਰ ਆਦਿ ਹਾਜ਼ਰ ਸਨ।

# ਬਾਬਾ ਸਿਲਵਰਾ ਤੇ ਬਾਬਾ ਡੋਗਰ ਦੀ ਯਾਦ 'ਚ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਅੱਜ ਤੋਂ

ਗੁਰੂ ਕਾ ਬਾਗ, (ਹਰਦੀਪ ਜੌਹਲ)-ਪਿੰਡ ਝੰਡੇਰ ਵਿਖੇ ਸ਼ਹੀਦ ਬਾਬਾ ਸਿਲਵਰਾ ਅਤੇ ਸ਼ਹੀਦ ਬਾਬਾ ਡੋਗਰ ਦੀ ਯਾਦ 'ਚ ਦੋ ਰੋਜ਼ਾ ਸਾਲਾਨਾ ਜੋੜ ਮੇਲਾ 9-10 ਅਕਤੂਬਰ ਨੂੰ ਸਮੂਹ ਨਗਰ ਦੀਆਂ ਸੰਗਤਾਂ ਵੱਲੋਂ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਬ੍ਰਹਮ ਸਿੰਘ ਝੰਡੇਰ ਨੇ ਦੱਸਿਆ ਕਿ 9 ਅਕਤੂਬਰ ਨੂੰ ਨਾਮਵਰ ਪਹਿਲਵਾਨਾਂ ਦਰਮਿਆਨ ਕੁਸ਼ਤੀਆਂ ਦੇ ਮੁਕਾਬਲੇ ਕਰਵਾਏ ਜਾਣਗੇ, ਜਦਕਿ ਸ਼ਾਮ ਵੇਲੇ ਹੁਸ਼ਿਆਰਪੁਰ ਕਲੱਬ ਤੇ ਘਰਿਆਲਾ ਕਲੱਬ ਦੀਆਂ ਕਬੱਡੀ ਟੀਮਾਂ ਦੇ ਖਿਡਾਰੀਆਂ ਦੇ ਸ਼ੋਅ ਮੈਚ ਵੀ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ 10 ਅਕਤੂਬਰ ਨੂੰ ਖੁੱਲ੍ਹੇ ਅਖਾੜੇ ਰਾਹੀਂ ਪੰਜਾਬ ਦੇ ਨਾਮਵਰ ਕਲਾਕਾਰ ਕੰਵਰ ਗਰੇਵਾਲ ਅਤੇ ਰਾਣਾ ਪ੍ਰਤਾਪ ਵੱਲੋਂ ਖੁੱਲ੍ਹੇ ਅਖਾੜੇ ਰਾਹੀਂ ਆਪਣੇ ਚਰਚਿਤ ਗੀਤਾਂ ਦੁਆਰਾ ਸੋਰਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ।

# ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਬਾਬਾ ਬੁੱਢਾ ਸਾਹਿਬ ਜੀ ਦਾ ਸਾਲਾਨਾ ਜੋੜ ਮੇਲਾ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਬਾਬਾ ਸੰਤੋਖ ਸਿੰਘ ਦੀ ਅਗਵਾਈ ਹੇਠ ਦੂਸਰੇ ਦਿਨ ਵੱਖਰੇ ਤੌਰ 'ਤੇ ਮਨਾਇਆ ਗਿਆ। ਇਸ ਸਮੇਂ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਥੇ ਗੁਰੂ ਘਰ ਦੇ ਪ੍ਰਸਿੱਧ ਕਵੀਸ਼ਰ ਤੇ ਢਾਡੀ ਸਿੰਘਾਂ ਨੇ ਗੁਰੂ ਘਰ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਸਮੇਂ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲੇ, ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਚੇਅਰਮੈਨ ਲਖਬੀਰ ਸਿੰਘ ਬੁਰਜ, ਚੇਅਰਮੈਨ ਖਾਲੜਾ ਮਿਸ਼ਨ ਕਮੇਟੀ ਬਲਵਿੰਦਰ ਸਿੰਘ ਝਬਾਲ, ਬਾਬਾ ਸੁਖਦੇਵ ਸਿੰਘ ਮੱਲਾਂਵਾਲਾ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਮਹਿੰਦਰ ਸਿੰਘ ਪਤਾਸਿਆਂ ਵਾਲੇ, ਮੁਖਤਾਰ ਸਿੰਘ ਬਘਿਆੜੀ, ਸਾਬਕਾ ਸਰਪੰਚ ਮੋਤਾ ਸਿੰਘ ਬਘਿਆੜੀ, ਰਜਵੰਤ ਸਿੰਘ ਜੱਜ ਕਸੇਲ, ਗਿਆਨੀ ਨੱਥਾ ਸਿੰਘ, ਪ੍ਰਤਾਪ ਸਿੰਘ ਠੱਠਾ, ਮਨੋਹਰ ਸਿੰਘ, ਦਵਿੰਦਰ ਸਿੰਘ, ਜਗੀਰ ਸਿੰਘ, ਕਸ਼ਮੀਰ ਸਿੰਘ ਬਘਿਆੜੀ, ਬਹਾਲ ਸਿੰਘ ਗੱਗੋਬੂਹਾ, ਕੁਲਵੰਤ ਸਿੰਘ ਮਸਤਗੜ੍ਹ, ਕਾਲਾ ਕਲਸ, ਮਹਿਲ ਸਿੰਘ ਸਰਾਵਾਂ, ਗੁਰਨਾਮ ਸਿੰਘ ਚੜ੍ਹਦੀ ਕਲਾ, ਗੁਰਜਿੰਦਰ ਸਿੰਘ ਬਘਿਆੜੀ ਤੋਂ ਇਲਾਵਾ ਪਿੰਡ ਕਲੰਜਰ, ਸੋਹਲ, ਮਸਤਗੜ੍ਹ, ਐਮਾ, ਰਾਜੋਕੇ , ਝਬਾਲ, ਗੰਡੀਵਿੰਡ, ਛਾਪਾ, ਚੀਮੇ, ਹਵੇਲੀਆਂ, ਦੋਦੇ ਆਦਿ ਪਿੰਡਾਂ ਦੀਆਂ ਸੰਗਤਾਂ ਹਾਜ਼ਰ ਸਨ।

# 'ਆਪ' ਸਰਕਾਰ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲ ਦੇਵੇਗੀ: ਢੋਟੀਆਂ



ਨੌਸ਼ਹਿਰਾ ਪੰਨੂੰਆਂ (ਗੁਰਪ੍ਰੀਤ ਸਿੰਘ ਭਗਤ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨਾਲ ਜੋ ਵਾਅਦੇ ਕੀਤੇ ਸੀ ਉਨ੍ਹਾਂ ਨੂੰ ਦਿਨੋਂ ਦਿਨ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਬੀਰ ਸਿੰਘ ਕਾਲਾ ਢੋਟੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਨ ਸਰਕਾਰ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਸੀ ਉਨ੍ਹਾਂ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲ ਕੇ ਰੱਖ ਦੇਵੇਗੀ। ਉਨ੍ਹਾਂ ਕਿਹਾ ਕਿ ਪਿੰਡ ਢੋਟੀਆਂ ਵਿਚ ਜੋ ਗਲੀਆਂ-ਨਾਲੀਆਂ ਦਾ ਵਿਕਾਸ ਕੁਝ ਕਾਰਨਾਂ ਕਰਕੇ ਰੁਕਿਆ ਹੋਇਆ ਸੀ ਕੈਬਨਿਟ ਮੰਤਰੀ ਭੁੱਲਰ ਦੀ ਅਗਵਾਈ 'ਚ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜਸਬੀਰ ਸਿੰਘ ਢੋਟੀਆਂ, ਸੁਖ ਕੇਵਲ ਵਾਲਾ, ਤਰਸੇਮ ਸਿੰਘ, ਕਾਬਲ ਸਿੰਘ, ਮੇਜਰ ਸਿੰਘ, ਨਿਰਮਲ ਸਿੰਘ , ਸੁਖਵਿੰਦਰ ਸਿੰਘ, ਕੰਵਰਪਾਲ ਸਿੰਘ ਗਿੱਲ, ਜਗਤਾਰ ਸਿੰਘ ਫੌਜੀ ਅਤੇ ਆਮ ਆਦਮੀ ਪਾਰਟੀ ਦੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

# ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਵੇਕਲੀ ਪਹਿਲਕਦਮੀ



ਗੁਰਦਾਸਪੁਰ, (ਜਨਕ ਮਹਾਜਨ)-ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਹੋਰ ਨਿਵੇਕਲੀ ਪਹਿਲਕਦਮੀ ਕੀਤੀ ਜਾ ਰਹੀ ਹੈ। ਡੀਸੀ ਇਸ਼ਫ਼ਾਕ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਜ਼ਿਲ੍ਹਾ ਖੇਡ ਸੁਸਾਇਟੀ, ਗੁਰਦਾਸਪੁਰ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜੋ ਜ਼ਿਲ੍ਹੇ ਵਿੱਚ ਵੱਖ-ਵੱਖ ਖੇਡਾਂ ਦੀ ਲੀਗ ਕਰਵਾਏਗੀ। ਇਸੰ ਸਬੰਧ 'ਚ ਡੀਸੀ ਵੱਲੋਂ ਅੱਜ ਜ਼ਿਲ੍ਹਾ ਅਧਿਕਾਰੀਆਂ, ਸਕੂਲ-ਕਾਲਜ ਪ੍ਰਿੰਸੀਪਲਾਂ ਅਤੇ ਖੇਡ ਹਸਤੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ 'ਚ ਮੀਟਿੰਗ ਵਿੱਚ ਉਪਰੋਕਤ ਖੇਡ ਸੁਸਾਇਟੀ ਦੇ ਗਠਨ ਦਾ ਫੈਸਲਾ ਕੀਤਾ ਗਿਆ। ਡੀਸੀ ਨੇ ਕਿਹਾ ਕਿ ਇਸ ਖੇਡ ਸੁਸਾਇਟੀ ਵੱਲੋਂ ਜ਼ਿਲ੍ਹੇ ਵਿੱਚ ਆਈ. ਪੀ. ਐੱਲ. ਦੀ ਤਰਜ਼ 'ਤੇ ਜ਼ਿਲ੍ਹਾ ਲੀਗ ਕਰਵਾਈ ਜਾਵੇਗੀ ਜਿਸ ਵਿੱਚ ਫੁੱਟਬਾਲ, ਕ੍ਰਿਕਟ, ਵਾਲੀਬਾਲ ਅਤੇ ਹਾਕੀ ਦੀਆਂ ਖੇਡਾਂ ਨੂੰ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਨਵੰਬਰ ਵਿੱਚ ਵਾਲੀਬਾਲ ਖੇਡ ਦੀ ਲੀਗ ਕਰਵਾਈ ਜਾਵੇਗੀ ਜਿਸ ਵਿੱਚ ਲੜਕੇ ਅਤੇ ਲੜਕੀਆਂ ਦੇ ਅੰਡਰ-17 ਅਤੇ ਓਪਨ ਮੈਚ ਹੋਣਗੇ। ਉਨ੍ਹਾਂ ਜ਼ਿਲ੍ਹਾ ਉਦਯੋਗ ਮੈਨੇਜਰ ਅਤੇ ਜ਼ਿਲ੍ਹਾ ਅਟਾਰਨੀ ਨੂੰ ਹਦਾਇਤ ਕੀਤੀ ਹੈ ਕਿ ਉਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਜ਼ਿਲ੍ਹਾ ਖੇਡ ਸੁਸਾਇਟੀ, ਗੁਰਦਾਸਪੁਰ ਦੇ ਗਠਨ ਦੀ ਸਾਰੀ ਪ੍ਰਕਿਰਿਆ ਜਲਦੀ ਮੁਕੰਮਲ ਕਰ ਲੈਣ।

# ਮਿਲਾਵਟਖੋਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਜ਼ਿਲ੍ਹਾ ਸਿਹਤ ਅਫਸਰ



ਖਾਲੜਾ/ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜਿਵੇਂ ਜਿਵੇਂ ਦਿਵਾਲੀ ਦਾ ਤਿਉਹਾਰ ਨੇੜੇ ਆਉਦਾ ਜਾਂਦਾ ਹੈ ਉਵੇਂ ਉਵੇਂ ਹੀ ਕਸਬਾ ਖਾਲੜਾ, ਭਿੱਖੀਵਿੰਡ ਅਤੇ ਆਸਪਾਸ ਦੇ ਇਲਾਕੇ ਅੰਦਰ ਮਿਲਾਵਟ ਖੋਰਾਂ ਨੇ ਆਪਣੀਆਂ ਸਰਗਰਮੀਆਂ 'ਚ ਚੋਖਾ ਵਾਧਾ ਕਰ ਦਿੱਤਾ ਹੈ । ਦੱਸ ਦਈਏ ਕਿ ਹਲਵਾਈਆਂ ਵੱਲੋਂ ਖਾਣ ਪੀਣ ਦੀਆਂ ਵਸਤੂਆਂ ਵਿੱਚ ਮਿਲਾਵਟਖੋਰੀ ਕਰਨ ਲਈ ਮੰਗਵਾਈ ਗਏ ਖਾਧ ਪਦਾਰਥਾਂ ਨਾਲ ਮਠਿਆਈਆਂ ਤਿਆਰ ਕਰ ਵੱਡੇ ਪੱਧਰ 'ਤੇ ਸਟੋਰ ਭਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਹਿਸਾਬ ਨਾਲ ਜਾਣਕਾਰੀ ਪ੍ਰਾਪਤ ਹੋਈ ਹੈ ਜੇਕਰ ਪੜਤਾਲ ਕੀਤੀ ਜਾਵੇ ਤਾਂ ਪੂਰੇ ਤਰਨਤਾਰਨ 'ਚ ਇਹ ਇਲਾਕੇ ਘਟੀਆ ਮਠਿਆਈ ਦੀ ਵਿਕਰੀ ਵਿੱਚ ਨੰਬਰ ਇੱਕ 'ਤੇ ਹੋ ਸਕਦੇ ਹਨ। ਚਰਚਾ ਇਹ ਵੀ ਹੈ ਕਿ ਕਈ ਹਲਵਾਈਆਂ ਨੇ ਆਪਣੇ ਪੱਧਰ 'ਤੇ ਅਗਾਊਂ ਹੀ ਸਿਹਤ ਵਿਭਾਗ ਨਾਲ ਗੰਢ-ਤੁੱਪ ਕਰਨ ਲਈ ਵਿਚੋਲੀਏ ਲੱਭਣੇ ਸ਼ੁਰੂ ਕਰ ਦਿੱਤੇ ਹਨ ਤਾਂ ਕਿ ਚਲਦੇ ਕੰਮ 'ਚ ਦਿਵਾਲੀ ਵਾਲੇ ਦਿਨ ਕੋਈ ਵਿਘਨ ਨਾ ਪਵੇ। ਸੂਤਰਾਂ ਪਾਸੋਂ ਇਹ ਵੀ ਪਤਾ ਚੱਲਿਆ ਹੈ ਕਿ ਹਲਵਾਈ ਤਾ ਕਥਿਤ ਰੂਪ ਵਿੱਚ ਦੁੱਧ ਵੀ ਨਕਲੀ ਤਿਆਰ ਕਰ ਲੈਂਦੇ ਹਨ। ਅਜਿਹੇ ਦੁੱਧ ਤੋਂ ਹੀ ਆਉਣ ਵਾਲੇ ਦਿਨਾਂ 'ਚ ਖੋਆ, ਪਨੀਰ, ਦਹੀ, ਰਸਗੁੱਲੇ, ਗੁਲਾਬ ਜਾਮਣ ਤੇ ਕਈ ਪ੍ਰਕਾਰ ਦੀ ਬਰਫੀ ਤਿਆਰ ਕੀਤੀ ਜਾ ਸਕਦੀ ਹੈ। ਖਾਣ-ਪੀਣ ਦੀਆਂ ਚੀਜ਼ਾਂ, ਸਰ੍ਹੋਂ ਦਾ ਤੇਲ, ਨਕਲੀ ਦੇਸੀ ਘਿਉ ਦੀ ਵਿਕਰੀ ਪੂਰੇ ਜ਼ੋਰਾਂ 'ਤੇ ਹੋ ਰਹੀ ਹੈ। ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਮਿਲਾਵਟਖੋਰਾ ਖਿਲਾਫ ਉਚਿਤ ਕਾਰਵਾਈ ਜਲਦ ਤੋਂ ਜਲਦ ਕੀਤੀ ਜਾਵੇ। ਜਦੋਂ ਦੂਜੇ ਪਾਸੇ ਜ਼ਿਲ੍ਹਾ ਤਰਨਤਾਰਨ ਦੇ ਸਿਹਤ ਅਫਸਰ ਮੈਡਮ ਸੁਖਬੀਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਕੁਝ ਦਿਨ ਪਹਿਲਾਂ ਹੀ ਭਿੱਖੀਵਿੰਡ ਦੇ ਕੁਝ ਦੁਕਾਨਦਾਰਾਂ ਦੇ ਸੈਂਪਲ ਭਰ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਹੀ ਮਿਲਾਵਟਖੋਰੀ 'ਤੇ ਨੱਥ ਪਾਉਣ ਲਈ ਸੈਂਪਲ ਭਰੇ ਜਾਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਇਸ ਮਿਲਾਵਟਖੋਰੀ ਵਿੱਚ ਕੋਈ ਦੁਕਾਨਦਾਰ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

# 18ਵਾਂ ਦਸਤਾਰ ਤੇ ਦੁਮਾਲਾ ਮੁਕਾਬਲਾ ਚੜ੍ਹਦੀ ਕਲਾ 'ਚ ਸੰਪੰਨ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਇ-ਦਸਤਾਰ ਲਹਿਰ ਵੱਲੋਂ 18ਵਾਂ ਦਸਤਾਰ ਤੇ ਦੁਮਾਲਾ ਮੁਕਾਬਲਾ ਸਰਕਾਰੀ ਸਕੂਲ ਪਿੰਡ ਝਾਮਕਾ ਖੁਰਦ ਵਿਖੇ ਚੜ੍ਹਦੀ ਕਲਾ ਦੇ ਨਾਲ ਸੰਪੰਨ ਹੋਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਇਨ੍ਹਾਂ ਮੁਕਾਬਲਿਆਂ ਦੀ ਸੁਰੂਆਤ ਕੀਤੀ ਗਈ। ਉਮਰ ਦੇ ਹਿਸਾਬ ਨਾਲ ਗਰੁੱਪ ਬਣਾ ਕੇ ਲੜਕੇ ਅਤੇ ਲੜਕੀਆਂ ਵਿਚ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ। ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਪਾਉਣ ਵਾਲੇ ਜੇਤੂ ਬੱਚਿਆਂ ਨੂੰ ਸ਼ੀਲਡਾਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ। ਸਟੇਜ ਸੰਚਾਲਕ ਦੀ ਭੂਮਿਕਾ ਭਾਈ ਦਿਲਬਾਗ ਸਿੰਘ ਧਾਲੀਵਾਲ ਮੀਤ ਸਕੱਤਰ ਨੇ ਬਾਖੂਬੀ ਨਿਭਾਈ। ਸੁਸਾਇਟੀ ਦੇ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਭਾਈ ਨਿਰਮਲ ਸਿੰਘ ਸੁਰ ਸਿੰਘ ਜ਼ੋਨਲ ਇੰਚਾਰਜ ਭਿੱਖੀਵਿੰਡ, ਗਿਆਨੀ ਕਰਮ ਸਿੰਘ ਅਹਿਮਦਪੁਰ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿਰ ਸੋਹਣੀ ਦਸਤਾਰ ਹੋਵੇ, ਪੰਜ ਕੱਕਾਰੀ ਵਰਦੀ ਪਹਿਨੀ ਹੋਵੇ ਤੇ ਲੱਖਾਂ ਵਿਚੋਂ ਸਿੱਖ ਦੀ ਅਲੱਗ ਪਹਿਚਾਣ ਹੋ ਜਾਂਦੀ ਹੈ। ਇਸ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਉਨ੍ਹਾਂ ਦੀ ਹਾਜ਼ਰੀ ਵਿੱਚ ਦਸਤਾਰ ਕੋਚ ਹਰਪ੍ਰੀਤ ਸਿੰਘ ਪੱਟੀ, ਗੁਰਪ੍ਰੀਤ ਸਿੰਘ ਪੱਟੀ, ਪ੍ਰਭਜੀਤ ਸਿੰਘ ਮਾਨੋਚਾਹਲ, ਗਗਨਦੀਪ ਸਿੰਘ ਤਰਨਤਾਰਨ ਨੇ ਜੱਜਮੈਂਟ ਦੀ ਸੇਵਾ ਨੂੰ ਬਹੁਤ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਇਆ। ਮੁਕਾਬਲੇ ਵਿੱਚ ਬੱਚੀ ਸ਼ਹਿਨਾਜ਼ਦੀਪ ਕੌਰ ਨੇ ਗੁਰੂ ਦੀ ਇਲਾਹੀ ਬਾਣੀ ਦਾ ਜਿੱਥੇ ਰਸਭਿੰਨਾ ਕੀਰਤਨ ਕੀਤਾ ਉਥੇ ਨਾਲ ਹੀ ਜੋਸ਼ੀਲੇ ਢੰਗ ਨਾਲ ਕਵਿਤਾ ਸੁਣਾ ਕੇ ਸਭ ਦਾ ਮਨ ਮੋਹ ਲਿਆ। ਅਖੀਰ ਵਿੱਚ ਸਮੂਹ ਨੌਜਵਾਨਾਂ ਵੱਲੋਂ ਸੁਸਾਇਟੀ ਦੇ ਮੈਂਬਰ ਸਾਹਿਬਾਨ ਦਾ ਗੁਰੂ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

# ਮਾਤਾ ਗੁਜਰੀ ਮੈਮੋਰੀਅਲ ਸਕੂਲ 'ਚ ਮਹਾਰਿਸ਼ੀ ਵਾਲਮੀਕਿ ਜਯੰਤੀ ਮਨਾਈ




ਗੁਰਦਾਸਪੁਰ ਮਹਾਜਨ)-ਮਾਤਾ ਗੁਜਰੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਮਹਾਰਿਸ਼ੀ ਵਾਲਮੀਕਿ ਜਯੰਤੀ ਮਨਾਈ ਗਈ।

ਇਸ ਮੌਕੇ ਮਾਤਾ ਗੁਜਰੀ ਸੰਸਥਾਵਾਂ ਦੀ ਚੇਅਰਪਰਸਨ ਸ਼੍ਰਮਾ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਮਹਾਰਿਸ਼ੀ ਵਾਲਮੀਕਿ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਬਾਰੇ ਵਿੱਚ ਦੱਸਿਆ। ਮਹਾਰਿਸ਼ੀ ਵਾਲਮੀਕਿ ਜੀ ਦੇ ਪੋਸਟਰ ਬਣਾਏ ਅਤੇ ਕੁਝ ਬੱਚਿਆਂ ਨੇ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮਨਦੀਪ ਕੌਰ ਨੇ ਵੀ ਵਾਲਮੀਕਿ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਬਾਰੇ ਵਿੱਚ ਬੱਚਿਆਂ ਨੂੰ ਦੱਸਿਆ ਅਤੇ ਉਨ੍ਹਾਂ ਦੇ ਦੱਸੇ ਰਾਹ 'ਤੇ ਚੱਲਣ ਲਈ ਕਿਹਾ। ਇਸ ਮੌਕੇ ਸਕੂਲ ਸਟਾਫ ਨਵਪ੍ਰੀਤ ਕੌਰ, ਰੇਨੂ ਬਾਲਾ, ਰਾਜਵਿੰਦਰ ਕੌਰ, ਰਾਜਵੰਤ ਕੌਰ, ਅਮਿਤ ਕੁਮਾਰ, ਜਸਵੀਰ ਕੌਰ ਅਤੇ ਮਧੂਬਾਲਾ ਆਦਿ ਸ਼ਾਮਿਲ ਸਨ।

# ਜ਼ਮੀਨਾਂ ਖੋਹਣ ਦੀ ਬਜਾਏ 1978 ਵਾਂਗ ਮਾਲਕੀ ਦੇ ਹੱਕ ਦਿਉ : ਕਾਮਰੇਡ ਲੋਹਕਾ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਪਹਿਲੀ ਤੋਂ 6 ਅਕਤੂਬਰ ਤੱਕ ਮੰਗਾਂ ਸੰਬੰਧੀ ਲੋਕ ਸੰਪਰਕ ਮੁਹਿੰਮ ਪੂਰੀ ਕਰਕੇ 07 ਅਕਤੂਬਰ ਨੂੰ ਮੁੱਖ ਮੰਤਰੀ ਪੰਜਾਬ ਨੂੰ ਉਪ ਮੰਡਲ ਮੈਜਿਸਟਰੇਟ ਰਾਹੀਂ ਮੰਗ ਪੱਤਰ ਦੇਣ ਦੇ ਦਿੱਤੇ ਸੱਦੇ ਤਹਿਤ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਬ੍ਰਾਂਚ ਸਕੱਤਰਾਂ/ਜ਼ਿਲ੍ਹਾ ਕਮੇਟੀ ਮੈਂਬਰਾਂ ਵੱਲੋਂ ਰਾਜੇਸ਼ ਸ਼ਰਮਾ ਉਪ ਮੰਡਲ ਮੈਜਿਸਟ੍ਰੇਟ ਪੱਟੀ ਨੂੰ ਮੰਗ ਪੱਤਰ ਪੇਸ਼ ਕੀਤਾ। ਮੰਗ ਪੱਤਰ ਵਿਚ ਉਨ੍ਹਾਂ ਮੰਗ ਕੀਤੀ ਕਿ ਅਮਨ-ਕਾਨੂੰਨ ਦੀ ਸਥਿਤੀ ਬਹਾਲ ਕੀਤੀ ਜਾਵੇ, ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਦਾ ਮੁਆਵਜ਼ਾ ਦਿੱਤਾ ਜਾਵੇ , ਬਾਰਸ਼ ਨਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ, ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਜਾਣ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ , ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਗ਼ਰੀਬ ਕਿਸਾਨ ਅਬਾਦਕਾਰਾਂ ਤੋਂ ਜ਼ਮੀਨ ਖੋਹਣ ਦੀ ਬਜਾਏ ਸਾਲ 1978 ਦੀ ਵਾਂਗ ਉਨ੍ਹਾਂ ਨੂੰ ਮਾਲਕੀ ਹੱਕ ਦਿੱਤੇ ਜਾਣ , ਬੇਘਰੇ ਬੇਜ਼ਮੀਨੇ ਲੋਕਾਂ ਨੂੰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਅਤੇ ਮਕਾਨ ਬਣਾਉਣ ਵਾਸਤੇ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ , ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਪੰਚਾਇਤੀ ਜ਼ਮੀਨ ਵਿੱਚੋਂ ਕਾਨੂੰਨ ਅਨੁਸਾਰ ਬਣਦਾ ਹਿੱਸਾ ਠੇਕੇ ਤੇ ਦਿੱਤਾ ਜਾਵੇ, ਨਸ਼ਾ, ਰੇਤ ਤੇ ਬੱਜਰੀ ਮਾਫ਼ੀਆ ਨੂੰ ਨੱਥ ਪਾਈ ਜਾਵੇ, ਮਾਫੀਆ ਵਿਰੁੱਧ ਸੰਘਰਸ਼ ਕਰਨ ਵਾਲੇ ਲੋਕਾਂ ਤੇ ਬਣਾਏ ਝੂਠੇ ਮੁਕੱਦਮੇ ਵਾਪਸ ਲਏ ਜਾਣ , ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ ਘੱਟੋ-ਘੱਟ 200 ਦਿਨਾਂ ਦਾ ਕੰਮ ਅਤੇ 700 ਰੁਪਏ ਦਿਹਾੜੀ ਦਿੱਤੀ ਜਾਵੇ। ਇਸ ਮੌਕੇ ਸਿਟੀ ਬ੍ਰਾਂਚ ਦੇ ਸਕੱਤਰ ਕਾਮਰੇਡ ਬਲਬੀਰ ਸਿੰਘ ਲੋਹਕਾ, ਕਾਲਜ ਰੋਡ ਬ੍ਰਾਂਚ ਦੇ ਸਕੱਤਰ ਕਾ: ਪ੍ਰਗਟ ਸਿੰਘ ਪੱਟੀ, ਕਾਮਰੇਡ ਰਾਣਾ ਮਸੀਹ ਜ਼ਿਲ੍ਹਾ ਕਮੇਟੀ ਮੈਂਬਰ, ਕਾਮਰੇਡ ਰਤਨ ਸਿੰਘ ਮੋਬਾਈਲਾ ਵਾਲੇ, ਕਾਮਰੇਡ ਅਜੈ ਕੁਮਾਰ ਸ਼ਰਮਾ, ਕਾਮਰੇਡ ਪ੍ਰੀਤਮ ਸਿੰਘ ਸਬਜ਼ੀ ਵਾਲੇ ਅਤੇ ਕਾਮਰੇਡ ਮਹਿੰਦਰ ਸਿੰਘ ਸੰਧੂ ਆਦਿ ਹਾਜ਼ਰ ਸਨ ।

# ਸ਼ਹਿਰ ਦੇ ਮੁੱਖ ਚੌਕ ਤੋਂ ਟਰਾਂਸਫਾਰਮਰ ਬਦਲਣ ਸੰਬੰਧੀ ਟੀਮ ਨੇ ਲਿਆ ਜਾਇਜ਼ਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਸ਼ਹਿਰ ਦੇ ਮੁੱਖ ਚੌਕ ਵਿਚ ਵਿਕਾਸ ਅਤੇ ਮੁੱਖ ਚੌਕ ਨੂੰ ਸੁੰਦਰ ਕਰਨ ਲਈ ਬਹੁਤ ਚਿਰ ਤੋਂ ਅੜਿੱਕਾ ਬਣ ਰਹੇ ਟਰਾਂਸਫਾਰਮਰ ਨੂੰ ਇਸ ਮੁੱਖ ਚੌਕ ਤੋਂ ਤਬਦੀਲ ਕਰਕੇ ਕਿਸੇ ਹੋਰ ਜਗ੍ਹਾ ਤੇ ਸ਼ਿਫਟ ਕਰਨ ਸਬੰਧੀ ਅਜਨਾਲਾ ਸ਼ਹਿਰ ਦੇ ਆਪ ਦੇ ਸਰਗਰਮ ਆਗੂ ਪਵਿੱਤਰ ਸਿੰਘ ਫੈਂਸੀ ਦੀ ਅਗਵਾਈ ਅਤੇ ਪਾਵਰਕਾਮ ਦੇ ਡਵੀਜਨ ਐੱਸ.ਡੀ.ਓ. ਬਲਕਾਰ ਸਿੰਘ ਦੀ ਅਗਵਾਈ ਵਿਚ ਜਾਇਜ਼ਾ ਲਿਆ।

ਇਸ ਮੌਕੇ ਪਵਿੱਤਰ ਸਿੰਘ ਫੈਂਸੀ ਨੇ ਦੱਸਿਆ ਕਿ ਹਲਕਾ ਵਿਧਾਇਕ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਆਦੇਸ਼ਾ ਤੇ ਆਮ ਆਦਮੀ ਪਾਰਟੀ ਦੀ ਟੀਮ ਅਤੇ ਐਸ.ਡੀ.ਓ. ਬਿਜਲੀ ਬੋਰਡ ਸਾਂਝੇ ਤੌਰ ਤੇ ਮੁੱਖ ਬਜ਼ਾਰ ਵਿਚ ਟ੍ਰੈਫਿਕ ਸਮੱਸਿਆ ਨੂੰ ਮੁੱਖ ਰੱਖਦਿਆਂ ਟਰਾਂਸਫਾਰਮਰ ਨੂੰ ਕਿਸੇ ਹੋਰ ਜਗ੍ਹਾ ਬਦਲਣ ਬਾਰੇ ਸੋਚਿਆ ਹੈ। ਇਸ ਮੌਕੇ ਦੀਪਕ ਚੈਨਪੁਰੀਆ ਨੇ ਦੱਸਿਆ ਕਿ ਬਹੁਤ ਜਲਦ ਅਜਨਾਲੇ ਸ਼ਹਿਰ ਦੇ ਵਿਕਾਸ ਕਾਰਜ ਸ਼ੁਰੂ ਹੋਣ ਵਾਲੇ ਹਨ।

ਅਜਨਾਲਾ ਨੂੰ ਪੰਜਾਬ ਦੇ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਨੇ ਦੱਸਿਆ ਕਿ ਅਜਨਾਲੇ ਦੇ ਸ਼ਹਿਰ ਦੀਆ ਸੜ੍ਹਕਾਂ ਦੇ ਟੈਂਡਰ ਹੋ ਚੁੱਕੇ ਹਨ। ਬਹੁਤ ਹੀ ਜਲਦ ਅਜਨਾਲੇ ਦੀਆ ਸੜ੍ਹਕਾਂ ਵਿਚ ਸੁਧਾਰ ਹੋਵੇਗਾ। ਇਸ ਮੌਕੇ ਜੇ. ਈ. ਪਵਨ ਕੁਮਾਰ, ਅਮਰਦੀਪ ਸਿੰਘ, ਡਾ. ਅੰਮ੍ਰਿਤਪਾਲ ਸਿੰਘ ਬਾਠ ਅਤੇ ਡਾ. ਵਰਿੰਦਰ ਕੁਮਾਰ ਬੀਨੂੰ ਆਦਿ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਦਿਹਾਤੀ ਮਜ਼ਦੂਰ ਸਭਾ ਵੱਲੋਂ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਅੱਜ ਭਿੱਖੀਵਿੰਡ ਦੇ ਬਜ਼ਾਰ ਵਿੱਚ ਰੋਸ ਮਾਰਚ ਕਰਕੇ ਤਹਿਸੀਲਦਾਰ ਦਫਤਰ ਅੱਗੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਰੋਸ ਮਾਰਚ ਦੌਰਾਨ ਮਜ਼ਦੂਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਚਮਨ ਲਾਲ ਦਰਾਜਕੇ ਤੇਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਹੈ ਜਿਸ ਦੇ ਵਿਰੋਧ 'ਚ ਮਜ਼ਦੂਰ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਸੰਗਰੂਰ ਵਿਖੇ ਲੱਗੇ ਮੋਰਚੇ ਦੌਰਾਨ ਸੀ. ਐੱਮ. ਮਾਨ ਨੇ 3 ਅਕਤੂਬਰ ਨੂੰ ਮੀਟਿੰਗ ਕਰਕੇ ਮੰਗਾਂ ਮੰਨਣ ਦਾ ਵਿਸ਼ਵਾਸ ਦਿਵਾਇਆ ਸੀ ਪ੍ਰੰਤੂ ਬਾਅਦ ਵਿੱਚ ਮਾਨ ਨੇ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਮਜ਼ਦੂਰ ਵਿਰੋਧੀ ਸਰਕਾਰ ਹੈ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਚਮਨ ਲਾਲ ਦਰਾਜਕੇ ਨੇ ਸੂਬਾ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਨਹੀਂ ਮੰਨੀਆਂ ਗਿਆ ਤਾਂ ਜਥੇਬੰਦੀਆਂ ਵੱਲੋਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਿੰਦਰ ਚੱਕ, ਮਨਦੀਪ ਕਲਸੀ, ਬਿੱਟੂ ਨਾਰਲਾ, ਵਿਰਸਾ ਸਿੰਘ ਵਾਂ ਅਤੇ ਸ਼ਾਮ ਲਾਲ ਭਗਵਾਨਪੁਰਾ ਆਦਿ ਆਗੂ ਹਾਜ਼ਰ ਸਨ।

# ਟਰੈਫਿਕ ਐਜੂਕੇਸ਼ਨ ਸੈੱਲ ਨੇ ਸਕੂਲ 'ਚ ਸੈਮੀਨਾਰ ਲਾਇਆ



ਟਾਂਗਰਾ (ਲਾਡੀ ਮੱਲ੍ਹੀ)-ਐਕਸੀਡੈਂਟ ਨਾਲ ਜਾਂ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਅਤੇ ਵਧ ਰਹੇ ਨਸ਼ੇ /ਕਰਾਈਮ ਨੂੰ ਰੋਕਣ ਲਈ ਅੱਜ ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਟਰੈਫਿਕ ਐਜੂਕੇਸ਼ਨ ਸੈੱਲ ਨੇ ਸੰਤ ਐਗਨਿਸ ਕੌਨਵੈਂਟ ਸਕੂਲ ਪਾਖਰਪੁਰ 'ਚ ਐੱਸਐੱਸਪੀ ਸਵਪਨ ਸ਼ਰਮਾ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ, ਇੰਸਪੈਕਟਰ ਬਲਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏਐੱਸਆਈ ਕਮਲਜੀਤ ਅਤੇ ਟਰੈਫਿਕ ਮਾਰਸ਼ਲ ਸੁਰਜਨ ਸਿੰਘ ਨੇ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਦੇ ਮਾਤਾ-ਪਿਤਾ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਮਾਤਾ-ਪਿਤਾ ਨੂੰ ਕਿਹਾ ਕਿ ਆਪਣੇ ਬੱਚਿਆਂ ਨੂੰ ਸਮਝਾਉ ਕਿ ਸਕੂਲ ਆਉਂਦੇ-ਜਾਂਦੇ ਸਮੇਂ ਰਸਤੇ ਵਿੱਚ ਕਿਸੇ ਅਣਜਾਣ ਵਿਅਕਤੀ ਕੋਲੋਂ ਕੋਈ ਚੀਜ਼ ਲੈ ਕੇ ਨਾ ਖਾਣ। ਉਨ੍ਹਾਂ ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ੇ, ਕਰਾਈਮ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ। ਇਸ ਮੌਕੇ ਸਕੂਲ ਵਲੋਂ ਪੁਲਸ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਮੈਰੀ ਅਤੇ ਹੋਰ ਟੀਚਰ ਸਾਹਿਬਾਨ ਹਾਜ਼ਰ ਸਨ।

# ਖੇਤੀ ਮਾਹਿਰਾਂ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਤੇ ਪ੍ਰਦਰਸ਼ਨੀ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਹਾੜੀ ਦੀਆ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਅਜਨਾਲਾ ਵਿਖੇ ਲਗਾਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਲਈ ਖੁਸ਼ਹਾਲ ਕਿਸਾਨ ਵੱਡਾ ਮੁੱਦਾ ਹੈ ਅਤੇ ਅਸੀਂ ਖੇਤੀ ਨੂੰ ਮੁਨਾਫ਼ੇ ਵਿੱਚ ਲਿਆਉਣ ਲਈ ਕੰਮ ਕਰ ਰਹੇ ਹਾਂ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਖੇਤਾਂ ਨੂੰ ਬੰਜਰ ਨਾ ਕਰਨ ਬਲਕਿ ਇਹ ਰਹਿੰਦ-ਖੂੰਹਦ ਖੇਤ ਵਿਚ ਵਾਹ ਕੇ ਖੇਤ ਦੀ ਉਪਜਾਊ ਸ਼ਕਤੀ ਵਧਾਉਣ। ਉਨ੍ਹਾਂ ਕਿਹਾ ਕਿ ਇਸ ਵਾਰ ਅਸੀਂ ਮਨਰੇਗਾ ਤਹਿਤ ਵੀ ਪਰਾਲੀ ਇਕੱਠੀ ਕਰਨ ਦਾ ਕੰਮ ਕਰਾਂਗੇ ਤਾਂ ਜੋ ਕਿਸਾਨਾਂ ਦੀ ਬਾਂਹ ਫੜੀ ਜਾ ਸਕੇ। ਸ. ਧਾਲੀਵਾਲ ਨੇ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਕੇ ਨਗਦੀ ਵਾਲੀਆਂ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਮਾਨ ਸਰਕਾਰ ਹਰ ਵੇਲੇ ਤੁਹਾਡੇ ਨਾਲ ਹੈ ਅਤੇ ਤੁਸੀਂ ਸਰਕਾਰ ਨਾਲ ਮਿਲ ਕੇ ਪੰਜਾਬ ਨੂੰ ਮੁੜ ਤਰੱਕੀ ਦੇ ਰਸਤੇ ਉਤੇ ਪਾਉ। ਇਸ ਮੌਕੇ ਸੰਯੁਕਤ ਡਾਇਰੈਕਟਰ ਖੇਤੀਬਾੜੀ ਦਲਜੀਤ ਸਿੰਘ ਗਿੱਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਜਤਿੰਦਰ ਸਿੰਘ ਗਿੱਲ ਨੇ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨਾਂ ਨੂੰ ਜੀ ਆਇਆ ਆਖਿਆ। ਖੇਤੀ ਮਾਹਿਰਾਂ ਨੇ ਖਾਦਾਂ ਦੀ ਅੰਧਾ ਧੁੰਦ ਵਰਤੋਂ ਨੂੰ ਰੋਕਣ ਲਈ ਮਿੱਟੀ ਪਰਖ ਦੇ ਅਧਾਰ ਤੇ ਖਾਦਾਂ ਦੀ ਵਰਤੋਂ ਕਰਨ ਲਈ ਕਿਹਾ। ਇਸ ਕਿਸਾਨ ਮੇਲੇ ਵਿੱਚ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਮੱਛੀਪਾਲਣ, ਡੇਅਰੀ, ਭੂਮੀ ਰੱਖਿਆ ਵਿਭਾਗ, ਕੇ. ਵੀ. ਕੇ., ਖਾਦ, ਬੀਜ, ਦਵਾਈਆਂ, ਨਵੀਨਤਮ ਖੇਤੀ ਮਸ਼ੀਨਰੀ ਅਤੇ ਸੈਲਫ ਗਰੁਪਾਂ ਵੱਲੋਂ ਖੇਤੀ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਜਿਸ ਵਿੱਚ ਕਿਸਾਨਾਂ ਨੇ ਭਰਭੂਰ ਦਿਲਚਸਪੀ ਵਿਖਾਈ ਅਤੇ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਉੱਦਮੀ ਕਿਸਾਨਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ।

# ਐਮਾਜ਼ੋਨ ਨੇ ਪ੍ਰਾਈਮ ਫਰਾਈਡੇਜ਼ ਦਾ ਕੀਤਾ ਐਲਾਨ

ਚੰਡੀਗੜ੍ਹ:ਅਮੈਜ਼ਨ ਇੰਡੀਆ ਨੇ ਇਸ ਗ੍ਰੇਟ ਇੰਡੀਅਨ ਫੈਸਟੀਵਲ ਦਰਮਿਆਨ ਪ੍ਰਾਈਮ ਮੈਂਬਰਾਂ ਦੇ ਲਈ ਪ੍ਰਾਈਮ ਫਰਾਈਡੇਜ਼ ਲਾਂਚ ਕਰਨ ਦਾ ਐਲਾਨ ਕੀਤਾ ਹੈ। 7 ਅਕਤੂਬਰ ਤੋਂ ਪ੍ਰਾਈਮ ਮੈਂਬਰ ਸ਼ਾਨਦਾਰ ਆਫਰਾਂ, ਵੱਡੀਆਂ ਬੱਚਤਾਂ, ਸ਼੍ਰੇਣੀਆਂ ਵਿੱਚ ਖਰੀਦਦਾਰੀ ਦੇ ਲਾਭ, ਪ੍ਰਾਈਮ ਵੀਡੀਓ ਅਤੇ ਪ੍ਰਾਈਮ ਮਿਊਜ਼ਿਕ ਤੇ ਮਨੋਰੰਜਨ ਅਤੇ ਮਹੀਨਾ ਭਰ ਚੱਲਣ ਵਾਲੇ ਤਿਉਹਾਰਾਂ ਦੇ ਜਸ਼ਨਾਂ ਦੌਰਾਨ ਹੋਰ ਬਹੁਤ ਕੁਝ ਦਾ ਆਨੰਦ ਲੈ ਸਕਦੇ ਹਨ। ਪ੍ਰਾਈਮ ਫਰਾਈਡੇਜ਼ ਇੱਕੋ ਦਿਨ ਪ੍ਰਾਈਮ ਦੀਆਂ ਸਭ ਤੋਂ ਵਧੀਆ ਚੀਜ਼ਾਂ ਲੈ ਕੇ ਆਉਂਦਾ ਹੈ, ਜਿਸ 'ਚ ਪ੍ਰਾਈਮ ਮੈਂਬਰ ਸਮਾਰਟਫ਼ੋਨ, ਕੰਜ਼ਿਊਮਰ ਇਲੈਕਟ੍ਰਾਨਿਕਸ, ਟੀਵੀ, ਐਪਲਾਇੰਸਜ਼, ਐਮਾਜ਼ੋਨ ਡਿਵਾਈਸਾਂ, ਫੈਸ਼ਨ ਅਤੇ ਬਿਊਟੀ, ਘਰ ਅਤੇ ਰਸੋਈ, ਫਰਨੀਚਰ, ਰੋਜ਼ਾਨਾ ਜ਼ਰੂਰੀ ਚੀਜ਼ਾਂ ਅਤੇ ਹੋਰ ਬਹੁਤ ਕੁਝ ਸਮੇਤ ਕਈ ਸ਼੍ਰੇਣੀਆਂ ਵਿੱਚ ਬਹੁਤ ਸਾਰੀਆਂ ਦਿਲਚਸਪ ਆਫਰਾਂ ਅਤੇ ਬੱਚਤਾਂ ਦੀ ਉਡੀਕ ਕਰ ਸਕਦੇ ਹਨ। ਇਸਦੇ ਨਾਲ ਉਹ ਵਧੀ ਹੋਈ ਵਾਰੰਟੀ ਅਤੇ ਸਕ੍ਰੀਨ ਰਿਪਲੇਸਮੈਂਟ ਦੇ ਰੂਪ ਵਿੱਚ ਵਾਧੂ ਫਾਇਦੇ ਦੇ ਨਾਲ, ਨੋ-ਕਾਸਟ ਪ੍ਰਾਈਮ ਵੀਡੀਓ ਤੇ ਨਵੇਂ ਰਿਲੀਜ਼ ਅਤੇ ਟ੍ਰੇਲਰ, ਪ੍ਰਾਈਮ ਮਿਊਜ਼ਿਕ ਤੇ ਦੀਵਾਲੀ ਵਿਸ਼ੇਸ਼ ਪਲੇਲਿਸਟਾਂ, ਪ੍ਰਾਈਮ ਐਕਸਕਲੂਸਿਵ ਕੈਸ਼ਬੈਕ ਅਤੇ ਮੁਫਤ ਅਮੈਜ਼ਨ ਫੂਡ ਤੇ ਚੋਟੀ ਦੇ ਰੈਸਟੋਰੈਂਟਾਂ ਤੋਂ ਡਲਿਵਰੀ ਦਾ ਲਾਹਾ ਲੈ ਸਕਦੇ ਹਨ।

# ਭਗਵਾਨ ਵਾਲਮੀਕਿ ਸ਼ੋਭਾ ਯਾਤਰਾ ਦਾ ਮਜੀਠਾ ਵਿਖੇ ਨਿੱਘਾ ਸਵਾਗਤ



ਮਜੀਠਾ (ਸੋਇਮ ਆਨੰਦ)-ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਹਾੜੇ ਸਬੰਧੀ ਭਗਵਾਨ ਵਾਲਮੀਕਿ ਆਸ਼ਰਮ ਧੂਣਾ ਸਾਹਿਬ ਟਰੱਸਟ ਅੰਮ੍ਰਿਤਸਰ ਵੱਲੋਂ ਰਾਮ ਤੀਰਥ ਤੋਂ ਸਜਾਈ ਗਈ ਵਿਸ਼ਾਲ ਸ਼ੋਭਾ ਯਾਤਰਾ ਜਿਹੜੀ ਕਿ ਵੱਖ ਵੱਖ ਪਿੰਡਾਂ ਵਿਚੋਂ ਹੁੰਦੀ ਹੋਈ ਬੱਸ ਅੱਡਾ ਮਜੀਠਾ ਵਿਖੇ ਪੁੱਜੀ, ਦਾ ਵਾਲਮੀਕਿ ਸੁਧਾਰ ਸਭਾ ਪੰਜਾਬ ਦੀ ਮਜੀਠਾ ਇਕਾਈ ਵੱਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਾਰਦਿਕ ਸਵਾਗਤ ਕੀਤਾ ਗਿਆ।

ਸ਼ੋਭਾ ਯਾਤਰਾ ਦੀ ਰਹਿਨੁਮਾਈ ਭਗਵਾਨ ਵਾਲਮੀਕਿ ਆਸ਼ਰਮ ਧੂਣਾ ਸਾਹਿਬ ਦੇ ਗੱਦੀਨਸ਼ੀਨ ਸਤਿਗੁਰੂ ਮਲਕੀਤ ਨਾਥ ਵੱਲੋਂ ਕੀਤੀ ਗਈ ਜਿਨ੍ਹਾਂ ਨਾਲ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਵੀ ਸ਼ਾਮਲ ਸਨ। ਵਾਲਮੀਕਿ ਸੁਧਾਰ ਸਭਾ ਦੇ ਚੇਅਰਮੈਨ ਪੰਕਜ ਨਾਥ ਸ਼ੇਰਗਿੱਲ ਅਤੇ ਜਨਰਲ ਸਕੱਤਰ ਵੀਰ ਕਰਾਂਤੀ ਚੌਹਾਨ ਸਵਾਗਤ ਕਰਨ ਵਾਲਿਆਂ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

ਇਸ ਮੌਕੇ ਤਹਿਸੀਲਦਾਰ ਮਜੀਠਾ ਰਤਨਜੀਤ ਖੁੱਲਰ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸਕੱਤਰ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਨਗਰ ਕੌਂਸਲ ਮਜੀਠਾ ਦੇ ਸਾਬਕਾ ਪ੍ਰਧਾਨ ਕੌਂਸਲਰ ਤਰੁਨ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ, ਗੋਲਡੀ ਚੌਹਾਨ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਸ਼ਾਮਲ ਸਨ। ਪ੍ਰਬੰਧਕਾਂ ਨੇ ਸਤਿਗੁਰੂ ਮਲਕੀਤ ਨਾਥ, ਉਨ੍ਹਾਂ ਨਾਲ ਆਏ ਸੰਤਾਂ ਮਹਾਂਪੁਰਸ਼ਾਂ ਅਤੇ ਹੋਰ ਪਤਵੰਤਿਆਂ ਨੂੰ ਸਨਮਾਨਿਤ ਕੀਤਾ।

9-Oct Page-8.qxd 10/8/2022 9:52 PM Page 1



# ਪੇਂਡੂ ਮਜ਼ਦੂਰ ਯੂਨੀਅਨ ਦੇ ਵਿਰੋਧ ਕਾਰਨ ਕਬਜ਼ਾ ਲੈਣ ਕੋਈ ਵੀ ਅਧਿਕਾਰੀ ਨਾ ਬਹੁੜਿਆ



**ਕਰਤਾਰਪੁਰ, ( ਹਰਮੇਸ਼ ਦੱਤ )-** ਪ੍ਰਸ਼ਾਸਨ ਅਤੇ ਪੰਚਾਇਤ ਵਲੋਂ ਪਿੰਡ ਬੱਖੂ ਨੰਗਲ ਵਿਖੇ ਬੇਜਮੀਨੇ ਦਲਿਤ ਮਜਦੂਰਾਂ ਦੇ ਕਬਜੇ ਹੇਠਲੀ ਪੰਚਾਇਤੀ ਜਮੀਨ ਦਾ ਕਬਜਾ ਲੈ ਕੇ ਬੇਘਰੇ ਕਰਨ ਦੇ ਫੈਸਲੇ ਦਾ ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਕੀਤੇ ਜਾਣ ਵਾਲੇ ਵਿਰੋਧ ਦੇ ਕਾਰਨ ਕੋਈ ਵੀ ਅਧਿਕਾਰੀ ਪਲਾਟਾਂ ਵਾਲੀ ਜਮੀਨ ਵਿੱਚ ਨਹੀਂ ਬਹੁੜਿਆ। ਯੂਨੀਅਨ ਦੀ ਅਗਵਾਈ ਹੇਠ ਪੇਂਡੂ ਮਜਦੂਰ ਮੋਰਚਾ ਲਗਾ ਕੇ ਬੈਠੇ ਰਹੇ। ਇਸ ਮੌਕੇ ਯੂਨੀਅਨ ਵਲੋਂ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੇਂਡੂ ਮਜਦੂਰਾਂ ਵਲੋਂ ਬੜੀ ਜੱਦੋਜਹਿਦ ਕਰਕੇ ਪਹਿਲੀ ਪੰਚਾਇਤ ਪਾਸੋਂ ਗ੍ਰਾਮ ਸਭਾ ਅਜਲਾਸ ਕਰਵਾ ਕੇ ਬੇਘਰੇ ਅਤੇ ਬੇਜਮੀਨੇ ਕਿਰਤੀਆਂ ਨੂੰ 5-5 ਮਰਲੇ ਦੇ ਰਿਹਾਇਸ਼ੀ ਪਲਾਟ ਦੇਣ ਦਾ ਮਤਾ ਪਾਸ ਕਰਵਾਇਆ ਸੀ। ਪੇਂਡੂ ਧਨਾਢਾਂ, ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੇ ਗੱਠਜੋੜ ਬਣਾ ਕੇ ਮਤੇ ਅਨੁਸਾਰ ਪਲਾਟਾਂ ਦੀ ਅਲਾਟਮੈਂਟ ਨਹੀਂ ਹੋਣ ਦਿੱਤੀ। ਮਜਦੂਰਾਂ ਨੇ ਪੰਚਾਇਤੀ ਜਮੀਨ ਵਿੱਚ ਡੇਰੇ ਲਗਾ ਲਏ ਅਤੇ ਕੁੱਝ ਸਮਾਂ ਪਲਾਟਾਂ ਦੀ ਅਲਾਟਮੈਂਟ ਲਈ ਉਡੀਕ ਕਰਨ ਉਪਰੰਤ ਜਦੋਂ ਪ੍ਰਸ਼ਾਸਨ ਦੇ ਕੰਨਾਂ ਉੱਤੇ ਜੂੰਅ ਨਾ ਸਰਕੀ ਤਾਂ ਅੱਕੇ ਮਜਦੂਰਾਂ ਨੇ ਪੱਕੇ ਮਕਾਨ ਉਸਾਰ ਕੇ ਪੰਚਾਇਤੀ ਜਮੀਨ ਵਿੱਚ ਘਰ ਬਣਾ ਕੇ ਰਿਹਾਇਸ਼ ਕਰ ਲਈ। ਪਿੰਡ ਦੀ ਮੌਜੂਦਾ ਪੰਚਾਇਤ ਨੇ ਪਲਾਟ ਅਲਾਟ ਕਰਨ ਦੀ ਥਾਂ ਮਜਦੂਰਾਂ ਨੂੰ ਇਸ ਜਮੀਨ 'ਚੋਂ ਬੇਦਖਲ ਕਰਨ ਲਈ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ ਦੀ ਅਦਾਲਤ ਵਿੱਚ ਕੇਸ ਕਰ ਦਿੱਤਾ ਅਤੇ ਅਦਾਲਤ ਨੇ ਮਜਦੂਰਾਂ ਨੂੰ ਬੇਦਖਲ ਕਰਨ ਦਾ ਹੁਕਮ ਦੇ ਦਿੱਤਾ। ਬਦਲਾਅ ਦਾ ਨਾਹਰਾ ਦੇ ਕੇ ਸੱਤਾ ਵਿੱਚ ਆਈ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਪੰਚਾਇਤੀ ਜਮੀਨਾਂ ਤੋਂ ਨਜਾਇਜ ਕਬਜੇ ਛੁਡਵਾਉਣ ਦੇ ਕੀਤੇ ਐਲਾਨ ਦਾ ਲਾਹਾ ਲੈਂਦੇ ਹੋਏ ਪ੍ਰਸ਼ਾਸਨ ਤੇ ਪਿੰਡ ਦੇ ਮੌਜੂਦਾ ਪੰਚਾਇਤ ਨੇ 7 ਅਕਤੂਬਰ ਨੂੰ ਬੇਦਖਲੀ ਨੋਟਿਸ ਭੇਜ ਕਬਜਾ ਲੈਣ ਲਈ ਅੱਜ ਦਾ ਦਿਨ ਮੁਕੱਰਰ ਕੀਤਾ ਸੀ। ਹੋਣ ਵਾਲੇ ਉਜਾੜੇ ਦਾ ਡੱਟ ਕੇ ਵਿਰੋਧ ਕਰਨ ਦਾ ਯੂਨੀਅਨ ਨੇ ਐਲਾਨ ਕੀਤਾ। ਜਿਸ ਤਹਿਤ ਵੱਖ-ਵੱਖ ਪਿੰਡਾਂ ਤੋਂ ਪੇਂਡੂ ਮਜਦੂਰ ਬੱਖੂ ਨੰਗਲ ਦੇ ਕਿਰਤੀਆਂ ਦੀ ਪਿੱਠ 'ਤੇ ਆ ਖਲੋਤੇ ਪ੍ਰੰਤੂ ਮੌਕੇ ਉੱਤੇ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਨਹੀਂ ਪੁੱਜਾ। ਯੂਨੀਅਨ ਨੇ ਦੁਹਰਾਇਆ ਕਿ ਕਿਸੀ ਵੀ ਸੂਰਤ ਵਿੱਚ ਪੰਚਾਇਤੀ ਜਮੀਨ 'ਚੋਂ ਮਜਦੂਰਾਂ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ। ਪੇਂਡੂ ਅਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮਜਦੂਰ ਮੋਰਚੇ ਦੇ ਸੱਦੇ ਉੱਤੇ 10,11,12 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ-ਪਿੰਡ ਪੁਤਲੇ ਸਾੜਨ ਦਾ ਐਲਾਨ ਕੀਤਾ ਗਿਆ । ਇਸ ਮੌਕੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਯੂਨੀਅਨ ਦੇ ਤਹਿਸੀਲ ਸਕੱਤਰ ਅਮਰੀਕ ਸਿੰਘ ਬੂਲੇਵਾਲ, ਮੀਤ ਪ੍ਰਧਾਨ ਪ੍ਰਵੀਨ ਢਿੱਲਵਾਂ ਤੇ ਕੇ.ਐੱਸ. ਅਟਵਾਲ, ਜੁਆਇੰਟ ਸਕੱਤਰ ਸਰਬਜੀਤ ਕੌਰ ਕੁੱਦੋਵਾਲ, ਪਰਮਜੀਤ ਕੌਰ ਮੀਕੋ ,ਜਸਵੀਰ ਗੋਰਾ ਆਦਿ ਨੇ ਸੰਬੋਧਨ ਕੀਤਾ।

# ਭਾਕਿਯੂ (ਏਕਤਾ-ਉਗਰਾਹਾਂ) ਨਾਲ ਮੁੱਖ ਮੰਤਰੀ ਦੀ ਮੀਟਿੰਗ 'ਚ ਕਈ ਮੰਗਾਂ 'ਤੇ ਸਹਿਮਤੀ

**ਚੰਡੀਗੜ੍ਹ ( ਗੁਰਜੀਤ ਬਿੱਲਾ)** ਪੰਜਾਬ ਭਵਨ ਵਿਖੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂਆਂ ਨਾਲ ਲਗਭਗ ਢਾਈ ਘੰਟੇ ਚੱਲੀ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੇਸ਼ੱਕ ਕਈ ਮੁੱਖ ਮੰਗਾਂ 'ਤੇ ਸਹਿਮਤੀ ਜਾਹਰ ਕੀਤੀ ਗਈ ਪ੍ਰੰਤੂ ਆਗੂਆਂ ਵੱਲੋਂ ਇਹ ਮੰਗਾਂ ਲਾਗੂ ਕੀਤੇ ਜਾਣ ਤੱਕ 9 ਅਕਤੂਬਰ ਤੋਂ ਸੰਗਰੂਰ ਵਿਖੇ ਉਨ੍ਹਾਂ ਦੀ ਕੋਠੀ ਅੱਗੇ ਲਾਇਆ ਜਾਣ ਵਾਲਾ ਪੱਕਾ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਕਿਸਾਨ ਵਫਦ ਦੀ ਅਗਵਾਈ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕੀਤੀ ਅਤੇ ਸੁਖਦੇਵ ਸਿੰਘ ਕੋਕਰੀ ਕਲਾਂ, ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ ਤੇ ਜਗਤਾਰ ਸਿੰਘ ਕਾਲਾਝਾੜ ਸਾਮਲ ਸਨ। ਮੀਟਿੰਗ ਤੋਂ ਬਾਅਦ ਮੀਡੀਆ ਕਰਮੀਆਂ ਨਾਲ ਗੱਲਬਾਤ ਸਮੇਂ ਉਗਰਾਹਾਂ ਨੇ ਦੱਸਿਆ ਕਿ ਮਾਨ ਨੇ ਭਰੋਸਾ ਦਿੱਤਾ ਕਿ ਪਿਛਲੇ ਸਾਲ ਤੇ ਐਤਕੀਂ ਗੁਲਾਬੀ ਸੁੰਡੀ, ਨਕਲੀ ਦਵਾਈਆਂ,ਮਾਰੂ ਰੋਗਾਂ, ਗੜੇਮਾਰੀ ਤੇ ਭਾਰੀ ਮੀਂਹਾਂ ਕਾਰਨ ਹੋਏ ਫਸਲੀ ਅਤੇ ਜਾਨੀ ਮਾਲੀ ਨੁਕਸਾਨ ਦਾ ਰਹਿੰਦਾ ਮੁਆਵਜਾ ਕਾਸ਼ਤਕਾਰ ਕਿਸਾਨਾਂ ਤੇ ਖੇਤ ਮਜਦੂਰਾਂ ਨੂੰ ਜਲਦੀ ਹੀ ਵੰਡ ਦਿੱਤਾ ਜਾਵੇਗਾ। ਹੱਕਦਾਰ ਖੇਤ ਮਜਦੂਰਾਂ ਦੀ ਸ਼ਨਾਖਤ ਸੰਬੰਧਿਤ ਅਧਿਕਾਰੀਆਂ ਵੱਲੋਂ ਪਿੰਡਾਂ ਦੇ ਆਮ ਇਕੱਠ ਸੱਦ ਕੇ ਕੀਤੀ ਜਾਵੇਗੀ। ਧਰਤੀ ਹੇਠਲੇ ਅਤੇ ਦਰਿਆਈ ਪਾਣੀਆਂ ਨੂੰ ਕਾਰਪੋਰੇਟਾਂ ਹਵਾਲੇ ਕਰਨ ਵਾਲੀ ਸੰਸਾਰ ਬੈਂਕ ਦੀ ਜਲ ਨੀਤੀ ਨੂੰ ਲਾਗੂ ਨਾ ਕਰਨ ਅਤੇ ਪ੍ਰਦੂਸਣ ਦਾ ਗੜ੍ਹ ਬਣੀ ਜੀਰਾ ਫੈਕਟਰੀ ਬਾਰੇ ਭਰੋਸਾ ਦਿੱਤਾ ਕਿ ਇਸ ਦਾ ਤਸੱਲੀਬਖਸ਼ ਹੱਲ ਜਲਦੀ ਕੀਤਾ ਜਾਵੇਗਾ। ਮੀਂਹਾਂ ਦੇ ਪਾਣੀ ਅਤੇ ਵਾਧੂ ਦਰਿਆਈ ਪਾਣੀ ਦੀ ਧਰਤੀ ਵਿੱਚ ਮੁੜ-ਭਰਾਈ ਬਾਰੇ ਠੋਸ ਕਾਰਜ ਵਿਉਂਤ ਬਣਾਉਣ ਦਾ ਭਰੋਸਾ ਦਿੱਤਾ ਗਿਆ। ਸੰਘਰਸ਼ਸ਼ੀਲ ਕਿਸਾਨਾਂ ਮਜਦੂਰਾਂ ਅਤੇ ਪਰਾਲੀ ਸਾੜਨ ਲਈ ਮਜਬੂਰ ਕਿਸਾਨਾਂ ਸਿਰ ਮੜ੍ਹੇ ਪੁਲਸ ਕੇਸ ਵਾਪਸ ਲੈਣ ਸੰਬੰਧੀ ਲਿਸਟਾਂ ਦਿੱਤੀਆਂ ਗਈਆਂ ਅਤੇ ਹੋਰ ਬਾਕੀ ਰਹਿੰਦੇ ਕੇਸਾਂ ਨੂੰ ਜਲਦੀ ਵਾਪਸ ਲੈਣ ਖਾਤਰ ਉਨ੍ਹਾਂ ਦੀਆਂ ਲਿਸਟਾਂ ਭੇਜਣ ਲਈ ਕਿਸਾਨ ਆਗੂਆਂ ਨੂੰ ਕਿਹਾ ਗਿਆ। ਭਾਰਤ ਮਾਲਾ ਹਾਈਵੇ ਪ੍ਰਾਜੈਕਟ ਵਾਸਤੇ ਜਬਤ ਕੀਤੀਆਂ ਜਾ ਰਹੀਆਂ ਜਮੀਨਾਂ ਦੇ ਮੁਆਵਜੇ ਕਿਸਾਨਾਂ ਦੀ ਸਹਿਮਤੀ ਅਨੁਸਾਰ ਅਦਾ ਕਰਵਾਉਣ ਲਈ ਹਾਈਵੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਵਾਈ ਜਾਵੇਗੀ।

ਆਪਣੀ ਜਮੀਨ ਨੂੰ ਪੱਧਰ ਕਰਨ ਲਈ ਮਿੱਟੀ ਚੁੱਕਣ 'ਤੇ ਮਾਈਨਿੰਗ ਕਾਨੂੰਨ ਲਾਗੂ ਨਹੀਂ ਹੋਵੇਗਾ। ਆਬਾਦਕਾਰਾਂ ਨੂੰ ਕਾਬਜ ਜਮੀਨਾਂ ਦੇ ਮਾਲਕੀ ਹੱਕ ਦੇਣ ਲਈ ਕੁਲੈਕਟਰ ਰੇਟ ਮੁਤਾਬਕ ਸੰਭਵ ਹੋਇਆ ਤਾਂ ਕਿਸ਼ਤਾਂ ਵਿੱਚ ਅਦਾਇਗੀ ਲੈ ਕੇ ਮਾਲਕੀ ਹੱਕ ਦਿੱਤੇ ਜਾਣਗੇ। ਝੋਨੇ ਦਾ ਦਾਣਾ ਦਾਣਾ ਬਿਨਾਂ ਸ਼ਰਤ ਐੱਮ ਐੱਸ ਪੀ 'ਤੇ ਖਰੀਦਿਆ ਜਾਵੇਗਾ। ਮਜਬੂਰੀ ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਸਖਤੀ ਵਾਲੀ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਅਗਲੇ ਸਾਲ ਮੱਕੀ ਮੂੰਗੀ ਗੁਆਰੀ ਬਾਸਮਤੀ ਆਦਿ ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ ਦੀ ਗਰੰਟੀ ਕਰਨ ਦੀ ਸਕੀਮ ਬਣਾਈ ਜਾਵੇਗੀ। ਲੰਪੀ ਸਕਿਨ ਬਿਮਾਰੀ ਨਾਲ ਮਰੀਆਂ ਗਊਆਂ ਦਾ ਢੁੱਕਵਾਂ ਮੁਆਵਜਾ ਦਿੱਤਾ ਜਾਵੇਗਾ ਅਤੇ ਦੁੱਧ ਦੇ ਰੇਟ ਵੀ ਵਧਾਏ ਜਾਣਗੇ। ਨਹਿਰੀ ਪਾਣੀ ਹਰ ਖੇਤ ਤੱਕ ਪੁੱਜਦਾ ਕਰਨ ਬਾਰੇ ਵੀ ਵਿਸਥਾਰਤ ਨੀਤੀ ਬਣਾਈ ਜਾਵੇਗੀ ਅਤੇ ਭੰਗਾਲਾ ਪਿੰਡ ਦੇ 1300 ਏਕੜ ਨਹਿਰੀ ਪਾਣੀ ਦਾ ਮਸਲਾ ਹੱਲ ਕੀਤਾ ਜਾਵੇਗਾ। ਜਥੇਬੰਦੀ ਦੀ ਮੰਗ ਅਨੁਸਾਰ 23 ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ ਦੀ ਕਾਨੂੰਨੀ ਗਰੰਟੀ ਕਰਨ, ਬਿਜਲੀ ਬਿੱਲ 2021 ਰੱਦ ਕਰਨ, ਲਖੀਮਪੁਰ ਖੀਰੀ ਕਤਲਕਾਂਡ ਦੇ ਸਹੀਦਾਂ ਦੇ ਵਾਰਸਾਂ ਨਾਲ ਇਨਸਾਫ ਸੰਬੰਧੀ ਮੰਗਾਂ, ਦਿੱਲੀ ਮੋਰਚੇ ਸਮੇਂ ਮੜ੍ਹੇ ਪੁਲਿਸ ਕੇਸਾਂ ਦੀ ਵਾਪਸੀ, ਜਮੀਨੀ ਬੈਂਕ ਦੀ ਕਾਰਪੋਰੇਟ ਨੀਤੀ, ਰੱਦ ਕਰਕੇ ਸਾਂਝੀਆਂ/ਪੰਚਾਇਤੀ ਜਮੀਨਾਂ 'ਚੋਂ ਰੋਜੀ ਰੋਟੀ ਕਮਾ ਰਹੇ ਬੇਜਮੀਨੇ/ਥੁੜਜਮੀਨੇ ਕਿਸਾਨਾਂ ਮਜਦੂਰਾਂ ਨੂੰ ਅਲਾਟ ਕਰਨ ਵਰਗੀਆਂ ਕੇਂਦਰ ਸਰਕਾਰ ਨਾਲ ਸੰਬੰਧਤ ਮੰਗਾਂ ਪ੍ਰਧਾਨ ਮੰਤਰੀ ਦਫਤਰ ਤੱਕ ਪੁੱਜਦੀਆਂ ਕਰਨ ਦਾ ਵਾਅਦਾ ਕੀਤਾ ਗਿਆ। ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਮੀਟਿੰਗ ਚੰਗੇ ਉਸਾਰੂ ਮਾਹੌਲ ਵਿੱਚ ਹੋਈ ਪ੍ਰੰਤੂ ਕਈ ਮਹੀਨੇ ਪਹਿਲਾਂ ਵੀ ਫਸਲਾਂ ਦੇ ਮੁਆਵਜੇ ਅਤੇ ਕੇਸਾਂ ਦੀ ਵਾਪਸੀ ਸੰਬੰਧੀ ਕੀਤੇ ਗਏ ਵਾਅਦੇ ਵਿੱਚੇ ਲਟਕਦੇ ਹੋਣ ਕਾਰਨ ਹੁਣ ਵਾਲੇ ਵਾਅਦੇ ਲਾਗੂ ਕੀਤੇ ਜਾਣ ਤੱਕ ਤਹਿਸੁਦਾ ਸੰਘਰਸ ਜਾਰੀ ਰੱਖਿਆ ਜਾਵੇਗਾ।

# ਪਹਿਲਵਾਨ ਗਿੰਦਾ ਦੀ ਯਾਦ ਨੂੰ ਸਮਰਪਿਤ ਪਹਿਲਾ ਛਿੰਝ ਮੇਲਾ ਕਰਵਾਇਆ



**ਬਿਲਗਾ (ਵਿਜੇ ਕੁਮਾਰ)**—ਨਗਰ ਬਿਲਗਾ ਦੇ ਨਜਦੀਕ ਉਦਾਸੀਨ ਡੇਰਾ ਧੰਨ ਧੰਨ ਬਾਬਾ ਬਸਾਊ ਜੀ ਪਿੰਡ ਫਰਵਾਲਾ ਵਿਖੇ ਸਵ: ਬਲਵਿੰਦਰ ਸਿੰਘ ਗਿੰਦਾ ਪਹਿਲਵਾਨ ਨੂੰ ਸਮਰਪਿਤ ਪਹਿਲਾ ਛਿੰਝ ਮੇਲਾ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਹਿਲਵਾਨਾਂ ਨੇ ਹਿੱਸਾ ਲਿਆ। ਅਮਰਜੀਤ ਸਿੰਘ ਸਮਰਾ ਸਾਬਕਾ ਕੈਬਨਿਟ ਮੰਤਰੀ ਦਾ ਇਸ ਛਿੰਝ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚਣ 'ਤੇ ਮਹੰਤ ਬਾਬਾ ਬਲਵਿੰਦਰ ਦਾਸ, ਅਮਨਦੀਪ ਸਿੰਘ ਫਰਵਾਲਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਛਿੰਝ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਪਟਕੇ ਦੀ ਕੁਸ਼ਤੀ ਬੱਗਾ ਨਾਗਰਾ ਅਤੇ ਅਮਿਤ ਭਰੋਵਾਲ ਵਿਚਕਾਰ ਹੋਈ ਜਿਸ ਵਿੱਚ ਬੱਗਾ ਨਾਗਰਾ ਨੇ ਜਿੱਤ ਪ੍ਰਾਪਤ ਕਰਕੇ ਪਟਕੇ ਦਾ ਪਹਿਲਾ ਇਨਾਮ ਜਿੱਤਿਆ। ਸਾਰੀਆਂ ਹੀ ਕੁਸ਼ਤੀਆਂ ਵਧੀਆ ਤੇ ਕਾਂਟੇਦਾਰ ਹੋਈਆਂ। ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਛਿੰਝ ਮੇਲੇ ਵਿੱਚ ਮਾਹਣਾ ਭਲਵਾਨ ਬਿਲਗਾ,ਦਰਸ਼ਨ ਸਿੰਘ ਕੰਦੋਲ੍ਹਾ,ਮਸਤ ਉੱਪਲਾਂ ,ਮੇਜਰ ਸਿੰਘ ਰਾਮੇਵਾਲ ਦਾ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮਹਿਮਾਨ ਗੁਰਦਿੱਤ ਸਿੰਘ ਲਾਲੀ ਚੈਅਰਮੈਨ ਕੋਆਪ੍ਰੇਟਿਵ ਬੈਂਕ ਜਲੰਧਰ, ਦਰਸ਼ਨ ਸਿੰਘ ਟਾਹਲੀ ਜ਼ਿਲ੍ਹਾ ਕਾਂਗਰਸ ਪ੍ਰਧਾਨ, ਮਹਿਤਾਬ ਸਿੰਘ ਲਾਲੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਗੁਰਨਾਮ ਸਿੰਘ ਰਾਏ, ਰਾਮ ਸਿੰਘ ਫਰਵਾਲਾ,ਅਵਤਾਰ ਸਿੰਘ ਸਮਸਾਬਾਦ ਸਰਪੰਚ, ਰੁਪਿੰਦਰ ਸਿੰਘ ਭਿੰਦਾ ਸਰਪੰਚ ਲਿੱਤਰਾਂ,ਪਰਮਿੰਦਰ ਸਿੰਘ ਵਾਈਸ ਪ੍ਰਧਾਨ ਨਗਰ ਪੰਚਾਇਤ ਬਿਲਗਾ,ਰਜਨੀਸ਼ ਗੌਤਮ ਸਰਪੰਚ, ਤਲਜੀਤ ਸਿੰਘ ਢੇਸੀ ਸਾਬਕਾ ਸਰਪੰਚ, ਕਿੰਦਾ ਨਾਗਰਾ ਪੰਚ,ਚੌਧਰੀ ਨਵਤੇਜ ਸਿੰਘ ਸੀਨੀਅਰ ਕਾਂਗਰਸੀ ਆਗੂ,ਬਿੱਲਾ ਸਰੀਂਹ, ਅੰਮ੍ਰਿਤਪਾਲ ਸਿੰਘ, ਕੁਲਦੀਪ ਸਿੰਘ ਸਰਪੰਚ, ਕਮਲੇਸ਼ ਚੰਦ ਸਾਬਕਾ ਸਰਪੰਚ, ਚੂਹੜ ਸਿੰਘ, ਮਨਪ੍ਰੀਤਉਦੋਵਾਲ ਸਰਪੰਚ, ਬਲਦੇਵ ਸਿੰਘ ਖਾਲਸਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਪਹਿਲਵਾਨਾਂ ਨੂੰ ਵੀ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਯੂਨਾਈਟਿਡ ਇੰਡੀਆ ਫੇਸਟ 'ਚ ਇੱਕ ਹੀ ਥਾਂ 'ਤੇ ਵੇਖਣ ਨੂੰ ਮਿਲਿਆ ਭਾਰਤੀ ਸੱਭਿਆਚਾਰ ਦਾ ਹਰ ਰੰਗ




**ਜਲੰਧਰ -(ਸੈਲੀ ਐਲਬਰਟ)-** ਹਜ਼ਾਰਾਂ ਵਿਦਿਆਰਥੀਆਂ ਵਿੱਚ ਭਾਰਤੀ ਏਕਤਾ ਦਾ ਪ੍ਰਤੀਕ ਬਣਨ ਲਈ ਸੀਟੀ ਇੰਸਟੀਚਿਊਟ ਵੱਲੋਂ ਯੂਨਾਈਟਿਡ ਇੰਡੀਆ ਫੇਸਟ 2022 ਦਾ ਆਯੋਜਨ ਕਰਵਾਇਆ ਗਿਆ। ਇਸ ਵਿੱਚ ਵੱਖ-ਵੱਖ ਰਾਜਾਂ ਦਾ ਨਾਚ ਅਤੇ ਸਭਿਆਚਾਰ ਪੇਸ਼ ਕੀਤਾ ਗਿਆ। ਭਾਰਤ ਦੇ ਰਾਜ ਦਾ ਹਰ ਰੰਗ ਦੇਖਣ ਲਈ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਤਾਨਿਕਾ ਸਿੰਘ, ਡਿਪਟੀ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ,ਰਿਸਰਚ ਐਂਡ ਇਨੋਵੇਸ਼ਨ ਦੇ ਡਾਇਰੈਕਟਰ ਡਾ. ਜਸਦੀਪ ਕੌਰ ਧਾਮੀ, ਜਿਮਖਾਨ ਕਲਬ ਦੀ ਪ੍ਰੈਜ਼ਿਡੇਂਟ ਪ੍ਰਿਤੀ ਬਾਜਵਾ, ਰੇਡਿਓ ਸਿਟੀ ਦੇ ਸੀਮਾ ਸੋਨੀ, ਆਰਜੇ ਸੈਂਡੀ , ਸੀਟੀ ਆਈਐੱਚਐਮ ਦੇ ਵਾਇਸ ਪ੍ਰਿੰਸੀਪਲ ਦਿਵੋਯ ਛਾਬੜਾ ਮੌਜੂਦ ਸਨ। ਯੂਨਾਈਟਿਡ ਇੰਡੀਆ ਫੇਸਟ 2022 ਵਿੱਚ ਵੱਖ-ਵੱਖ ਰਾਜਾਂ ਜਿਵੇਂ ਜੰਮੂ ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼, ਗੁਜਰਾਤ, ਕੇਰਲਾ, ਹਿਮਾਚਲ ਪ੍ਰਦੇਸ਼, ਬਿਹਾਰ, ਮਿਜ਼ੋਰਮ, ਵੈਸਟ ਬੰਗਾਲ, ਸਿੱਕਮ ਅਤੇ ਯੂਪੀ ਸ਼ਾਮਿਲ ਸਨ। ਵਿਦਿਆਰਥੀਆਂ ਨੇ 11 ਵੱਖ-ਵੱਖ ਰਾਜਿਆਂ ਦੇ ਆਮ ਨਾਂਚ, ਗੀਤ, ਭਾਰਤੀ ਖੇਤਰੀ ਪਕਵਾਨਾਂ, ਪੁਰਾਤੱਤਵ ਵਸਤੂਆਂ, ਆਰਕੀਟੈਕਚਰ ਡਿਜ਼ਾਈਨ, ਜੰਗਲੀ ਜੀਵਨ, ਸਭਿਆਚਾਰਕ ਅਤੇ ਸਹਾਇਕ ਕਲਾਵਾਂ ਦੇ ਨਾਲ-ਨਾਲ ਮਹਿਲਾ ਨੇਤਾ, ਦੇਸ਼ ਭਗਤਾਂ, ਸੰਤਾਂ, ਖੇਲ ਮਹਿਲਾਵਾਂ ਅਤੇ ਵਿਸ਼ਵ ਪ੍ਰਸਿਧ ਲੋਕਾਂ ਦੀ ਵਿਚਾਰਧਾਰਣਾ ਬਾਰੇ ਦੱਸਿਆ। ਇਸ ਸਮਾਰੋਹ ਵਿੱਚ ਕੇਰਲਾ ਦੇ ਵਿਦਿਆਰਥੀਆਂ ਨੇ ਨਾਚ ਤਿਰਵਤੀਰਕਲੀ, ਗੁਜਰਾਤੀ ਵਿਦਿਆਰਥੀਆਂ ਨੇ ਸੋਮਨਾਥ ਮੰਦਰ, ਅਕਸ਼ਰ ਧਾਮ ਮੰਦਰ ਅਤੇ ਹਿਮਾਚਲ ਦੇ ਵਿਦਿਆਰਥੀਆਂ ਨੇ ਰਥ ਯਾਤਰਾ ਆਦਿ ਪੇਸ਼ ਕੀਤੀ। ਇਸ ਦੌਰਾਨ ਪਹਿਲੇ ਸਥਾਨ 'ਤੇ ਪੰਜਾਬ , ਦੂਜੇ ਸਥਾਨ 'ਤੇ ਸਿੱਕਮ, ਤੀਜਾ ਸਥਾਨ ਹਿਮਾਚਲ ਪ੍ਰੇਦਸ਼ ਨੂੰ ਦਿੱਤਾ ਗਿਆ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ ਨੇ ਫਕੈਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਹੋਇਆ ਕਿਹਾ ਕਿ ਇਸ ਤਰ੍ਹਾਂ ਦੇ ਸਮਾਰੋਹ ਸਾਨੂੰ ਸ਼ਾਂਤੀ, ਭਾਈਚਾਰੇ ਅਤੇ ਏਕਤਾ ਦਾ ਪਾਠ ਸਿਖਾਉਂਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਫੇਸਟ ਨੂੰ ਸਫਲ ਬਨਾਉਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ।



ਦੁਸਹਿਰੇ ਮੌਕੇ ਨਵਯੁਕਤ ਦੁਸਹਿਰਾ ਕਮੇਟੀ ਦੇ ਪ੍ਰਧਾਨ ਡਾਕਟਰ ਰਾਕੇਸ਼ ਸ਼ਰਮਾ ਪੱਤਰਕਾਰ ਕਨੇਡੀ ਨੂੰ ਸਨਮਾਨਤ ਕਰਦੇ ਹੋਏ। (ਫੋਟੋ-ਬਿਕਰਮਜੀਤ ਸਿੰਘ ਕਨੇਡੀ, ਫਿਲੌਰ)

# ਆਰ ਐਮ ਪੀ ਆਈ ਵੱਲੋਂ ਡੀ.ਸੀ. ਦਫ਼ਤਰ ਵਿਖੇ ਰੋਸ ਧਰਨਾ ਅੱਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਕਮੇਟੀ ਹੁਸ਼ਿਆਰਪੁਰ ਦੀ ਮੀਟਿੰਗ ਕਾਮਰੇਡ ਹਰਕੰਵਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ 10 ਅਕਤੂਬਰ 2022 ਦਿਨ ਐਤਵਾਰ ਨੂੰ ਡੀ.ਸੀ. ਦਫਤਰ ਸਾਹਮਣੇ ਮਾਰੇ ਜਾ ਰਹੇ ਧਰਨੇ ਦੇ ਸਬੰਧ ਵਿੱਚ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੀ ਰਿਪੋਰਟਿੰਗ ਕਰਦਿਆਂ ਦਵਿੰਦਰ ਸਿੰਘ ਕੱਕੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਮਾਈਨਿੰਗ ਸਬੰਧੀ ਨੀਤੀ ਸਿਰਫ ਲੋਕਾਂ ਦੀ ਲੁੱਟ ਦਾ ਹੀ ਕਾਰਨ ਬਣੀ ਹੋਈ ਹੈ, ਜਿਸ ਕਾਰਨ ਰੇਤਾ ਬਜਰੀ ਦੇ ਭਾਅ ਅਸਮਾਨ ਛੂਹ ਰਹੇ ਹਨ, ਜਿਸ ਕਾਰਨ ਆਮ ਜਨਤਾ ਨੇ ਉਸਾਰੀ ਦੇ ਕੰਮਾਂ ਨੂੰ ਲਗਪਗ ਬੰਦ ਕਰ ਦਿੱਤਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਉਸਾਰੀ ਕਾਮੇ ਮਿਸਤਰੀ, ਮਜ਼ਦੂਰ ਅਤੇ ਹੋਰ ਸਬੰਧਤ ਕਾਰੋਬਾਰ ਠੱਪ ਹੋ ਗਏ ਹਨ। ਜਿਸ ਦਾ ਸਿੱਧਾ ਅਸਰ ਮਜ਼ਦੂਰਾਂ ਦੀ ਆਰਥਿਕਤਾ ਤੇ ਪਿਆ ਹੈ। ਗ਼ਰੀਬ ਉਸਾਰੀ ਕਾਮੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਆਰ.ਐੱਮ.ਪੀ.ਆਈ. ਨੇ ਪੂਰੇ ਪੰਜਾਬ ਵਿਚ ਇਸ ਮਾਈਨਿੰਗ ਨੀਤੀ ਦੇ ਵਿਰੋਧ ਵਿੱਚ 10 ਅਕਤੂਬਰ 2022 ਨੂੰ ਡੀ.ਸੀ. ਦਫ਼ਤਰ ਸਾਹਮਣੇ ਧਰਨਾ ਮਾਰ ਕੇ ਰੋਸ ਮੁਜ਼ਾਹਰਾ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਜਿਸ ਵਿੱਚ ਆਮ ਜਨਤਾ ਅਤੇ ਉਸਾਰੀ ਮਜ਼ਦੂਰ ਮਿਸਤਰੀ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ। ਮੀਟਿੰਗ ਵਿੱਚ ਮਨਜੀਤ ਸਿੰਘ ਸੈਣੀ, ਮਨਜੀਤ ਬਾਜਵਾ, ਗੁਰਸ਼ਰਨ ਸਿੰਘ, ਕਾਮਰੇਡ ਗੰਗਾ ਪ੍ਰਸਾਦ, ਸਰਬਜੀਤ ਸਿੰਘ ਕੁੱਕੋਂ ਆਦਿ ਹਾਜਰ ਸਨ।

# ਪਰਾਲੀ ਦੀ ਸੰਭਾਲ ਦੇ ਵੱਖ-ਵੱਖ ਢੰਗਾਂ ਤੋਂ ਕਰਵਾਇਆ ਜਾਣੂ



**ਨਵਾਂ ਸ਼ਹਿਰ, (ਮਨੋਜ ਲਾਡੀ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰ ਲੰਗੜੋਆ ਵਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਪਿੰਡ ਰਾਮਰਾਏਪੁਰ ਵਿਖੇ 5 ਦਿਨਾ ਸਿਖਲਾਈ ਕੋਰਸ ਲਗਾਇਆ ਗਿਆ ।ਕਿਸਾਨ ਵੀਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ ਲੰਗੜੋਆ ਦੇ ਡਿਪਟੀ ਡਾਇਰੈਕਟਰ ਡਾ.ਅਮਨਦੀਪ ਬਰਾੜ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿਚ ਅੱਗ ਲਗਾਉਣ ਨਾਲ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਬਾਰੇ ਦੱਸਿਆ ਅਤੇ ਨਾਲ ਹੀ ਪਰਾਲੀ ਦੀ ਸਾਂਭ ਸੰਭਾਂਲ ਲਈ ਵੱਖ-ਵੱਖ ਮਸ਼ੀਨਾਂ ਜੋ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਉਪਲਬੱਧ ਹਨ,ਬਾਰੇ ਜਾਣਕਾਰੀ ਦਿੱਤੀ। ਖੇਤੀਬਾੜੀ ਇੰਜੀਨੀਅਰ ਡਾ.ਕਿਰਨਦੀਪ ਨੇ ਦੱਸਿਆ ਕਿ ਪਰਾਲੀ ਦੇ ਨਿਪਟਾਰੇ ਦੀਆਂ ਤਿੰਨ ਵਿਧੀਆ ਹਨ। ਪਹਿਲੀ ਵਿਧੀ ਵਿਚ ਝੋਨੇ ਦੀ ਫ਼ਸਲ ਸੁਪਰ ਐਸ ਐਮ ਐਸ ਪ੍ਰਣਾਲੀ ਨਾਲ ਲੈਸ ਕੰਬਾਈਨ ਨਾਲ ਕੱਟ ਲਈ ਜਾਦੀ ਹੈ ਅਤੇ ਪਰਾਲੀ ਨੂੰ ਖੇਤ ਵਿਚ ਹੀ ਰਹਿਣ ਦਿੱਤਾ ਜਾਂਦਾ ਹੈ ਅਗਲੀ ਫ਼ਸਲ ਜੋ ਕਿ ਪੰਜਾਬ ਵਿਚ ਮੁੱਖ ਤੌਰ ਤੇ ਕਣਕ ਹੀ ਹੈ,ਦੀ ਬਿਜਾਈ ਹੈਪੀ ਸੀਡਰ, ਸੁਪਰ ਸੀਡਰ ਜਾਂ ਸਮਾਰਟ ਸੀਡਰ ਆਦਿ ਦੀ ਵਰਤੋਂ ਕਰਕੇ ਕਰ ਦਿੱਤੀ ਜਾਂਦੀ ਹੈ। ਦੂਜੀ ਵਿਧੀ ਵਿਚ ਪਰਾਲੀ ਨੂੰ ਖੇਤ ਵਿਚ ਵਾਹ ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਉਲਟਾਵੋ ਹਲ, ਮਲਚਰ, ਰੋਟਾਵੇਟਰ, ਤਵੀਆਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਤੀਜੀ ਵਿਧੀ ਵਿਚ ਪਰਾਲੀ ਨੂੰ ਖੇਤ ਵਿਚੋਂ ਬਾਹਰ ਕੱਢਿਆ ਜਾਂਦਾ ਹੈ,ਜਿਸ ਲਈ ਬੇਲਰ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਮੌਕੇ ਪਸ਼ੂ ਪਾਲਣ ਮਾਹਰ ਡਾ.ਤੇਜਬੀਰ ਸਿੰਘ ਨੇ ਪਸ਼ੂਆਂ ਦੇ ਚਾਰੇ ਵਿਚ ਅਤੇ ਹੋਰ ਪਸ਼ੂ ਪਾਲਣ ਕੰਮਾਂ,ਜਿਹਨਾਂ ਵਿਚ ਫ਼ਸਲੀ ਰਹਿੰਦ-ਖੂਹੰਦ ਦੀ ਵਰਤੋਂ ਹੋ ਸਕਦੀ ਹੈ,ਬਾਰੇ ਵੀ ਚਾਨਣਾ ਪਾਇਆ ਅਤੇ ਪਸ਼ੂਆਂ ਦੀ ਸਿਹਤ ਸੰਭਾਲ ਸਬੰਧੀ ਨੁਕਤੇ ਦੱਸੇ । ਸਬਜ਼ੀ ਵਿਗਿਆਨ ਮਾਹਰ ਡਾ.ਆਰਤੀ ਵਰਮਾ ਨੇ ਫ਼ਸਲੀ ਚੱਕਰ ਵਿਚ ਸਬਜ਼ੀਆ ਦੀ ਕਾਸ਼ਤ 'ਤੇ ਜ਼ੋਰ ਦੇਣ ਦੇ ਨਾਲ ਨਾਲ ਖੁੰਬਾਂ ਦੀ ਕਾਸ਼ਤ ਵਿਚ ਪਰਾਲੀ ਦੀ ਵਰਤੋਂ ਬਾਰੇ ਵੀ ਜਾਣਕਾਰੀ ਦਿੱਤੀ। ਪੌਦਾ ਰੋਗ ਮਾਹਰ ਡਾ.ਬਲਜੀਤ ਸਿੰਘ ਨੇ ਪਰਾਲੀ ਵਾਲੇ ਖੇਤਾਂ ਵਿਚ ਕੀਟ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ। ਭੋਜਨ ਵਿਗਿਆਨ ਮਾਹਰ ਡਾ.ਸ਼ਿਖਾ ਬਠਲਾ ਨੇ ਚੰਗੀ ਖ਼ੁਰਾਕ ਦੀ ਮੱਹਤਤਾ ਬਾਰੇ ਜਾਣਕਾਰੀ ਦਿੱਤੀ। ਮਿ.ਰੇਨੂ ਬਾਲਾ ਨੇ ਕੇ.ਵੀ.ਕੇ. ਦੀਆਂ ਗਤੀਵਿਧੀਆ ਬਾਰੇ ਜਾਣਕਾਰੀ ਦਿੱਤੀ। ਇਸ 5 ਦਿਨਾ ਸਿਖਲਾਈ ਕੋਰਸ ਦੌਰਾਨ ਕਿਸਾਨ ਵੀਰਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਅਤੇ ਹਾੜ੍ਹੀ ਦੀਆਂ ਫਸਲ਼ਾਂ ਦੀਆਂ ਪੁਸਤਕਾਂ ਵੀ ਦਿੱਤੀਆਂ ਗਈਆਂ। ਅਖੀਰ ਵਿਚ ਡਿਪਟੀ ਡਾਇਰੈਕਟਰ ਡਾ.ਅਮਨਦੀਪ ਬਰਾੜ ਨੇ ਆਏ ਹੋਏ ਕਿਸਾਨ ਵੀਰਾਂ ਦਾ ਅਤੇ ਪਿੰਡ ਦੇ ਸਰਪੰਚ ਦਾ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।

## ਜਨਮ ਦਿਨ ਮੁਬਾਰਕ



ਹਰਸ਼ (ਚੰਡੀਗੜ੍ਹ)

## ਵਰ੍ਹੇਗੰਢ ਮੁਬਾਰਕ



ਖੁਰਲਾਪੁਰ ਵਾਸੀ ਸਰਬਜੀਤ ਨੰਬਰਦਾਰ ਨੇ ਪਤਨੀ ਸੁਨੀਤਾ ਨਾਲ ਵਿਆਹ ਦੀ 25ਵੀਂ ਵਰ੍ਹਗੰਢ (ਸਿਲਵਰ ਜੁਬਲੀ) ਮਨਾਈ।

# ਤਰਸ ਦੇ ਆਧਾਰ 'ਤੇ 15 ਉਮੀਦਵਾਰਾਂ ਨੂੰ ਸੌਂਪੇ ਨਿਯੁਕਤੀ ਪੱਤਰ



**ਚੰਡੀਗੜ੍ਹ, ( ਗੁਰਜੀਤ ਬਿੱਲਾ)** -ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਵਿੱਚ 15 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਹ ਨੌਕਰੀਆਂ ਤਰਸ ਦੇ ਆਧਾਰ 'ਤੇ ਗਰੇਡ-3 ਅਤੇ ਗਰੇਡ-4 ਦੀਆਂ ਅਸਾਮੀਆਂ ਲਈ ਦਿੱਤੀਆਂ ਗਈਆਂ ਹਨ। ਮੰਤਰੀ ਨੇ ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਉਨਾਂ ਨੂੰ ਸੂਬੇ ਦੇ ਲੋਕਾਂ ਦੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਮੰਤਰੀ ਨੂੰ ਇਸ ਬਾਰੇ ਜਾਣੂ ਕਰਵਾਉਣ ਕਿ ਕੁਝ ਉਮੀਦਵਾਰ ਅਜੇ ਵੀ ਪੜ੍ਹਾਈ ਕਰ ਰਹੇ ਹਨ, ਉਨਾਂ ਨੇ ਉਮੀਦਵਾਰਾਂ ਨੂੰ ਅੱਗੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਵੀ ਪ੍ਰੇਰਿਤ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਪੂਰੀ ਤਰਾਂ ਵਚਨਬੱਧ ਹੈ।

ਉਨਾਂ ਦੱਸਿਆ ਕਿ 201 ਜੂਨੀਅਰ ਇੰਜਨੀਅਰ (ਸਿਵਲ), 184 ਜੂਨੀਅਰ ਕ੍ਰਾਫਟਸਮੈਨ ਅਤੇ 18 ਜੂਨੀਅਰ ਇੰਜਨੀਅਰ (ਇਲੈਕਟ੍ਰੀਕਲ) ਸਮੇਤ ਘੱਟੋ-ਘੱਟ 403 ਮੁਲਾਜ਼ਮਾਂ ਦੀ ਭਰਤੀ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਹੈ। ਉਨਾਂ ਕਿਹਾ ਕਿ ਸੂਬਾ ਸਰਕਾਰ ਜਲਦ ਹੀ ਉਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਵਿਭਾਗ ਵਿੱਚ ਤਰਸ ਦੇ ਆਧਾਰ 'ਤੇ ਨੌਕਰੀਆਂ ਨਾਲ ਸੰਬੰਧਤ ਸਾਰੇ ਬਕਾਇਆ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਇਆ ਗਿਆ ਹੈ। ਵਿਭਾਗ ਵਿੱਚ ਹੁਣ ਤੱਕ 33 ਉਮੀਦਵਾਰਾਂ ਨੂੰ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ।

# ਭਲਕੇ ਦਿੱਤਾ ਜਾਵੇਗਾ ਐੱਸ ਡੀ ਐੱਮ ਨੂੰ ਮੰਗ ਪੱਤਰ

**ਫਿਲੌਰ (ਨਿਰਮਲ)-** ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਲਾਕ ਫਿਲੌਰ ਦੀ ਮੀਟਿੰਗ ਜਸਬੀਰ ਸਿੰਘ ਬਲਾਕ ਪ੍ਰਧਾਨ ਦੀ ਅਗਵਾਈ 'ਚ ਅੱਪਰਾ (ਫਿਲੌਰ) ਵਿਖੇ ਹੋਈ। ਇਸ ਮੌਕੇ ਨਰਿੰਦਰ ਸਿੰਘ ਜਨਰਲ ਸਕੱਤਰ, ਸੁਖਦੀਪ ਸਿੰਘ ਅੱਪਰਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਮੌਸਮੀ ਬਰਸਾਤ ਤੇ ਚਾਇਨਾ ਵਾਇਰਸ ਕਾਰਨ ਖਰਾਬ ਫਸਲ ਦੀ ਗਿਰਦਾਵਰੀ ਕਰਕੇ ਮੁਆਵਜਾ ਦਿੱਤਾ ਜਾਵੇ। ਹਲਕੇ 'ਚ ਲੁੱਟਾਂ-ਖੋਹਾਂ ਅਤੇ ਨਸ਼ਾ ਦਿਨੋ-ਦਿਨ ਵੱਧ ਰਿਹਾ ਹੈ। ਇਸ ਸਬੰਧੀ 10 ਅਕਤੂਬਰ ਨੂੰ ਮੰਗਾਂ ਸਬੰਧੀ ਐਸ. ਡੀ. ਐਮ ਫਿਲੌਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

ਮਹੀਨਾਵਾਰ ਮੀਟਿੰਗ ਗੁਰਦੁਆਰਾ ਬਾਉਲੀ ਸਾਹਿਬ ਫਿਲੌਰ ਹੋਵੇਗੀ। ਇਸ ਮੌਕੇ 'ਤੇ ਤੀਰਥ ਸਿੰਘ ਬਾਸੀ ਵਾਈਸ ਪ੍ਰਧਾਨ ਜ਼ਿਲ੍ਹਾ ਜਲੰਧਰ, ਪ੍ਰਦੀਪ ਸਿੰਘ ਦੀਪਾ ਮਠੁੱਡਾ ਯੂਧ ਪ੍ਰਧਾਨ ਜ਼ਿਲ੍ਹਾ ਜਲੰਧਰ , ਜਸਬੀਰ ਸਿੰਘ ਬਲਾਕ ਪ੍ਰਧਾਨ, ਨਰਿੰਦਰ ਸਿੰਘ ਜਨਰਲ ਸਕੱਤਰ ਬਲਾਕ ਫਿਲੌਰ, ਅਜੇ ਸਿੰਘ ਨਾਗੀ ਪ੍ਰੈਸ ਸਕੱਤਰ ਬਲਾਕ ਫਿਲੌਰ, ਸੁਖਦੀਪ ਸਿੰਘ ਅੱਪਰਾ ਪ੍ਰਚਾਰਕ ਬਲਾਕ ਫਿਲੌਰ, ਤਸਵੀਰ ਸਿੰਘ ਲੋਹਗੜ੍ਹ ਖਜਾਨਚੀ, ਮੇਜਰ ਸਿੰਘ ਆਲੋਵਾਲ ਮੀਤ ਪ੍ਰਧਾਨ, ਜਮਸ਼ੇਰ ਸਿੰਘ , ਸੀਨੀਅਰ ਮੀਤ ਪ੍ਰਧਾਨ, ਸੰਦੀਪ ਸਿੰਘ ਪੰਜਢੇਰਾ ਮੀਤ ਪ੍ਰਧਾਨ ਅਤੇ ਹੋਰ ਆਗੂ ਹਾਜ਼ਰ ਸਨ।

# ਮੰਗਲ ਸਿੰਘ ਨੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



**ਜਲੰਧਰ, (ਸ਼ੈਲੀ ਐਲਬਰਟ)-** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੰਗਲ ਸਿੰਘ ਨੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਵਿੱਚ ਖੇਤੀਬਾੜੀ ਵਿਭਾਗ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਪਾਰਟੀ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰੱਸਟ ਹਾਜਰ ਸਨ। ਇਸ ਮੌਕੇ ਰਾਜਵਿੰਦਰ ਕੌਰ ਥਿਆੜਾ ਸੂਬਾ ਸਕੱਤਰ, ਵਿਧਾਇਕ ਸੀਤਲ ਅੰਗੁਰਾਲ, ਵਿਧਾਇਕ ਬਲਕਾਰ ਸਿੰਘ, ਵਿਧਾਇਕ ਰਮਨ ਅਰੋੜਾ, ਅੰਮ੍ਰਿਤਪਾਲ ਸਿੰਘ ਪ੍ਰਧਾਨ ਜਲੰਧਰ ਸ਼ਹਿਰੀ, ਸਰਬਜੀਤ ਸਿੰਘ ਪ੍ਰਧਾਨ ਜਲੰਧਰ ਦਿਹਾਤੀ, ਸੁਭਾਸ਼ ਸ਼ਰਮਾ ਸਕੱਤਰ ਜਲੰਧਰ, ਆਤਮਾ ਪ੍ਰਕਾਸ਼ ਬਬਲੂ ਸੀਨੀਅਰ ਆਗੂ, ਦਿਨੇਸ਼ ਢੱਲ, ਗੌਰਵ ਪੁਰੀ, ਜੀਤ ਲਾਲ ਭੱਟੀ, ਸੀਨੀਅਰ ਆਗੂ ਪ੍ਰੋ: ਪ੍ਰੇਮ ਕੁਮਾਰ, ਸੀਨੀਅਰ ਆਗੂ ਰਮਨ ਬੰਟੀ, ਬਾਰੀ ਸੁਲੇਮਾਨੀ ਘੱਟ ਗਿਣਤੀ ਵਿੰਗ ਪੰਜਾਬ ਆਦਿ ਹਾਜਰ ਸਨ। ਮੰਗਲ ਸਿੰਘ ਇਸ ਤੋਂ ਪਹਿਲਾਂ ਜਲੰਧਰ ਜ਼ਿਲ੍ਹੇ ਦੇ ਖਜਾਨਚੀ ਅਤੇ ਲੋਕ ਸਭਾ ਇੰਚਾਰਜ ਰਹਿ ਚੁੱਕੇ ਹਨ।



9-Oct-Sunday.qxd 10/8/2022 10:11 PM Page 1



ਜਤਿੰਦਰ ਹਾਂਸ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 9 ਅਕਤੂਬਰ 2022

www.nawanzamana.in

ਕੀਮਤ 5.00 ਰੁਪਏ


ਘਰ ਲਗਦਾ ਹੈ ਪਿੰਜਰਾ ਉਹਨੂੰ
ਜੀਹਦੇ ਮਨ ਵਿੱਚ ਅੰਬਰ ਨੇ
ਜੋ ਅੰਬਰ ਨੂੰ ਭੁੱਲ ਚੁੱਕਿਐ
ਉਹਨੂੰ ਪਿੰਜਰਾ ਵੀ ਘਰ ਲਗਦਾ ਹੈ।

- ਸੁਰਿੰਦਰਪ੍ਰੀਤ ਘਣੀਆ

ਸਮਕਾਲੀ ਚਿੰਤਨ

## ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ-3

ਕਾਮਰੇਡ ਜਗਰੂਪ

ਇਸ ਤੋਂ ਪਹਿਲਾਂ ਕੁਝ 'ਪ੍ਰਤਿਕਿਰਿਆ' ਦੀਆਂ ਸਰਗਰਮੀਆਂ ਬਾਰੇ ਵੀ ਵਿਚਾਰਨਾ ਬਣਦਾ ਹੈ। ਸੱਤਾ ਆਪਣੇ ਏਜੰਡੇ 'ਤੇ ਅਮਲ ਕਰਦੀ ਹੈ। ਉਹ ਫਿਰਕੂ ਮਹੌਲ ਬਣਾਉਣ ਲਈ 'ਵੱਡੀ ਘੱਟ ਗਿਣਤੀ' ਉੱਤੇ ਭੜਕਾਊ ਵਾਰ, ਹਮਲਾ ਕਰਦੀ ਹੈ। ਉਹ ਸਰਾਸਰ ਗਲਤ ਹੁੰਦਾ ਹੈ। ਜਦੋਂ ਉਸ ਦੇ ਵਿਰੋਧ ਵਿੱਚ 'ਮੰਚ' ਬਣ ਜਾਂਦਾ ਹੈ (ਜੋ ਮਾਨਵੀ ਪੱਖ ਤੋਂ ਬਿਲਕੁਲ ਸਹੀ ਹੁੰਦਾ ਹੈ) ਤਾਂ ਸੱਤਾ ਦੇ ਏਜੰਡੇ ਨੂੰ ਅੱਗੇ ਵਧਾਉਣ ਦਾ ਕੰਮ ਕਰਦਾ ਹੈ। 'ਘੱਟ ਗਿਣਤੀਆਂ 'ਤੇ ਹਮਲੇ ਬੰਦ ਕਰੋ' ਦਾ ਨਾਹਰਾ 'ਘੱਟ-ਗਿਣਤੀਆਂ' ਦੀ ਆਵਾਜ਼ ਬਣ ਕੇ ਰਹਿ ਜਾਂਦਾ ਹੈ। ਸੱਤਾ ਦੇ ਏਜੰਡੇ ਦੇ ਅਨੁਕੂਲ ਚਲਦਾ ਹੋਣ ਕਾਰਨ ਉਹ ਖੁਸ਼ ਹੁੰਦੇ ਹਨ। ਜਦੋਂ ਬੁਲਾਰੇ ਜਜ਼ਬਾਤੀ ਹੋ ਕਿ ਬੋਲਦੇ ਹਨ ਕਿ 'ਭਾਜਪਾ ਵਾਲੇ ਘੱਟ ਗਿਣਤੀਆਂ ਨੂੰ ਦਬਾਅ ਕੇ ਇੱਥੇ ਮੰਨੂਵਾਦੀ, ਫਾਸ਼ੀ, ਹਿੰਦੂ ਰਾਜ ਸਥਾਪਤ ਕਰਨਾ ਚਾਹੁੰਦੇ ਹਨ', ਇਹ ਅਚੇਤ ਰੂਪ ਵਿੱਚ ਉਹਨਾਂ ਦੇ ਏਜੰਡੇ ਦੀ ਪੂਰਤੀ ਕਰਨਾ ਹੀ ਹੈ। ਸਥਿਤੀ ਏਨੀ ਜਟਿਲ ਹੈ ਕਿ ਸਧਾਰਨ ਸਮਝ ਨਾਲ ਵੇਖਿਆਂ ਇਹ ਲੜਣ ਵਾਲਿਆਂ ਦਾ ਆਪਣਾ ਅੰਤਰ ਵਿਰੋਧ ਬਣ ਜਾਂਦਾ ਹੈ। ਇਹ ਅੰਤਰ ਵਿਰੋਧ ਨੂੰ ਸੱਤਾ ਦੀ ਘੁਣਤਰਬਾਜ਼ੀ ਵਰਤਦੀ ਹੈ। ਨਤੀਜੇ ਵਜੋਂ ਇਸ ਸਰਗਰਮੀ ਨਾਲ ਸੱਤਾ ਨੂੰ ਚੁਣੌਤੀ ਨਹੀਂ ਬਣਦੀ ਅਤੇ ਨਾ ਬਣ ਸਕਦੀ ਹੈ।

ਇਸ ਹਾਲਤ ਵਿੱਚੋਂ ਇਕ ਸੋਚ ਨਿਕਲਦੀ ਹੈ ਕਿ ਸਭ 'ਸੱਤਾ ਵਿਰੋਧੀ' ਇਕ ਮੰਚ 'ਤੇ ਇਕੱਠੇ ਹੋਣ, ਇਸ ਫਿਰਕੂ, ਫਾਸ਼ੀ, ਕਾਰਪੋਰੇਟ-ਪੱਖੀ ਹਕੂਮਤ ਨੂੰ ਮਾਤ ਦੇਣ ! ਸੱਤਾ ਤੋਂ ਉਖਾੜ ਦੇਣ !

ਅਜਿਹੀ ਏਕਤਾ ਘੱਟੋ-ਘੱਟ ਸਾਂਝੇ ਪ੍ਰੋਗਰਾਮ ਬਗੈਰ ਸੰਭਵ ਨਹੀਂ। ਲੋਕ ਵਿਸ਼ਵਾਸ ਕਿਉਂ ਕਰਨ, ਜਦ ਕਿ ਸੱਤਾਹੀਣ ਵੀ ਸੱਤਾ ਉੱਤੇ ਰਹੇ ਹਨ, ਉਹਨਾਂ ਕਰਕੇ ਇਹ ਸੱਤਾ ਉਤੇ ਆਏ ਹਨ। ਇਸ ਕਰਕੇ ਇਹ ਖਿਆਲ ਵੀ ਯੁਟੋਪੀਆ (ਜੋ ਨਾ ਹੋ ਸਕਦਾ ਹੋਵੇ) ਹੈ, ਜੋ ਅਮਲ ਵਿੱਚ ਪਿੱਛੇ ਵਾਰ-ਵਾਰ ਨਾਕਾਮ ਹੋ ਚੁੱਕਾ ਹੈ। ਕਈ ਇਸ ਮੱਤ ਦੇ ਹਨ ਕਿ ਇਹ ਮਹਾਂ ਗੱਠਜੋੜ ਕਾਮਯਾਬ ਹੋ ਸਕਦਾ ਹੈ। ਉਹ ਸੱਤਾ ਮਗਰ ਖੜੇ ਸਰਮਾਏ ਦੀ ਤਾਕਤ ਦੇ ਝੁਕਾਅ ਨੂੰ ਨਜ਼ਰਅੰਦਾਜ਼ ਕਰਦੇ ਹਨ। ਸੱਤਾ ਬੇਖੌਫ ਆਪਣਾ ਫਿਰਕੂ ਏਜੰਡਾ ਅੱਗੇ ਵਧਾ ਰਹੀ ਹੈ।

ਕੁਝ ਲੋਕ ਕਮਿਊਨਿਸਟਾਂ ਦੀ ਫੁੱਟ ਨੂੰ ਮਾੜੀਆਂ ਹਾਲਤਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਇਹਨਾਂ ਨੂੰ ਇਕੱਠੇ ਹੋ ਕੇ ਲੜਣ ਦੇ ਜੋਸ਼ੀਲੇ ਚਾਹਵਾਨ ਹਨ। ਇਸ ਵਿੱਚ ਕੋਈ ਸ਼ੱਕ ਨਹੀਂ, ਇਹ ਕਿਰਤੀ ਲੋਕਾਂ ਦੀ ਸਭ ਤੋਂ ਵੱਡੀ (ਭਾਵੇਂ ਖਿੰਡੀ-ਪੁੰਡੀ) ਤਾਕਤ ਹਨ, ਪਰ ਸਿਧਾਂਤਕ ਪ੍ਰਪੱਕਤਾ ਦੀ ਘਾਟ ਅਤੇ ਮੱਧ ਵਰਗੀ ਪ੍ਰਵਿਰਤੀ ਦਾ ਭਾਰੂ ਹੋਣਾ ਵੱਡਾ ਰੋੜਾ ਹੈ।

ਸਿਧਾਂਤਕ ਸਮਝਦਾਰੀ ਬਣਾ ਕੇ ਇਕੱਠੇ ਤੁਰਿਆਂ ਇਕ ਹਿੱਸਾ ਵੀ ਚਮਤਕਾਰੀ ਨਤੀਜੇ ਦੇ ਸਕਦਾ ਹੈ, ਕਿਉਂਕਿ ਸਹੀ ਦਿਸ਼ਾ ਵਿੱਚ ਪੁੱਟਿਆ ਕਦਮ ਲੋਕਾਂ ਵਿੱਚ ਹਮਾਇਤ ਜਿੱਤੇਗਾ, ਜਿਸ ਤੋਂ ਪ੍ਰਭਾਵਤ ਹੋ ਕਿ ਬਾਹਰ ਰਹਿ ਗਈਆਂ 'ਕਮਿਊਨਿਸਟ ਧਿਰਾਂ' ਆਪਣੀ ਕਮੀ ਪੂਰੀ ਕਰਨ ਲਈ ਵਧੇਰੇ ਜੋਸ਼ ਨਾਲ ਕੁਦਣਗੀਆਂ। ਆਪਸੀ ਮੁਕਾਬਲਾ ਸਰਗਰਮੀ ਦਾ ਗੁਣਨਫਲ ਬਣੇਗਾ। ਚੇਤੇ ਰਹੇ ਵਿਗਾੜੂ ਤਿਗੜਮਾਂ ਦੀ ਵੀ ਕੋਈ ਘਾਟ ਨਹੀਂ ਹੋਣੀ, ਪਰ ਵਧ ਰਹੀ ਲੋਕ ਚੇਤਨਾ ਇਸ ਨੂੰ ਕਾਬੂ ਕਰਨ ਯੋਗ ਹੋਵੇਗੀ। ਸਿਧਾਂਤਕ ਸਮਝਦਾਰੀ ਦਾ ਨਿਖਾਰ, ਅਮਲ ਵਿੱਚ ਹੁੰਦੀ ਪੁਸ਼ਟੀ ਦਾ ਪਦਾਰਥਕ ਹੋੜ ਇਸ ਜਿੱਤ ਦੀ ਗਰੰਟੀ ਬਣ ਸਕਦਾ ਹੈ ਅਤੇ ਬਣੇਗਾ। ਇਸ ਇਤਿਹਾਸਕ ਰੋਲ ਅਦਾ ਕਰਨ ਲਈ ਇਸ ਨੇ 'ਜਮਾਤੀ ਘੋਲ' ਦੀ ਪੈੜ ਨੱਪਣੀ ਹੋਵੇਗੀ, ਹੋਰ ਕੋਈ ਬਦਲ ਨਹੀਂ।

ਜਮਾਤੀ-ਘੋਲ, ਜਮਾਤੀ ਸੂਝ ਵਾਲੇ ਲੀਡਰਾਂ ਦੀ ਅਗਵਾਈ ਬਗੈਰ ਸਿਰੇ ਨਹੀਂ ਲਗਦਾ, ਲੀਡਰਾਂ ਨੇ ਵਿਸ਼ਵਾਸ ਜਿੱਤਣਾ ਹੁੰਦਾ ਹੈ। ਤਬਦੀਲੀ ਹਮੇਸ਼ਾ ਵਿਸ਼ਵਾਸ ਵਾਲੇ, ਅਗਵਾਈ ਕਰਦੇ ਲੀਡਰਾਂ ਦੀ ਪਾਰਦਰਸ਼ਤਾ ਦੇ ਸਮਾਂਤਰ ਚਲਦੀ ਹੈ।

ਇਹ ਚੇਤਨ ਵਿਰੋਧ ਵਿਕਾਸ ਹੈ। ਜਮਾਤੀ ਘੋਲ, ਕਿਉਂਕਿ ਰਾਜਸੀ ਘੋਲ ਹੁੰਦਾ ਹੈ, ਇਹ ਸ਼ਤਰੰਜ ਵਾਂਗ ਲੜਿਆ ਜਾਂਦਾ ਹੈ, ਇਸ ਵਿੱਚ ਕੁਝ ਵੀ ਲੁਕਾਇਆ ਸਿਰੇ ਨਹੀਂ ਚੜ੍ਹਦਾ, ਸਿਵਾਏ ਦਾਅ-ਪੇਚਾਂ ਦੇ, ਜਿਨ੍ਹਾਂ ਨੂੰ ਤਾਕਤਾਂ ਦਾ ਤੋਲ ਤੈਹ ਕਰਦਾ ਹੈ।

**ਸਵਾਲਾਂ ਦਾ ਸਵਾਲ ਹੈ :**

ਜਮਾਤੀ ਘੋਲ ਦੀ ਪਹਿਚਾਣ ਕਿਵੇਂ ਕੀਤੀ ਜਾਵੇ ?

ਇਹ ਕਿਸੇ ਇਕ ਦੇ ਕਿਹਾ ਥੋੜ੍ਹੀ ਮੰਨ ਹੋ ਜਾਣਾ ਹੈ। ਨਾਲੇ ਜਦੋਂ ਗੱਡੀ ਚੋਖੇ ਸਮੇਂ ਤੋਂ ਲੀਹੋਂ ਲੱਥੀ ਹੋਵੇ ਤਾਂ ਯਕੀਨ ਕਰਨਾ ਹੋਰ ਵੀ ਔਖਾ ਹੈ। ਆਖਰ ਆਰੰਭ 'ਤੇ ਕਰਨਾ ਹੋਵੇਗਾ। ਇਸ ਲਈ ਸਾਡੇ ਕੋਲ ਭਰੋਸੇਯੋਗ ਸਾਧਨ, ਲਹਿਰ ਦੇ ਮੋਢੀਆਂ ਦੀਆਂ ਖੁਦ ਦੀਆਂ ਲਿਖਤਾਂ ਮੌਜੂਦ ਹਨ। ਆਓ ਉਹਨਾਂ ਨੂੰ ਆਧਾਰ ਬਣਾ ਕੇ ਹਾਲਤਾਂ ਦਾ 'ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ' ਵਿੱਚੋਂ ਲੰਘ ਕੇ ਦੇਖੀਏ।

> ਜਦੋਂ 'ਕੰਮ ਦਿਨ ਛੋਟਾ' ਹੋਵੇਗਾ ਤਾਂ ਮੁਨਾਫੇ ਘਟਣਗੇ, ਉਜਰਤ ਅਨੁਪਾਤ ਭਾਗ ਵੱਡਾ ਹੋਵੇਗਾ। ਉਜਰਤਾਂ ਦੀ ਕੁੱਲ ਰਾਸ਼ੀ ਮੁਕਾਬਲਤਨ ਵੱਧ ਹੋਵੇਗੀ, ਕੁੱਲ ਮੰਗ ਨੂੰ ਵੱਡਾ ਕਰੇਗੀ, ਜੋ ਵਧੇਰੇ ਰੁਜ਼ਗਾਰ ਪੈਦਾ ਕਰੇਗੀ।

**ਆਰਥਕ ਅਤੇ ਮਜ਼ਦੂਰ ਘੋਲ ਤੋਂ 'ਜਮਾਤੀ ਘੋਲ' ਕਿਵੇਂ ਵੱਖਰਾ ਹੈ ?**

ਮਾਰਕਸ ਨੇ ਹੇਠ ਦਰਜ ਬਿਆਨ ਕੀਤਾ ਸੀ, 'ਮਜ਼ਦੂਰ ਜਮਾਤ ਦੇ ਅੰਦੋਲਨ ਦਾ ਅੰਤਮ ਟੀਚਾ ਯਕੀਨਨ, ਇਸ ਜਮਾਤ ਲਈ ਰਾਜਨੀਤਕ ਸੱਤਾ ਜਿੱਤਣਾ ਹੈ ਅਤੇ ਇਸ ਲਈ ਲੋੜ ਹੈ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ ਹੋਵੇ ਅਤੇ ਇਕ ਅਜਿਹੀ ਜਥੇਬੰਦੀ, ਜਿਹੜੀ ਇਸ ਦੇ ਆਰਥਕ ਸੰਘਰਸ਼ਾਂ ਵਿੱਚੋਂ ਉੱਠੇ, ਪਹਿਲੋਂ ਹੀ ਵਿਕਾਸ ਦੇ ਇਕ ਖਾਸ ਪੱਧਰ ਉੱਤੇ ਪਹੁੰਚੀ ਹੋਵੇ।

ਦੂਜੇ ਪਾਸੇ ਉਹ ਹਰੇਕ ਅੰਦੋਲਨ, ਜਿਸ ਵਿੱਚ ਮਜ਼ਦੂਰ ਜਮਾਤ ਹਾਕਮ ਜਮਾਤ ਨੂੰ ਇਕ ਜਮਾਤ ਦੇ ਤੌਰ 'ਤੇ ਟੱਕਰਦੀ ਹੈ, ਇਕ ਰਾਜਨੀਤਕ ਅੰਦੋਲਨ ਹੈ।

ਮਿਸਾਲ ਵਜੋਂ, ਕਿਸੇ ਖਾਸ ਫੈਕਟਰੀ ਜਾਂ ਇੱਥੋਂ ਤੱਕ ਕਿ ਕਿਸੇ ਖਾਸ ਕਿੱਤੇ ਵਿੱਚ ਹੜਤਾਲਾਂ ਆਦਿ ਰਾਹੀਂ ਇਕੱਲੇ-ਇਕੱਲੇ ਪੂੰਜੀਪਤੀ ਨੂੰ ਕੰਮ ਦਿਹਾੜੀ ਘੱਟ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਾ ਨਿਰੋਲ ਇਕ ਆਰਥਕ ਅੰਦੋਲਨ ਹੈ।

ਦੂਜੇ ਪਾਸੇ 8 ਘੰਟੇ ਆਦਿ ਦੇ ਇਕ ਕਾਨੂੰਨ ਜ਼ਰੀਏ ਮਜਬੂਰ ਕਰਨ ਲਈ ਅੰਦੋਲਨ ਇਕ ਰਾਜਨੀਤਕ ਅੰਦੋਲਨ ਹੈ।

ਇਸ ਤਰੀਕੇ ਨਾਲ ਕਿਰਤੀਆਂ ਦੇ ਅਲੱਗ-ਅਲੱਗ ਆਰਥਕ ਅੰਦੋਲਨਾਂ ਵਿੱਚੋਂ ਹਰ ਥਾਂ ਇਕ ਰਾਜਨੀਤਕ ਅੰਦੋਲਨ ਵਿਗਸਦਾਹੈ, ਕਹਿਣ ਦਾ ਮਤਲਬ ਹੈ ਇਕ ਜਮਾਤੀ ਅੰਦੋਲਨ, ਜਿਸ ਦਾ ਟੀਚਾ ਆਪਣੇ ਹਿੱਤਾਂ ਨੂੰ ਇਕ ਆਮ ਰੂਪ ਵਿੱਚ, ਇਕ ਅਜਿਹੇ ਰੂਪ ਵਿੱਚ ਜਿਸ ਵਿੱਚ ਆਮ, ਸਮਾਜਕ ਤੌਰ 'ਤੇ ਦਬਾਅ ਸ਼ਕਤੀ ਹੁੰਦੀ ਹੈ,ਅਮਲ ਵਿੱਚ ਲਿਆਉਣਾ ਹੁੰਦਾ ਹੈ। ਹਾਲਾਂਕਿ ਇਨ੍ਹਾਂ ਅੰਦੋਲਨਾਂ ਲਈ ਇਕ ਖਾਸ ਦਰਜੇ ਤੱਕ ਪਹਿਲਾਂ ਹੀ ਬਣੀ ਹੋਈ ਜਥੇਬੰਦੀ ਮੁੱਢਲੀ ਸ਼ਰਤ ਹੁੰਦੀ ਹੈ, ਮੋੜਵੇਂ ਤੌਰ 'ਤੇ ਉਹ ਇਸ ਜਥੇਬੰਦੀ ਨੂੰ ਵਿਕਸਤ ਕਰਨ ਲਈ ਐਨ ਬਰਾਬਰ ਦਾ ਹੀ ਇਕ ਸਾਧਨ ਹਨ।' 'ਮਾਰਕਸ ਦਾ (ਲੰਡਨ 'ਚੋਂ) ਨਿਊ ਯਾਰਕ ਬੈਠੇ ਫਰੈਡਰਿਕ ਬੋਲਦੇ ਨੂੰ ਖਤ'

(23 ਨਵੰਬਰ, 1871)

ਦੂਜਾ ਹਵਾਲਾ ਲੈਨਿਨ (ਜਿਸ ਨੂੰ ਜੀਵਤ ਵਿਰੋਧ-ਵਿਕਾਸ ਦਾ ਮਾਸਟਰ ਮੰਨਿਆ ਜਾਂਦਾ ਹੈ) ਦਾ ਹੈ।

* 'ਪੂੰਜੀ' ਵਿੱਚ ਕਾਰਲ ਮਾਰਕਸ ਮਨੁੱਖ ਦੀ ਆਜ਼ਾਦੀ ਅਤੇ ਉਸ ਦੇ ਅਧਿਕਾਰਾਂ ਦੇ ਸ਼ਾਨਦਾਰ ਅਤੇ ਲੱਛੇਦਾਰ ਬੁਰਜੂਆ ਜਮਹੂਰੀ ਮਹਾਨ ਚਾਰਟਰ ਦੀ ਖਿਲੀ ਉਡਾਉਂਦਾ ਹੈ, ਆਮ ਰੂਪ ਵਿੱਚ ਆਜ਼ਾਦੀ , ਬਰਾਬਰੀ ਅਤੇ ਭਰਾਤਰੀਅਤਾ ਬਾਰੇ ਇਸ ਫਿਕਰੇਬਾਜ਼ੀ ਦਾ ਮਜ਼ਾਕ ਉਡਾਉਂਦਾ ਹੈ, ਜਿਸ ਤੋਂ ਸਭਨਾਂ ਦੇਸ਼ਾਂ ਦੇ ਨਿਕ-ਬੁਰਜੂਆ ਅਤੇ ਲਾਲ-ਭੁੱਚਕੜ ਸਮੇਤ ਘਿਰਣਾਮਈ ਬੇਰਨ ਇੰਟਰਨੈਸਨਲ ਦੇ ਵਰਤਮਾਨ ਘਿਰਣਾਮਈ ਨਾਇਕਾਂ ਦੇ, ਚੁੰਧਿਆ ਜਾਂਦੇ ਹਨ। ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂਧਾਰ ਐਲਾਨਾਂ ਦੀ ਉਸ ਸਾਦੇ, ਨਿਰਮਾਣ , ਅਮਲੀ, ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿੱਚ ਇਸ ਸਵਾਲ ਨੂੰ ਪਰੋਲਤਾਰੀਆਂ ਨੇ ਪੇਸ਼ ਕੀਤਾ ਹੈ। ਛੁਟੇਰੀ ਕੰਮ ਦਿਹਾੜੀ ਨੂੰ ਵਿਧਾਨਕ ਰੂਪ ਵਿੱਚ ਕਾਨੂੰਨ ਬਣਾਉਣਾ ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ। (ਇਕ ਮਹਾਨ ਆਰੰਭ ਵਿੱਚੋਂ )

* ਤੀਜਾ ਹਵਾਲਾ 'ਪੂੰਜੀ' ਵਿੱਚੋਂ ਕੰਮ-ਦਿਹਾੜੀ ਦੀ ਸੀਮਾ ਉਹ ਮੁੱਢਲੀ ਸ਼ਰਤ ਹੈ, ਜਿਸ ਤੋਂ ਬਿਨਾਂ ਸੁਧਾਰ ਤੇ ਮੁਕਤੀ ਦੇ ਸਾਰੇ ਅਗਲੇ ਜਤਨ ਅਸਫਲ ਸਿੱਧ ਹੋਣਗੇ। ਜਿੰਨਾ ਚਿਰ ਕਿਰਤ ਦੇ ਘੰਟਿਆਂ ਦੀ ਸੀਮਾ ਨਿਸਚਿਤ ਨਹੀਂ ਹੁੰਦੀ ਅਤੇ ਮਿਥੀ ਸੀਮਾ ਨੂੰ ਸਖਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ, ਓਨਾ ਚਿਰ ਸਮਾਜ ਸੁਧਾਰ ਲਈ ਅਗਲੇ ਕਦਮ ਕਿਸੇ ਸਫਲਤਾ ਦੀ ਆਸ ਨਾਲ ਨਹੀਂ ਚੁੱਕੇ ਜਾ ਸਕਦੇ।

ਉਪਰੋਕਤ ਤਿੰਨ ਹਵਾਲੇ (1) ਜਮਾਤੀ-ਘੋਲ ਬਾਰੇ ਵਖਰੇਵਾਂ ਉਜਾਗਰ ਕਰਦਾ ਹੈ ਕਿ ਕਿਵੇਂ ਇਹ ਆਰਥਕ ਅਤੇ ਮਜ਼ਦੂਰ ਘੋਲ ਤੋਂ ਭਿੰਨ ਹੈ।

2. ਜਮਾਤੀ (ਰਾਜਸੀ) ਘੋਲ ਦਾ ਸਾਦਾ, ਨਿਰਮਾਣ ਅਤੇ ਸਰਲ ਰੂਪ ਕਿਵੇਂ 'ਛੁਟੇਰੀ ਕੰਮ ਦਿਹਾੜੀ' ਨਾਲ ਜੁੜਿਆ ਹੈ ਅਤੇ ਬੁਰਜੂਆ-ਜਮਹੂਰੀ ਮਨੁੱਖੀ ਅਧਿਕਾਰਾਂ ਤੋਂ ਕਿਵੇਂ ਬੇਹਤਰ ਹੈ।

3. ਛੁਟੇਰੀ ਕੰਮ ਦਿਹਾੜੀ ਦੀ ਨਵੀਂ ਛੋਟੀ ਸੀਮਾ ਨਿਰਧਾਰਤ ਕਰਵਾਉਣੀ/ ਕਰਨੀ ਅਤੇ ਉਸ ਨੂੰ ਸਖਤੀ ਨਾਲ ਲਾਗੂ ਕਰਨ ਬਿਨਾਂ ਸਮਾਜ ਦੇ ਸੁਧਾਰ ਦੇ ਅਗਲੇ ਕਦਮ ਸਫਲਤਾ ਦੀ ਆਸ ਨਾਲ ਨਹੀਂ ਚੁੱਕੇ ਜਾ ਸਕਦੇ। ਆਓ, ਇਸ ਨੂੰ 'ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ' ਉੱਪਰ ਅਜ਼ਮਾ ਕੇ ਵੇਖੀਏ :

ਕੁਦਰਤ ਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ!
ਲੜੀ-6/10

* ਕੀ 'ਛੁਟੇਰੀ ਕੰਮ ਦਿਹਾੜੀ' ਦਾ ਮਾਰਕਸਵਾਦੀ ਸੂਤਰ (ਹੁਣ ਵੀ) ਕਾਰਗਰ ਹੋਵੇਗਾ ?

ਕੀ ਇਹ 90 ਫੀਸਦੀ (ਗਰੀਬ) ਕਿਰਤੀ ਅਤੇ ਕੰਮ ਤੋਂ ਬਾਹਰ ਕੀਤੇ (ਸਰਪਲੱਸ ਪਰੋਲਤਾਰੀ) ਵਾਧੂ ਕਾਮਿਆਂ ਦੀਆਂ ਵੱਖ-ਵੱਖ ਪਰਤਾਂ ਨੂੰ ਰਾਹਤ ਦੇਣ, ਮੁਕਤੀ ਦਾ ਮਾਰਗ ਹੋਣ ਦਾ ਗੁਣ ਰੱਖਦਾ ਹੈ ?

* ਕੀ ਇਸ ਨਾਲ ਬੇਰੁਜ਼ਗਾਰੀ ਦਾ ਹੱਲ ਵੀ ਹੋਵੇਗਾ ?
* ਖੇਤ ਮਜ਼ਦੂਰਾਂ 'ਤੇ ਇਸ ਦਾ ਕੀ ਅਸਰ ਹੋਵੇਗਾ ?
* ਕਿਸਾਨੀ ਦੀਆਂ ਪਰਤਾਂ 'ਤੇ ਕੀ ਅਸਰ ਹੋਵੇਗਾ ?
* ਮੁਲਾਜ਼ਮਾਂ ਦੀਆਂ ਮੰਗਾਂ : ਨਿੱਜੀਕਰਨ ਬੰਦ ਹੋਵੇ, ਕੱਚੀ ਭਰਤੀ ਬੰਦ ਹੋਵੇ, ਪੱਕਾ ਕੀਤਾ ਜਾਵੇ, ਉਜਰਤਾਂ ਵਿੱਚ ਵਾਧਾ ਹੋਵੇ, ਪੈਨਸ਼ਨ ਮਿਲੇ , ਆਦਿ ਉਪਰ ਕੀ ਅਸਰ ਹੋਵੇਗਾ ?
* ਦੁਕਾਨਦਾਰਾਂ ਉਤੇ ਕੀ ਅਸਰ ਹੋਵੇਗਾ ?
* ਸੱਤਾ ਉੱਤੇ ਕੀ ਅਸਰ ਹੋਵੇਗਾ ?
* ਵਿਦਿਆ ਅਤੇ ਸਿਹਤ ਸੇਵਾਵਾਂ 'ਤੇ ਕੀ ਅਸਰ ਹੋਵੇਗਾ ?
* ਮਹਿੰਗਾਈ 'ਤੇ ਕੀ ਅਸਰ ਹੋਵੇਗਾ ?
* ਸਮਾਜਕ ਇਨਸਾਫ, ਰਿਜ਼ਰਵੇਸ਼ਨ ਦਾ ਕੀ ਬਣੇਗਾ ?
* ਨਸ਼ੇ ਮੁੱਕਣਗੇ ਜਾਂ ਨਹੀਂ ?
* ਵਿਹਲੇ ਸਮੇਂ ਦਾ ਨੁਕਸਾਨ ਹੋਵੇਗਾ ਜਾਂ ਲਾਭ ?
* ਕੰਮ ਕੁਸ਼ਲਤਾ ਵਧੇਗੀ ਜਾਂ ਆਲਸ ?
* ਕੌਮੀ ਆਮਦਨ ਵਧੇਗੀ ਜਾਂ ਨਹੀਂ ?
* ਸਮਾਜਕ ਖੁਸ਼ੀ-ਖੁਸ਼ਹਾਲੀ ਹੋਵੇਗੀ ਜਾਂ ਨਹੀਂ ?
* ਕੀ ਇਹ ਫਿਰਕੂ ਏਜੰਡੇ ਦਾ ਵਿਗਿਆਨਕ ਤੋੜ ਹੈ ?
* ਕੀ ਸੈਕੂਲਰ ਤੇ ਜਮਹੂਰੀ ਸਾਬਤ ਹੋਵੇਗਾ ?
* ਕੀ ਇਕ ਫੀਸਦੀ ਅਮੀਰਾਂ ਦੀ ਸੱਤਾ ਦਾ ਬਦਲ ਇਹ 'ਲੋਕ-ਸੱਤਾ' ਬਣੇਗਾ ?

ਇਹ ਉਹ ਸਵਾਲ ਹਨ,ਜਿਨ੍ਹਾਂ ਦੇ ਜਵਾਬ ਲੋਕਾਂ ਨੂੰ ਪ੍ਰਭਾਵਤ ਕਰਨਗੇ। ਆਓ, ਵਾਰੀ-ਵਾਰੀ ਕਰਕੇ 'ਵਿਸ਼ਲੇਸ਼ਣ ਦੇ ਸੰਸਲੇਸ਼ਣ ਦੀ ਏਕਤਾ' ਵਿੱਚੋਂ ਪਰਖ ਕੇ ਵੇਖੀਏ!

1. **ਬੇਰੁਜ਼ਗਾਰੀ** : ਇਸ ਦਾ ਸੰਬੰਧ 'ਸਰਮਾਏਦਾਰਾਨਾ ਪੈਦਾਵਾਰ ਦੇ ਢੰਗ' ਦੇ ਪੱਕ ਜਾਣ ਨਾਲ ਹੁੰਦਾ ਹੈ। ਇਹ ਸਰਮਾਏ ਦੀ ਜੁੱਟ ਬਣਤਰ ਵਿੱਚੋਂ ਸਪੱਸ਼ਟ ਹੁੰਦਾ ਹੈ। ਇਹ ਸਰਮਾਏ ਦੀ ਦੋ ਭਾਗਾਂ ਵਿਚ ਵੰਡ ; ਇਕ ਨੂੰ ਉਸ ਦੇ ਗੁਣ ਕਾਰਨ ਕਿ ਉਹ ਵਧਦਾ ਨਹੀਂ, ਇਕ ਸਮਾਨ ਰਹਿੰਦਾ ਹੈ, ਉਸ ਨੂੰ 'ਅਬਦਲ-ਸਰਮਾਇਆ' ਕਿਹਾ ਜਾਂਦਾ ਹੈ ਅਤੇ ਦੂਜੇ ਭਾਗ ਨੂੰ ਜੋ ਉਤਪਾਦਨ ਪ੍ਰਕਿਰਿਆ ਦੌਰਾਨ ਵਧਦਾ ਹੈ, ਉਸ ਨੂੰ ਇਸ ਗੁਣ ਕਾਰਨ 'ਬਦਲਦਾ ਸਰਮਾਇਆ' ਸੱਦਿਆ ਜਾਂਦਾ ਹੈ। ਸਰਮਾਏ ਦੀ ਜੁਟ ਬਣਤਰ ਉਲਟ ਅਨੁਪਾਤੀ ਹੁੰਦੀ ਹੈ। ਇਕ ਵਧੇਗਾ ਤਾਂ ਦੂਜਾ ਘਟੇਗਾ, ਇਕ ਘਟੇਗਾ ਤਾਂ ਦੂਜਾ ਵਧੇਗਾ। ਇਸ ਦੀ ਸਹੀ ਸਮਝਦਾਰੀ ਬਗੈਰ ਗੜਬੜ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਵਧਦਾ ਉਹੀ ਸਰਮਾਇਆ ਹੈ, ਜੋ ਕਿਰਤ ਦੇ ਭੁਗਤਾਨ-ਉਜਰਤਾਂ ਲਈ ਖਰਚ ਹੁੰਦਾ ਹੈ, ਕਿਉਂਕਿ ਕਿਰਤ ਹੀ ਨਵਾਂ ਮੁੱਲ ਸਿਰਜਦੀ ਹੈ, ਇਹ ਹੀ ਵਧਦਾ ਹੈ, ਬਾਕੀ ਸਰਮਾਇਆ ਇਕ ਸਮਾਨ ਰਹਿੰਦਾ ਹੈ। ਇਹ ਮਾਰਕਸ ਦੇ 'ਕਿਰਤ-ਸਿਧਾਂਤ' ਦੀ ਚੂਲ ਹੈ। ਜੁਟ ਬਣਤਰ ਵਿੱਚ ਜਦੋਂ 'ਅਬਦਲ ਸਰਮਾਇਆ' ਵਧਦਾ ਹੈ ਤਾਂ ਉਲਟ ਅਨੁਪਾਤੀ ਹੋਣ ਕਰਕੇ ਬਦਲਦੇ ਸਰਮਾਏ ਨੂੰ ਘੱਟ ਕਰਦਾ ਹੈ, ਭਾਵ ਉਜਰਤਾਂ 'ਤੇ ਖਰਚ ਹੁੰਦੀ ਰਾਸ਼ੀ ਘਟਦੀ ਹੈ ਤਾਂ ਕਿਰਤੀ ਨੂੰ ਕੰਮ ਤੋਂ ਬਾਹਰ ਦਾ ਰਸਤਾ ਵਿਖਾਉਂਦੀ ਹੈ। ਇਹ ਬੇਰੁਜ਼ਗਾਰੀ ਉਸੇ ਅਨੁਪਾਤ ਨਾਲ ਵਧਦੀ ਜਾਂਦੀ ਹੈ, ਜਿਸ ਅਨੁਪਾਤ ਨਾਲ ਅਬਦਲ ਸਰਮਾਇਆ ਵੱਡਾ ਹੁੰਦਾ ਜਾਂਦਾ ਹੈ। ਇਸੇ ਲਈ ਕਹਾਵਤ ਹੈ ਬੇਰੁਜ਼ਗਾਰੀ ਸਰਮਾਏ ਦੇ ਵਾਧੇ ਦਾ ਲੱਛਣ ਹੈ।' ਉਜਰਤਾਂ ਦੀ ਕੁੱਲ ਰਾਸ਼ੀ ਘਟਦੀ ਜਾਂਦੀ ਹੈ, ਕੁੱਲ ਮੁਨਾਫੇ (ਘਟਦੀ ਦਰ ਨਾਲ) ਵਧਦੇ ਜਾਂਦੇ ਹਨ। ਕੁੱਲ ਖਰੀਦ ਸ਼ਕਤੀ ਘਟਦੀ ਹੈ, ਜਿਸ ਨਾਲ 'ਪਰਭਾਵੀ ਮੰਗ' ਘਟਦੀ ਹੈ, ਉਤਪਾਦਨ ਮੱਠਾ ਪੈਂਦਾ ਹੈ ਤੇ ਬੇਰੁਜ਼ਗਾਰੀ ਹੋਰ ਵਧਦੀ ਹੈ।

> 'ਮਜ਼ਦੂਰ ਜਮਾਤ ਦੇ ਅੰਦੋਲਨ ਦਾ ਅੰਤਮ ਟੀਚਾ ਯਕੀਨਨ, ਇਸ ਜਮਾਤ ਲਈ ਰਾਜਨੀਤਕ ਸੱਤਾ ਜਿੱਤਣਾ ਹੈ ਅਤੇ ਇਸ ਲਈ ਲੋੜ ਹੈ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ ਹੋਵੇ ਅਤੇ ਇਕ ਅਜਿਹੀ ਜਥੇਬੰਦੀ, ਜਿਹੜੀ ਇਸ ਦੇ ਆਰਥਕ ਸੰਘਰਸ਼ਾਂ ਵਿੱਚੋਂ ਉੱਠੇ, ਪਹਿਲੋਂ ਹੀ ਵਿਕਾਸ ਦੇ ਇਕ ਖਾਸ ਪੱਧਰ ਉੱਤੇ ਪਹੁੰਚੀ ਹੋਵੇ।

ਜਦੋਂ 'ਕੰਮ ਦਿਨ ਛੋਟਾ' ਹੋਵੇਗਾ ਤਾਂ ਮੁਨਾਫੇ ਘਟਣਗੇ, ਉਜਰਤ ਅਨੁਪਾਤ ਭਾਗ ਵੱਡਾ ਹੋਵੇਗਾ। ਉਜਰਤਾਂ ਦੀ ਕੁੱਲ ਰਾਸ਼ੀ ਮੁਕਾਬਲਤਨ ਵੱਧ ਹੋਵੇਗੀ, ਕੁੱਲ ਮੰਗ ਨੂੰ ਵੱਡਾ ਕਰੇਗੀ, ਜੋ ਵਧੇਰੇ ਰੁਜ਼ਗਾਰ ਪੈਦਾ ਕਰੇਗੀ।

ਛੁਟੇਰੀ ਕੰਮ ਦਿਹਾੜੀ ਨਾਲ ਕਿੰਨਾ ਫਰਕ ਪੈਂਦਾ ਹੈ ?

ਇਹ ਟੇਬਲ ਦੱਸਦਾ ਹੈ (ਫੀਸਦੀ ਵਿੱਚ)

10% ਕੰਮ ਦਿਨ ਛੋਟਾ ਕਰਨ 'ਤੇ 11% ਕੰਮ ਦਿਨ ਵਧਦੇ ਹਨ। 20% ਨਾਲ 25 % ਵਾਧਾ ਹੁੰਦਾ ਹੈ।

30% ਕੰਮ ਦਿਨ ਛੋਟਾ ਕਰੋ ਤਾਂ 42% ਕੰਮ ਦਿਨ ਵਧਦੇ ਹਨ। 40% ਛੋਟਾ ਕਰਨ 'ਤੇ 66% ਨਵੇਂ ਕੰਮ ਦਿਨ ਹੋਰ।

ਜੇ 50% ਕੰਮ ਦਿਨ ਛੋਟਾ ਕਰੋ ਤਾਂ 100% ਵਾਧਾ ਹੁੰਦਾ ਹੈ।

ਇਸ ਕਰਕੇ ਬੇਰੁਜ਼ਗਾਰੀ 'ਛੁਟੇਰੀ ਕੰਮ ਦਿਹਾੜੀ' ਦੇ ਨੇਮ ਨਾਲ ਰੁਜ਼ਗਾਰ ਵਿੱਚ ਬਦਲ ਜਾਂਦੀ ਹੈ। ਭਗਤ ਸਿੰਘ ਇਹ ਨੇਮ ਸਮਝ ਚੁੱਕਾ ਸੀ ਤਾਂ ਹੀ ਉਸ ਨੇ ਇਨਕਲਾਬੀ ਪ੍ਰੋਗਰਾਮ ਦੇ ਖਰੜੇ ਵਿੱਚ ਦਰਜ ਕੀਤਾ ਸੀ :

'ਕੰਮ ਦਿਹਾੜੀ ਸਮੇਂ ਨੂੰ ਲੋੜ ਅਨੁਸਾਰ ਘੱਟ ਤੋਂ ਘੱਟ ਕਰਨਾ।'

ਇਹ ਉਸ ਦੇ ਪਰਮਗੁਣ (ਪ੍ਰਤਿਭਾ) ਦਾ ਕਮਾਲ ਹੈ ਕਿ ਉਸ ਨੇ 'ਛੁਟੇਰੀ ਕੰਮ ਦਿਹਾੜੀ' ਦੇ ਮਹੱਤਵ ਨੂੰ ਵਿਗਿਆਨਕ ਰੂਪ ਵਿੱਚ ਬਹੁਤ ਪਹਿਲਾਂ ਸਮਝ ਲਿਆ ਸੀ।

ਇਸ ਦੇ ਵਿਰੋਧ ਵਿੱਚ ਬੁਰਜੂਆ ਅਤੇ ਉਸ ਦੇ ਸਮਰਥਕਾਂ ਤੋਂ ਬਗੈਰ ਕੋਈ ਨਹੀਂ ਹੁੰਦਾ, ਅਗਿਆਨਤਾ ਨਾਲ ਕੋਈ ਜੋ ਮਰਜ਼ੀ ਕਰਦਾ ਫਿਰੇ, ਉਸ ਦਾ ਕੋਈ ਮਤਲਬ ਨਹੀਂ ਹੁੰਦਾ, ਜਦੋਂ ਸਮਝ ਪੈਂਦਾ ਹੈ ਤਾਂ ਉਹ ਹਮਾਇਤ ਵਿੱਚ ਆ ਜਾਂਦੇ ਹਨ।

ਸੱਤਾ ਚਲਾਕੀ ਨਾਲ ਕੰਮ ਦਿਨ 12 ਘੰਟੇ ਕਰਨ ਦੇ ਰਾਹ ਹੈ। ਦੇਸ਼ ਵਿਚ ਪ੍ਰਚੱਲਤ 8 ਘੰਟੇ ਦੀ ਕਾਨੂੰਨੀ ਸੀਮਾ ਵਾਲੀ ਕੰਮ ਦਿਹਾੜੀ ਹੈ। ਭਾਜਪਾ ਸਰਮਾਏ ਦੀ ਧਿਰ ਦੀ ਪੱਕੀ ਹਮਾਇਤੀ ਹੋਣ ਕਰਕੇ ਉਸ ਦੇ ਮੁਨਾਫੇ ਵਧਾਉਣ ਲਈ ਕਿਰਤ ਦਿਨ ਦੀ ਲੰਬਾਈ ਹੁਸ਼ਿਆਰੀ ਨਾਲ 12 ਘੰਟੇ ਕਰਨ ਜਾ ਰਹੀ ਹੈ, ਜਿਸ ਨਾਲ ਕਿਰਤੀਆਂ 'ਤੇ 33% ਕੰਮ ਬੋਝ ਵਧ ਜਾਵੇਗਾ। ਦੂਜੇ ਹੱਥ 33% ਕਾਮੇ ਕੰਮ ਤੋਂ ਬਾਹਰ ਆ ਜਾਣਗੇ। ਦੇਖੋ ਸਰਮਾਇਆ ਕਿੰਨੀ ਦਲੇਰੀ ਵਿਖਾ ਰਿਹੈ, ਉਹ ਨਿਡਰ ਬਣਿਆ ਹੋਇਆ ਹੈ।

ਜੇ ਛੁਟੇਰੀ ਕੰਮ ਦਿਹਾੜੀ ਦਾ ਨੇਮ ਲਾਗੂ ਕਰਦਿਆਂ ਇਸ ਨੂੰ 8 ਘੰਟੇ ਤੋਂ ਘਟਾ ਕੇ ਕਾਨੂੰਨੀ ਸੀਮਾ 6 ਘੰਟੇ ਕਰੀਏ ਤਾਂ ਟੇਬਲ ਵਿੱਚੋਂ ਕੀ ਨਤੀਜਾ ਨਿਕਲ ਕੇ ਆਉਂਦਾ ਹੈ?

ਇਹ 25% ਦੀ ਕਟੌਤੀ ( ਘੱਟ) ਹੋਵੇਗੀ।

ਇਸ ਨਾਲ 33% ਨਵੇਂ ਕੰਮ ਦਿਨ ਪੈਦਾ ਹੋਣਗੇ।

ਜਿੱਥੇ ਇਕ ਕਰੋੜ ਕਿਰਤੀ ਕੰਮ ਕਰਦਾ ਹੈ, ਉੱਥੇ ਤੇਤੀ ਲੱਖ ਨਵੇਂ ਕਾਮੇ ਕੰਮ 'ਤੇ ਆਉਣਗੇ। ਜਦੋਂ ਸਾਡੇ ਕੋਲ 140 ਕਰੋੜ ਵਸੋਂ ਵਿੱਚੋਂ ਅੱਧੇ ਭਾਵ 70 ਕਰੋੜ ਕਾਮੇ ਮੰਨੀਏ ਤਾਂ ਸਾਡੇ ਕੋਲ ਇਸ ਦਾ 33% =23 ਕਰੋੜ ਤੋਂ ਵੱਧ ਨਵੇਂ ਕੰਮ ਦਿਨਾਂ ਲਈ ਏਨੇ ਹੀ ਕਾਮਿਆਂ ਦੀ ਲੋੜ ਹੋਵੇਗੀ। ਬੇਰੁਜ਼ਗਾਰੀ ਰੁਜ਼ਗਾਰ ਵਿੱਚ ਬਦਲ ਜਾਵੇਗੀ, ਫਿਰ ਜਵਾਨੀ ਰੁਲੇਗੀ ਨਹੀਂ, ਨਿਸ਼ੇੜੀ ਨਹੀਂ ਬਣੇਗੀ, ਮਾਪਿਆ ਦਾ ਜਿਉਂਦਾ-ਜਾਗਦਾ ਸਹਾਰਾ ਹੀ ਨਹੀਂ, ਸਗੋਂ ਮਾਣ-ਸਤਿਕਾਰ ਬਣੇਗੀ।

ਦੂਜੇ ਹੱਥ ਜੋ ਅੱਜ ਕੰਮ ਦੇ ਬੋਝ ਹੇਠ ਮਰ-ਖਪ ਰਹੇ ਹਨ, ਜਿਨਾਂ ਕੋਲ ਵਿਹਲ ਦਾ ਇਕ ਪਲ ਵੀ ਨਹੀਂ, ਉਹਨਾਂ ਦਾ 33% ਬੋਝ ਘੱਟ ਹੋ ਜਾਵੇਗਾ। ਉਹਨਾਂ ਨੂੰ 33% ਆਰਾਮ ਦਾ ਸਮਾਂ ਮਿਲੇਗਾ, ਉਹ ਵੀ ਜੀਵਨ ਮਾਣ ਸਕਣ ਬਾਰੇ ਸੋਚ ਸਕਣਗੇ।

'ਛੁਟੇਰੀ ਕੰਮ ਦਿਹਾੜੀ' ਦਾ ਨੇਮ ਕਿਰਤ ਉਤਪਾਦਕਤਾ ਵਧਾਉਂਦਾ ਹੈ, ਨਵੇਂ ਕਾਮਿਆਂ ਦਾ ਜੋੜ ਤੇ ਗੁਣਕ ਕੌਮੀ ਆਮਦਨ ਵਧਾਉਂਦਾ ਹੈ। ਪੈਦਾਵਾਰੀ ਸ਼ਕਤੀਆਂ ਵਿੱਚ ਵਾਧਾ ਕਰਦਾ ਹੈ। ਸਮਾਜ ਨੂੰ ਖੁਸ਼ ਤੇ ਖੁਸ਼ਹਾਲ ਬਣਾਉਂਦਾ ਹੈ।

ਉਜਰਤੀ ਕਾਮਿਆਂ ਦੀਆਂ ਸਭ ਪਰਤਾਂ ਇਸ ਦੀ ਸਰਗਰਮ ਹਮਾਇਤ ਅਤੇ ਪ੍ਰਾਪਤੀ ਵਿੱਚੋਂ ਆਪਣਾ ਰੋਸ਼ਨ ਭਵਿੱਖ ਵੇਖਣਗੀਆਂ। ਇਹ ਕਿਰਤੀ, ਠੋਸ ਕਿਰਤ ਹੈ, ਜੋ ਵਸਤਾਂ (ਵਰਤੋਂ ਕਦਰ) ਪੈਦਾ ਕਰਨ ਦਾ (ਕੁਦਰਤ ਪਿੱਛੋਂ) ਵੱਡਾ ਸਰੋਤ ਹਨ।

ਮੇਰੇ ਕਿਸਾਨ ਵੀ ਠੋਸ ਕਿਰਤ ਕਰਦੇ, ਵਸਤਾਂ, ਭਾਵ ਵਰਤੋਂ ਮੁੱਲ ਪੈਦਾ ਕਰਦੇ ਹਨ, ਇਹ ਸਭ ਸਿੱਧੇ ਲਾਭ ਵਾਲੇ ਸਮਾਜਕ ਹਿੱਸੇ ਹਨ।

ਆਓ, ਵੇਖੀਏ ਕਿਸਾਨੀ ਪਰਤਾਂ 'ਤੇ ਕੀ ਅਸਰ ਪਵੇਗਾ ?

**(ਚਲਦਾ)**

## ਵੇਲਜ਼ 'ਚ ਲੇਖਕ ਡਿਲਨ ਟੌਮਸ ਦੇ ਸਮਾਰਕ-ਘਰ ਦੀ ਫੇਰੀ ਤੋਂ ਬਾਅਦ

ਸੁਕੀਰਤ

ਸਾਡਾ ਵਾਹਨ ਚਾਲਕ ਆਪਣੇ ਆਪ ਨੂੰ "ਡੈਨ ਦ ਵੈਨ" ਕਹਿੰਦਾ ਹੈ। ਆਖਦਾ ਹੈ, ਇੰਜ ਤੁਸੀਂ ਮੇਰਾ ਨਾਂਅ ਕਦੇ ਨਹੀਂ ਭੁੱਲੋਗੇ : ਤੁਹਾਡੀ ਵੈਨ ਦਾ ਡਰਾਈਵਰ ਡੈਨ। ਵੈਸੇ ਡੈਨ ਨੂੰ ਭੁਲਾ ਸਕਣਾ ਸੌਖਾ ਨਹੀਂ, ਉਹਦੇ ਵਰਗਾ ਡਰਾਈਵਰ ਮੈਂ ਕਦੇ ਨਹੀਂ ਦੇਖਿਆ। ਮੁਸਤੈਦ ਤੇ ਮਾਹਰ ਡਰਾਈਵਰ ਤਾਂ ਹੈ ਹੀ, ਜਾਣਕਾਰੀ ਦਾ ਭੰਡਾਰ ਵੀ ਹੈ, ਤੇ ਸਾਡਾ ਗਾਈਡ ਵੀ। ਕੀ ਸਾਹਿਤ ਤੇ ਕੀ ਇਤਿਹਾਸ, ਕੀ ਸਿਨਮਾ ਤੇ ਕੀ ਸੰਗੀਤ; ਹਰ ਵਿਸ਼ੇ ਦੀ ਉਸ ਨੂੰ ਚੋਖੀ ਤੇ ਡੂੰਘੀ ਜਾਣਕਾਰੀ ਹੈ। ਡਰਾਈਵਰੀ ਕਰਦਿਆਂ ਉਸ ਦੀ ਨਜ਼ਰ ਸੜਕ 'ਤੇ ਹੁੰਦੀ ਹੈ, ਤੇ ਧਿਆਨ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਨ ਵੱਲ।

"ਤੁਸੀਂ ਡਿਲਨ ਟੌਮਸ ਦਾ ਨਾਂਅ ਸੁਣਿਆ ਹੋਵੇਗਾ ?", ਉਹ ਕੁਝ ਦੱਸਣ ਖਾਤਰ ਪੁੱਛ ਰਿਹਾ ਹੈ।

ਡਿਲਨ ਟੌਮਸ!? ਪਰ ਜ਼ਿਹਨ ਵਿਚ ਬੌਬ ਡਿਲਨ ਦਾ ਨਾਂਅ ਹੀ ਉੱਭਰ ਰਿਹਾ ਹੈ। ਮੇਰੀ ਜਵਾਨੀ ਵੇਲੇ ਦਾ ਮਸ਼ਹੂਰ ਅਮਰੀਕੀ ਗਾਇਕ ਜਿਸ ਦੇ ਜੰਗ ਵਿਰੋਧੀ ਅਤੇ ਸਥਾਪਤੀ ਵਿਰੋਧੀ ਗੀਤਾਂ ਨੂੰ ਉਨ੍ਹਾਂ ਵੇਲਿਆਂ ਵਿਚ ਅਸੀਂ ਸੁਣ-ਸੁਣ ਨਹੀਂ ਸਾਂ ਥੱਕਦੇ : ਸਾਡੇ ਅੰਦਰ ਰੋਹ ਤੇ ਜੋਸ਼ ਦਾ ਸੰਚਾਰ ਕਰਨ ਵਾਲੇ ਨਗਮੇ, ਪਰ ਡਿਲਨ ਟੌਮਸ ਮੈਨੂੰ ਚੇਤੇ ਨਹੀਂ ਆ ਰਿਹਾ। ਮੇਰੇ ਚਿਹਰੇ 'ਤੇ ਉੱਕਰ ਆਈ ਦੁਵਿਧਾ ਨੂੰ ਸ਼ਾਇਦ ਡੈਨ ਨੇ ਪੜ੍ਹ ਲਿਆ ਹੈ।

"ਡਿਲਨ ਟੌਮਸ ਸਾਡੇ ਵੇਲਜ ਦਾ ਸਭ ਤੋਂ ਵੱਡਾ ਤੇ ਮਸ਼ਹੂਰ ਕਵੀ ਸੀ, ਜਿਸ ਦੇ ਨਾਂਅ ਤੋਂ ਹੀ ਅਮਰੀਕੀ ਗਾਇਕ ਬੌਬ ਡਿਲਨ ਨੇ ਆਪਣਾ ਨਾਂਅ ਤਬਦੀਲ ਕੀਤਾ, ਭਾਵੇਂ ਉਸ ਦਾ ਅਸਲੀ ਨਾਂਅ ਰੌਬਰਟ ਜ਼ਿਮਰਮਾਨ ਸੀ।"

ਮੈਨੂੰ ਤੇ ਇਹ ਵੀ ਨਹੀਂ ਸੀ ਪਤਾ ਕਿ ਮਕਬੂਲ ਗਾਇਕ ਬੌਬ ਡਿਲਨ ਦਾ ਅਸਲੀ ਨਾਂਅ ਕੁਝ ਹੋਰ ਸੀ, ਪਰ ਡਿਲਨ ਟੌਮਸ ਦਾ ਪੇਤਲਾ ਜਿਹਾ ਝਾਉਲਾ ਮੇਰੇ ਚੇਤੇ ਵਿਚ ਜ਼ਰੂਰ ਝਲਕ ਆਇਆ। ਦਰਅਸਲ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਵਿੱਚੋਂ ਕਵਿਤਾ ਮੇਰਾ ਸਭ ਤੋਂ ਕਮਜ਼ੋਰ ਵਿਸ਼ਾ ਹੈ। ਮੈਨੂੰ ਤਾਂ ਪੰਜਾਬੀ ਕਵੀਆਂ ਤੇ ਕਵਿਤਾ ਬਾਰੇ ਵੀ ਪੇਤਲੀ ਜਿਹੀ ਸਮਝ ਤੇ ਜਾਣਕਾਰੀ ਹੈ, ਤੇ ਬਹੁਤਿਆਂ ਦੇ ਨਾਂਅ ਵੀ ਚੇਤੇ ਨਹੀਂ ਰਹਿੰਦੇ, ਡਿਲਨ ਟੌਮਸ ਨੇ ਕਵੀ ਵਜੋਂ ਕਿੱਥੇ ਯਾਦ ਰਹਿ ਜਾਣਾ ਸੀ।

"ਮਸ਼ਹੂਰ ਡਰਾਮੇ 'ਅੰਡਰ ਮਿਲਕ ਵੁੱਡ' ਦਾ ਲੇਖਕ ਡਿਲਨ ਟੌਮਸ ਨਾ ?", ਮੈਂ ਪੁੱਛਦਾ ਹਾਂ।

"ਜੀ, ਓਹੀਓ। ਡਿਲਨ ਟੌਮਸ ਸਾਡੇ ਵੇਲਜ ਦਾ ਸਭ ਤੋਂ ਅਜੀਮ ਸ਼ਾਇਰ ਹੈ।" ਡੈਨ ਦੱਸਦਾ ਹੈ, ਪਰ ਮੈਂ ਤਾਂ ਡਿਲਨ ਟੌਮਸ ਨੂੰ ਅੰਗਰੇਜ਼ੀ ਲੇਖਕ ਵਜੋਂ ਜਾਣਦਾ ਹਾਂ।

"ਲਿਖਿਆ ਤੇ ਉਸ ਨੇ ਹਮੇਸ਼ਾ ਅੰਗਰੇਜ਼ੀ ਵਿਚ ਹੀ, ਪਰ ਉਹ ਜੰਮਪਲ ਵੇਲਜ ਦਾ ਸੀ।" ਡੈਨ ਖੁਲਾਸਾ ਕਰਦਾ ਹੈ।

ਮੈਂ ਡੈਨ ਨਾਲ ਕਿਸੇ ਬਹਿਸ ਵਿਚ ਨਹੀਂ ਪੈਂਦਾ, ਪਰ ਕੁਝ ਵਰ੍ਹੇ ਪਹਿਲਾਂ ਲਾਹੌਰ ਵਿਚ ਦੋ ਅਦਬੀ ਮਿੱਤਰਾਂ ਵਿਚਕਾਰ ਹੋਈ ਬਹਿਸ ਚੇਤੇ ਆ ਜਾਂਦੀ ਹੈ। ਇਕ ਨੇ ਫੈਜ਼ ਅਹਿਮਦ ਫੈਜ਼ ਨੂੰ ਅਜੀਮ ਪੰਜਾਬੀ ਸ਼ਾਇਰ ਕਹਿ ਦਿੱਤਾ ਸੀ, ਤਾਂ ਦੂਜਾ ਭੁੜਕ ਪਿਆ ਸੀ, "ਗਿਣ ਕੇ ਚਾਰ ਜਾਂ ਛੇ ਨਜ਼ਮਾਂ ਫੈਜ਼ ਨੇ ਲਿਖੀਆਂ ਨੇ ਪੰਜਾਬੀ ਵਿਚ, ਸਾਰੀ ਹਯਾਤੀ ਉਰਦੂ ਵਿਚ ਲਿਖਦਾ ਰਿਹਾ, ਫੇਰ ਉਹ ਪੰਜਾਬੀ ਦਾ ਅਜੀਮ ਸ਼ਾਇਰ ਕਿਵੇਂ ਹੋ ਗਿਆ ?"

ਮੈਂ ਉਨ੍ਹਾਂ ਦੀ ਭਖਵੀਂ ਬਹਿਸ ਸੁਣਦਿਆਂ ਸੋਚਦਾ ਰਿਹਾ ਸਾਂ ਕਿ ਦੂਜੇ ਬੰਦੇ ਦੀ ਗੱਲ ਵਿਚ ਵਜ਼ਨ ਤਾਂ ਹੈ। ਅਸੀਂ ਮੁਲਕ ਰਾਜ ਆਨੰਦ, ਰਾਜਿੰਦਰ ਸਿੰਘ ਬੇਦੀ, ਮੰਟੋ, ਕ੍ਰਿਸ਼ਨ ਚੰਦਰ, ਖੁਸ਼ਵੰਤ ਸਿੰਘ ਨੂੰ ਪੰਜਾਬੀ ਦੇ ਅਜੀਮ ਲੇਖਕ ਤਾਂ ਨਹੀਂ ਕਹਿ ਸਕਦੇ ਨਾ ? ਕਹਿਣਾ ਉਨ੍ਹਾਂ ਨੂੰ ਸਿਰਫ ਪੰਜਾਬੀ ਮੂਲ ਦੇ ਲੇਖਕ ਚਾਹੀਦਾ ਹੈ। ਤੇ ਇਹੋ ਗੱਲ ਡਿਲਨ ਟੌਮਸ 'ਤੇ ਵੀ ਢੁਕਦੀ ਹੈ, ਉਹ ਵੇਲਸ਼ ਮੂਲ ਦਾ ਸੀ, ਪਰ ਸ਼ਾਇਰ ਤਾਂ ਅੰਗਰੇਜ਼ੀ ਦਾ ਹੀ ਸੀ, ਪਰ ਮੈਂ ਡੈਨ ਨਾਲ ਵੀ ਕਿਸੇ ਬਹਿਸ ਵਿਚ ਨਹੀਂ ਪੈਂਦਾ, ਸਗੋਂ ਉਨ੍ਹਾਂ ਅਣਗਿਣਤ ਲੇਖਕਾਂ ਬਾਰੇ ਸੋਚਣ ਲੱਗ ਪੈਂਦਾ ਹਾਂ, ਜਿਨ੍ਹਾਂ ਨੇ ਮਾਂ-ਬੋਲੀ ਤਜ ਕੇ ਸਮੇਂ ਜਾਂ ਸਥਾਨ ਦੀ ਹਾਵੀ ਬੋਲੀ ਵਿਚ ਸਾਹਿਤ ਰਚਣ ਨੂੰ ਤਰਜੀਹ ਦਿੱਤੀ।



ਡਿਲਨ ਟੌਮਸ ਦਾ ਲਿਖਣ ਸ਼ੈੱਡ

"ਅੱਜ ਅਸੀਂ ਲਾਰਨ ਜਾਵਾਂਗੇ, ਉਸ ਥਾਂ ਜਿੱਥੇ ਡਿਲਨ ਟੌਮਸ ਨੇ ਆਪਣੀ ਉਮਰ ਦੇ ਆਖਰੀ ਚਾਰ ਸਾਲ ਕੱਟੇ।" ਡੈਨ ਨੇ ਇਸ ਕਸਬੇ ਦਾ ਨਾਂਅ ਅੰਗਰੇਜ਼ੀ ਤਰਜ਼ ਵਿਚ ਰਾਰੇ ਨੂੰ ਸਿਰਫ ਦੋ ਧੁਨੀਆਂ ਵਿਚਲੇ ਲਮਕਾਅ ਵਾਂਗ ਵਰਤ ਕੇ ਕੁਝ ਇਸ ਢੰਗ ਨਾਲ ਲਿਆ ਹੈ ਕਿ ਲਾਰਨ ਵੀ ਸੁਣਿਆਂ ਲਾਅਨ ਹੀ ਜਾਪਦਾ ਹੈ। ਮੈਂ ਨਕਸ਼ੇ ਵਿਚ ਇਸ ਲਾਰਨ ਜਾਂ ਲਾਅਨ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਇਹੋ ਜਿਹੀ ਕੋਈ ਵੀ ਥਾਂ ਨੇੜੇ-ਤੇੜੇ ਨਹੀਂ ਦਿਸਦੀ। ਦਿਸ ਵੀ ਕਿਵੇਂ ਸਕਦੀ ਸੀ, ਅੰਗਰੇਜ਼ੀ ਵਿਚ ਇਸ ਨੂੰ ਲਿਖਿਆ ਤੇ ਹੋਇਆ ਹੈ, ਤੇ ਬੋਲਣ ਵੇਲੇ ਇਹ ਨਾਂਅ, ਲਾਫਆਰਨ, ਕੁਝ ਹੋਰ ਹੀ ਰੂਪ ਧਾਰ ਗਿਆ ਹੈ। ਪੰਜਾਹ ਸਾਲ ਹੋ ਗਏ ਨੇ ਅੰਗਰੇਜ਼ੀ ਸ਼ਬਦ-ਜੋੜਾਂ ਦੀਆਂ ਵਚਿੱਤਰ ਮੋੜ-ਕੱਟਣੀਆਂ ਨਾਲ ਸਿੱਝਦਿਆਂ, ਪਰ ਅਜੇ ਵੀ ਹੈਰਾਨੀਜਨਕ ਗੱਲਾਂ ਨਾਲ ਵਾਹ ਪੈ ਹੀ ਜਾਂਦਾ ਹੈ : ਲਿਖੋ ਹੋਰ, ਉਚਾਰੋ ਕੁਝ ਹੋਰ ਹੀ।

"ਲਾਰਨ ਉਹ ਥਾਂ ਹੈ, ਜਿੱਥੇ ਡਿਲਨ ਟੌਮਸ ਨੇ ਆਪਣੀ ਜ਼ਿੰਦਗੀ ਦੇ ਆਖਰੀ ਚਾਰ ਸਾਲ ਬਿਤਾਏ, ਭਾਵੇਂ ਸਾਰੀ ਉਮਰ ਉਹ ਥਾਂ ਦਰ ਥਾਂ ਕਈ ਸ਼ਹਿਰਾਂ ਵਿਚ ਰਿਹਾ ਤੇ ਮੌਤ ਵੀ ਉਸ ਦੀ ਨਿਊ ਯੌਰਕ ਵਿਚ ਹੋਈ। ਹੁਣ ਓਥੇ ਲਾਰਨ ਵਿਚ, ਉਸ ਦੇ ਆਖਰੀ ਘਰ ਨੂੰ ਸਮਾਰਕ-ਅਜਾਇਬਘਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਨੂੰ ਅੱਜ ਦੇਖਣ ਜਾਵਾਂਗੇ।" ਡੈਨ ਅੱਜ ਦੇ ਦਿਨ ਦਾ ਪ੍ਰੋਗਰਾਮ ਦੱਸ ਰਿਹਾ ਹੈ।

ਡਿਲਨ ਟੌਮਸ ਦਾ ਜਨਮ 1914 ਵਿਚ ਵੇਲਜ ਦੇ ਵੱਡੇ ਸ਼ਹਿਰ ਸਵਾਂਜੀ ਵਿਚ ਹੋਇਆ ਸੀ, ਤੇ 1953 ਵਿਚ ਸਿਰਫ 39 ਵਰ੍ਹਿਆਂ ਦੀ ਅਉਧ ਹੰਢਾ ਕੇ 1953 ਵਿਚ ਉਹ ਪੂਰਾ ਹੋ ਗਿਆ। ਲਿਖਣਾ ਉਸ ਨੇ ਬਹੁਤ ਛੋਟੀ ਉਮਰੇ ਸ਼ੁਰੂ ਕਰ ਦਿੱਤਾ ਸੀ। 16 ਸਾਲ ਦੀ ਉਮਰ ਵਿਚ ਉਹ ਇਕ ਅਖਬਾਰ ਵਿਚ ਰਿਪੋਰਟਰ ਹੋ ਗਿਆ ਤੇ ਨਾਲ ਹੀ ਕਵਿਤਾਵਾਂ ਵੀ ਲਿਖਣ ਲੱਗ ਪਿਆ। ਉਸ ਦੀ ਕਾਵਿ ਸਿਰਜਣਾ ਦਾ ਅੱਧਾ ਹਿੱਸਾ 1930 ਤੋਂ 1934 ਦੇ ਸਾਲਾਂ ਵਿਚ, ਯਾਨੀ 16 ਤੋਂ 20 ਸਾਲ ਦੀ ਉਮਰ ਵਿਚ ਰਚਿਆ ਲੱਭਦਾ ਹੈ। ਉਹ ਅਜੇ 19 ਸਾਲ ਦਾ ਹੀ ਸੀ ਜਦੋਂ ਉਸ ਦੀ ਪਲੇਠੀ ਕਾਵਿ ਪੁਸਤਕ ਛਪ ਗਈ। ਅਗਲੇ ਵਰ੍ਹਿਆਂ ਵਿਚ ਉਸ ਨੇ ਲਗਾਤਾਰ ਤੇ ਬਹੁਤ ਸਰਾਹੀਆਂ ਗਈਆਂ ਕਵਿਤਾਵਾਂ ਰਚੀਆਂ ਤੇ ਆਪਣੀ ਮੌਤ ਮਗਰੋਂ ਤਕਰੀਬਨ ਪੌਣੀ ਸਦੀ ਲੰਘ ਜਾਣ ਦੇ ਬਾਵਜੂਦ ਅੱਜ ਵੀ ਅੰਗਰੇਜ਼ੀ ਦੇ ਬਿਹਤਰੀਨ ਆਧੁਨਿਕ ਕਵੀਆਂ ਵਿਚ ਸ਼ੁਮਾਰ ਹੁੰਦਾ ਹੈ। ਸਿਰਫ ਏਨਾ ਹੀ ਨਹੀਂ, ਉਸ ਦੇ ਲਿਖੇ ਰੇਡੀਓ ਡਰਾਮੇ ਹੁਣ ਤੱਕ ਬਹੁਤ ਮਕਬੂਲ ਹਨ, ਖੇਡੇ ਜਾਂਦੇ ਹਨ ਤੇ ਉਨ੍ਹਾਂ ਦਾ ਫਿਲਮੀਕਰਨ ਵੀ ਹੋਇਆ ਹੈ, ਸਮੇਤ 'ਅੰਡਰ ਮਿਲਕ ਵੁੱਡ' ਦੇ, ਜਿਸ ਕਾਰਨ ਮੈਂ ਡਿਲਨ ਟੌਮਸ ਦੇ ਨਾਂਅ ਤੋਂ ਵਾਕਫ ਸਾਂ।

ਪਰ 23 ਸਾਲ ਦੀ ਉਮਰ ਤੱਕ ਅੱਪੜਦਿਆਂ ਉਸ ਨੇ ਬਹੁਤ ਜ਼ਿਆਦਾ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ, ਤੇ ਮੰਨਿਆ ਜਾਂਦਾ ਹੈ ਕਿ ਸਿਰਫ 39 ਵਰ੍ਹਿਆਂ ਦੀ ਉਮਰ ਵਿਚ ਹੋਈ ਉਸ ਦੀ ਮੌਤ ਦਾ ਕਾਰਨ ਵੀ ਸ਼ਰਾਬ ਦੀ ਬੇਲਗਾਮ ਵਰਤੋਂ ਹੀ ਸੀ। ਦੂਜੇ ਪਾਸੇ ਭਾਵੇਂ 23 ਸਾਲ ਦੀ ਉਮਰ ਵਿਚ ਉਸ ਨੇ ਸਟੇਜ-ਨਰਤਕੀ ਕੇਟਲਿਨ ਮੈਕਨਮਾਰਾ ਨਾਲ ਵਿਆਹ ਕਰਾ ਲਿਆ, ਪਰ ਸਾਰੀ ਉਮਰ ਉਸ ਦੇ ਹੋਰ ਔਰਤਾਂ ਨਾਲ ਆਸ਼ਨਾਈ ਦੇ ਕਿੱਸੇ ਵੀ ਮਸ਼ਹੂਰ ਹਨ। ਡੈਨ ਦੱਸਦਾ ਹੈ ਕਿ ਡਿਲਨ ਟੌਮਸ ਤੇ ਕੇਟਲਿਨ ਦਾ ਵਿਆਹ ਤਾਂ ਤੋੜ ਤੀਕ ਨਿਭਿਆ, ਪਰ ਉਮਰ ਸਾਰੀ ਰੋਸਿਆਂ, ਸ਼ਿਕਵਿਆਂ ਤੇ ਝਗੜਿਆਂ ਵਿਚ ਹੀ ਲੰਘੀ।

ਮੇਰੇ ਮਨ ਵਿਚ ਆਪ-ਮੁਹਾਰੇ ਹੀ ਦੁਨੀਆ ਦੇ ਹੋਰ ਕਈ ਰੁਮਾਂਟਕ ਕਵੀਆਂ ਦੇ ਬਿੰਬ ਉੱਭਰਦੇ ਹਨ, ਜਿਨ੍ਹਾਂ ਦੀ ਕਵਿਤਾ ਹੀ ਨਹੀਂ, ਜ਼ਿੰਦਗੀ ਵੀ ਰੁਮਾਂਟਕ ਕਿੱਸਿਆਂ ਨਾਲ ਓਤ-ਪੋਤ ਲੱਭਦੀ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿਚ ਅਣਗਿਣਤ ਔਰਤਾਂ ਆਈਆਂ ਤੇ ਗਈਆਂ : ਅੰਗਰੇਜ਼ੀ ਦਾ ਕਵੀ ਬਾਇਰਨ; ਰੂਸੀ ਦਾ ਯੇਸੇਨਿਨ ਤੇ ਸਾਡਾ ਆਪਣਾ ਸ਼ਿਵ ਕੁਮਾਰ ਬਟਾਲਵੀ। ਏਨਾ ਹੀ ਨਹੀਂ ਇਨ੍ਹਾਂ ਸਾਰਿਆਂ ਵਿਚ ਇਕ ਹੋਰ ਗੱਲ ਵੀ ਸਾਂਝੀ ਹੈ। ਇਹ ਸਾਰੇ, ਆਪੋ ਆਪਣੀ ਜਬਾਨ ਦੇ ਅਜੀਮ ਸ਼ਾਇਰ, ਛੋਟੀ ਉਮਰੇ ਹੀ ਚਲ ਵੱਸੇ : ਬਾਇਰਨ 36 ਸਾਲ ਦੀ ਵਰ੍ਹੇਸ, ਯੇਸੇਨਿਨ 33 ਸਾਲ ਦੀ ਉਮਰੇ, ਸ਼ਿਵ ਆਪਣੇ 36 ਵੇਂ ਵਰ੍ਹੇ ਵਿਚ ਤੇ ਡਿਲਨ ਟੌਮਸ 39 ਸਾਲ ਦੀ ਅਉਧ ਵਿਚ। ਤੇ ਬਾਇਰਨ ਨੂੰ ਛੱਡ ਕੇ , ਜਿਸ ਦੀ ਮੌਤ ਗ੍ਰੀਸ ਵਿਚ ਬਿਮਾਰੀ ਕਾਰਨ ਹੋਈ, ਬਾਕੀ ਤਿੰਨਾਂ ਸ਼ਾਇਰਾਂ ਵਿਚ ਇਕ ਹੋਰ ਗੱਲ ਵੀ ਸਾਂਝੀ ਲੱਭਦੀ ਹੈ : ਤਿੰਨਾਂ ਦੀ ਮੌਤ ਦਾ ਮੁੱਖ ਕਾਰਨ ਸ਼ਰਾਬ ਦੀ ਬੇਤਹਾਸ਼ਾ ਵਰਤੋਂ ਤੇ ਉਸ ਕਾਰਨ ਪੈਦਾ ਹੋਈਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਨੂੰ ਮੰਨਿਆ ਜਾਂਦਾ ਹੈ। ਕੀ ਰੁਮਾਂਟਕ ਕਵੀਆਂ ਅੰਦਰ ਕੋਈ ਖਾਸ ਜੀਨ, ਕੋਈ ਵਿਸ਼ੇਸ਼ ਮਾਦਾ ਹੁੰਦਾ ਹੈ, ਜੋ ਉਨ੍ਹਾਂ ਨੂੰ ਨਿਰਾਸ਼ਤਾ ਭਰਪੂਰ ਵੀਰਾਨੀਆਂ ਵਿੱਚੋਂ ਲੰਘਾਉਂਦਾ ਹੈ ? ਆਪਾ-ਘਾਤ ਤੇ ਸਵੈ ਉਜਾੜੇ ਦੇ ਰਾਹਾਂ ਵੱਲ ਧੱਕਦਾ ਹੈ।



ਡਿਲਨ ਟੌਮਸ ਦੇ ਘਰ ਦੇ ਬਾਹਰ ਲੇਖਕ

ਮੈਂ ਅਜਿਹੀਆਂ ਖਿਆਲ ਤਰੰਗਾਂ ਵਿਚ ਉਲਝਿਆ ਹੋਇਆ ਹਾਂ ਕਿ ਡੈਨ ਦੱਸਦਾ ਹੈ, "ਖੱਬੇ ਹੱਥ ਜਿਹੜਾ ਹੋਟਲ ਹੈ, ਬਰਾਉਨਜ ਹੋਟਲ ਦੇਖ ਰਹੇ ਹੋ ਨਾ, ਇਸ ਵਿਚ ਲਾਰਨ ਵਿਚ ਡਿਲਨ ਟੌਮਸ ਦੀ ਪਸੰਦੀਦਾ ਪੱਬ ਸੀ। ਉਹ ਰੋਜ਼ ਸ਼ਾਮ ਮਿੱਤਰਾਂ ਨਾਲ ਬਹਿ ਕੇ ਪੀਣ ਲਈ ਏਥੇ ਹੀ ਆਂਦਾ ਸੀ, ਹੁਣ ਏਸ ਤੱਥ ਨੂੰ ਪੱਬ ਦੇ ਬਾਹਰ ਇਕ ਸਜਾਵਟੀ ਫੱਟੀ ਉੱਤੇ ਲਿਖ ਕੇ ਦਰਜ ਕੀਤਾ ਹੋਇਆ ਹੈ।"

ਸੋ, ਅਸੀਂ ਲਾਰਨ ਪਹੁੰਚ ਗਏ ਹਾਂ। ਆਬਾਦੀ : 1300 ਦੇ ਗੇੜ ਵਿਚ। ਏਥੇ ਇਸ ਨੂੰ ਟਾਊਨ ਜਾਂ ਕਸਬਾ ਕਹਿੰਦੇ ਹਾਂ, ਭਾਵੇਂ ਸਾਡੇ ਦੇਸ਼ ਦੇ ਪਿੰਡ ਵੀ ਇਸ ਤੋਂ ਵੱਧ ਆਬਾਦੀ ਵਾਲੇ ਹੁੰਦੇ ਹਨ, ਪਰ ਚਲੋ ਕਸਬਾ ਹੀ ਸਹੀ। ਲਾਰਨ ਟਾਫ ਨਦੀ ਦੇ ਦਹਾਨੇ 'ਤੇ ਵੱਸਿਆ ਹੋਇਆ ਹੈ : ਏਥੇ ਖੁਦਾਈ ਸਮੇਂ 50000 ਸਾਲ ਪਹਿਲਾਂ ਦੀਆਂ ਕੰਦਰਾਂ ਵੀ ਲੱਭੀਆਂ ਹਨ ਅਤੇ ਇਸ ਗੱਲ ਦੇ ਪਰਮਾਣ ਵੀ ਮਿਲਦੇ ਹਨ ਕਿ ਮੁੱਢਲੇ ਪੱਥਰ ਯੁੱਗ, ਯਾਨੀ ਤਕਰੀਬਨ 10000 ਸਾਲ ਤੋਂ ਏਥੇ ਮਨੁੱਖੀ ਵਸੇਬਾ ਰਿਹਾ ਹੈ। ਏਸ ਪੱਖੋਂ ਲਾਰਨ ਨੂੰ ਵੇਲਜ ਦੇ ਸਭ ਤੋਂ ਪੁਰਾਣੇ, ਹੁਣ ਤੱਕ ਵੱਸਦੇ ਆ ਰਹੇ ਥਾਂ ਵਜੋਂ ਜਾਣਿਆ ਜਾਂਦਾ ਹੈ। ਕਸਬੇ ਵਿਚ ਕਈ ਇਤਿਹਾਸਕ ਇਮਾਰਤਾਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਉੱਘੜਵਾਂ ਅਤੇ ਫੈਲਵਾਂ ਲਾਰਨ ਦਾ ਕਿਲ੍ਹਾ ਹੈ। ਇਸ ਦੀ ਮੁਢਲੀ ਉਸਾਰੀ 1116 ਵਿਚ ਹੋਈ, ਪਰ ਕਈ ਸਦੀਆਂ ਤੇ ਕਈ ਹੱਥਾਂ ਵਿੱਚੋਂ ਲੰਘਣ ਕਾਰਨ ਇਸ ਦਾ ਰੂਪ ਤੇ ਆਕਾਰ ਵੀ ਬਦਲਦੇ ਗਏ ਤੇ ਵੇਲਜ ਦੇ ਬਹੁਤੇ ਕਿਲ੍ਹਿਆਂ ਵਾਂਗ ਭਾਵੇਂ ਹੁਣ ਇਸ ਦੇ ਖੰਡਰ ਹੀ ਬਚੇ ਹਨ, ਇਹ ਅੱਜ ਵੀ ਬਹੁਤ ਪ੍ਰਭਾਵਸ਼ਾਲੀ ਹੈ। ਪੁਰਾਣੇ ਸਮਿਆਂ ਵਿਚ ਜਦੋਂ ਵਪਾਰਕ ਵਸਤਾਂ ਦੀ ਢੋਆ-ਢੁਆਈ ਮੁੱਖ ਤੌਰ 'ਤੇ ਦਰਿਆਵਾਂ ਤੇ ਨਦੀਆਂ ਰਾਹੀਂ ਹੁੰਦੀ ਸੀ, ਇਨ੍ਹਾਂ ਦੇ ਦਹਾਨਿਆਂ ਨੂੰ ਬੰਦਰਗਾਹਾਂ ਵਾਂਗ ਵਰਤਿਆ ਜਾਂਦਾ ਸੀ ਤੇ ਇਹੋ ਜਿਹੇ ਕਿਲ੍ਹੇ ਉਨ੍ਹਾਂ ਦੀ ਰਾਖੀ ਲਈ ਅਤੇ ਚੌਕਸ ਨਿਗਰਾਨੀ ਲਈ ਉਸਾਰੇ ਜਾਂਦੇ ਸਨ। ਕਿਲ੍ਹਾ ਤਾਂ ਰਤਾ ਉਚੇਰੀ ਪਹਾੜੀ ਉਤੇ ਉਸਾਰਿਆ ਗਿਆ ਹੈ, ਜਿੱਥੋਂ ਤੁਸੀਂ ਦੂਰ ਸਮੁੰਦਰ ਤੀਕ ਦੇਖ ਸਕਦੇ ਹੋ, ਪਰ ਇਸ ਦੇ ਪੈਰਾਂ ਵਿਚ ਸੈਲਾਨੀ ਕਾਰਾਂ ਤੇ ਵੈਨਾਂ ਦੇ ਵਕਤੀ ਠਹਿਰਾਅ ਲਈ ਖੁੱਲ੍ਹਾ ਮੈਦਾਨ ਰਾਖਵਾਂ ਹੈ। ਡਿਲਨ ਟੌਮਸ ਦੇ ਘਰ ਤੱਕ ਜਾਣ ਲਈ ਪੈਦਲ ਡੰਡੀ-ਰਾਹ ਵੀ ਏਥੋਂ ਹੀ ਸ਼ੁਰੂ ਹੁੰਦਾ ਹੈ।

ਕੋਈ 300 ਮੀਟਰ ਦਾ ਰਾਹ ਹੋਵੇਗਾ, ਪਰ ਹਲਕੀ ਜਿਹੀ ਚੜ੍ਹਾਈ ਵਾਲਾ। ਖੱਬੇ ਹੱਥ ਕਿਲ੍ਹੇ ਦੇ ਆਲੀਸ਼ਾਨ ਖੰਡਰਾਂ ਦੇ ਹੇਠੋਂ ਲੰਘਦਿਆਂ ਅਸੀਂ ਰਤਾ ਉਪਰ ਜਾਂਦੀ ਪੱਕੀ ਡੰਡੀ ਉੱਤੇ ਪੈ ਜਾਂਦੇ ਹਾਂ : ਇਹ ਵਲੇਵੇਂਦਾਰ ਰਾਹ ਆਪਣੇ ਦੋਵੇਂ ਪਾਸੇ ਨਿੱਕੇ-ਵੱਡੇ, ਤੇ ਪਹਾੜੀ ਘਰਾਂ ਵਾਂਗ ਉੱਚੇ ਨੀਵੇਂ ਮਕਾਨਾਂ ਦੇ ਵਿੱਚੋਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

CMYK

# ਕੱਟੜਪੰਥੀ ਵਹਿਣ ਦੇ ਵਿਰੁੱਧ ਬੋਲਣ ਦਾ ਮਹੂਰਤ ਨਿਕਲੇਗਾ ਕਦੋਂ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਉੱਕੀ-ਪੁੱਕੀ ਹਰ ਤਰ੍ਹਾਂ ਦੀ ਸੰਪੂਰਨ ਆਜ਼ਾਦੀ ਦੀ ਗੱਲ ਕਰਨਾ ਸਮਝਦਾਰੀ ਨਹੀਂ ਕਿਹਾ ਜਾ ਸਕਦਾ, ਕੁਝ ਹੱਦਾਂ ਤਾਂ ਹਰ ਆਜ਼ਾਦੀ ਦੇ ਨਾਲ ਸਮਾਜ ਨੂੰ ਚੱਲਦਾ ਰੱਖਣ ਲਈ ਮੰਨਣੀਆਂ ਪੈਣਗੀਆਂ। ਮਿਸਾਲ ਵਜੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਕੋਈ ਸੜਕ ਉੱਤੇ ਖੱਬੇ ਪਾਸੇ ਚੱਲੇ ਜਾਂ ਸੱਜੇ ਪਾਸੇ, ਇਹ ਉਸ ਦੀ ਮਰਜ਼ੀ ਹੈ, ਕਿਉਂਕਿ ਹਰ ਕੋਈ ਇਸ ਤਰ੍ਹਾਂ ਮਰਜ਼ੀ ਨਾਲ ਖੱਬੇ ਜਾਂ ਸੱਜੇ ਗੱਡੀ ਚਲਾਉਣ ਲੱਗ ਪਿਆ ਤਾਂ ਹਾਦਸੇ ਹੀ ਹੁੰਦੇ ਰਹਿਣਗੇ, ਘਰ ਪਹੁੰਚਣ ਵਾਲੀ ਆਸ ਹੀ ਨਹੀਂ ਰਹਿ ਜਾਵੇਗੀ। ਕੋਈ ਕਹੇ ਕਿ ਪੁਲਸ ਕਿਸੇ ਨੂੰ ਨਹੀਂ ਰੋਕੇਗੀ, ਹਰ ਕਿਸੇ ਨੂੰ ਹਰ ਤਰ੍ਹਾਂ ਕਰਨ ਦੀ ਹੈ ਤਾਂ ਅੱਜ ਹੀ ਸ਼ਾਮ ਤੱਕ ਕਈ ਲੋਕਾਂ ਦੀਆਂ ਧੀਆਂ-ਭੈਣਾਂ ਆਪਣੇ ਘਰ ਨਹੀਂ ਮੁੜਨ ਦਿੱਤੀਆਂ ਜਾਣਗੀਆਂ ਤੇ ਗੁੰਡਿਆਂ ਦੇ ਗੈਂਗ ਰਾਹਾਂ ਵਿੱਚੋਂ ਚੁੱਕ ਕੇ ਲੈ ਜਾਣਗੇ। ਵੱਡੇ-ਵਡੇਰਿਆਂ ਨੇ ਸਮਾਜ ਨੂੰ ਚੱਲਦਾ ਰੱਖਣ ਲਈ ਕੁਝ ਨਿਯਮ ਬਣਾਏ ਸਨ ਤਾਂ ਹਰ ਦੇਸ਼ ਅੱਜ ਤੱਕ ਉਨ੍ਹਾਂ ਨਿਯਮਾਂ ਕਾਰਨ ਚੱਲੀ ਜਾਂਦਾ ਹੈ, ਅਜੋਕੀਆਂ ਸਰਕਾਰਾਂ ਨਹੀਂ ਚਲਾ ਰਹੀਆਂ। ਨਿਯਮ ਉਨ੍ਹਾਂ ਵੱਡਿਆਂ ਨੂੰ ਕਿਸੇ ਗੈਬੀ ਤਾਕਤ ਨੇ ਅੱਧੀ ਰਾਤ ਸੁਫਨੇ ਵਿੱਚ ਆ ਕੇ ਨਹੀਂ ਸੀ ਸਮਝਾਏ, ਉਨ੍ਹਾਂ ਨੇ ਆਪਣੇ ਨਾਲ ਵਾਪਰਦੇ ਚੰਗੇ ਜਾਂ ਮਾੜੇ ਵਰਤਾਰਿਆਂ ਦੀ ਅਕਲ ਵਿੱਚੋਂ ਆਪਸੀ ਸਹਿਮਤੀ ਨਾਲ ਬਣਾਏ ਸਨ। ਇਨ੍ਹਾਂ ਨਿਯਮਾਂ ਦੇ ਬੰਧੇਜ ਇਕੱਲੇ ਇਨਸਾਨ ਉੱਤੇ ਹੀ ਲਾਗੂ ਨਹੀਂ, ਜਾਨਵਰ ਵੀ ਕੁਝ ਨਿਯਮਾਂ ਨਾਲ ਚੱਲਦੇ ਹਨ ਅਤੇ ਜਿਹੜਾ ਜਾਨਵਰ ਆਪਣੇ ਕੁਟੰਬ ਦੇ ਨਿਯਮਾਂ ਉੱਤੇ ਨਹੀਂ ਚੱਲਦਾ, ਉਸ ਨੂੰ ਬਾਕੀ ਜਾਨਵਰ ਸਜ਼ਾ ਦੇਂਦੇ ਵੇਖੇ ਜਾਂਦੇ ਹਨ। ਜੰਗਲੀ ਜਾਨਵਰਾਂ ਦਾ ਜੀਵਨ ਵਿਖਾਉਣ ਵਾਲੇ ਇੱਕ ਚੈਨਲ ਨੇ ਵਿਖਾਇਆ ਸੀ ਕਿ ਇੱਕ ਹਾਥੀ ਬਾਕੀਆਂ ਨੂੰ ਤੰਗ ਕਰਨ ਤੋਂ ਨਹੀਂ ਸੀ ਹਟਦਾ ਤਾਂ ਉਹ ਕੁਝ ਚਿਰ ਉਸ ਦੀ ਮਸਤੀ ਨੂੰ ਅੱਖੋਂ-ਪਰੋਖਾ ਕਰਦੇ ਰਹੇ, ਫਿਰ ਸਾਰੇ ਜਣੇ ਉਸ ਨੂੰ ਘੇਰੇ ਵਿੱਚ ਲੈ ਕੇ ਖੜੋ ਗਏ ਤੇ ਇੱਕ ਸੀਨੀਅਰ ਹਾਥੀ ਉਸ ਨੂੰ ਟੱਕਰਾਂ ਮਾਰਨ ਲੱਗ ਪਿਆ ਤੇ ਉਹਦੇ ਮਰਨ ਤੱਕ ਮਾਰਦਾ ਰਿਹਾ ਸੀ। ਇਹ ਉਸ ਸਮਾਜ ਦਾ ਇੱਕ ਵਿਗੜੇ ਹੋਏ ਭਾਈਵਾਲ ਨੂੰ ਸਜ਼ਾ ਦੇਣ ਦਾ ਆਪਣਾ ਢੰਗ ਸੀ ਅਤੇ ਏਦਾਂ ਦਾ ਢੰਗ ਚਿੜੀਆਂ-ਕਾਵਾਂ ਵਿੱਚ ਵੀ ਮਿਲਦਾ ਕਿਹਾ ਜਾਂਦਾ ਹੈ, ਮਨੁੱਖੀ ਸਮਾਜ ਏਦਾਂ ਦੇ ਬੰਧੇਜ ਵਾਲੇ ਨਿਯਮਾਂ ਤੋਂ ਬਗੈਰ ਚੱਲ ਸਕੇਗਾ, ਇਹ ਸੋਚਣਾ ਵੀ ਬੇਵਕੂਫੀ ਹੈ।

ਮੁਸ਼ਕਲ ਓਦੋਂ ਹੁੰਦੀ ਹੈ, ਜਦੋਂ ਵਿਸ਼ੇਸ਼ ਨਿਯਮਾਂ ਬਣਾ ਕੇ ਉਨ੍ਹਾਂ ਵਿੱਚ ਕੁਝ ਖੁੱਲ੍ਹਾਂ ਸਮਾਜ ਨੇ ਖੁਦ ਦਿੱਤੀਆਂ ਹੋਣ ਤੇ ਕੋਈ ਉਨ੍ਹਾਂ ਮਿਲੀਆਂ ਹੋਈਆਂ ਖੁੱਲ੍ਹਾਂ ਦੇ ਮੁਤਾਬਕ ਆਜ਼ਾਦੀ ਨਾਲ ਕਦਮ ਪੁੱਟਣਾ ਚਾਹੇ ਤੇ ਸਮਾਜ ਪੁੱਟਣ ਨਹੀਂ ਦੇਂਦਾ, ਸਗੋਂ ਉਸ ਨੂੰ ਦੋਸ਼ੀ ਵਾਂਗ ਵੇਖਦਾ ਅਤੇ ਜ਼ਲੀਲ ਕਰਨ ਤੋਂ ਮਾਰ ਦੇਣ ਤੱਕ ਚਲਾ ਜਾਂਦਾ ਹੈ। ਅਸੀਂ ਉਨ੍ਹਾਂ ਦੇਸ਼ਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ, ਜਿਨ੍ਹਾਂ ਵਿੱਚ ਬਾਕਾਇਦਾ ਤੌਰ ਉੱਤੇ ਇੱਕ ਖਾਸ ਧਰਮ ਦਾ ਰਾਜ ਚੱਲਦਾ ਹੁੰਦਾ ਹੈ, ਓਥੇ ਤਾਂ ਧਰਮ ਦੀਆਂ ਸੰਵਿਧਾਨਕ ਹੱਦਾਂ ਵੀ ਕੋਈ ਨਹੀਂ ਹੁੰਦੀਆਂ ਅਤੇ ਉਸ ਧਰਮ ਦੇ ਅਨਪੜ੍ਹ ਜਾਂ ਅੱਧ-ਪੜ੍ਹ ਆਗੂ ਖੁਦ ਹੀ ਹੱਦਾਂ ਮਿਥ ਕੇ ਲਾਗੂ ਕਰਨ ਦਾ ਠੇਕਾ ਲੈ ਬਹਿੰਦੇ ਹਨ। ਗੱਲ ਭਾਰਤ ਵਰਗੇ ਉਨ੍ਹਾਂ ਦੇਸ਼ਾਂ ਦੀ ਹੈਰਾਨੀ ਵਾਲੀ ਹੈ, ਜਿੱਥੇ ਸੰਵਿਧਾਨ ਵਿੱਚ ਹੱਦਾਂ ਮਿਥੀਆਂ ਹਨ, ਪਰ ਉਨ੍ਹਾਂ ਹੱਦਾਂ ਉੱਤੇ ਚੱਲਣ ਦੀ ਖੁੱਲ੍ਹ ਦੇਣ ਦੀ ਥਾਂ ਸਮਾਜ ਦੇ ਅਨਪੜ੍ਹ ਜਾਂ ਕੁਝ ਅੱਧ-ਪੜ੍ਹ ਜਿਹੇ ਠੇਕੇਦਾਰ ਆਪਣੀ ਮਰਜ਼ੀ ਨੂੰ ਸਮਾਜੀ ਨਿਯਮ ਦਾ ਦਰਜਾ ਦੇਣ ਲੱਗਦੇ ਹਨ। ਭਾਰਤੀ ਸੰਵਿਧਾਨ ਸਾਨੂੰ ਕਿਸੇ ਵੀ ਧਰਮ ਨੂੰ ਆਪਣੀ ਮਰਜ਼ੀ ਮੁਤਾਬਕ ਮੰਨਣ ਤੇ ਚੱਲਣ ਦਾ ਹੱਕ ਦੇਂਦਾ ਹੈ, ਪਰ ਸਮਾਜ ਵਿੱਚ ਏਦਾਂ ਕਰਨਾ ਵੀ ਔਖਾ ਹੋਇਆ ਪਿਆ ਹੈ। ਪਹਿਲੀ ਗੱਲ ਤਾਂ ਇਹੋ ਮੁਸ਼ਕਲ ਹੈ ਕਿ ਕੋਈ ਆਪਣੀ ਮਰਜ਼ੀ ਦਾ ਧਰਮ ਚੁਣ ਸਕੇ ਅਤੇ ਫਿਰ ਉਸ ਮੁਤਾਬਕ ਜੀਵਨ ਗੁਜ਼ਾਰ ਸਕੇ। ਏਥੇ ਮਨੁੱਖ ਵੱਲੋਂ ਮਰਜ਼ੀ ਦਾ ਧਰਮ ਚੁਣਨ ਨੂੰ ਧਰਮ-ਤਬਦੀਲੀ ਕਹਿ ਕੇ ਏਦਾਂ ਭੰਡਿਆਂ ਜਾਂਦਾ ਹੈ, ਜਿਵੇਂ ਉਸ ਵਿਅਕਤੀ ਨੇ ਕੋਈ ਜੱਗੋਂ ਤੇਰ੍ਹਵਾਂ ਗੈਰ-ਇਨਸਾਨੀ ਕੰਮ ਕਰ ਦਿੱਤਾ ਹੋਵੇ। ਪੁਰਾਤਨ ਸਮਿਆਂ ਵਿੱਚ ਜਦੋਂ ਅਤੇ ਜਿੱਥੇ ਵੀ ਕੋਈ ਨਵਾਂ ਧਰਮ ਸ਼ੁਰੂ ਹੋਇਆ, ਪਹਿਲਿਆਂ ਨੂੰ ਚੰਗਾ ਕਦੇ ਨਹੀਂ ਲੱਗਾ ਅਤੇ ਲਈ ਨਵੇਂ ਧਰਮਾਂ ਨਾਲ ਪੁਰਾਣਿਆਂ ਦੇ ਵਿਰੋਧ ਕਾਰਨ ਜੰਗਾਂ ਹੁੰਦੀਆਂ ਸਨ, ਪਰ ਉਹ ਮੱਧ ਯੁਗੀ ਗੱਲਾਂ ਅੱਜ ਉਨ੍ਹਾਂ ਦੇਸ਼ਾਂ ਵਿੱਚ ਨਹੀਂ ਹੋਣੀਆਂ ਚਾਹੀਦੀਆਂ, ਜਿੱਥੇ ਲੋਕਤੰਤਰੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਹ ਗੱਲਾਂ ਅੱਜ ਤੱਕ ਓਥੇ ਹੋਈ ਜਾਂਦੀਆਂ ਹਨ। ਹਰ ਧਰਮ ਵਿੱਚ ਕੁਝ ਚੰਗਿਆਈਆਂ ਹੋ ਸਕਦੀਆਂ ਹਨ ਤੇ ਹਰ ਇੱਕ ਧਰਮ ਵਿੱਚ ਸਮੇਂ ਨਾਲ ਕੁਝ ਵਿਗਾੜ ਆ ਸਕਦੇ ਹਨ, ਜਿਨ੍ਹਾਂ ਤੋਂ ਅੱਕ ਕੇ ਕੋਈ ਵਿਅਕਤੀ ਆਪਣੀ ਸੋਚ ਨੂੰ ਕਿਸੇ ਹੋਰ ਪਾਸੇ ਮੋੜ ਸਕਦਾ ਹੈ, ਪਰ ਸੰਵਿਧਾਨਕ ਖੁੱਲ੍ਹਾਂ ਦੇ ਬਾਵਜੂਦ ਏਦਾਂ ਦੀ ਗੱਲ ਪ੍ਰਵਾਨ ਨਹੀਂ ਕੀਤੀ ਜਾ ਰਹੀ, ਭਾਰਤ ਵਰਗੇ ਦੇਸ਼ ਵਿੱਚ ਵੀ ਇਸ ਗੱਲ ਦਾ ਮਾਰਨ ਤੱਕ ਵਿਰੋਧ ਕੀਤਾ ਜਾਂਦਾ ਹੈ।

ਕਹਿਣ ਨੂੰ ਅਸੀਂ ਆਧੁਨਿਕ ਯੁੱਗ ਵਿੱਚ ਹਾਂ, ਪਰ ਕਈ ਵਾਰੀ ਮਨ ਵਿੱਚ ਆਉਂਦਾ ਹੈ ਕਿ ਇਸ ਤੋਂ ਮੱਧ ਯੁੱਗ ਵੱਧ ਖੁੱਲ੍ਹਾਂ ਦੇਣ ਵਾਲਾ ਸੀ, ਪਿਛਲੀ ਸਦੀ ਤੱਕ ਵੀ ਠੀਕ ਸੀ, ਜਦੋਂ ਅਲਾਮਾ ਇਕਬਾਲ ਦੇ ਵਡੇਰਿਆਂ ਨੂੰ ਵੀ ਇਹ ਖੁੱਲ੍ਹ ਸੀ ਕਿ ਆਪਣਾ ਧਰਮ ਤਬਦੀਲ ਕਰ ਸਕਣ। ਅੱਜ ਹਾਲਾਤ ਇਹ ਹਨ ਕਿ ਹਰ ਵਿਅਕਤੀ ਇਹ ਕਹਿੰਦਾ ਜਾਪ ਰਿਹਾ ਹੈ ਕਿ ਮੇਰਾ ਧਰਮ ਸਾਰੇ ਹੋਰਨਾਂ ਤੋਂ ਵਧੀਆ ਹੈ, ਰੱਬ ਦਾ ਜਿਹੜਾ ਨਾਂਅ ਮੇਰੇ ਧਰਮ ਵਿੱਚ ਹੈ, ਉਹ ਨਾਂਅ ਅਸਲੀ ਹੈ ਤੇ ਬਾਕੀ ਸਾਰੇ ਲੋਕ ਮੇਰੇ ਵਾਲੇ ਧਰਮ ਵਿੱਚ ਆਣ ਕੇ ਰਲ ਜਾਣ ਤਾਂ ਠੀਕ ਹੈ, ਜਿਹੜਾ ਕੋਈ ਮੇਰੇ ਧਰਮ ਨੂੰ ਛੱਡੇ ਜਾਂ ਮੇਰੇ ਧਰਮ ਵਿੱਚ ਚੱਲਦੇ ਰੱਬ ਦੇ ਨਾਂਅ ਤੋਂ ਵੱਖਰਾ ਨਾਂਅ ਲਵੇਗਾ, ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹਰ ਦੇਸ਼ ਦੀ ਬਹੁ-ਗਿਣਤੀ ਆਪਣੇ ਦੇਸ਼ ਦੀ ਸਰਕਾਰ ਨੂੰ ਵੋਟਾਂ ਦੇ ਟੋਕਰੇ ਵਿਖਾ ਕੇ ਬਲੈਕਮੇਲ ਕਰਨ ਦਾ ਯਤਨ ਕਰਦੀ ਹੈ ਤੇ ਭਾਰਤ ਵਰਗੇ ਦੇਸ਼ਾਂ ਵਿੱਚ ਤਾਂ ਉਹ ਲੋਕ ਆਪਣੀ ਮਰਜ਼ੀ ਦੀ ਪੈਰਵੀ ਕਰਨ ਵਾਲੀ ਸਰਕਾਰ ਬਣਾਉਣ ਵਿੱਚ ਵੀ ਸਫਲ ਹੋ ਸਕਦੇ ਹਨ। ਪਹਿਲਾਂ ਗਵਾਂਢ ਦੇ ਦੇਸ਼ਾਂ ਵਿੱਚ ਇਸ ਤਰ੍ਹਾਂ ਹੁੰਦਾ ਸੀ, ਅੱਜ ਭਾਰਤ ਵਿੱਚ ਵੀ ਬਹੁ-ਗਿਣਤੀ ਦਾ ਧਰਮ ਧੌਂਸ ਦੇ ਨਾਲ ਮਨਾਇਆ ਜਾਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸਰਕਾਰੀ ਮਸ਼ੀਨਰੀ ਬਹੁ-ਗਿਣਤੀ ਦੇ ਦਬਾਅ ਹੇਠ ਰਹਿੰਦੀ ਹੈ। ਇਸ ਦੀ ਥਾਂ ਇਹ ਕਹਿਣਾ ਵੱਧ ਠੀਕ ਲੱਗਦਾ ਹੈ ਕਿ ਸਰਕਾਰੀ ਮਸ਼ੀਨਰੀ ਵਿੱਚ ਵੀ ਬਹੁ-ਗਿਣਤੀ ਧਰਮ ਵਾਲੇ ਲੋਕ ਵੱਧ ਹੋਣ ਕਾਰਨ ਉਹ ਸੰਵਿਧਾਨਕ ਫਰਜ਼ ਦੀ ਪਾਲਣਾ ਕਰਨ ਦੀ ਥਾਂ ਆਪਣੀ ਵਰਦੀ ਵਾਲਾ 'ਆਪਣਾ ਧਰਮ' ਨਹੀਂ, ਮਾਪਿਆਂ ਤੋਂ ਮਿਲਿਆ ਧਰਮ ਨਿਭਾਉਣ ਨੂੰ ਪਹਿਲ ਦੇਂਦੇ ਹਨ। ਨਤੀਜੇ ਵਜੋਂ ਹਰ ਧਰਮ ਬਾਕੀ ਧਰਮਾਂ ਤੋਂ ਆਪਣੀ ਅਗੇਤ ਮੰਨਣ ਕਾਰਨ ਭਾਰਤ ਦੇ ਸਮਾਜ ਵਿੱਚ ਉਲਝਣਾਂ ਅਤੇ ਔਕੜਾਂ ਦਾ ਕਾਰਨ ਬਣਦੇ ਲੋਕਾਂ ਦੀ ਧਾੜ ਪੈਦਾ ਕਰਦਾ ਜਾਪਣ ਲੱਗਾ ਹੈ। 'ਸਰਬ ਧਰਮ ਸੰਭਾਵ' ਵਰਗੀ ਕਾਨੂੰਨੀ ਮਾਨਤਾ ਸਿਰਫ ਸ਼ਬਦਾਂ ਵਿੱਚ ਲਿਖੀ ਰਹਿ ਗਈ ਹੈ। ਸਮਾਜ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਇੱਛਾ ਕਿਸੇ ਵੀ ਧਿਰ ਜਾਂ ਧੜੇ ਦੀ ਹੋ ਸਕਦੀ ਹੈ, ਪਰ ਸਮਾਜ ਦੇ ਬਾਕੀ ਲੋਕਾਂ ਦੀ ਇੱਛਾ ਬਾਰੇ ਵੀ ਵੇਖਣਾ ਪਵੇਗਾ।

ਅਸੀਂ ਲੋਕਾਂ ਨੇ ਥੋੜ੍ਹੇ ਦਿਨ ਪਹਿਲਾਂ ਈਰਾਨ ਵਿੱਚ ਮਾਹਸਾ ਅਮੀਨੀ ਨਾਂਅ ਦੀ ਕੁੜੀ ਵਾਲਾ ਦੁਖਾਂਤ ਵਾਪਰਨ ਵਾਲੀ ਖਬਰ ਪੜ੍ਹੀ ਅਤੇ ਫਿਰ ਇਸ ਕਾਰਨ ਉਸ ਦੇਸ਼ ਦੇ ਅੰਦਰ ਹਾਲਾਤ ਵਿਗੜਦੇ ਵੇਖੇ ਹਨ। ਜਿਹੜੇ ਈਰਾਨ ਵਿੱਚ ਕਿਸੇ ਸਮੇਂ ਸਾਰੀ ਜਨਤਾ ਧਾਰਮਿਕ ਆਗੂ ਆਇਤੁਲਾ ਰੂਹੋਅੱਲ੍ਹਾ ਖੁਮੀਨੀ ਦੇ ਪਿੱਛੇ ਆਪਣੇ ਧਰਮ ਦੀ ਪਾਲਣਾ ਨੂੰ ਅਗੇਤ ਦੇਣ ਲਈ ਹਰ ਹੱਦ ਤੱਕ ਜਾਣ ਨੂੰ ਤਿਆਰ ਹੁੰਦੀ ਸੀ, ਅਜੋਕੇ ਪੜਾਅ ਉੱਤੇ ਜਦੋਂ ਧੱਕੇ ਨਾਲ ਕੱਟੜਪੰਥੀ ਨਿਯਮ ਪਾਲਣ ਲਈ ਕਿਹਾ ਜਾਣ ਲੱਗ ਪਿਆ ਤਾਂ ਓਸੇ ਦੇਸ਼ ਦੇ ਲੋਕ ਇਸ ਨੂੰ ਬਰਦਾਸ਼ਤ ਦੀ ਹੱਦ ਤੋਂ ਬਾਹਰ ਮੰਨਣ ਲੱਗੇ ਹਨ। ਜਿਹੜੇ ਭਾਰਤ ਦੇਸ਼ ਦੀ ਪ੍ਰੰਪਰਾ ਹੀ ਵੱਖੋ-ਵੱਖ ਧਾਰਮਿਕ ਵਿਸ਼ਵਾਸਾਂ ਦੇ ਹੁੰਦਿਆਂ ਮਿਲ ਕੇ ਰਹਿਣ ਦੀ ਰਹੀ ਹੈ, ਜੇ ਉਸ ਵਿੱਚ ਵੀ ਆਮ ਲੋਕਾਂ ਨੂੰ ਇੱਕ ਜਾਂ ਦੂਸਰੇ ਧਰਮ ਦੀ ਧੌਂਸ ਦਿੱਤੀ ਜਾਣ ਲੱਗ ਪਈ ਤਾਂ ਇੱਕ ਪੜਾਅ ਤੱਕ ਲੋਕ ਇਸ ਖੇਡ ਵਿੱਚ ਬੇਸ਼ੱਕ ਸ਼ਾਮਲ ਵੀ ਜਾਣ, ਬਹੁਤਾ ਚਿਰ ਇਸ ਵਹਿਣ ਵਿੱਚ ਵਗਦੇ ਨਹੀਂ ਰਹਿ ਸਕਦੇ। ਔਕੜ ਇਹ ਹੈ ਕਿ ਜਦੋਂ ਆਮ ਲੋਕ ਇਸ ਵਹਿਣ ਵਿੱਚ ਵਗਣਾ ਗਲਤ ਸਮਝਣ ਲੱਗਦੇ ਹਨ, ਓਦੋਂ ਤੱਕ ਬੜੀ ਦੇਰ ਹੋ ਚੁੱਕੀ ਹੁੰਦੀ ਹੈ ਤੇ ਫਿਰ ਲਾਂਭੇ ਹੋਣ ਲਈ ਰਾਹ ਲੱਭ ਸਕਣਾ ਔਖਾ ਹੋ ਜਾਂਦਾ ਹੈ। ਸਾਡੇ ਗਵਾਂਢ ਪਾਕਿਸਤਾਨ ਵਰਗੇ ਦੇਸ਼ਾਂ ਵਿੱਚ ਆਮ ਲੋਕ ਏਸੇ ਔਕੜ ਵਿੱਚ ਫਸੇ ਹੋਏ ਹਨ, ਵਹਿਣ ਨਾਲ ਵਗਣਾ ਔਖਾ ਹੈ, ਪਰ ਵਹਿਣ ਦੇ ਖਿਲਾਫ ਸਿਰ ਚੁੱਕ ਕੇ ਵੇਖਣਾ ਵੀ ਗੁਸਤਾਖੀ ਮੰਨੀ ਜਾਣ ਦਾ ਡਰ ਹੁੰਦਾ ਹੈ ਤੇ ਧਰਮ ਦੇ ਖਿਲਾਫ ਗੁਸਤਾਖੀ ਦੀ ਇੱਕੋ-ਇੱਕ ਸਿਖਰਲੀ ਸਜ਼ਾ ਮੌਤ ਰੱਖੀ ਜਾਂਦੀ ਹੈ। ਈਰਾਨ ਦੀ ਕੁੜੀ ਮਾਹਸਾ ਅਮੀਨੀ ਨਾਲ ਵੀ ਇਹੋ ਹੋਇਆ, ਉਸ ਨਾਲ ਵਾਪਰੀ ਜ਼ਿਆਦਤੀ ਖਿਲਾਫ ਰੋਸ ਕਰਦਿਆਂ ਨਾਲ ਵੀ ਇਹੋ ਵਾਪਰਦਾ ਹੈ ਤੇ ਜਿਹੜੇ ਲੋਕ ਵਕਤ ਗੁਆਉਣ ਪਿੱਛੋਂ ਏਦਾਂ ਦੇ ਵਹਿਣ ਦੇ ਖਿਲਾਫ ਭਾਰਤ ਵਿੱਚ ਉਠੇ ਉਬਾਲਿਆਂ ਵਿਰੁੱਧ ਮੂੰਹ ਖੋਲ੍ਹਣਾ ਚਾਹੁਣਗੇ, ਉਨ੍ਹਾਂ ਨੂੰ ਵੀ ਸਮਾਂ ਓਦੋਂ ਕੋਈ ਰਾਹ ਨਹੀਂ ਦੇਣ ਲੱਗਾ। ਬੜੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਕਦੀ ਝੂਠ ਨਹੀਂ ਬੋਲਿਆ, ਪਰ ਇਹ ਕੋਈ ਵੱਡੀ ਗੱਲ ਨਹੀਂ, ਦੱਸਣ ਤਾਂ ਇਹ ਗੱਲ ਕਿ ਜਦੋਂ ਬੋਲਣ ਦੀ ਲੋੜ ਸੀ, ਓਦੋਂ ਜ਼ਬਾਨ ਖੋਲ੍ਹੀ ਸੀ ਕਿ ਨਹੀਂ ? ਜੇ ਓਦੋਂ ਜ਼ਬਾਨ ਖੋਲ੍ਹੀ ਨਹੀਂ ਸੀ ਤਾਂ ਇਸ ਗੱਲ ਦਾ ਸਿਹਰਾ ਵੀ ਲੈਣਾ ਔਖਾ ਹੋਵੇਗਾ ਕਿ ਅਸੀਂ ਕਦੀ ਝੂਠ ਨਹੀਂ ਬੋਲਿਆ,ਅਤੇ ਇਹ ਸਵਾਲ ਉਨ੍ਹਾਂ ਸਾਰਿਆਂ ਲੋਕਾਂ ਸਾਹਮਣੇ ਨੂੰ ਹੈ, ਜਿਹੜੇ ਗੱਲਾਂ ਬਹੁਤ ਕਰਦੇ ਹਨ, ਦੂਜਿਆਂ ਨੂੰ ਕੁਝ ਕਰਨ ਨੂੰ ਕਹਿੰਦੇ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦੇ ਛੱਡਣਾ ਹੀ ਬਹੁਤ ਮੰਨਦੇ ਹਨ, ਖੁਦ ਕਦੇ ਕੁਝ ਨਹੀਂ ਬੋਲਦੇ।

# ਲੱਗਦੈ, ਉਲਝੀ ਤਾਣੀ ਸੁਲਝੀ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਵਿਸ਼ਵ ਗੁਰੂ ਦੇ ਆਪਣੇ ਦੇਸ਼ ਵਿੱਚ ਕੀ-ਕੀ ਹੋ ਰਿਹਾ, ਇਸ ਬਾਰੇ ਹਰ ਰੋਜ਼ ਚਿੰਤਕ ਆਪਣੀਆਂ ਲਿਖਤਾਂ ਨਾਲ ਚਿੰਤਾ ਪ੍ਰਗਟ ਕਰ ਰਹੇ ਹਨ। ਜਿਸ 'ਤੇ ਮੌਜੂਦਾ ਕੇਂਦਰੀ ਸਰਕਾਰ ਕੋਈ ਚਿੰਤਾ ਨਾ ਪ੍ਰਗਟ ਕਰਕੇ ਵੱਡੀਆਂ ਤੋਂ ਵੱਡੀਆਂ ਘਟਨਾਵਾਂ ਨੂੰ ਆਮ ਹੋਣ ਵਾਲੀਆਂ ਘਟਨਾਵਾਂ ਵਾਂਗ ਲੈ ਰਹੀ ਹੈ, ਇਸ ਕਰਕੇ ਯੂ ਪੀ ਦੇ ਅੰਬੇਦਕਰ ਇਲਾਕੇ ਵਿੱਚ ਬੀ ਐਮ ਸੀ ਦੀ ਵਿਦਿਆਰਥਣ ਆਪਣੇ ਨਾਲ ਹੋਏ ਰੇਪ ਤੋਂ ਬਾਅਦ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਬਾਅਦ ਖੁਦਕਸ਼ੀ ਕਰਕੇ ਲੋਕਾਂ ਦੀ ਥੂਹ-ਥੂਹ ਤੋਂ ਕਿਨਾਰਾ ਕਰ ਲੈਂਦੀ ਹੈ ਤਾਂ ਕਿ ਵਿਸ਼ਵ ਗੁਰੂ ਦਾ ਮਹਾਨ ਨਾਹਰਾ ਬੇਟੀ ਪੜ੍ਹਾਓ ਬੇਟੀ ਬਚਾਓ ਅੱਗੇ ਵਧ ਸਕੇ। ਇਹ ਸਭ ਇਸ ਕਰਕੇ ਵੀ ਹੋ ਰਿਹਾ ਹੈ ਕਿਉਂਕਿ ਮੌਜੂਦਾ ਕੇਂਦਰੀ ਸਰਕਾਰ ਵਿਪਕਸ਼ ਵਿਹੂਣੀ ਹੈ। ਘੱਟੋ-ਘੱਟ ਅਜਿਹਾ ਸਭ ਘਟ ਸਕੇ, ਇਸ ਲਈ ਖ਼ਸਤਾ ਹਾਲਤ ਵਿੱਚ ਹੋਈ ਸਭ ਤੋਂ ਪੁਰਾਣੀ ਕਾਂਗਰਸ ਪਾਰਟੀ ਆਪਣੀ ਉਲਝੀ ਤਾਣੀ ਨੂੰ ਭਾਰਤ-ਜੋੜੋ ਯਾਤਰਾ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਵਿੱਚ ਹੈ। ਜਿਸ ਵਿੱਚ ਉਸ ਨੂੰ ਦਿਨੋ-ਦਿਨ ਕਾਮਯਾਬੀ ਮਿਲਦੀ ਦਿਸ ਰਹੀ ਹੈ।

ਉਪਰੋਕਤ ਕਿਸਮ ਦੀ ਤਾਣੀ ਨੂੰ ਸੁਲਝਾਉਣ ਲਈ ਸਭ ਮੈਦਾਨ ਵਿੱਚ ਆ ਚੁੱਕੇ ਹਨ। ਕੋਈ ਪੈਦਲ ਯਾਤਰਾ 'ਤੇ ਹੈ; ਕੋਈ ਪ੍ਰਧਾਨਗੀ ਦਾ ਉਮੀਦਵਾਰ ਬਣ ਕੇ ਸਾਹਮਣੇ ਆ ਚੁੱਕਾ ਹੈ। ਬਾਕੀ ਆਪੋ-ਆਪਣੀ ਸੋਚ ਮੁਤਾਬਕ ਉਨ੍ਹਾਂ ਪਿੱਛੇ ਖੜੋ ਰਹੇ ਹਨ। ਭਾਵ ਸਭ ਹਰਕਤ ਵਿੱਚ ਲਗਦੇ ਹਨ। ਜਿਸ ਨਾਲ ਕਾਂਗਰਸ ਦਾ ਕਚਰਾ ਵੀ ਸਾਫ਼ ਹੋ ਰਿਹਾ ਹੈ। ਯਾਤਰਾ ਦਾ ਅਸਰ ਸਾਫ਼ ਦਿਸ ਰਿਹਾ ਹੈ। ਜੀ-23 ਵੀ ਅਲੋਪ ਹੋ ਰਿਹਾ ਹੈ। ਤਿੰਨ-ਤਿੰਨ ਅਹੁਦਿਆਂ ਦੇ ਮਾਲਕ ਲਿਖਤੀ ਮੁਆਫ਼ੀਆਂ ਮੰਗ ਰਹੇ ਹਨ। ਪੁਰਾਣੀਆਂ ਵਫ਼ਾਦਾਰੀਆਂ ਨਵਾਂ ਰੂਪ ਲੈ ਰਹੀਆਂ ਹਨ। ਅਖੌਤੀ ਟਿੱਪਣੀਆਂ ਕਰਨ ਵਾਲੇ ਵੀ ਸੋਚਣ ਲਈ ਮਜਬੂਰ ਹੋ ਰਹੇ ਹਨ। ਸਭ ਦੀਆਂ ਨਿਗਾਹਾਂ 19 ਅਕਤੂਬਰ 'ਤੇ ਹਨ ਤੇ ਉਨ੍ਹਾਂ ਦੇ ਕੰਨ ਇਹ ਸੁਣਨ ਲਈ ਕਾਹਲੇ ਹਨ ਕਿ 19 ਅਕਤੂਬਰ ਦਾ ਬਾਜ਼ੀਗਰ ਕੌਣ ਹੋਵੇਗਾ ? ਕਿਉਂਕਿ ਅਸਲ ਵਿੱਚ ਇਹ ਬਾਜ਼ੀਗਰ ਗਾਂਧੀ ਪਰਵਾਰ ਤੋਂ ਬਾਹਰਲਾ ਹੋਵੇਗਾ। ਜਿਵੇਂ ਸਭ ਜਾਣੂ ਹਨ ਕਿ ਇਸ ਦੌੜ ਮੁਕਾਬਲੇ ਵਿੱਚ ਜੋ ਉਮੀਦਵਾਰ ਹਨ ਉਹ ਆਪਣੇ ਆਪ ਵਿੱਚ ਸੰਪੂਰਨ ਅਤੇ ਊਰਜਾ ਭਰਪੂਰ ਵੀ ਹਨ। ਜਿਨ੍ਹਾਂ ਬਾਰੇ ਪੰਛੀ-ਝਾਤ ਦੇਖੋ ਤੇ ਇਹ ਵੀ ਦੇਖੋ ਕਿ ਇਹ ਚੋਣ ਦੰਗਲ ਕਿਵੇਂ ਅਤੇ ਕਿੰਨਾ ਦਿਲਚਸਪ ਹੋਣ ਜਾ ਰਿਹਾ। ਇਸ ਚੋਣ ਵਿੱਚ ਪਹਿਲਿਆਂ ਵਿੱਚੋਂ ਥਾਪੀ ਮਾਰ ਕੇ ਆਉਣ ਵਾਲਾ ਉਹ ਸ਼ਸ਼ੀ ਥਰੂਰ ਨਿੱਤਰਿਆ ਜਿਹੜਾ ਭਾਵੇਂ ਜੀ-23 ਦਾ ਜੋਟੀਦਾਰ ਸੀ, ਪਰ ਮੌਜੂਦਾ ਕਾਂਗਰਸ ਵਿੱਚ ਜਾਨ ਫੂਕਣ ਅਤੇ ਇਸ ਨੂੰ ਨਵੀਆਂ ਆਧੁਨਿਕ ਲੀਹਾਂ 'ਤੇ ਪਾਉਣ ਅਤੇ ਕਾਂਗਰਸ ਨੂੰ ਡੀ-ਸੈਂਟਰਲਾਈਜ਼ ਬਣਾਉਣ ਦਾ ਦਾਅਵਾ ਕਰਨ ਵਾਲਾ ਜੋ ਆਧੁਨਿਕ ਖਿਆਲਾਂ ਦਾ ਧਾਰਨੀ ਵੀ ਹੈ। ਜਿਹੜਾ ਤਰਵੰਜਾਂ ਸਾਲ ਦੀ ਉਮਰ ਵਿੱਚ ਸਿਆਸਤ ਵਿੱਚ ਦਾਖ਼ਲ ਹੋਇਆ, ਜਿਹੜਾ ਯੂ ਐਨ ਓ ਦੀ ਸੰਸਥਾ ਵਿੱਚ ਕੰਮ ਕਰਕੇ ਨਾਂਅ ਕਮਾਉਣ ਵਾਲਾ ਬਣਿਆ, ਜਿਹੜਾ ਫਰਾਟੇਦਾਰ ਇੰਗਲਿਸ਼ ਅਜਿਹੀ ਬੋਲਦਾ ਹੈ, ਜਿਸ ਨੂੰ ਸਮਝਣ ਲਈ ਵਿਰੋਧੀ ਮਿੱਤਰ ਡਿਕਸ਼ਨਰੀਆਂ ਦਾ ਸਹਾਰਾ ਲੈਂਦੇ ਹਨ। ਜਿਹੜਾ ਪੜ੍ਹਦਿਆਂ-ਪੜ੍ਹਦਿਆਂ ਵਿੱਦਿਆ ਦੇ ਸਿਖਰ 'ਤੇ ਪੀ ਐਚ ਡੀ ਕਰ ਕੇ ਪਹੁੰਚਿਆ। ਥਰੂਰ ਸਾਹਿਬ ਪਾਰਲੀਮੈਂਟ ਵਿੱਚ ਕਈ ਕਮੇਟੀ ਦੇ ਚੇਅਰਮੈਨ ਵੀ ਰਹੇ। ਤਿੰਨ ਵਿਆਹ ਕਰਾਉਣ ਵਾਲਾ ਸ਼ਸ਼ੀ ਥਰੂਰ ਤੀਜੀ ਘਰਵਾਲੀ ਦੀ ਮੌਤ ਦੇ ਸੰਬੰਧ ਵਿੱਚ ਕੇਸ ਵਿੱਚੋਂ ਬਰੀ ਹੋਣ ਵਾਲਾ ਅੱਜ ਦੇ ਦਿਨ ਵਿੱਚ ਵੀ ਦੂਜੇ ਉਮੀਦਵਾਰਾਂ ਵਿੱਚੋਂ ਯੰਗ ਸਮਝਦਾ ਹੈ। ਜੋ ਆਪਣੇ ਐਲਾਨਾਂ ਅਤੇ ਭਾਸ਼ਣਾਂ ਵਿੱਚ ਆਮ ਕਹਿੰਦਾ ਹੈ ਕਿ ਅਗਰ ਕਾਂਗਰਸ ਨੂੰ ਨਵੀਂ ਲੁੱਕ ਦੇਣੀ ਹੈ ਤਾਂ ਮੈਨੂੰ ਵੋਟ ਦਿਓ ਵਰਨਾ ਖੜਗੇ ਸਾਹਿਬ ਨੂੰ ਮਜ਼ਬੂਤ ਕਰੋ।

ਦੂਜੇ ਪਾਸੇ ਸ਼ਸ਼ੀ ਥਰੂਰ ਦਾ ਮੁੱਖ ਮੁਕਾਬਲਾ ਉਸ ਖੜਗੇ ਸਾਹਿਬ ਨਾਲ ਹੈ ਜੋ ਆਪਣੇ ਨਾਲ ਅੱਠ ਦਹਾਕੇ ਦੀ ਉਮਰ ਵਿੱਚ ਵੀ ਏਨਾ ਊਰਜਾਵਾਨ ਹੈ ਕਿ ਅਜੇ ਤੱਕ ਉਸ ਨੇ ਕਦੇ ਥਕਾਵਟ ਮਹਿਸੂਸ ਨਹੀਂ ਕੀਤੀ, ਜਿਹੜਾ ਉੱਨੀ ਸੌ ਬਹੱਤਰ ਤੋਂ ਵੀਹ ਸੌ ਚੌਦਾਂ ਤੱਕ ਕਦੇ ਵੀ ਨਾ ਹਾਰਿਆ ਹੋਵੇ। ਨੌਂ ਵਾਰ ਐਮ ਐਲ ਬਣਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜਿਹੜਾ ਕਰਨਾਟਕ ਵਰਗੇ ਸੂਬੇ ਵਿੱਚ ਕਈ ਵਾਰ ਮਨਿਸਟਰ ਰਿਹਾ ਹੋਵੇ। ਜਿਹੜਾ ਪਾਰਲੀਮੈਂਟ ਵਿੱਚ ਵੀ ਵਜ਼ੀਰੀਆਂ ਬੜੀ ਸਫ਼ਲਤਾ ਪੂਰਵਕ ਹੰਢਾਉਂਦਾ ਰਿਹਾ ਹੋਵੇ। ਏਨੀ ਲੰਬੀ ਸਿਆਸੀ ਪਾਰੀ ਵਿੱਚ ਬੇਦਾਗ ਰਿਹਾ ਹੋਵੇ। ਜਿਸ ਨੇ ਆਪਣੀ ਉਮੀਦਵਾਰੀ ਭਰਨ ਦੇ ਦੂਜੇ ਦਿਨ ਹੀ ਰਾਜ ਸਭਾ ਵਿੱਚੋਂ ਵਿਰੋਧੀ ਲੀਡਰ ਤੋਂ ਅਸਤੀਫ਼ਾ ਦੇ ਦਿੱਤਾ ਹੋਵੇ ਜਿਸ ਪਿੱਛੇ ਸਭ ਤੋਂ ਜ਼ਿਆਦਾ ਵੱਖ-ਵੱਖ ਪਾਰਟੀ ਲੀਡਰ, ਸੰਸਦੀ ਮੈਂਬਰ ਨਾਮਜ਼ਦਗੀ ਕਾਗਜ਼ ਭਰਨ ਵੇਲੇ ਰਹੇ ਹੋਣ। ਜਿਸ ਦੇ ਨਾਮਜ਼ਦਗੀ ਕਾਗਜ਼ ਭਰਨ ਤੋਂ ਬਾਅਦ ਦਿਗਵਿਜੈ ਸਿੰਘ ਵਰਗੇ ਆਪਣੇ ਕਾਗਜ਼ ਵਾਪਸ ਲੈ ਗਏ ਹੋਣ। ਜਿਸ ਵਾਰੇ ਇੱਕ ਵੀ ਕਾਂਗਰਸੀ ਨੇ ਕੋਈ ਗੀਮਾਰਸ ਨਾ ਦਿੱਤਾ ਹੋਵੇ। ਜਿਹੜਾ ਅਜ਼ਾਦੀ ਤੋਂ ਬਾਅਦ ਦੂਜਾ ਉਮੀਦਵਾਰ ਪਛੜੀ ਜਾਤੀ ਨਾਲ ਸੰਬੰਧ ਰੱਖਦਾ ਹੋਵੇ, ਜੇ ਉਨ੍ਹਾਂ ਸਭ ਗੁਣਾ ਦਾ ਧਾਰਨੀ ਹੋਵੇ, ਜੋ ਇੱਕ ਸਿਆਣੇ ਲੀਡਰ ਵਿੱਚ ਹੋਣ, ਜਿਸ ਬਾਰੇ ਇਹ ਚਰਚਾ ਜ਼ੋਰ ਫੜ ਗਈ ਹੋਵੇ ਕਿ ਗਾਂਧੀ ਪਰਵਾਰ ਦਾ ਹੱਥ ਵੀ ਖੜਗੇ ਪਿੱਛੇ ਹੈ, ਭਾਵੇਂ ਗਾਂਧੀ ਪਰਵਾਰ ਨੇ ਅਜਿਹੀ ਦਿਲਚਸਪੀ ਕੋਈ ਦਿਖਾਈ ਨਹੀਂ ਹੈ। ਅੱਜ ਤੱਕ ਸਣੇ ਰਾਹੁਲ ਗਾਂਧੀ ਕੋਈ ਫ਼ੋਨ, ਬਿਆਨ ਜਾਂ ਇਸ਼ਾਰਾ ਇਸ ਬਾਬਤ ਕੋਈ ਗਾਂਧੀ ਪਰਵਾਰ ਵੱਲੋਂ ਆਇਆ ਨਹੀਂ। ਪਰ ਉਂਜ ਸਭ ਖੜਗੇ-ਗਾਂਧੀ ਦੀ ਨੇੜਤਾ ਵਾਸਤੇ ਸਭ ਜਾਣੂ ਹਨ।

ਕਾਂਗਰਸ ਦੀ ਪ੍ਰਧਾਨਗੀ ਚੋਣ ਅਤੇ ਭਾਰਤ-ਜੋੜੋ ਯਾਤਰਾ ਨਾਲੋ ਨਾਲ ਚਲ ਰਹੀਆਂ ਹਨ। ਭਾਰਤ-ਜੋੜੋ ਯਾਤਰਾ ਵਿੱਚ ਬੀਤੇ ਦਿਨ ਸੋਨੀਆ ਗਾਂਧੀ ਨੇ ਪੌਣਾ ਘੰਟਾ ਮਾਰਚ ਕਰਕੇ ਕਾਂਗਰਸੀਆਂ ਵਿੱਚ ਇੱਕ ਨਵਾਂ ਉਤਸ਼ਾਹ ਭਰਿਆ ਹੈ। ਉਂਜ ਵੀ ਜਿਵੇਂ ਕੇਰਲਾ ਤੋਂ ਬਾਅਦ ਕਾਂਗਰਸ ਭਾਰਤ-ਜੋੜੋ ਯਾਤਰਾ ਰਾਹੀਂ ਕਰਨਾਟਕ ਵਿੱਚ ਪਹੁੰਚੀ ਹੈ, ਰਾਜ ਕਰਦੀ ਭਾਜਪਾ ਨੂੰ ਭਾਜੜ ਪੈ ਗਈ ਹੈ। ਜਿਵੇਂ ਕਰਨਾਟਕ ਵਿੱਚ ਰਾਹੁਲ ਦੀ ਰੈਲੀ ਵਾਰਸ ਵਿੱਚ ਵੀ ਟਿਕੀ ਰਹੀ। ਲੋਕ ਸੁਣਦੇ ਰਹੇ, ਰਾਹੁਲ ਬੋਲਦੇ ਰਹੇ। ਇਸ ਬਾਰੇ ਆਮ ਚਰਚਾ ਛਿੜੀ ਹੋਈ ਹੈ। ਜੀ-23 ਦੇ ਕਈ ਨੇਤਾ ਵੀ ਇਸ ਮਾਰਚ ਵਿੱਚ ਸ਼ਾਮਲ ਹੋ ਰਹੇ ਹਨ। ਕਈ ਹੋਰ ਸ਼ਾਮਲ ਹੋਣ ਦਾ ਐਲਾਨ ਕਰ ਰਹੇ ਹਨ। ਜੋ ਸ਼ਾਮਲ ਨਹੀਂ ਹੋ ਰਹੇ, ਉਹ ਪਛਤਾ ਰਹੇ ਹਨ। ਇਸ ਕਰਕੇ ਅਜਿਹੀ ਹਾਲਤ ਵਿੱਚ ਸਭ ਨਵੇਂ-ਪੁਰਾਣੇ ਕਾਂਗਰਸੀ ਹਲੂਣੇ ਗਏ ਹਨ।

ਅਜਿਹੇ ਹਾਲਾਤ ਵਿੱਚ ਕਾਂਗਰਸ ਨੂੰ ਆਪਣਾ ਪ੍ਰਚਾਰ ਤੇਜ਼ ਕਰਨਾ ਪਵੇਗਾ। ਜਿਸ ਵਿੱਚ ਘੱਟੋ-ਘੱਟ ਕਾਂਗਰਸ ਆਪਣੀਆਂ ਪ੍ਰਾਪਤੀਆਂ ਤਾਂ ਜਨਤਾ ਵਿੱਚ ਪ੍ਰਚਾਰੇ। ਭਾਜਪਾ ਅਤੇ ਮੋਦੀ ਸਰਕਾਰ ਕੁਝ ਜ਼ਿਆਦਾ ਨਾ ਕਰਨ ਦੇ ਬਾਵਜੂਦ ਆਪਣੇ ਪ੍ਰਚਾਰ ਸਦਕਾ ਜਨਤਾ 'ਚ ਇਵੇਂ ਵਿਚਰ ਰਹੀ ਹੈ ਜਿਵੇਂ ਸਭ ਵਿਕਾਸ 2014 ਤੋਂ ਬਾਅਦ ਹੀ ਹੋਇਆ ਹੋਵੇ। ਉਸ ਕਾਂਗਰਸ ਨੇ ਕੁਝ ਨਹੀਂ ਕੀਤਾ ਜਿਸ ਨੇ 1961 'ਚ ਗੋਆ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਬਣਾਇਆ, ਜਿਸ ਨੇ 1965 'ਚ ਭਾਰਤੀ ਝੰਡਾ ਲਾਹੌਰ ਵਿੱਚ ਝੁਲਾਇਆ ਸੀ। ਇਹ ਕਾਂਗਰਸੀ ਰਾਜ ਹੀ ਸੀ ਜਿਸ ਨੇ 1971 ਵਿੱਚ ਪਾਕਿਸਤਾਨ ਦੇ ਦੋ ਟੁਕੜੇ ਕੀਤੇ ਅਤੇ 1974 ਵਿੱਚ ਸਿੱਕਮ ਨੂੰ ਭਾਰਤ ਵਿੱਚ ਮਿਲਾਇਆ। ਇਸ ਦੇ ਮੁਕਾਬਲੇ ਮੌਜੂਦਾ ਸਰਕਾਰ ਦੀ ਅਜਿਹੇ ਕੰਮਾਂ 'ਚ ਕੋਈ ਪ੍ਰਾਪਤੀ ਨਾ ਦੇ ਬਰਾਬਰ ਹੈ।

"ਹੁਣ ਨਹੀਂ ਤਾਂ ਫਿਰ ਕਦੇ ਨਹੀਂ" ਦੀ ਲੜਾਈ ਵਿੱਚ ਲਗਦੈ ਕਾਂਗਰਸ ਵਿਰੋਧੀ ਧਿਰ ਨੇ ਹਾਲੇ ਤੱਕ ਆਪਣੀ ਉਲਝੀ ਤਾਣੀ ਸੁਲਝਾ ਲਈ ਹੈ। ਟੁੱਟੀ ਤਾਣੀ ਨੂੰ ਇਓਂ ਗੰਢ ਲਿਆ ਹੈ ਕਿ ਦਿੱਤੀਆਂ ਗੰਢਾਂ, ਗੰਢਾਂ ਨਹੀਂ ਬਲਕਿ ਫੁੱਲ ਦਾ ਡਿਜ਼ਾਈਨ ਬਣ ਕੇ ਉੱਭਰ ਰਹੀਆਂ ਹਨ। ਬਾਕੀ ਸਭ ਆਖਰੀ ਸੀਨ ਦਾ ਪਰਦਾ ਡਿਗਣ 'ਤੇ ਸਾਫ਼ ਹੋ ਜਾਵੇਗਾ।

**# ਸੰਪਰਕ : 98721-65741**

# ਜੋ ਕਹੀਂ ਕੇ ਨਹੀਂ ਰਹਿਤੇ....

**ਜਗਵਿੰਦਰ ਜੋਧਾ**

ਮੇਰੇ ਪਸੰਦੀਦਾ ਸ਼ਾਇਰ ਜਵਾਦ ਸ਼ੇਖ ਦਾ ਇਕ ਸ਼ਿਅਰ ਹੈ:

ਅਪਨੇ ਸਾਮਾਨ ਕੋ ਬਾਂਧੇ ਹੁਏ ਇਸ ਸੋਚ ਮੇਂ ਹੂੰ
ਜੋ ਕਹੀਂ ਕੇ ਨਹੀਂ ਰਹਿਤੇ ਵੋ ਕਹਾਂ ਜਾਤੇ ਹੈਂ

ਸੰਸਾਰ 'ਤੇ ਬੇਸ਼ੁਮਾਰ ਥਾਵਾਂ ਨੇ ਤੇ ਅਸੰਖ ਲੋਕ ਇਨ੍ਹਾਂ ਥਾਵਾਂ 'ਤੇ ਜਾਂਦੇ ਨੇ, ਪਰ ਆਈਨਸਟਾਈਨ ਦੇ ਕਹਿਣ ਵਾਂਗੂੰ ਬੰਦਾ ਆਪਣੇ ਲਈ ਸੁਖਾਵੇਂ ਕੋਨੇ ਦੀ ਤਲਾਸ਼ ਵਿਚ ਸਾਰੀ ਉਮਰ ਭਟਕਦਾ ਫਿਰਦੈ।

ਐਸੀ ਹੀ ਇਕ ਭਟਕਣ ਦੌਰਾਨ ਮੈਂ ਇਕ ਵਾਰ ਮੈਕਲੋਡਗੰਜ ਦੇ ਜੋਗੀਵਾੜਾ ਰੋਡ 'ਤੇ ਫਿਰ ਰਿਹਾ ਸਾਂ ਕਿ ਸਾਹਮਣੇ ਇਕ ਰੈਸਤੋਰਾਂ ਦੇ ਅਜੀਬ ਨਾਂਅ ਨੇ ਮੇਰਾ ਧਿਆਨ ਖਿੱਚਿਆ। ਨਾਂਅ ਸੀ ਇਲਿਤਰਾਤੀ। ਇਸ ਦਾ ਸਿੱਧਾ-ਸਾਦਾ ਅਰਥ ਅਨਪੜ੍ਹ ਸਥਾਨ ਬਣਦਾ ਹੈ। ਪੰਜਾਬੀ ਸ਼ਬਦ ਇੱਲਤੀ ਵਰਗਾ ਉਚਾਰਨ ਹੋਣ ਕਾਰਨ ਵੀ ਇਹ ਨਾਂਅ ਆਕਰਸ਼ਕ ਲੱਗਾ। ਮੈਨੂੰ ਅਨਪੜ੍ਹ ਬੰਦੇ ਚੰਗੇ ਲੱਗਦੇ ਨੇ। ਪੜ੍ਹੇ-ਲਿਖਿਆਂ ਨਾਲੋਂ ਕਿਤੇ ਜ਼ਿਆਦਾ ਕੁਝ ਮੈਂ ਪਿੰਡ ਦੇ ਉਨ੍ਹਾਂ ਲੋਕਾਂ ਕੋਲੋਂ ਲਿਆ, ਜਿਨ੍ਹਾਂ ਕਿਤਾਬ ਦੀ ਛੋਹ ਵੀ ਕਦੇ ਨਹੀਂ ਮਾਣੀ।


ਇਲਿਤਰਾਤੀ ਦੇ ਅੰਦਰ ਦਾ ਦ੍ਰਿਸ਼

ਖੈਰ ਅੰਦਰ ਜਾ ਕੇ ਉਸ ਰੈਸਤੋਰਾਂ ਦੀ ਆਭਾ ਦੇਖ ਕੇ ਮੈਂ ਅਚੰਭਿਤ ਰਹਿ ਗਿਆ। ਚਾਰੇ ਪਾਸੇ ਕਿਤਾਬਾਂ। ਖਾਣ ਦੇ ਮੇਜਾਂ ਦੇ ਆਸ-ਪਾਸ ਸੰਸਾਰ ਦਾ ਬਿਹਤਰੀਨ ਸਾਹਿਤ। ਕਿਸੇ ਕੋਨੇ 'ਚੋਂ ਗਾਰਸੀਆ ਤੁਹਾਨੂੰ ਇਸ਼ਾਰੇ ਕਰ ਰਿਹਾ, ਕਿਤੋਂ ਬੋਰਿਸ ਪਾਸਤਰਨਾਕ ਆਪਣੀ ਮੁਸਕਣੀ ਬਿਖੇਰ ਰਿਹਾ, ਕਿਸੇ ਅਲਮਾਰੀ ਵਿਚ ਦੋਸਤੋਵਸਕੀ ਨੇ ਤੁਹਾਨੂੰ ਚਾਓ ਕਿਹਾ ਹੈ, ਕਿਸੇ ਪਾਸੇ ਫੈਜ਼ ਗੁਲਸ਼ਨ ਕੇ ਕਾਰੋਬਾਰ ਦੀ ਮਹਿਕ ਬਿਖੇਰ ਰਿਹਾ ਤੇ ਕਿਸੇ ਕੋਨੇ ਵਿਚ ਚਾਚਾ ਗਾਲਿਬ ਨੇ ਆਪਣੇ ਦਾਰਸ਼ਨਿਕ ਅੰਦਾਜ਼ ਨਾਲ ਛਹਿਬਰ ਲਾਈ ਹੋਈ ਸੀ। ਮੈਨੂੰ ਲੱਗਾ ਮੈਨੂੰ ਆਪਣਾ ਸੁਖਾਵਾਂ ਕੋਨਾ ਮਿਲ ਗਿਆ। ਮੈਂ ਹੈਰਾਨ ਸਾਂ ਕਿ ਲੋਕ ਏਥੇ ਆ ਕੇ ਵੀ ਖਾਣ ਵਿਚ ਮਸਰੂਫ ਸਨ। ਸ਼ਹਿਰ ਦੀ ਮਧਲੀ ਜਮਾਤ ਖਾਂਦੀ-ਪੀਂਦੀ, ਕਿਤਾਬਾਂ ਦੀਆਂ ਅਲਮਾਰੀਆਂ ਮੂਹਰੇ ਖੜ੍ਹ ਸੈਲਫੀਆਂ ਖਿੱਚਦੀ ਤੇ ਤੁਰੀ ਜਾ ਰਹੀ ਸੀ। ਮੈਨੂੰ ਇਕ ਨਿੱਕੀ ਜਿਹੀ ਬਾਲਕੋਨੀ ਦਾ ਟੇਬਲ ਮਿਲਿਆ, ਜਿੱਥੋਂ ਪਾਲਮਪੁਰ ਵੱਲ ਦੇ ਧੌਲਾਧਾਰ ਪਹਾੜ ਐਨ ਸਾਹਮਣੇ ਨਜ਼ਰ ਆ ਰਹੇ ਸਨ ਤੇ ਪ੍ਰਸਿੱਧ ਮੂਨ ਪੀਕ ਕਿਸੇ ਧੌਲਿਆਂ ਵਾਲੇ ਬਜ਼ੁਰਗ ਵਾਂਗ ਸਾਹਮਣੇ ਬੈਠੀ ਲੱਗਦੀ ਸੀ। ਇਸ ਰੈਸਤੋਰਾਂ ਨੂੰ ਹਲਕੀ ਜਿਹੀ ਉਮਰ ਦੀ ਕੁੜੀ ਚਲਾ ਰਹੀ ਸੀ। ਉਸ ਨੇ ਦੱਸਿਆ ਕਿ ਇਹ ਕਿਸੇ ਵਿਦੇਸ਼ੀ ਜੋੜੇ ਦਾ ਸੁਪਨਾ ਸੀ ਕਿ ਕਿਤਾਬਾਂ ਤੇ ਮਨੁੱਖਾਂ ਨੂੰ ਇੱਕੋ ਕੋਨੇ ਵਿਚ ਛੱਡ ਦਿੱਤਾ ਜਾਵੇ, ਜਿੱਥੇ ਉਹ ਮਿਲ ਸਕਣ। ਰੈਸਤੋਰਾਂ ਲਈ ਲਾਇਸੈਂਸ ਵਗੈਰਾ ਦੇ ਪੰਗਿਆਂ ਤੋਂ ਘਾਬਰ ਕੇ ਉਹ ਜੋੜਾ ਵਾਪਸ ਆਪਣੇ ਦੇਸ਼ ਚਲਾ ਗਿਆ ਹੈ ਤੇ ਹੁਣ ਇਸ ਸਥਾਨ ਨੂੰ ਚਲਾਉਣ ਦੀ ਚੁਣੌਤੀ ਭਰੀ ਜ਼ਿੰਮੇਵਾਰੀ ਉਸ ਕੋਲ ਹੈ। ਨਾਲ ਤਿੰਨ ਕੁ ਚੁਸਤ ਮੁੰਡੇ ਆਰਡਰ ਅਨੁਸਾਰ ਖਾਣ-ਪੀਣ ਦੀਆਂ ਚੀਜ਼ਾਂ ਮੇਜਾਂ 'ਤੇ ਪੁਚਾ ਰਹੇ ਸਨ।

ਮੇਰਾ ਪੂਰਾ ਧਿਆਨ ਤਾਂ ਕਿਤਾਬਾਂ ਵੱਲ ਈ ਰਿਹਾ। ਪੂਰੇ ਰੈਸਤੋਰਾਂ ਵਿਚ ਕਾਗਜ਼, ਸਿਆਹੀ ਦੀ ਅਜੀਬ ਜਿਹੀ ਹਮਕ ਫੈਲੀ ਹੋਈ ਸੀ, ਪਰ ਇਸ ਦੇ ਨਾਲ-ਨਾਲ ਸ਼ਬਦਾਂ ਦੀ ਮਹਿਕ ਦਾ ਸਰੂਰ ਜਿਹਾ ਵੀ ਸੀ। ਕਰੀਬ ਦੋ ਘੰਟੇ ਮੈਂ ਉਸੇ ਕੋਨੇ ਵਿਚ ਬੈਠਾ ਪੜ੍ਹਦਾ ਰਿਹਾ। ਇਸ ਦੌਰਾਨ ਮੁਲਾਜ਼ਮ ਨੌਜਵਾਨ ਦੇ ਪੁੱਛਣ 'ਤੇ ਮੈਂ ਚਾਹ ਵੀ ਦੋ ਵਾਰ ਮੰਗਵਾਈ। ਆਖਿਰ ਇਕ ਵਾਰ ਉਸ ਅਲੂਏਂ ਮੁੰਡੇ ਨੇ ਕੁਝ ਹੋਰ ਸਰ ਇਸ ਤਰ੍ਹਾਂ ਪੁੱਛਿਆ, ਜਿਵੇਂ ਕਹਿੰਦਾ ਹੋਵੇ ਜਾ ਭਾਈ ਥਾਂ ਵਿਹਲੀ ਕਰ ਹੁਣ। ਬਿੱਲ ਦੇਣ ਸਮੇਂ ਉਸ ਕੁੜੀ ਨੇ ਮੁਸਕਰਾ ਕੇ ਧੰਨਵਾਦ ਕੀਤਾ ਤੇ ਦੱਸਿਆ ਕਿ ਇਸ ਸੁਪਨੇ ਨੂੰ ਜਾਰੀ ਰੱਖਣ ਵਿਚ ਕਈ ਦਿੱਕਤਾਂ ਆ ਰਹੀਆਂ ਹਨ। ਦੇਖੋ ਕਦੋਂ ਤੱਕ ਅਸੀਂ ਇਹ ਸਾਥ ਨਿਭਾਅ ਸਕਦੇ ਹਾਂ।

ਉਸ ਤੋਂ ਬਾਅਦ ਕੋਰੋਨਾ ਦਾ ਸਿਲਸਿਲਾ ਚੱਲਿਆ। ਆਪਣੇ ਦੇਸ਼ ਦੇ ਚਾਰ ਕੁ ਬੰਦਿਆਂ ਨੂੰ ਛੱਡ ਕੇ ਬਾਕੀ ਕੁੱਲ ਰਿਆਇਆ ਨੂੰ ਇਸ ਦੌਰ ਨੇ ਲੱਕ ਤੋੜਵੇਂ ਹਾਲਾਤ ਦਿੱਤੇ। ਇਸ ਦਾ ਬਹੁਤਾ ਅਸਰ ਰੈਸਤੋਰਾਂ ਉਦਯੋਗ 'ਤੇ ਹੋਇਆ।

ਇਸ ਵਾਰ ਮੈਂ ਮੈਕਲੋਡਗੰਜ ਵਿੱਚੋਂ ਲੰਘ ਕੇ ਅਗਲੇ ਸਫਰ ਲਈ ਜਾ ਰਿਹਾ ਸਾਂ ਤਾਂ ਮੈਨੂੰ ਇਲੀਤਰਾਤੀ ਵੇਖਣ ਦੀ ਉਤੇਜਨਾ ਵੀ ਸੀ। ਮੈਂ ਧਰਮਸ਼ਾਲਾ ਤੋਂ ਜੋਗੀਵਾੜਾ ਰੋਡ 'ਤੇ ਚੱਲ ਪਿਆ। ਐਨ ਆਖਰਲੇ ਮੋੜ ਨੂੰ ਮੁੜ ਕੇ ਸਾਮ੍ਹਣੇ ਹੀ ਇਲਿਤਰਾਤੀ ਆ ਜਾਣਾ ਸੀ। ਮਨ ਵਿਚ ਸੰਸਾ ਸੀ ਇਹ ਪਿਆਰਾ ਕੋਨਾ ਵੀ ਕੋਵਿਡ ਦੇ ਦੈਂਤ ਦੀ ਭੇਟ ਨਾ ਚੜ੍ਹ ਗਿਆ ਹੋਵੇ। ਦੂਰ ਤੋਂ ਦੇਖਿਆ ਰੈਸਤੋਰਾਂ ਦੇ ਦਰਵਾਜ਼ੇ ਖੁੱਲ੍ਹੇ ਸਨ। ਮਨ ਨੂੰ ਤਸੱਲੀ ਹੋਈ। ਕਦਮਾਂ 'ਚ ਆਪਮੁਹਾਰੇ ਕਾਹਲ ਆ ਗਈ। ਇਸੇ ਕਾਹਲ ਵਿਚ ਸਣੇ ਬੈਗ ਅੰਦਰ ਵੜ ਕੇ ਆਲੇ-ਦੁਆਲੇ ਵੇਖਿਆ ਤਾਂ ਪੈਰ ਜਿਵੇਂ ਸੁੰਨ ਹੋ ਗਏ। ਕਿਤਾਬਾਂ ਵਾਲੇ ਰੈਕ ਖਾਲੀ ਸਨ। ਉਸ ਇਮਾਰਤ ਵਿਚ ਪਲਾਸਟਿਕ ਦੀਆਂ ਪਾਣੀ ਵਾਲੀਆਂ ਬੋਤਲਾਂ ਦਾ ਵੱਡਾ ਜ਼ਖੀਰਾ ਦਿਸ ਰਿਹਾ ਸੀ। ਖਾਲੀ ਬੋਤਲਾਂ ਇਕੱਠੀਆਂ ਕਰਕੇ ਵਾਪਸ ਪਾਣੀ ਭਰਨ ਲਈ ਭੇਜਣ ਵਾਲੇ ਕਿਸੇ ਠੇਕੇਦਾਰ ਨੇ ਉਹ ਜਗ੍ਹਾ ਕਿਰਾਏ 'ਤੇ ਲੈ ਲਈ ਸੀ। ਪਤਾ ਲੱਗਾ ਕਿ ਕਰੀਬਨ ਛੇ ਕੁ ਮਹੀਨੇ ਪਹਿਲਾਂ ਕਿਰਾਇਆ ਨਾ ਦੇ ਸਕਣ ਦੀ ਸੂਰਤ ਵਿਚ ਉਹ ਰੈਸਤੋਰਾਂ ਬੰਦ ਹੋ ਗਿਆ ਸੀ। ਮੇਰਾ ਸੁਖਾਵਾਂ ਕੋਨਾ ਸਦਾ ਲਈ ਖੁੱਸ ਗਿਆ ਸੀ। ਪਤਾ ਨਹੀਂ ਉਨ੍ਹਾਂ ਰੈਕਾਂ ਵਾਲੀਆਂ ਕਿਤਾਬਾਂ ਦਾ ਕੀ ਬਣਿਆ ਹੋਵੇਗਾ। ਇਕ ਕੋਨੇ ਵਿਚ ਅਹਿਮਦ ਨਦੀਮ ਕਾਸਮੀ ਦੀਆਂ ਰਚਨਾਵਾਂ ਦੀ ਅੰਗਰੇਜ਼ੀ ਵਿਚ ਅਨੁਵਾਦਤ ਕਿਤਾਬ ਦਾ ਫਟਿਆ ਸਰਵਰਕ ਪਿਆ ਸੀ। ਮੈਂ ਉਹ ਵਰਕ ਚੁੱਕ ਕੇ ਝਾੜ ਕੇ ਸਾਂਭ ਲਿਆ। ਜਵਾਦ ਸ਼ੇਖ ਦਾ ਸ਼ਿਅਰ ਬੇਮੁਹਾਰਾ ਮੇਰੀ ਜ਼ੁਬਾਨ 'ਤੇ ਆ ਗਿਆ।

ਜੋ ਕਹੀਂ ਕੇ ਨਹੀਂ ਰਹਿਤੇ ਵੋ ਕਹਾਂ ਜਾਤੇ ਹੈਂ

**ਸੰਪਰਕ : 94654-64502**

# ਕਿੰਨਾ ਕੁ ਮਾਣ-ਮੱਤਾ ਕੰਮ ਹੈ ਬਲਾਤਕਾਰੀਆਂ ਨੂੰ ਵਡਿਆਉਣਾ

**ਵਾਹ-ਵਾਸਤਾ**

**ਡਾ: ਸ਼ਿਆਮ ਸੁੰਦਰ ਦੀਪਤੀ**

ਵਿਕਸਤ ਮਨੁੱਖ ਦੇ ਜਿਸ ਪੜਾਅ 'ਤੇ ਅੱਜ ਅਸੀਂ ਪਹੁੰਚੇ ਹੋਏ ਹਾਂ, ਉਸ ਸਮੇਂ ਵਿੱਚ ਵਿਸ਼ੇਸ਼ ਕਰਕੇ ਸਾਡੇ ਵਰਗੇ ਮੁਲਕ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਪੂਰੇ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ।

ਬਲਾਤਕਾਰ ਸਿਰਫ ਔਰਤ-ਮਰਦ ਦੇ ਕੁਦਰਤੀ ਮਿਲੇ ਸੈਕਸ ਕਾਰਜ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਨਾਲ ਸੰਬੰਧਤ ਖਬਰਾਂ ਦਿਲ-ਕੰਬਾਊ ਹਨ। ਇਸ ਤਰ੍ਹਾਂ ਦੇ ਕਾਰਿਆਂ ਨੂੰ ਲੈ ਕੇ ਆਮ ਲੋਕ ਗੁੱਸੇ ਵਿੱਚ ਆ ਕੇ ਇਹਨਾਂ ਲੋਕਾਂ ਨੂੰ ਜੰਗਲੀ, ਜਾਨਵਰ, ਦਰਿੰਦੇ ਆਦਿ ਕਹਿ ਦਿੰਦੇ ਹਨ ਤੇ ਫਾਂਸੀ ਦੀ ਮੰਗ ਕਰਦੇ ਹਨ ਜਾਂ ਸ਼ਰੇਆਮ ਕਿਸੇ ਚੌਰਾਹੇ ਵਿੱਚ ਖੜਾ ਕਰਕੇ ਮਾਰ ਦੇਣ ਦੀ ਇੱਛਾ ਜ਼ਾਹਰ ਕਰਦੇ ਹਨ।

ਜੇਕਰ ਇਸ ਪ੍ਰਗਟਾਵੇ ਨੂੰ ਸਮਝਿਆ ਜਾਵੇ ਤਾਂ ਨਿਸ਼ਚਿਤ ਹੀ ਇਹ ਇੱਕ ਘਿਨਾਉਣਾ ਕਾਰਜ ਹੈ, ਪਰ ਨਾਲ ਇਹ ਵੀ ਹਕੀਕਤ ਹੈ ਕਿ ਜੀਵ-ਜਗਤ ਵਿੱਚ ਕੋਈ ਵੀ ਜਾਨਵਰ ਕਿਸੇ ਆਪਣੀ ਜਾਤ-ਜਿਣਸ ਦੇ ਪ੍ਰਾਣੀ ਨਾਲ ਜ਼ਬਰਦਸਤੀ ਨਹੀਂ ਕਰਦਾ, ਜਿਸ ਨੂੰ ਬਲਾਤਕਾਰ ਦਾ ਨਾਂਅ ਦਿੱਤਾ ਜਾ ਸਕੇ। ਜਾਨਵਰਾਂ ਵਿੱਚ ਆਪਣਾ ਸਾਥੀ ਤਲਾਸ਼ਣ ਵੇਲੇ ਦੂਸਰੇ ਸੈਕਸ ਦੀ ਚਾਹ ਵੇਲੇ ਹੋਰ ਜਾਨਵਰਾਂ ਨਾਲ ਮੁਕਾਬਲਾ ਤਾਂ ਹੋ ਸਕਦਾ ਹੈ ਤੇ ਇਸ ਵਿੱਚ ਜਿੱਤ ਕਿਸੇ ਇੱਕ ਦੀ ਹੋ ਸਕਦੀ ਹੈ, ਪਰ ਜੋ ਵਾਰਦਾਤਾਂ ਅਸੀਂ ਸੁਰਖੀਆਂ ਬਣਦੇ ਦੇਖਦੇ ਹਾਂ, ਇਸ ਤਰ੍ਹਾਂ ਬਿਲਕੁੱਲ ਨਹੀਂ ਹੁੰਦਾ।

ਅਜੋਕੇ ਪਰਿਪੇਖ ਵਿੱਚ ਬਿਲਕਿਸ ਬਾਨੋ ਵਰਗੇ ਕੇਸ ਜਿੱਥੇ ਇਹ ਇੱਕ ਆਮ ਘਟਨਾ ਨਹੀਂ ਹੈ, ਸਮੂਹਿਕ ਬਲਾਤਕਾਰ ਦੀ ਘਟਨਾ ਹੈ। ਇਸੇ ਤਰ੍ਹਾਂ ਦੀ ਘਟਨਾ ਕੁਝ ਸਾਲ ਪਹਿਲਾਂ ਜੰਮੂ ਵਿੱਚ ਵੀ ਵਾਪਰਦੀ ਹੈ। ਇਹ ਘਟਨਾਵਾਂ ਆਮ ਇੱਕ ਨਾਲਾਇਕ ਔਰਤ ਮਰਦ ਦੀ ਜ਼ਬਰਦਸਤੀ ਵਾਲੀ ਸਥਿਤੀ ਤੋਂ ਬਿਲਕੁੱਲ ਵੱਖਰੀਆਂ ਹਨ, ਭਾਵੇਂ ਕਿ ਦੋਹਾਂ ਸਥਿਤੀਆਂ ਵਿੱਚ ਬਲਾਤਕਾਰ ਹੀ ਹੋਇਆ ਹੈ। ਕੋਈ ਵਿਅਕਤੀ ਨਸ਼ੇ ਵਿੱਚ ਹੋਸ਼ ਗਵਾ ਕੇ, ਬੱਸ ਵਿੱਚ ਇਕੱਲੀ ਔਰਤ ਸਵਾਰੀ ਨਾਲ ਜ਼ਬਰਦਸਤੀ ਕਰਦਾ ਹੈ, ਜੋ ਕਿ ਉਸ ਮੌਕੇ ਮੁਤਾਬਕ ਉਕਸਾਇਆ ਗਿਆ ਤੇ ਦੂਸਰੇ ਪਾਸੇ ਅੱਠ-ਦੱਸ ਲੋਕ, ਇੱਕ ਟੀਚਾ ਬਣਾ ਕੇ, ਮਿੱਥ ਕੇ, ਕਿਸੇ ਨੂੰ ਸਬਕ ਸਿਖਾਉਣ ਲਈ ਬਲਾਤਕਾਰ ਜਿਹਾ ਕਾਰਾ ਕਰਦੇ ਹਨ।

ਸੈਕਸ ਔਰਤ-ਮਰਦ ਦਾ ਮਹਿਜ਼ ਕੁਦਰਤੀ ਕਾਰਜ ਹੈ। ਇਹ ਕੁਦਰਤ ਦਾ ਇੱਕ ਮਹੱਤਵਪੂਰਨ ਕਾਰਜ ਹੈ, ਜੋ ਕਿ ਕੁਦਰਤ ਆਪਣੇ ਹਰ ਇੱਕ ਜੀਵ ਨੂੰ ਉਸ ਲਈ ਉਲੀਕੇ ਕਾਰਜਾਂ ਵਿੱਚ ਸ਼ਾਮਲ ਕਰਦੀ ਹੈ। ਇਸ ਜੀਵਨ ਦੀ ਬੁਨਿਆਦ ਹੈ ਨਰ-ਨਾਰੀ ਦਾ ਮਿਲਣਾ, ਮੇਲ-ਫੀਮੇਲ ਦਾ ਮਿਲਣਾ ਅਤੇ ਕਿਸੇ ਨਵੇਂ ਜੀਵ ਦੀ ਪੈਦਾਵਾਰ। ਇਹ ਪੈਦਾਵਾਰ ਹੀ ਰਚਨਾ ਹੈ, ਜਿਸ ਨਾਲ ਸ੍ਰਿਸ਼ਟੀ ਅੱਗੇ ਤੁਰਦੀ ਹੈ। ਇਸੇ ਲਈ ਬਲਾਤਕਾਰ ਕਿਸੇ ਵੀ ਤਰ੍ਹਾਂ ਕੁਦਰਤੀ ਕਾਰਜ ਨਹੀਂ ਹੈ ਤੇ ਨਾ ਕਿਸੇ ਹੋਰ ਜੀਵ ਵਿੱਚ ਇਹ ਦੇਖਣ ਨੂੰ ਮਿਲਦਾ ਹੈ।

ਬਲਾਤਕਾਰ ਨਿਰੋਲ ਸਮਾਜਿਕ ਵਰਤਾਰਾ ਹੈ, ਜੋ ਹੌਲੀ-ਹੌਲੀ ਇਸ ਅਵਸਥਾ ਵਿੱਚ ਪਹੁੰਚ ਗਿਆ ਹੈ। ਇਹ ਵਰਤਾਰਾ ਮਨੁੱਖੀ ਵਿਕਾਸ ਨਾਲ ਕਿਸੇ ਵੀ ਤਰ੍ਹਾਂ ਮੇਲ ਨਹੀਂ ਖਾਂਦਾ। ਜੇ ਕੋਈ ਕਹੇ ਕਿ ਇਹ ਮਨੁੱਖੀ ਵਿਕਾਰ ਦਾ ਪੁੱਠਾ ਗੇੜ ਹੈ। ਇਹ ਸਥਿਤੀ ਵੀ ਨਹੀਂ ਹੈ। ਪੁੱਠਾ ਗੇੜ ਤਾਂ ਫਿਰ ਆਦਿ-ਮਾਨਵ, ਜੰਗਲ ਵਿੱਚ ਵਸਦੇ ਮਾਨਵ ਵੱਲ ਸੰਕੇਤ ਕਰਦਾ ਹੈ।

ਬਲਾਤਕਾਰ ਦਾ ਸਮਾਜਿਕ ਪਰਿਪੇਖ ਦੇਖੀਏ ਕਿ ਬਲਾਤਕਾਰ ਹੁੰਦਾ ਹੈ, ਔਰਤ ਨਾਲ, ਮਰਦ ਨਾਲ ਨਹੀਂ ਅਤੇ ਔਰਤ ਆਪਣਾ ਮੂੰਹ ਲੁਕਾਉਂਦੀ ਫਿਰਦੀ ਹੈ। ਬਲਾਤਕਾਰ ਦਾ ਮੁੱਖ ਦੋਸ਼ੀ ਆਦਮੀ ਹੁੰਦਾ ਹੈ, ਮਰਦ ਜੋ ਕਿ ਪੂਰੀ ਟੌਹਰ ਨਾਲ ਛਾਤੀ ਤਾਣ ਕੇ ਤੁਰਦਾ ਹੈ ਤੇ ਉਸੇ ਮਾਣ-ਤਾਣ ਨਾਲ ਵਿਚਰਦਾ ਹੈ। ਬਿਲਕਿਸ ਬਾਨੋ ਦੇ ਕੇਸ ਵਿੱਚ ਜਿੱਥੇ ਗਿਆਰਾਂ ਲੋਕਾਂ ਨੇ ਮਿਲ ਕੇ ਸਮੂਹਿਕ ਬਲਾਤਕਾਰ ਕੀਤਾ, ਉਹਨਾਂ ਨੂੰ ਜੋ ਇੱਜ਼ਤ ਦਿੱਤੀ ਗਈ, ਉਹ ਪਰੇਸ਼ਾਨ ਕਰਨ ਵਾਲੀ ਸੀ। ਇਸੇ ਤਰ੍ਹਾਂ ਜੰਮੂ ਵਿੱਚ ਨਾਬਾਲਗ ਲੜਕੀ ਦੇ ਬਲਾਤਕਾਰ ਦੇ ਕੇਸ ਵਿੱਚ ਬਲਾਤਕਾਰ ਕਰਨ ਵਾਲੇ ਸ਼ਖ਼ਸ ਦੀ ਜਾਤ-ਧਰਮ ਨਾਲ ਜੁੜੇ ਲੋਕਾਂ ਨੇ ਬਲਾਤਕਾਰੀ ਦੇ ਹੱਕ ਵਿੱਚ ਰੈਲੀ ਕੱਢੀ। ਇਹ ਘਟਨਾ ਵੀ ਮਨੁੱਖੀ ਸਮਝ ਅਤੇ ਵਿਕਾਸ 'ਤੇ ਸਵਾਲ ਖੜੇ ਕਰਨ ਵਾਲੀ ਹੈ।

ਬਲਾਤਕਾਰ ਦੀ ਘਟਨਾ ਦਾ ਮਨੋ-ਵਿਗਿਆਨਕ ਪੱਖ ਵਿਚਾਰਨ ਤੋਂ ਪਹਿਲਾਂ ਇਸ ਅਹਿਮ ਪੱਖ ਜੋ ਕਿ ਇਸ ਦੀ ਜੜ੍ਹ ਵਜੋਂ ਸਾਡੇ ਸਮਾਜ ਵਿੱਚ ਪਿਆ ਹੈ, ਉਹ ਹੈ ਸਾਡੇ ਸਮਾਜਿਕ ਰਿਸ਼ਤਿਆਂ ਦਾ ਸੱਚ। ਉਸ ਵਿੱਚ ਵੀ ਖਾਸ ਤੌਰ 'ਤੇ ਔਰਤ-ਮਰਦ ਦਾ ਰਿਸ਼ਤਾ ਅਤੇ ਇਸ ਰਿਸ਼ਤੇ ਵਿੱਚ ਔਰਤ ਦੀ ਕੀ ਥਾਂ ਹੈ, ਉਸ ਦੀ ਸਮਾਜ ਵਿੱਚ ਕੀ ਸਥਿਤੀ ਹੈ। ਜਿਵੇਂ ਕਿ ਪਹਿਲਾਂ ਵੀ ਗੱਲ ਹੋਈ ਹੈ ਕਿ ਬਲਾਤਕਾਰ ਔਰਤ ਨਾਲ ਹੁੰਦਾ ਹੈ, ਤਸ਼ੱਦਦ ਉਸ ਨਾਲ ਹੁੰਦਾ ਹੈ, ਜੋ ਕਿ ਸਰੀਰਕ ਅਤੇ ਮਾਨਸਿਕ ਹੈ, ਪਰ ਮੂੰਹ ਉਹ ਛੁਪਾਉਂਦੀ ਹੈ। ਇਹ ਕਿਸ ਤਰ੍ਹਾਂ ਦੀ ਔਰਤ ਦੀ ਸਮਾਜਿਕ ਤਿਆਰੀ ਹੈ ?

ਇਸ ਸਥਿਤੀ ਨਾਲ ਜੁੜੇ ਪਰਵਾਰ ਦੀ ਬਣਤਰ ਬਾਰੇ, ਸਮਾਜ ਵਿਗਿਆਨ ਦੇ ਇਤਿਹਾਸ ਵਿੱਚ ਨਾ ਜਾਂਦੇ ਹੋਏ ਇੱਕ ਗੱਲ ਜੋ ਵੱਡੀ ਪੱਧਰ 'ਤੇ ਪ੍ਰਚਲਿਤ ਹੈ ਕਿ ਕੁੜੀ ਘਰ ਦੀ ਇੱਜ਼ਤ ਹੁੰਦੀ ਹੈ, ਪਿਉ ਦੀ ਪੱਗ ਹੁੰਦੀ ਹੈ, ਪਰਵਾਰ ਦਾ ਨੱਕ ਹੁੰਦੀ ਹੈ। ਉਹ ਇੱਜ਼ਤ, ਇਹ ਪੱਗ, ਇਹ ਨੱਕ (ਮਾਣ-ਸਨਮਾਨ) ਉਸ ਦੇ ਸੈਕਸ ਨਾਲ ਜੋੜ ਕੇ ਦੇਖਿਆ ਗਿਆ ਹੈ ਜਾਂ ਕਹੀਏ ਮਰਦ ਵੱਲੋਂ ਪ੍ਰਚਾਰਿਆ ਗਿਆ ਹੈ। ਇਸ ਦਾ ਆਪਣਾ ਇੱਕ ਪਿਛੋਕੜ ਹੈ, ਜਿਸ ਵਿੱਚ ਜਾਣ ਦੀ ਲੋੜ ਹੈ। ਪਰ ਇੱਥੇ ਏਨੀ ਕੁ ਗੱਲ ਕਹੀ ਜਾ ਸਕਦੀ ਹੈ ਕਿ ਕਿਸੇ ਵੇਲੇ ਪਰਵਾਰ-ਕਬੀਲੇ ਦੀ ਮੁਖੀ ਔਰਤ ਹੁੰਦੀ ਸੀ, ਜੋ ਮਰਦ ਨੇ ਆਪਣੇ ਹੱਥ ਵਿੱਚ ਲੈਣੀ ਚਾਹੀ, ਕਿਉਂ ਜੋ ਉਸ ਨੂੰ ਆਪਣੇ ਡੌਲਿਆਂ 'ਤੇ ਮਾਣ ਸੀ, ਆਪਣੀ ਸਰੀਰਕ ਤਾਕਤ ਦਾ ਹੰਕਾਰ ਸੀ। ਔਰਤ ਕੋਲ ਸਦੀਵੀ ਪੈਦਾਵਾਰੀ ਤਾਕਤ ਮਾਂ ਬਣਨ ਦੀ ਸਮਰੱਥਾ ਹੈ। ਇਸ ਨੂੰ ਪਿੱਛੇ ਸੁੱਟਿਆ ਗਿਆ, ਜਾਂ ਕਹੀਏ ਉਸ ਦਾ ਇਹੀ ਕਾਰਜ ਹੀ ਉਸ ਦੀ ਸਮਾਜ ਵਿੱਚ ਦੁਰਗਤੀ ਦਾ ਜ਼ਰੀਆ ਬਣਿਆ। ਬੱਚੇ ਦੀ ਪਛਾਣ ਵਿੱਚ ਇੱਕ ਗੱਲ ਜੋ ਸੌ ਫੀਸਦੀ ਪੱਕੀ ਹੈ ਕਿ ਉਸ ਦੀ ਮਾਂ ਬਾਰੇ ਸਭ ਨੂੰ ਪਤਾ ਹੁੰਦਾ ਹੈ। ਮਰਦ ਨੇ ਆਪਣੀ ਪਛਾਣ ਕਾਇਮ ਕਰਨ ਲਈ, ਔਰਤ 'ਤੇ ਕਬਜ਼ੇ ਕਰਨ ਦਾ ਨੇਮ ਬਣਾਇਆ।

ਔਰਤ ਦੀ ਸਥਿਤੀ ਨੂੰ ਸਮਝਣ ਲਈ ਇਹ ਇੱਕ ਵਾਕਿਆ ਹੀ ਕਾਫੀ ਹੈ। ਬਲਾਤਕਾਰ ਨੂੰ ਲੈ ਕੇ ਅੰਤਰ-ਰਾਸ਼ਟਰੀ ਪੱਧਰ 'ਤੇ ਹੋਈਆਂ ਵਿਚਾਰਾਂ ਵਿੱਚ ਪਤੀ ਵੱਲੋਂ ਕੀਤੀ ਜਾਂਦੀ ਜ਼ਬਰਦਸਤੀ, ਔਰਤ ਤੋਂ ਪ੍ਰਵਾਨਗੀ ਲਏ ਬਿਨਾਂ ਕੀਤਾ ਗਿਆ ਸੈਕਸ ਵੀ ਬਲਾਤਕਾਰ ਮੰਨੇ ਜਾਣ ਦੀਆਂ ਸਿਫਾਰਸ਼ਾਂ ਹੋਈਆਂ। ਸਾਡੇ ਦੇਸ਼ ਦੇ ਕਾਨੂੰਨ ਵਿੱਚ ਵੀ ਇਹ ਮੱਦ ਜੋੜੀ ਹੋਈ ਹੈ, ਪਰ ਅਸੀਂ ਪਰਵਾਰਾਂ ਵਿੱਚ ਔਰਤਾਂ ਦੀ ਹਾਲਤ ਸਮਝ ਸਕਦੇ ਹਾਂ। ਇੱਕ ਸਰਵੇਖਣ ਵਿੱਚ ਪਤੀ ਨੇ ਕਿਹਾ ਕਿ ਅਸੀਂ ਆਪਣੇ ਫੇਰਿਆਂ ਦੌਰਾਨ ਹੀ ਔਰਤ ਤੋਂ ਪ੍ਰਵਾਨਗੀ ਲੈ ਲੈਂਦੇ ਹਾਂ, ਰੋਜ਼-ਰੋਜ਼ ਪ੍ਰਵਾਨਗੀ ਲੈਣ ਦੀ ਲੋੜ ਨਹੀਂ ਹੈ। ਇਹ ਸਾਡੇ ਸੱਭਿਆਚਾਰ ਦਾ ਹਿੱਸਾ ਹੈ, ਜੋ ਔਰਤਾਂ ਨੂੰ ਆਪਣੀ ਸਮਾਜਿਕ ਸਥਿਤੀ ਬਾਰੇ ਰੂਬਰੂ ਕਰਵਾਉਂਦਾ ਹੈ।

ਗੱਲ ਕਰ ਰਹੇ ਸੀ ਸਮਾਜ ਵਿੱਚ ਹੋਣ ਵਾਲੇ ਬਲਾਤਕਾਰ ਬਾਰੇ। ਔਰਤ ਦੀ ਹੋ ਰਹੀ ਨਿਰਾਦਰੀ ਬਾਰੇ। ਦਰਅਸਲ ਬਲਾਤਕਾਰ ਦਾ ਇੱਕ ਬਹੁਤ ਵੱਡਾ ਅਤੇ ਖਾਸ ਵਜ੍ਹਾ ਨਾਲ ਕੀਤਾ ਜਾਣ ਵਾਲਾ, ਸਿਰੇ ਚੜ੍ਹਾਉਣ ਵਾਲਾ ਕਾਰਜ ਹੈ, ਪਰ ਰੋਜ਼ਮਰ੍ਹਾ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਬੱਸਾਂ, ਪਬਲਿਕ ਥਾਵਾਂ ਅਤੇ ਇੱਥੋਂ ਤੱਕ ਕਿ ਦਫਤਰਾਂ ਵਿੱਚ ਕੰਮ ਕਰਦੀਆਂ ਕੰਮਕਾਜੀ ਔਰਤਾਂ ਨਾਲ ਛੇੜਛਾੜ ਦੀਆਂ ਘਟਨਾਵਾਂ ਗਿਣਨ ਲੱਗੀਏ ਜਾਂ ਅਖਬਾਰ ਛਾਪਣਾ ਸ਼ੁਰੂ ਕਰ ਦੇਣ ਤਾਂ ਅਖਬਾਰਾਂ ਨੂੰ ਕਿਸੇ ਹੋਰ ਖਬਰ ਲਈ ਥਾਂ ਹੀ ਨਾ ਮਿਲੇ। ਇਸ ਦਾ ਇੱਕ ਹੋਰ ਕਾਰਨ ਵੀ ਹੈ ਕਿ ਔਰਤਾਂ ਅਜਿਹੀਆਂ ਰੋਜ਼ਮਰ੍ਹਾ ਦੀਆਂ ਘਟਨਾਵਾਂ ਨੂੰ ਅਣਗੌਲਿਆਂ ਕਰਨ ਵਿੱਚ ਹੀ ਭਲਾਈ ਸਮਝਦੀਆਂ ਹਨ।

ਆਪਣੇ ਨਾਲ ਹੋਣ ਵਾਲੀ ਛੇੜਖਾਨੀ ਨੂੰ ਜੇਕਰ ਕਿਤੇ ਉਭਾਰਿਆ ਵੀ ਜਾਂਦਾ ਹੈ, ਕੋਈ ਹਿੰਮਤੀ ਔਰਤ ਪਹਿਲ ਵੀ ਕਰਦੀ ਹੈ ਤਾਂ ਫਿਰ ਉਹੀ ਔਰਤ ਹੀ ਨਿਸ਼ਾਨੇ 'ਤੇ ਲਿਆਂਦੀ ਜਾਂਦੀ ਹੈ। ਉਸ ਦੇ ਕਿਰਦਾਰ ਨੂੰ ਹੀ ਉਲਟੇ ਇਸੇ ਤਰ੍ਹਾਂ ਦਾ ਦੱਸ ਕੇ, ਸਥਿਤੀ ਨੂੰ ਪੁੱਠਾ ਗੇੜਾ ਦੇ ਦਿੱਤਾ ਜਾਂਦਾ ਹੈ। ਬਹੁਤੀ ਵਾਰ ਇਸ ਤਰ੍ਹਾਂ ਦੀ ਹਾਲਤ ਨੂੰ ਔਰਤ ਦੇ ਕੱਪੜਿਆਂ ਨਾਲ ਜੋੜ ਕੇ ਉਸ ਦੇ ਹਰ ਇੱਕ ਨਾਲ ਹੱਸ ਕੇ ਗੱਲਬਾਤ ਕਰਨ, ਖੁੱਲ੍ਹ ਕੇ ਬੋਲਣ ਨੂੰ ਵੀ ਜੋੜ ਲਿਆ ਜਾਂਦਾ ਹੈ।

ਕਹਿਣ ਤੋਂ ਭਾਵ ਹੈ ਕਿ ਔਰਤਾਂ ਪ੍ਰਤੀ ਸਮਾਜ ਦਾ ਇਹ ਦ੍ਰਿਸ਼ ਜਦੋਂ ਅਸੀਂ ਰੋਜ਼ ਦੇਖਦੇ, ਸੁਣਦੇ, ਹਿੱਸੇ ਬਣਦੇ ਹੋਏ ਚੁੱਪ ਹਾਂ ਤੇ ਸਾਨੂੰ ਇਸ ਦੀ ਆਦਤ ਪੈ ਗਈ ਹੈ ਤਾਂ ਹੀ ਬਲਾਤਕਾਰ ਵਰਗੀ ਘਟਨਾ ਦੀ ਅਣਹੋਣੀ ਨਹੀਂ ਜਾਪਦੀ।

ਹੁਣ ਪਿਛਲੇ ਕੁਝ ਸਾਲਾਂ ਤੋਂ ਇੱਕ ਵਰਗ ਵਿਸ਼ੇਸ਼ ਜੋ ਕਈ ਤਰਫੋਂ ਨਿਸ਼ਾਨੇ 'ਤੇ ਹੈ, ਉਸ ਨੂੰ ਨੀਵਾਂ ਦਿਖਾਉਣ ਲਈ, ਉਸ ਨੂੰ ਦਬਾ ਕੇ ਰੱਖਣ ਲਈ, ਉਸ ਨੂੰ ਸਬਕ ਸਿਖਾਉਣ ਲਈ ਅਜਿਹੀਆਂ ਘਟਨਾਵਾਂ ਦਾ ਚਲਣ ਕਾਫੀ ਵਧ ਗਿਆ ਹੈ। ਅਸੀਂ ਅਕਸਰ ਸੁਣਦੇ ਹਾਂ ਜਾਂ ਪੜ੍ਹਦੇ ਹਾਂ ਕਿ ਇੱਕ ਕਬੀਲਾ ਜਾਂ ਇੱਕ ਦੇਸ਼ ਜਦੋਂ ਦੂਸਰੇ ਕਬੀਲੇ ਅਤੇ ਦੇਸ਼ 'ਤੇ ਹਮਲਾ ਕਰਦਾ ਹੈ ਤਾਂ ਕਬਜ਼ੇ ਵਿੱਚ ਸਿਰਫ਼ ਜ਼ਮੀਨ ਹੀ ਨਹੀਂ ਲੈਂਦਾ, ਉਸ ਦਾ ਨਿਸ਼ਾਨਾ ਔਰਤਾਂ ਵੀ ਹੁੰਦੀਆਂ ਹਨ। ਦੇਸ਼ ਵੰਡ ਵੇਲੇ, 1947 ਵਿੱਚ ਹਿੰਦੂ-ਮੁਸਲਮਾਨਾਂ ਨੂੰ ਲੈ ਕੇ ਹਜ਼ਾਰਾਂ ਹੀ ਘਟਨਾਵਾਂ ਹਨ ਅਤੇ ਇਹੀ ਕੁਝ 2002 ਵਿੱਚ ਗੁਜਰਾਤ ਵਿੱਚ ਹੋਇਆ, ਜਿਸ ਦੀ ਬਿਲਕਿਸ ਬਾਨੋ ਉਦਾਹਰਣ ਹੈ।

ਪਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਇੱਕ ਗੈਰ-ਸਮਾਜੀ ਜਾਂ ਗੈਰ ਕੁਦਰਤੀ, ਸਹੀ ਅਰਥਾਂ ਵਿੱਚ ਜੇ ਕਹੀਏ ਤਾਂ ਗੈਰ ਮਨੁੱਖੀ ਕਾਰੇ ਨੂੰ ਸਨਮਾਨਤ ਕਰਨਾ, ਉਹਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨਾ, ਕਿਸ ਦਿਸ਼ਾ ਦੀ ਸੂਚਕ ਹੈ। ਮਨੁੱਖੀ ਇਤਿਹਾਸ ਲੜਾਈਆਂ, ਜੰਗਾਂ ਨਾਲ ਭਰਿਆ ਪਿਆ ਹੈ। ਸਾਰੀ ਦੁਨੀਆ 'ਤੇ ਰਾਜ ਕਰਨ ਦੀ ਲਾਲਸਾ ਸਿਰਫ ਸਿਕੰਦਰ ਵਿੱਚ ਨਹੀਂ ਸੀ, ਪੁਤਿਨ ਵਰਗੇ ਲੀਡਰਾਂ ਵਿੱਚ ਵੀ ਦੇਖੀ ਜਾ ਸਕਦੀ ਹੈ, ਪਰ ਸਵਾਲ ਹੈ ਸਮਾਜ ਵਿੱਚ ਔਰਤ ਦੀ ਸਥਿਤੀ ਦਾ। ਸਾਡੇ ਆਪਣੇ ਮੁਲਕ ਵਿੱਚ ਸਥਿਤੀ ਹੋਰ ਪਰੇਸ਼ਾਨ ਕਰਨ ਵਾਲੀ ਹੈ ਕਿ ਸਾਡੇ ਸਾਰੇ ਗ੍ਰੰਥ ਔਰਤ ਨੂੰ ਦੇਵੀ ਦਾ ਦਰਜਾ ਦਿੰਦੇ ਹਨ। ਪੂਜਣਯੋਗ ਮੰਨਦੇ ਹਨ। ਸੈਂਕੜੇ ਹੀ ਤਿਉਹਾਰ, ਵਰਤ ਔਰਤ ਦੀ ਪੂਜਾ ਨਾਲ ਜੁੜੇ ਹਨ। ਵੈਸ਼ਨੋ ਦੇਵੀ, ਕਾਲੀ ਮਾਤਾ, ਸਰਸਵਤੀ, ਲੱਛਮੀ ਆਦਿ ਕੁਝ ਨਾਂਅ ਹਨ, ਜੋ ਕਿ ਭਾਰਤੀ ਮਾਨਸਿਕਤਾ ਵਿੱਚ ਮਕਬੂਲ ਹਨ, ਪਰ ਅਸੀਂ ਆਪਣੇ ਘਰ ਦੀ ਔਰਤ ਨੂੰ ਹੀ ਮਾਂ-ਭੈਣ, ਚਾਹੇ ਧੀ ਨੂੰ ਉਸ ਦਾ ਬਣਦਾ ਮਾਣ ਨਹੀਂ ਦਿੰਦੇ।

ਜਦੋਂ ਪੂਰੀ ਦੁਨੀਆ ਵਿੱਚ ਔਰਤ ਦੀ ਸਥਿਤੀ ਨੂੰ ਲੈ ਕੇ ਸਰਵੇਖਣ ਹੁੰਦੇ ਹਨ ਤਾਂ ਅਸੀਂ ਇਹ ਵੀ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਸਾਡਾ ਦੇਸ਼ ਔਰਤਾਂ ਦੇ ਰਹਿਣ ਲਈ ਸਭ ਤੋਂ ਅਸੁਰੱਖਿਅਤ ਦੇਸ਼ ਹੈ। ਅਰਬ ਵਰਗੇ ਦੇਸ਼ਾਂ ਤੋਂ ਵੀ ਅਸੁਰੱਖਿਅਤ, ਜਿੱਥੇ ਔਰਤ ਦੀ ਸਮਾਜਿਕ-ਮਾਨਸਿਕ ਪੀੜਾ ਹੋਰ ਤਰ੍ਹਾਂ ਦੀ ਹੈ ਭਾਵੇਂ। ਮੰਨਾਂਗੇ ਨਹੀਂ ਤਾਂ ਸੁਧਰਾਂਗੇ ਕਿਵੇਂ ?

**ਸੰਰਕ : 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9-Oct-Sunday.qxd 10/8/2022 10:13 PM Page 4



# ਪਿੰਡ ਸੇਹ ਦੇ ਅਤੀਤ ਤੇ ਵਰਤਮਾਨ ਦੀ ਗੁਲਬੀਨ

ਕਿਤਾਬ ਦੀ ਪਰਖ ਪੜਚੋਲ

**ਡਾ. ਲਾਭ ਸਿੰਘ ਖੀਵਾ**



## ਮੇਰਾ ਪਿੰਡ ਮੇਰੇ ਲੋਕ

**ਅਵਤਾਰ ਸਿੰਘ ਬਿਲਿੰਗ**
**ਸਫੇ : 358, ਮੁੱਲ : 650 ਰੁਪਏ**
**ਐਵਿਸ਼ ਪਬਲਿਕੇਸ਼ਨਜ਼, ਨਵੀਂ ਦਿੱਲੀ**

ਕਿਸੇ ਪਿੰਡ ਦੇ ਅਤੀਤ ਨੂੰ ਫਰੋਲਣ, ਜਾਣਨ ਤੇ ਸਮਝਣ ਦਾ ਅਮਲ ਕਈ ਪੱਖਾਂ ਤੋਂ ਜਾਰੀ ਰਿਹਾ ਹੈ। ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਪ੍ਰਸਿੱਧ ਕਿਤਾਬ 'ਮੇਰਾ ਪਿੰਡ' ਵਿੱਚ ਆਪਣੇ ਪਿੰਡ ਦੇ ਸੱਭਿਆਚਾਰਕ ਮੂੰਹ-ਮੁਹਾਂਦਰੇ ਨੂੰ ਪੇਸ਼ ਕੀਤਾ ਹੈ। ਵਣਜਾਰਾ ਬੇਦੀ ਨੇ 'ਮੇਰਾ ਨਾਨਕਾ ਪਿੰਡ' ਇਹੀ ਮਕਸਦ ਹਿੱਤ ਲਿਖੀ ਹੈ। ਪੰਜਾਬ ਦੇ ਧਾਰਮਿਕ-ਇਤਿਹਾਸਕ ਪਿੰਡਾਂ ਦਾ ਸਰਵੇਖਣ ਭਾਸ਼ਾ ਵਿਭਾਗ, ਪੰਜਾਬ ਨੇ ਲਿਖਤੀ ਰੂਪ ਵਿੱਚ ਕੀਤਾ। ਵਿਅਕਤੀਗਤ ਪੱਧਰ 'ਤੇ ਕਈ ਪਿੰਡਾਂ ਦੀ ਸਥਾਪਨਾ ਦੇ ਪਿਛੋਕੜ ਉੱਤੇ ਲਿਖੀਆਂ ਕਿਤਾਬਾਂ ਮਿਲਦੀਆਂ ਹਨ। ਇਹ ਅਮਲ ਅਜੇ ਵੀ ਕਾਰਜਸ਼ੀਲ ਹੈ। ਪ੍ਰਸਿੱਧ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦੀ ਨਵ-ਪ੍ਰਕਾਸ਼ਤ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਵੀ ਇਸ ਵੰਨਗੀ ਵਿੱਚ ਰੱਖੀ ਜਾ ਸਕਦੀ ਹੈ। 358 ਸਫਿਆਂ ਦੀ ਇਹ ਪੋਥੀ 650 ਰੁਪਏ ਕੀਮਤ ਰੱਖ ਕੇ ਐਵਿਸ਼ ਪਬਲੀਕੇਸ਼ਨਜ਼ ਦਿੱਲੀ/ਜ਼ੀਰਕਪੁਰ ਨੇ ਛਾਇਆ ਕੀਤੀ ਹੈ।

ਅਵਤਾਰ ਸਿੰਘ ਬਿਲਿੰਗ ਦੀ ਜਨਮ ਭੂਮੀ ਸੇਹ (ਲੁਧਿਆਣਾ) ਪਿੰਡ ਹੈ। ਉਸ ਨੇ ਇਸ ਕਿਤਾਬ 'ਚ 'ਪਿਛਲੇ 110 ਵਰ੍ਹਿਆਂ ਦਾ ਕੰਨੀ ਸੁਣਿਆ ਤੇ ਅੱਖੀਂ ਡਿੱਠਾ ਪਿੰਡ' ਦੇ ਅਤੀਤ ਤੇ ਵਰਤਮਾਨ ਨੂੰ ਕਲਮੀ ਰੂਪ ਦਿੱਤਾ ਹੈ। ਛੋਟੇ-ਵੱਡੇ 38 ਕਾਂਡਾਂ ਵਿੱਚ ਲਿਖੀ ਇਹ ਪੋਥੀ 11 ਕਾਂਡਾਂ 'ਚ ਸੇਹ ਪਿੰਡ ਦੇ ਅਤੀਤ ਨੂੰ ਬਿਆਨ ਕਰਦੀ ਹੈ ਅਤੇ ਬਾਕੀ ਕਾਂਡ ਇਸ ਪਿੰਡ ਵਿੱਚ ਕਈ ਕਾਰਕਾਂ ਕਰਕੇ ਆਈ ਤਬਦੀਲੀ ਨੂੰ ਮੂਰਤੀਮਾਨ ਕਰਦੇ ਹਨ। ਅਤੀਤ ਮੁਖੀ ਚੈਪਟਰਾਂ ਵਿੱਚੋਂ ਪਹਿਲੇ ਤਿੰਨ ਪਿੰਡ ਦੀ ਸਥਾਪਨਾ ਦੇ ਇਤਿਹਾਸ, ਪਿੰਡ ਦੀ ਭੂਗੋਲਿਕ ਸਥਿਤੀ ਅਤੇ ਪਿੰਡ ਦੇ ਜ਼ਮੀਨੀ ਰਕਬੇ ਤੇ ਜੰਗਲ-ਬੇਲਿਆਂ ਉੱਤੇ ਚਾਨਣਾ ਪਾਉਂਦੇ ਹਨ। ਪਿੰਡ ਦੀ ਸਥਾਪਨਾ ਬਾਰੇ ਲੇਖਕ ਕੋਈ ਇਤਿਹਾਸਕ ਤੱਥ ਤਾਂ ਨਹੀਂ ਅੰਕਿਤ ਕਰਦਾ, ਪਰ ਦੋ ਦੰਦ-ਕਥਾਵਾਂ ਦਾ ਜ਼ਿਕਰ ਜ਼ਰੂਰ ਹੈ। 'ਮਨੌਤ ਹੈ : 'ਸੇਹਾ' ਤੇ 'ਗੋਹਾ' ਦੋ ਭਰਾਵਾਂ ਨੇ ਪਿੰਡ ਅਤੇ ਗੋਹ ਨੂੰ ਵਸਾਇਆ ਸੀ।' (ਪੰਨਾ : 18) 'ਕਿਸੇ ਸਮੇਂ ਸਤਲੁਜ ਦੀਆਂ ਸੌ ਸ਼ਾਖਾਵਾਂ ਵਿੱਚੋਂ ਇੱਕ ਧਾਰਾ ਉੱਤਰ ਵੱਲੋਂ ਸਰਵਰਪੁਰ ਨੂੰ ਛੋਂਹਦੀ ਇੱਧਰ ਵਹਿੰਦੀ। ਦਰਿਆ ਦੇ ਛੱਡੇ ਇਸ ਇਲਾਕੇ ਵਿੱਚ ਜੰਗਲ ਸੀ। ਜਦੋਂ ਪਿੰਡ ਬੰਨ੍ਹਣ ਲੱਗੇ ਤਾਂ ਇੱਥੇ 'ਸੇਹ' ਅਤੇ 'ਗੋਹ' ਜਾਨਵਰਾਂ ਦੀ ਬਹੁਤਾਤ ਦੇਖ ਕੇ ਇਹ ਨਾਂਅ ਦਿੱਤੇ ਗਏ।' (ਪੰਨਾ 19) ਲੇਖਕ ਦਾ ਇਹ ਦਾਅਵਾ ਹੈ ਕਿ ਇਸ ਨਾਂਅ ਦੇ ਪੂਰੇ ਪੰਜਾਬ ਵਿੱਚ ਇਹੀ ਦੋ ਪਿੰਡ ਹਨ। ਸਤਲੁਜ ਦੇ ਕੰਢੇ ਦੀ ਇਹਨਾਂ ਪਿੰਡ ਤੱਕ ਰਸਾਈ ਹੋਣ ਸਦਕਾ ਇਹਨਾਂ ਨੂੰ ਢਾਹੇ ਦੇ ਪਿੰਡ ਦੀ ਆਂਚਲਿਕਤਾ ਦਾ ਲਕਬ ਵੀ ਦਿੱਤਾ ਜਾਂਦਾ ਹੈ। ਇਹ ਆਂਚਲਿਕਤਾ ਵਿੱਚ ਮਲਵਈ ਤੇ ਪੁਆਧ ਦੀ ਮਿੱਥ ਹੈ। ਸੇਹ ਪਿੰਡ ਦੀ ਭੂਗੋਲਿਕ ਸਥਿਤੀ ਨੂੰ ਸਪੱਸ਼ਟ ਕਰਨ ਲਈ ਲੇਖਕ ਆਪਣੇ ਪਿੰਡ ਦੇ ਕਵੀ ਦੀਆਂ ਸਤਰਾਂ ਦਾ ਹਵਾਲਾ ਦਿੰਦਾ ਹੈ : 'ਖੰਨੇ ਤੋਂ ਖਮਾਣੋ ਨੂੰ ਜੋ ਰੋਡ ਜਾਂਵਦਾ/ਉਹਦੇ ਉੱਤੇ ਸਾਡਾ ਪਿੰਡ ਸੇਹ ਆਂਵਦਾ/ਨਾਲ-ਨਾਲ ਸੂਆ ਇੱਕ ਜਾਵੇ ਖੰਨੇ ਨੂੰ/ਸਿੰਜਦਾ ਜੋ ਰਿਹਾ ਸਾਰੇ ਖੇਤ ਬੰਨੇ ਨੂੰ/ਥਾਣਾ ਤੇ ਤਸੀਲ ਸਮਰਾਲਾ ਸਾਡੀ ਜੀ/ਜ਼ਿਲ੍ਹਾ ਲੁਧਿਆਣਾ ਜਾਣਿਓਂ ਨਾ ਫਾਡੀ ਜੀ।' ਇਉਂ ਪਹਿਲਾ ਕਾਂਡ ਪਿੰਡ ਦੇ ਇਤਿਹਾਸਕ ਤੇ ਭੂਗੋਲਿਕ ਪਿਛੋਕੜ ਤੋਂ ਇਲਾਵਾ ਇਸ ਦੇ ਵੱਡੇ-ਵਡੇਰੇ, ਉਹਨਾਂ ਦਾ ਹਿਜਰਤੀ ਪਿੱਛਾ, ਮੁਗਲਈ ਕਾਲ ਦੀਆਂ ਕੰਸੋਆਂ, ਜ਼ਰਾਇਤੀ ਰਕਬਾ, ਪੱਤੀਆਂ ਵਿੱਚ ਵੰਡੇ ਪਿੰਡ ਦੀ ਨਕਸ਼ਾਬੰਦੀ, ਜਾਤਾਂ-ਗੋਤਾਂ ਦੇ ਵੇਰਵੇ, ਪੰਜਾਬ ਦੇ ਅੰਦਰੂਨੀ ਤੇ ਬਾਰੂਨੀ ਪਰਵਾਸ ਨਾਲ ਸੇਹ ਪਿੰਡ ਦਾ ਸੰਬੰਧ ਆਦਿ ਦੇ ਵੇਰਵੇ ਇਸ ਪੁਸਤਕ ਦੇ ਪਲੇਠੇ ਕਾਂਡਾਂ ਨੂੰ ਦਸਤਾਵੇਜ਼ੀ ਤੇ ਭਾਵਪੂਰਤ ਬਣਾਉਂਦੇ ਹਨ।

ਇਸ ਪੁਸਤਕ ਦੇ ਅਗਲੇਰੇ ਕਾਂਡਾਂ 'ਚ ਸੇਹ ਪਿੰਡ ਦੀਆਂ ਅਤੀਤੀ ਪਰਤਾਂ ਇਕਹਿਰੇ ਸਰੂਪਾਂ ਵਾਲੀਆਂ ਹਨ। 'ਨਗਰ ਖੇੜਾ' ਕਾਂਡ ਇਸ ਪੱਖੋਂ ਦਿਲਚਸਪ ਹੈ ਕਿ ਇੱਕ ਤਾਂ ਇਸ ਦੇ ਵਿਸ਼ੇ ਦੀ ਪਰਤ ਇਕਹਿਰੀ ਹੈ ਤੇ ਦੂਜਾ 'ਨਗਰ ਖੇੜਾ' ਦਾ ਸੁਭਾਅ ਤੇ ਸਰੂਪ ਪੰਜਾਬ ਦੀ ਆਂਚਲਿਕ ਬਣਤਰ ਵਿੱਚ ਵੱਖੋ-ਵੱਖ ਹੈ। ਬਿਲਿੰਗ ਦੇ ਢਾਹੇ ਵਾਲੇ ਪਿੰਡਾਂ ਦਾ ਨਗਰ ਖੇੜਾ ਹੋਰ ਹੈ ਤੇ ਪੁਆਧ ਦੇ ਪਿੰਡਾਂ ਦਾ ਨਗਰ ਖੇੜਾ ਹੋਰ। ਮਾਲਵਾ, ਮਾਝਾ ਤੇ ਦੁਆਬਾ ਵਿੱਚ ਆਮ ਤੇ ਸਾਧਾਰਨ ਅਰਥ ਹਨ। ਬਿਲਿੰਗ ਦੇ ਪਿੰਡਾਂ ਵਿੱਚ ਨਗਰ ਖੇੜਾ ਇੱਕ ਸਰਬ ਸਾਂਝੀ ਥਾਂ ਦਾ ਨਾਂਅ ਦਰਵਾਜ਼ਾ ਹੈ। "ਪਿੰਡ ਦੀ ਉੱਤਰ ਦਿਸ਼ਾ ਵਿੱਚ ਵਿਸ਼ਾਲ ਟੋਭੇ ਤੋਂ ਪਾਰ ਧਰੂ ਭਗਤ ਵੱਲ ਨਤਮਸਤਕ ਹੈ ਮੇਰੇ ਪਿੰਡ ਦਾ ਦਰਵਾਜ਼ਾ/ ਉੱਤਰ ਤੇ ਪੂਰਬ ਦੋਵੇਂ ਦਿਸ਼ਾਵਾਂ ਪਵਿੱਤਰ/ਇੱਕ ਧਰਤੀ ਦੀ ਧੁਰੀ/ਦੂਜੀ ਚੜ੍ਹਦੇ ਸੂਰਜ ਦੀ ਕੁੱਖ/ਸਰਹੰਦੀ ਇੱਟਾਂ ਨਾਲ ਬਣੀ ਇਹ ਖੁੱਲ੍ਹੀ, ਉੱਚੀ ਇਮਾਰਤ ਕਿਸੇ ਕਿਲ੍ਹੇ ਦਾ ਮੁੱਖ ਦੁਆਰ ਜਾਪਦੀ।" (ਪੰਨਾ 27) ਦਰਅਸਲ ਅਜਿਹਾ ਸੁਰੱਖਿਅਤ ਦੁਆਰ ਮੁਗਲ ਕਾਲ/ਅੰਗਰੇਜ਼ ਸ਼ਾਸਨ ਵੇਲੇ ਪੰਜਾਬ ਦੇ ਹਰ ਪਿੰਡ, ਕਸਬੇ, ਸ਼ਹਿਰ ਵਿੱਚ ਸੀ। ਜਿਵੇਂ ਪਟਿਆਲੇ ਦਾ ਸਰਹਿੰਦੀ ਗੇਟ, ਪ੍ਰੰਤੂ ਲੇਖਕ ਦਾ ਨਗਰ ਖੇੜਾ ਵੱਖਰੇ ਅਰਥ ਰੱਖਦਾ ਸੀ। 'ਵਿਆਹ-ਸ਼ਾਦੀ ਮੌਕੇ ਇਸ ਨੂੰ ਹਰ ਕਿਸੇ ਵੱਲੋਂ ਸਾਂਝੇ ਧਾਰਮਿਕ ਸਥਾਨ ਜੋ ਪੂਜਿਆ ਜਾਂਦਾ। ਸਹੀ-ਸਲਾਮਤ ਦਰਵਾਜ਼ੇ ਦਾ ਅਰਥ ਸੀ, ਘੁੱਗ ਵੱਸਦਾ ਨਗਰ ਖੇੜਾ, ਖੁਸ਼ਹਾਲ ਬਾਸ਼ਿੰਦੇ।' (ਪੰਨਾ 29) ਪ੍ਰੰਤੂ ਜਿਹੜਾ ਕਾਰਜ ਢਾਹੇ ਦੇ ਪਿੰਡ ਨਿਭਾਉਂਦੇ, ਉਹ ਮਾਲਵਾ, ਮਾਝਾ ਤੇ ਦੁਆਬੇ ਵਿੱਚ ਨਾਦਾਰ ਹੈ, ਪੁਆਧ ਦੇ ਪਿੰਡਾਂ ਵਿੱਚ ਨਗਰ-ਖੇੜਾ, ਸ਼ਕਲ-ਸਰੂਪ ਪੱਖੋਂ ਇੱਕ ਸਮਾਧ/ਮਟੀ ਹੈ ਤੇ ਸੁਭਾਅ ਪੱਖੋਂ ਸਮਾਜਿਕ ਤੇ ਧਾਰਮਿਕ ਹੈ। ਇਸ ਸਾਂਝੀ ਜਗ੍ਹਾ ਉੱਤੇ ਸਮਾਜਿਕ ਤੇ ਧਾਰਮਿਕ ਅਨੁਸ਼ਠਾਨ ਕੀਤੇ ਜਾਂਦੇ ਹਨ। ਸੇਹ ਵਰਗੇ ਪਿੰਡਾਂ ਦਾ ਨਗਰ ਖੇੜਾ/ਦਰਵਾਜ਼ਾ ਰਾਤ ਕੱਟਣ ਆਏ ਮੁਸਾਫਰਾਂ ਲਈ ਵੀ ਹੈ ਤੇ ਪਿੰਡ ਦੀਆਂ ਖੁਸ਼ੀਆਂ/ਗਮੀਆਂ ਦਾ ਸਾਂਝਾ ਵਿਹੜਾ ਵੀ। 'ਇਹ ਸਦੀਆਂ ਤੋਂ ਸਾਂਝੇ ਲੋਕ ਵਿਸ਼ਵਾਸਾਂ ਦਾ ਪ੍ਰਤੀਕ ਹੈ। ਮਨੁੱਖਤਾ ਦੇ ਉਨ੍ਹਾ ਸਰਬ ਸਾਂਝੇ ਆਪਸੀ ਅਕੀਦਿਆਂ ਦਾ ਲਖਾਇਕ, ਜਿਨ੍ਹਾਂ ਨੇ ਸਾਡੇ ਪਿੰਡਾਂ ਨੂੰ ਹੱਸਦੇ-ਵੱਸਦੇ ਸਦਾ ਸਲਾਮਤ ਰੱਖਿਆ ਹੈ।' (ਪੰਨਾ : 30)

'ਮੁਰੱਬੇਬੰਦੀ ਤੇ ਉੱਜੜੀ ਬਨਸਪਤੀ' ਨਾਂਅ ਦਾ ਕਾਂਡ ਅਜੋਕੇ ਸੰਦਰਭ ਵਿੱਚ ਬੜੇ ਅਹਿਮ ਅਰਥਾਂ ਦਾ ਧਾਰਨੀ ਹੈ। ਲੇਖਕ ਇਸ ਹਕੀਕਤ ਵੱਲ ਇਸ਼ਾਰਾ ਕਰਦਾ ਹੈ ਕਿ ਵਿਕਾਸ ਦੇ ਨਾਂਅ 'ਤੇ ਅੱਜ ਕੁਦਰਤ ਦੀਆਂ ਰਹਿਮਤਾਂ ਦਾ ਹੋ ਰਿਹਾ ਘਾਣ ਪੰਜਾਬ ਵਿੱਚ ਜ਼ਮੀਨੀ ਰਕਬੇ ਦੀ ਕੀਤੀ ਮੁਰੱਬੇਬੰਦੀ ਨਾਲ ਹੀ ਸ਼ੁਰੂ ਹੋ ਗਿਆ ਸੀ। ਉਸ ਦੇ ਖੇਤਾਂ ਦੀ ਝਿੜੀ (ਬਾਗ) ਦਾ ਉਜਾੜਾ ਇਸ ਮੁਰੱਬੇਬੰਦੀ ਨੇ ਹੀ ਕੀਤਾ। 'ਇਹ ਬਾਗ ਦੇ ਰਕਬੇ ਨੂੰ ਸਾਰੇ ਵਿਰਾਸਤੀ ਕਾਸ਼ਤਕਾਰਾਂ ਵਿਚਕਾਰ ਆਪਸ 'ਚ ਵੰਡਣ ਦਾ ਫੈਸਲਾ ਕਰ ਲਿਆ।' (ਪੰਨਾ 31) ਜਿਸ ਕਰਕੇ ਉਹ ਦਰੱਖਤ, ਪੌਦੇ ਅਲੋਪ ਹੋ ਗਏ, ਜਿਹੜੇ ਵਿਰਾਸਤੀ ਵੀ ਸਨ ਤੇ ਦਵਾ-ਦਾਰੂ ਵਿੱਚ ਵੀ ਇਸਤੇਮਾਲ ਹੁੰਦੇ। ਇਹ ਪਿੰਡਾਂ ਦੀ ਜੰਗਲਾਤ-ਆਰਥਿਕਤਾ ਸੀ। ਭਾਰਤ ਦੇ ਆਦਿਵਾਸੀ ਇਸ ਆਰਥਿਕਤਾ ਨੂੰ ਬਚਾਉਣ ਲਈ ਹੀ ਲੜ ਰਹੇ ਹਨ। ਲੇਖਕ ਇਸ ਸੰਬੰਧੀ ਬੜੀ ਟਕਸਾਲੀ ਟਿੱਪਣੀ ਕਰਦਾ ਹੈ : 'ਮੁਰੱਬੇਬੰਦੀ ਨੇ ਬਨਸਪਤੀ ਦੇ ਵਢਾਂਗੇ ਦਾ ਮੁੱਢ ਬੰਨ੍ਹਿਆ, ਜੋ ਮਾੜਾ ਰੁਝਾਨ ਅੱਜ ਵੀ ਚੱਲ ਰਿਹਾ। ਇਸ ਨਾਲ ਨਹਿਰ ਨਿਕਲੀ, ਜਿਸ ਦੇ ਸਿੱਟੇ ਵਜੋਂ ਟਿੱਬੇ ਅਲੋਪ ਹੋ ਗਏ, ਪਰ ਬਾਗ ਦਾ ਖਾਤਮਾ ਨਗਰ ਲਈ ਵੱਡਾ ਘਾਟਾ ਵੀ ਸੀ।' (ਪੰਨਾ 33) ਸੇਹ ਪਿੰਡ 'ਚ ਹਲਟੀ ਵਾਲਾ ਬਰੋਟਾ, ਉੱਤਰ ਪਾਸੇ ਦੀ ਢਾਬ, ਉੱਚੀ ਬੀਹੀ, ਵਿਭਿੰਨ ਕਿੱਤੇ, ਜਾਤਾਂ, ਧਰਮਾਂ, ਮਨੌਤਾਂ, ਸਕੂਲ ਸਮੇਂ ਦੀਆਂ ਯਾਦਾਂ, ਸੱਤਰਵਿਆਂ ਤੱਕ ਜਾਤਾਂ-ਪਾਤਾਂ ਵਿੱਚ ਗ੍ਰਸਿਆ ਸਮਾਜ, ਕੁਦਰਤ-ਵਿਹਾਜੀ ਜੀਵਨ-ਜਾਚ ਅਤੇ ਰਵਾਇਤੀ ਮਨ-ਪ੍ਰਚਾਵੇ ਦੇ ਸਾਧਨ, ਵਿਭਿੰਨ ਕਾਂਡਾਂ ਰਾਹੀਂ ਅਤੀਤ ਬਣ ਕੇ ਦ੍ਰਿਸ਼ਟਮਾਨ ਹੁੰਦੇ ਹਨ।

ਦਰਅਸਲ ਇਹ ਕਿਤਾਬ ਬਾਰ੍ਹਵੇਂ ਕਾਂਡ ਤੋਂ ਸੇਹ ਪਿੰਡ ਦੇ ਵਰਤਮਾਨ ਸਰੂਪ ਦੀ ਬੁਨਿਆਦ ਦਾ ਕਿੱਸਾ ਸੁਣਾਉਣਾ ਪ੍ਰਾਰੰਭ ਕਰਦੀ ਹੈ। ਮੁਰੱਬਾਬੰਦੀ ਤੋਂ ਬਾਅਦ ਨਹਿਰਾਂ/ਕੱਸੀ/ਸੂਇਆਂ ਦਾ ਬਣਨਾ, ਟਿੱਬਿਆਂ ਨੂੰ ਪੱਧਰਾ ਕਰਨਾ, ਬਿਜਲੀ ਦਾ ਆਉਣਾ, ਬਾਜ਼ਾਰੀ ਰੇਅ/ਸਪਰੇਅ ਖੇਤਾਂ ਵਿੱਚ ਛਿੜਕਣਾ ਆਦਿ ਨੇ ਪੇਂਡੂ ਜੀਵਨ ਸ਼ੈਲੀ ਨੂੰ ਆਧੁਨਿਕਤਾ ਦੇ ਲੜ ਲਾ ਦਿੱਤਾ। ਲੇਖਕ ਇਸ ਤਬਦੀਲੀ ਨੂੰ ਹਰੀ ਕ੍ਰਾਂਤੀ ਨਾਲ ਜੋੜਦਾ ਹੈ। ਸੱਠਵਿਆਂ ਤੱਕ ਰਵਾਇਤੀ ਖੇਤੀਬਾੜੀ ਦੇ ਚਿੱਤਰ ਲੇਖਕ ਪ੍ਰਮਾਣਿਕ ਰੂਪ ਵਿੱਚ ਉਲੀਕਦਾ ਹੈ। ਉਸ ਦੀ ਧਾਰਨਾ ਹੈ ਕਿ ਹਰੀ ਕ੍ਰਾਂਤੀ ਦੇ ਪ੍ਰਵੇਸ਼ ਨਾਲ 'ਕਿਰਸਾਨੀ ਸੱਚਮੁੱਚ ਫੇਲ੍ਹ ਹੋ ਗਈ।' (ਪੰਨਾ : 106) ਉਹ ਕਿਸਾਨੀ ਹੀ ਸਫਲ ਹੈ, ਜਿਸ ਨੇ ਖੇਤੀਬਾੜੀ ਨਾਲ ਆਮਦਨ ਦੇ ਹੋਰ ਸਾਧਨ ਵੀ ਪੈਦਾ ਕਰ ਲਏ, ਜਿਵੇਂ ਪਰਵਾਰ ਵਿੱਚੋਂ ਕੋਈ ਨੌਕਰੀਪੇਸ਼ਾ ਹੋ ਗਿਆ। 'ਪੰਜਾਹਵਿਆਂ, ਸੱਠਵਿਆਂ, ਸੱਤਰਵਿਆਂ ਤੇ ਇੱਥੋਂ ਤੱਕ ਕਿ ਅਸੀਵਿਆਂ ਵਾਲੇ ਸਾਰੇ ਖੱਬੀ ਖਾਨ ਮਸ਼ਹੂਰ ਲਾਣੇ ਹੁਣ ਮੂਲੋਂ ਖੁਰ ਚੁੱਕੇ ਹਨ।...ਉਹਨਾਂ ਵਿੱਚੋਂ ਕਈਆਂ ਨਾਲੋਂ ਮਜ਼ਦੂਰ ਜਾਂ ਮੁਲਾਜ਼ਮ ਪੇਸ਼ਾ ਲੋਕ ਕਿਤੇ ਬਿਹਤਰ ਹਨ।' (ਪੰਨਾ 115) ਇਹਨਾਂ ਹਾਲਤਾਂ ਵਿੱਚ ਨਵੀਂ ਪੀੜ੍ਹੀ ਬਾਹਰਲੇ ਦੇਸ਼ਾਂ ਨੂੰ ਹਿਜਰਤ ਕਰ ਰਹੀ ਹੈ। ਜਿਹੜੇ ਹਿਜਰਤ ਕਰਨ ਦੇ ਸਮਰੱਥ ਨਹੀਂ, ਉਹ ਅਜੋਕੇ ਰਸਾਇਣੀ ਨਸ਼ਿਆਂ ਵਿੱਚ ਗਲਤਾਨ ਹਨ ਤੇ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਅਜਿਹਾ ਮੰਜ਼ਰ ਲੇਖਕ ਆਪਣੇ ਪਿੰਡ ਵਿੱਚ ਵੇਖਦਾ ਹੈ।


ਅਵਤਾਰ ਸਿੰਘ ਬਿਲਿੰਗ, ਉੱਤਰ ਹਰੀ ਕ੍ਰਾਂਤੀ, ਉਪਭੋਗੀ ਸੱਭਿਆਚਾਰ ਤੇ ਉੱਤਰ ਆਧੁਨਿਕਤਾਵਾਦ ਦੇ ਦੌਰ ਵਿੱਚ ਵੀ ਅਜਿਹੇ ਸਮਾਜਸੇਵੀਆਂ ਦੇ ਨਕਸ਼ ਉਭਾਰਦਾ ਹੈ, ਜੋ ਸਫਾਈ, ਫੁੱਲ-ਬੂਟੇ ਤੇ ਹੋਰ ਸਮਾਜਿਕ ਕਾਰਜਾਂ ਦੇ ਕਾਰਕੁੰਨ ਹਨ। ਕ੍ਰਿਸ਼ਨ ਸਾਈਕਲਾਂ ਵਾਲਾ, ਭਗਤ ਮੋਹਣਾ ਭਲਵਾਨ, ਤੇਜਾ ਸਿੰਘ ਟੇਲਰ ਮਾਸਟਰ, ਰੁਲਦਾ ਸਿੰਘ, ਸੁਖਦੇਵ ਕੌਰ ਬਿਲਿੰਗ ਆਦਿ ਬੇਨਜ਼ੀਰ ਸਮਾਜਿਕ ਕਾਮੇ ਹਨ। ਇਉਂ ਇਸ ਪਿੰਡ ਦੇ ਜਗਦੀਸ਼ ਸਿੰਘ ਦੀਸ਼ਾ, ਦੋ ਮਿਹਨਤੀ ਭੰਗੂ ਭਰਾ, ਦੋ ਜਗਦਿਓ ਭਰਾ, ਮੋਟੇ ਮੁਨਸ਼ੀ ਦੇ ਦੋ ਉੱਦਮੀ ਪੜੋਤੇ ਤੇ ਮਨਦੀਪ ਸਿੰਘ ਰੰਗ-ਸਾਜ਼ ਅਜਿਹੇ ਅੱਠ ਹਿੰਮਤੀ ਨੌਜਵਾਨ ਹਨ, ਜਿਹੜੇ ਕੰਮ ਸੱਭਿਆਚਾਰ ਨੂੰ ਪ੍ਰਣਾਏ ਹੋਰਾਂ ਲਈ ਵੀ ਆਦਰਸ਼ ਬਣੇ। ਵਿਰਸੇ ਤੋਂ ਮਿਲੀਆਂ ਮਿਹਨਤਮੁਖੀ ਆਦਤਾਂ ਵਾਲੇ ਤਿੰਨ ਪੀੜ੍ਹੀਆਂ ਦੇ ਸਫਲ ਕਿਸਾਨ, ਨੌਂ ਭੰਗੂ ਭਰਾ ਵੀ ਇਸ ਪਿੰਡ ਦੇ ਹੀ ਹਨ। 'ਇਹਨਾਂ ਨੌਂ ਭਰਾਵਾਂ ਅਤੇ ਸੰਤਾਨ ਦੀ ਸਫਲਤਾ ਦਾ ਮੁੱਖ ਕਾਰਨ ਸਰਫੇ ਵਾਲਾ ਜੀਵਨ ਜਿਊਣਾ, ਗੱਡ ਕੇ ਮਿਹਨਤ ਕਰਨਾ ਤੇ ਨਸ਼ਾ ਨਾ ਵਰਤਣਾ ਸਮਝਿਆ ਜਾ ਸਕਦਾ ਹੈ। ਇਹ ਉਹ ਅਤਿ ਮਿਹਨਤੀ ਲੋਕ ਸਨ, ਜੋ ਮਿੱਟੀ ਨੂੰ ਹੱਥ ਲਾਉਂਦੇ ਤਾਂ ਸੋਨਾ ਬਣ ਜਾਂਦੀ। ਆਥਣ ਨੂੰ ਖੂਹ ਪੁੱਟ ਕੇ ਪਾਣੀ ਪੀਣ ਵਾਲੇ ਇਨਸਾਨ।' (ਪੰਨਾ : 143)

ਲੇਖਕ ਆਪਣੇ ਜੀਵਨ ਤੇ ਆਲੇ-ਦੁਆਲੇ ਦੇ ਮੁੰਡਿਆਂ ਦੀ ਕਾਇਆ-ਕਲਪ ਵਿੱਚ ਖੰਨੇ ਦੇ ਪੁਰਾਣੇ ਕਾਲਜ ਨੂੰ ਵੀ ਇਸ ਕਿਤਾਬ ਦਾ ਹਿੱਸਾ ਬਣਾਉਂਦਾ ਹੈ। 1946 ਈ: ਦਾ ਬਣਿਆ ਏ ਐੱਸ ਕਾਲਜ ਸੇਹ ਦੇ ਬੱਚਿਆਂ ਲਈ ਚਾਨਣ-ਮੁਨਾਰਾ ਸਿੱਧ ਹੁੰਦਾ ਹੈ। ਇਸ ਕਾਲਜ ਦੇ ਯੋਗਦਾਨ ਨੂੰ ਤਸਲੀਮ ਕਰਦਾ ਲੇਖਕ ਆਪਣੇ ਵਿਦਿਅਕ ਜੀਵਨ ਦੇ ਅਨੇਕਾਂ ਵੇਰਵੇ ਸਾਂਝੇ ਕਰਦਾ ਹੈ।

ਸੇਹ ਪਿੰਡ ਦੀ ਗੀਤ-ਸੰਗੀਤ ਪ੍ਰੰਪਰਾ ਦੇ ਅਤੀਤ ਤੇ ਵਰਤਮਾਨ ਦੀ ਬਾਤ ਵੀ ਬਿਲਿੰਗ ਭਲੀ-ਭਾਂਤ ਪਾਉਂਦਾ ਹੈ। ਦਰਜਨਾਂ ਪੁਰਾਣੇ-ਨਵੇਂ ਕਵੀਸ਼ਰਾਂ, ਗਾਇਕਾਂ, ਕਵੀ ਤੇ ਲੇਖਕਾਂ ਦੀ ਸੂਚੀ ਦਰਜ ਹੋਈ ਮਿਲਦੀ ਹੈ। ਇਉਂ ਹੀ ਕਲਾਤਮਿਕ ਨੈਣ-ਨਕਸ਼ਾਂ ਤੋਂ ਇਲਾਵਾ ਪਿੰਡ ਦੀ ਸਰੀਰਕ ਸਮਰੱਥਾ ਦੇ ਦਰਪਨ ਨੂੰ ਵੀ ਸ਼ਾਬਦਿਕ ਸ਼ਕਲ ਦਿੱਤੀ ਹੈ। ਮਿਸਾਲ ਵਜੋਂ 'ਮਸ਼ਹੂਰ ਖਿਡਾਰੀ' ਤੇ 'ਨਗਰ ਦੇ ਨਾਮਵਰ ਐਥਲੀਟ' ਵਾਲੇ ਕਾਂਡ ਹਵਾਲਾਯੁਕਤ ਹਨ। ਸਿਹਤ ਸਹੂਲਤਾਂ ਪੱਖੋਂ ਵੀ ਪਿੰਡ ਵਿੱਚ ਬਣੇ ਹਸਪਤਾਲ, ਡਿਸਪੈਂਸਰੀ, ਪਾਰਕ, ਵੈਦ-ਹਕੀਮਾਂ ਆਦਿ ਦਾ ਬਿਊਰਾ ਵੀ ਇਸ ਕਿਤਾਬ ਨੂੰ ਦਸਤਾਵੇਜ਼ੀ ਬਣਾਉਂਦਾ ਹੈ। ਘੁੱਗ ਵੱਸਦੇ ਪਿੰਡ ਨੇ ਕਈ ਆਜ਼ਾਦੀ ਸੈਨਾਨੀ ਤੇ ਸ਼ਹੀਦ ਫੌਜੀ ਵੀ ਪੈਦਾ ਕੀਤੇ। ਅੱਤਵਾਦ ਦੀ ਭੇਟ ਚੜ੍ਹੇ ਮੁੰਡਿਆਂ ਦਾ ਜ਼ਿਕਰ ਵਰਤਮਾਨ ਦੀਆਂ ਹਕੀਕਤਾਂ ਦੇ ਰੂਬਰੂ ਕਰਾਉਂਦਾ ਹੈ। ਅਫਸਰ/ਮੁਲਾਜ਼ਮ, ਦਸਤਕਾਰੀ ਦੇ ਦੁਕਾਨਦਾਰ/ਵਪਾਰੀ, ਧਾਰਮਿਕ ਸਥਾਨ, ਮਸ਼ਹੂਰ ਪੀੜ੍ਹੀ-ਦਰ-ਪੀੜ੍ਹੀ ਪਰਵਾਰ, ਮੋਹਤਬਰ ਸ਼ਖਸੀਅਤਾਂ, ਪਰਵਾਸਧਾਰੀ ਬੰਦੇ, ਪਲੇਠਾ ਸਿੱਖ ਪਰਵਾਰ ਤੇ ਪੰਜ ਪੀੜ੍ਹੀਆਂ ਵਾਲਾ ਪੜ੍ਹਿਆ-ਲਿਖਿਆ ਟੱਬਰ ਵਾਲੇ ਚਿਹਰੇ-ਮੁਹਰੇ ਦਾ ਸੇਹ ਪਿੰਡ ਇਸ ਦੇ ਅਤੀਤ ਤੇ ਵਰਤਮਾਨ ਦੀ ਗੁਲਬੀਨ ਬਣਦਾ ਹੈ। ਲੇਖਕ ਆਖਰੀ ਕਾਂਡਾਂ 'ਚ ਆਪਣੇ ਵੰਸ਼ਜ਼ ਦਾ ਕੁਰਸੀਨਾਮਾ ਤੇ ਬਿਲਿੰਗ ਗੋਤ ਦੀਆਂ ਚਾਰ ਪੱਤੀਆਂ ਦਾ ਖਾਕਾ ਉਲੀਕ ਕੇ 'ਮੇਰਾ ਪਿੰਡ ਮੇਰੇ ਲੋਕ' ਪੋਥੀ ਦੀ ਮੁੰਦਾਵਣੀ ਲਿਖਦਾ ਹੈ। ਮੱਧਕਾਲ ਵਿੱਚ ਬਹੁਤ ਸਾਰੇ ਪੰਜਾਬੀ ਲੇਖਕ/ਕਵੀ ਹੋਏ ਹਨ, ਜਿਨ੍ਹਾਂ ਦੀ ਜਨਮ/ਮੌਤ ਭੂਮੀ ਮਿਤੀ ਤੇ ਘਰ-ਪਰਵਾਰ ਦਾ ਕੋਈ ਸੁਰਾਗ ਨਹੀਂ ਮਿਲਦਾ। ਇਸ ਪ੍ਰਸੰਗ ਵਿੱਚ ਇਹਨਾਂ ਦੋਵਾਂ ਕਾਂਡਾਂ ਦੀ ਖਾਸ ਮਹੱਤਤਾ ਹੈ। 'ਮੇਰਾ ਪਿੰਡ ਮੇਰੇ ਲੋਕ' ਪੁਸਤਕ ਇੱਕ ਹੰਢੇ-ਮਾਂਜੇ ਗਲਪਕਾਰ ਦੀ ਵਾਰਤਿਕ ਦਾ ਮਸਨਵੀ ਰੂਪ ਹੈ। ਇਸ ਮਸਨਵੀ ਦੀ ਖਸਲਤ ਦਸਤਾਵੇਜ਼ੀ ਹੋਣ ਦੇ ਬਾਵਜੂਦ ਲੇਖਕ ਨੇ ਲੋਕ-ਕਾਵਿ ਦੇ ਹਵਾਲਿਆਂ ਨਾਲ ਹਰ ਕਾਂਡ ਨੂੰ ਰੌਚਿਕਤਾ ਦੀ ਪੁੱਠ ਦੇਣ ਦਾ ਯਤਨ ਕੀਤਾ ਹੈ। ਇਹ ਲੋਕ-ਕਾਵਿ ਕਿੱਧਰੇ ਟਕਸਾਲੀ ਹੈ ਤੇ ਕਿਧਰੇ ਆਂਚਲਿਕ। 'ਜਦੋਂ ਮੁੱਕ ਗਏ ਘੜੇ ਦੇ ਦਾਣੇ ਬਣ ਗਏ ਸਿੰਘ ਸਭੀਏ', 'ਕਣਕ ਦਾ ਵੈਰੀ ਇੱਖ, ਬਾਹਮਣ ਦਾ ਵੈਰੀ ਸਿੱਖ' ਆਦਿ ਕਾਵਿ ਟੋਟਕੇ ਵਰਨਣਯੋਗ ਹਨ। ਇੰਜ ਕਈ ਕਹਾਵਤਾਂ ਵੱਖੋ-ਵੱਖ ਕਾਂਡਾਂ ਨੂੰ ਪੜ੍ਹਨਯੋਗ ਬਣਾਉਂਦੀਆਂ ਹਨ। 'ਕੋਈ ਜ਼ਰਾ ਕੁ ਨਿੰਦੇ, ਬਿਲਿੰਗ ਝੱਟ ਵਿੰਗੇ'। 'ਬਿਲਿੰਗ ਪੜ੍ਹਦੇ ਹੁੰਦੇ, ਭੰਗੂ ਲੜਦੇ ਹੁੰਦੇ' ਤੇ 'ਸਾਵਣ ਚੱਲੇ ਪੁਰਾ ਬੁਰਾ, ਬਾਹਮਣ ਦੇ ਹੱਥ ਛੁਰਾ ਬੁਰਾ, ਜੱਟ ਨੇ ਛੱਡਿਆ ਤੁਰਰਾ ਬੁਰਾ।' (ਪੰਨਾ 24 ਤੇ 87) ਵਰਗੀਆਂ ਕਹਾਵਤਾਂ ਮੁਕਾਮੀ ਤੇ ਖਿੱਤਾਗਤ ਸੁਭਾਅ ਤੇ ਆਦਤਾਂ ਦੀਆਂ ਲਖਾਇਕ ਬਣਦੀਆਂ ਹਨ। ਲੇਖਕ ਨੇ ਆਪਣੀ ਗਲਪੀ ਸ਼ਿਲਪਕਾਰੀ ਯੋਗਤਾ ਦੇ ਬਲਬੂਤੇ ਕਥਾਰਸ ਭਰਨ ਦੀ ਕੋਸ਼ਿਸ਼ ਕੀਤੀ ਹੈ। 'ਜਿੱਥੇ ਮੇਰੀ ਦੇਵੀ ਰੂਪ' ਮਾਤਾ ਦੇਬੋ ਉਰਫ ਗੁਰਦੇਵ ਕੌਰ ਸਦਾ ਕੀੜੀ ਵਾਂਗ ਕਿਸੇ ਆਹਰ ਲੱਗੀ ਰਹਿੰਦੀ। ਗਹਿਰ-ਗੰਭੀਰ ਮਾਂ ਨੂੰ ਮੈਂ ਕਦੇ ਕਿਸੇ ਨਾਲ ਲੜਦੇ-ਖਹਿਬੜਦੇ ਨਹੀਂ ਦੇਖਿਆ। ਰੰਗੀਲੇ ਬਾਪੂ ਨਾਲ ਅਕਸਰ ਉਸ ਦਾ ਸ਼ਬਦੀ ਟਕਰਾਓ ਹੋ ਜਾਂਦਾ। ਕਦੇ ਮਿੱਠ ਪਿਆਰ ਏਨਾ ਕਿ ਉਹਨਾਂ ਵਿਚਾਲਿਓਂ ਸੂਈ ਵੀ ਨਾ ਲੰਘਦੀ।' (ਪੰਨਾ : 53) ਲੇਖਾਂ ਨੂੰ ਦਿੱਤੀ ਗਲਪੀ ਛੋਹ ਇਸ ਪੁਸਤਕ ਦਾ ਹਾਸਲ ਹੈ।

ਇਸ ਪੁਸਤਕ ਨੂੰ ਬਿਲਿੰਗ ਨੇ ਸਿਰਫ ਸ਼ਬਦ-ਸਿਰਜਣਾ ਨਾਲ ਹੀ ਦਸਤਾਵੇਜ਼ੀ ਨਹੀਂ ਬਣਾਇਆ, ਸਗੋਂ ਬਹੁਤ ਸਾਰੀਆਂ ਤਸਵੀਰਾਂ ਰਾਹੀਂ ਵੀ ਪੜ੍ਹਨ ਤੋਂ ਇਲਾਵਾ ਇਸ ਨੂੰ ਵੇਖਣ-ਫਰੋਲਣ ਦੀ ਯੋਗਤਾ ਪ੍ਰਦਾਨ ਕੀਤੀ ਹੈ। ਜਿਨ੍ਹਾਂ ਰਾਹੀਂ ਪਿੰਡ ਦੀਆਂ ਵਿਰਾਸਤੀ ਥਾਵਾਂ, ਲੋਕ ਮੌਕੇ, ਘਟਨਾਵਾਂ ਤੇ ਸਮਕਾਲੀ ਪ੍ਰਾਪਤੀਆਂ ਨਮੂਦਾਰ ਹੁੰਦੀਆਂ ਹਨ। ਇਹਨਾਂ ਵਿੱਚ ਪਿੰਡ ਦੇ ਵਿਰਾਸਤੀ ਦਰਵਾਜ਼ੇ ਲੇਖਕ ਦੇ ਵਿਆਹ ਤੇ ਪਰਵਾਸੀ ਸੇਹ ਵਾਸੀ ਪਰਵਾਰਾਂ ਦੀਆਂ ਵੀ ਤਸਵੀਰਾਂ ਹਨ। ਪਰਵਾਸ ਬਾਰੇ ਬਿਲਿੰਗ ਦੀ ਇਹ ਵਾਰਤਿਕ ਟਿੱਪਣੀ ਬੜੀ ਸਟੀਕ ਹੈ : 'ਓਦੋਂ ਸਾਡੇ ਬਜ਼ੁਰਗ ਕਮਾਈਆਂ ਕਰਕੇ ਆਖਰ ਪਿੰਡ ਪਰਤਦੇ/ਸੱਤਰਵਿਆਂ ਤੋਂ ਪੱਛਮੀ ਦੇਸ਼ਾਂ ਵੱਲ ਤੁਰੀ ਪਰਵਾਸ ਦੀ ਰੀਤ ਹੁਣ ਬੰਦਿਆਂ ਨੂੰ ਪਿੰਡ ਨਹੀਂ ਪਰਤਣ ਦਿੰਦੀ। ਵੱਖੋ-ਵੱਖ ਦੇਸ਼ਾਂ ਵੱਲ ਨਿਕਲੇ ਤੇ ਉੱਥੇ ਦੇ ਹੀ ਹੋ ਕੇ ਰਹਿ ਗਏ।' (ਪੰਨੇ 334)

ਲੇਖਕ ਨੇ ਗਲਪੀ ਤੇ ਕਾਵਿ ਜੁਗਤਾਂ ਰਾਹੀਂ ਆਪਣੀ ਵਾਰਤਿਕ ਸ਼ੈਲੀ ਨੂੰ ਰਸਭਰੀ ਬਣਾਉਣ ਦੇ ਢੇਰ ਯਤਨ ਕੀਤੇ ਹਨ। ਪਰ ਕਈ ਕਾਂਡਾਂ 'ਚ ਅੰਕੜਿਆਂ, ਮਿਤੀਆਂ, ਨਾਵਾਂ ਤੇ ਸਥਾਨਾਂ ਦੇ ਵੇਰਵਿਆਂ ਦੀ ਭਰਤੀ ਹੈ, ਜਿਸ ਕਰਕੇ ਪੜ੍ਹਨਯੋਗਤਾ ਪੱਖੋਂ ਮਾਂਦੇ ਪੈ ਜਾਂਦੇ ਹਨ। ਲੇਖਖ ਨੇ ਪਿੰਡ ਦੇ ਕਲਾਕਾਰ, ਖਿਡਾਰੀ, ਮੁਲਾਜ਼ਮ, ਅਫਸਰ, ਫੌਜੀ, ਸਮਾਜਸੇਵੀ ਆਦਿ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ ਪਰ ਕਿਸੇ ਪਿੰਡ ਦੇ ਹੋਏ ਮਸ਼ਹੂਰ ਡਾਕੂ, ਚੋਰ, ਆਸ਼ਕ, ਠੱਗ ਆਦਿ ਵੀ ਲੋਕਾਂ 'ਚ ਸ਼ੁਮਾਰ ਹੁੰਦੇ ਹਨ, ਜਿਹੜੇ ਕਿ ਇੱਥੇ ਮਨਫੀ ਹਨ। ਇਹ ਪੁਸਤਕ ਕਿਸੇ ਪਿੰਡ ਦੀ ਦਸਤਾਵੇਜ਼ੀ ਗੁਲਬੀਨ ਹੈ ਤੇ ਲੇਖਕ ਦੀ ਵਾਰਤਿਕ ਸ਼ੈਲੀ ਦਾ ਉੱਤਮ ਨਮੂਨਾ।




# ਸਮਾਜਿਕ ਬਰਾਬਰੀ ਲਈ ਦੋ ਧਿਰਾਂ ਦੇ ਸੰਘਰਸ਼ ਸੰਬੰਧੀ ਸੰਵਾਦ

**ਹਰਜਿੰਦਰ ਸਿੰਘ ਅਟਵਾਲ (ਡਾ.)**

## ਡਾ. ਭੀਮ ਰਾਓ ਅੰਬੇਡਕਰ, ਭਾਰਤ ਤੇ ਸਾਮਵਾਦ

**ਆਨੰਦ ਤੇਲਤੁੰਬੜੇ**
**ਅਨੁਵਾਦਕ : ਡਾ. ਕਰਮਜੀਤ ਸਿੰਘ**
**ਪੰਨੇ: 208 ਮੁੱਲ: 240 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਸਮਾਜਿਕ ਬਰਾਬਰੀ, ਉਹ ਵੀ ਹਰ ਪੱਧਰ ਅਤੇ ਹਰ ਖੇਤਰ ਵਿੱਚ ਮਨੁੱਖ ਦੀ ਪੁਰਾਣੀ ਰੀਝ ਹੈ ਜਿਸ ਦੀ ਪੂਰਤੀ ਜਾਂ ਤਾਂ ਹੋ ਨਹੀਂ ਰਹੀ ਜਾਂ ਅੰਸ਼ਕ ਰੂਪ/ਵਕਤੀ ਤੌਰ ਤੇ ਹੋ ਰਹੀ ਹੁੰਦੀ ਹੈ ਜਾਂ ਨਜ਼ਰ ਆਉਂਦੀ ਹੈ। ਸਮਾਜਿਕ ਬਰਾਬਰੀ ਦੀ ਲੋਚਾ ਜੇ ਇਤਿਹਾਸ ਵਿੱਚ ਬਹੁਤਾ ਪਿੱਛੇ ਨਾ ਵੀ ਜਾਈਏ ਤਾਂ ਸੰਤ ਕਬੀਰ ਤੋਂ ਲੈ ਕੇ ਗੁਰੂ ਰਵੀਦਾਸ, ਗੁਰੂ ਨਾਨਕ ਅਤੇ ਹੋਰ ਵਿਚਾਰਵਾਨ ਆਪਣੇ ਦਰਸ਼ਨ ਵਿੱਚ ਪੇਸ਼ ਕਰਦੇ ਰਹੇ ਹਨ। ਮੁਢਲੇ ਰੂਪ ਵਿੱਚ ਇਹ ਬਰਾਬਰੀ ਜਾਤੀ ਪ੍ਰਥਾ ਦੇ ਮਸਲੇ ਨੂੰ ਲੈ ਕੇ ਰਹੀ ਹੈ। ਵਰਣ-ਆਸ਼ਰਮ ਪ੍ਰਧਾਨ ਸਮਾਜ ਵਿੱਚ ਚਾਰ ਵਰਣਾਂ ਦਾ ਮਸਲਾ ਏਡਾ ਵੱਡਾ ਅਤੇ ਇਸ ਹੱਦ ਤਕ ਸਮਾਜਿਕ ਪ੍ਰਬੰਧ ਵਿੱਚ ਹਾਵੀ ਰਿਹਾ ਹੈ ਕਿ ਅੱਜ ਤੱਕ ਵੀ ਇਹ ਮਾਨਵ ਦਾ ਪਿੱਛਾ ਕਰਦਾ ਆ ਰਿਹਾ ਹੈ। ਪੰਜਾਬ ਦੇ ਪਿੰਡ ਮਲੂਕਾ ਦੀਆਂ ਘਟਨਾਵਾਂ ਅਤੇ ਰਾਜਸਥਾਨ ਦੀ ਜਲੌਰ ਦੀ ਤਾਜ਼ਾ ਘਟਨਾ ਇਸ ਤੱਥ ਦੀ ਪੁਸ਼ਟੀ ਲਈ ਉਦਾਹਰਣ ਵਜੋਂ ਦੇਖੀਆਂ ਜਾ ਸਕਦੀਆਂ ਹਨ। ਉਤਰੀ ਭਾਰਤ ਦੇ ਖਿੱਤੇ ਵਿਚਲੀਆਂ ਇਹ ਦੋਵੇਂ ਘਟਨਾਵਾਂ ਉਦੋਂ ਵਾਪਰ ਰਹੀਆਂ ਹਨ, ਜਦੋਂ ਅਸੀਂ ਮੁਲਕ ਦੀ ਆਜ਼ਾਦੀ ਦਾ ਨਿੱਘ/ਸੰਤਾਪ ਪੌਣੀ ਸਦੀ ਤਕ ਹੰਢਾ ਚੁੱਕੇ ਹਾਂ ਅਤੇ ਸਮਾਜਿਕ ਬਰਾਬਰੀ ਦੇ ਵੱਡੇ-ਵੱਡੇ ਦਮਗਜ਼ੇ ਮਾਰਦੇ ਥੱਕਦੇ ਨਹੀਂ। ਪੰਜਾਬ ਦੇ ਇਸ ਖਿੱਤੇ ਵਿੱਚ ਗੁਰੂ ਨਾਨਕ ਦੇ ਅਖੌਤੀ ਨਾਮਲੇਵਾ ਕਹਾਉਂਦੇ 'ਗੁਰਮੁਖਾਂ' ਵੱਲੋਂ ਜਦੋਂ ਅਜਿਹੀਆਂ ਘਟਨਾਵਾਂ ਵਿੱਚ ਸ਼ਮੂਲੀਅਤ ਦੀਆਂ ਖ਼ਬਰਾਂ ਪੜ੍ਹਨ/ਸੁਣਨ ਨੂੰ ਮਿਲਦੀਆਂ ਹਨ ਤਾਂ ਜਾਤੀ ਮੋਹ (ਉਚਤਾ ਦਾ ਕੀੜਾ) ਕਿਸ ਹੱਦ ਤਕ ਮਨੁੱਖੀ ਮਨਾਂ 'ਚ ਘਰ ਕਰੀ ਬੈਠਾ ਹੈ ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪਹਿਲੀਆਂ ਵਿੱਚ ਇਸ ਜਾਤੀ ਮੋਹ ਦੇ ਚੱਕਰ ਵਿੱਚ ਇੱਕ ਧਿਰ (ਮੁੱਖ ਤੌਰ ਤੇ ਦਲਿਤ) ਬੁਰੀ ਤਰ੍ਹਾਂ ਪਿਸ ਰਹੀ ਸੀ ਜਾਂ ਇਉਂ ਕਹਿ ਲਈਏ ਕਿ ਉਨ੍ਹਾਂ ਨੂੰ ਜੀਊਣ ਦਾ ਅਧਿਕਾਰ ਹੀ ਨਹੀਂ ਮਿਲਦਾ। ਰੋਟੀ ਰੋਜ਼ੀ, ਰੁਜ਼ਗਾਰ, ਸਿੱਖਿਆ ਆਦਿ ਹਰ ਖੇਤਰ ਵਿੱਚ ਉਹ ਕੇਵਲ ਅਤੇ ਕੇਵਲ ਉਚ ਜਾਤੀ ਦੇ ਲੋਕਾਂ ਦੇ ਆਦੇਸ਼ ਅਨੁਸਾਰ ਹੀ ਕਰ ਸਕਦੇ ਹਨ, ਉਨ੍ਹਾਂ ਨੇ ਕੀ ਖਾਣਾ ਹੈ, ਕੀ ਕਰਨਾ ਹੈ ਇਹ ਉਸ ਦਲਿਤ ਵਰਗ ਦੇ ਲੋਕਾਂ ਲਈ ਸੱਤਾ 'ਤੇ ਕਾਬਜ਼ ਉੱਚੀ ਧਿਰ ਵੱਲੋਂ ਨਿਸ਼ਚਿਤ ਹੁੰਦਾ ਸੀ। ਬਦਲਵੇਂ ਰੂਪ ਵਿੱਚ ਅਜੋਕੇ ਦੌਰ ਵਿੱਚ ਵੀ ਉਹੀ ਕੁਝ ਹੋ ਰਿਹਾ ਹੈ। ਕੇਂਦਰੀ ਸੱਤਾ ਤੇ ਅੱਜ ਉਹੀ ਧਿਰ ਕਾਬਜ਼ ਹੈ, ਜਿਨ੍ਹਾਂ ਦੀ ਵਿਚਾਰਧਾਰਾ ਮਨੂੰਵਾਦੀ ਵਿਚਾਰਧਾਰਾ ਦੀ ਹਾਮੀ ਰਹੀ ਹੈ ਤੇ ਅੱਜ ਵੀ ਉਹ ਕਿਸੇ ਨਾ ਕਿਸੇ ਰੂਪ ਵਿੱਚ ਇਸ ਨੂੰ ਲਾਗੂ ਕਰਨ ਦੇ ਆਹਰ ਵਿੱਚ ਰਹਿੰਦੇ ਹਨ। ਪੰਜਾਬ ਅਤੇ ਰਾਜਸਥਾਨ ਵਿਖੇ ਵਾਪਰੀਆਂ ਤਾਜ਼ੀਆਂ ਘਟਨਾਵਾਂ ਨੂੰ ਇਸੇ ਪ੍ਰਸੰਗ ਵਿੱਚ ਵੇਖਿਆਂ ਹੀ ਸਹੀ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ।




ਇਸ ਸਾਰੇ ਜਾਤੀਵਾਦ ਦੇ 'ਜਮੂਦ' ਵਿੱਚ ਬਾਹਰ ਨਿਕਲਣ ਲਈ ਇੱਕ ਮਹੱਤਵਪੂਰਨ ਨਾਮ ਡਾ. ਭੀਮ ਰਾਓ ਅੰਬੇਡਕਰ ਦਾ ਆਉਂਦਾ ਹੈ, ਜਿਸ ਨੇ ਇਸ ਸੰਬੰਧੀ ਨਿਠ ਕੇ ਖੋਜ ਕਾਰਜ ਆਧਾਰਤ ਕਾਰਜ ਆਰੰਭਿਆ। ਉਹ ਫਾਸ਼ੀਵਾਦੀ ਅਤੇ ਸਾਮਰਾਜਵਾਦੀ ਤਾਕਤਾਂ, ਜੋ ਇਸ ਜਾਤੀ-ਪ੍ਰਥਾ ਵਾਲੇ ਸਮਾਜ ਨੂੰ ਕਾਇਮ ਹੀ ਨਹੀਂ ਰੱਖ ਰਹੀਆਂ ਹੁੰਦੀਆਂ ਸਗੋਂ ਉਸ ਦੇ ਵਿਕਾਸ ਪੜਾਵਾਂ ਨੂੰ ਵੀ ਤਹਿ ਕਰ ਕੇ ਅੱਗੇ ਵਧਦੀਆਂ ਹਨ, ਵਿਰੁੱਧ ਪਹਿਲਾਂ ਤਾਂ ਵਿਸ਼ਾਲ ਅਧਿਐਨ ਕਰਦਾ ਹੈ, ਫਿਰ ਲੋਕਾਂ ਨੂੰ ਸੁਚੇਤ ਕਰਦਾ ਹੈ ਅਤੇ ਆਪਣੀ ਸਮਰਥਾ ਜਾਂ ਸਮਰਥਾ ਤੋਂ ਅੱਗੇ ਜਾ ਕੇ ਵੀ ਉਸ ਦਾ ਮੁਕਾਬਲਾ ਕਰਦਾ ਹੈ, ਉਸ ਦੀ ਜੀਵਨ ਗਾਥਾ ਇਸੇ ਸੰਘਰਸ਼ ਦੀ ਕਹਾਣੀ ਬਿਆਨ ਕਰਦੀ ਹੈ। ਡਾ. ਅੰਬੇਡਕਰ ਨੇ ਆਪਣੇ ਕਾਗਜ਼ਾਂ ਵਿੱਚ ਇੱਕ ਨੋਟ ਲਿਖ ਕੇ ਛੱਡਿਆ ਸੀ, ਉਸ ਕਿਤਾਬ ਬਾਰੇ ਜੋ ਉਹ ਲਿਖਣੀ ਚਾਹ ਰਹੇ ਸਨ ਜਿਸ ਦਾ ਨਾਮ ਸੀ 'ਭਾਰਤ ਤੇ ਸਾਮਵਾਦ'। ਉਸ ਨੇ ਇੱਕ ਵਿਸ਼ਾ ਸੂਚੀ ਦਾ ਖਾਕਾ ਵੀ ਪੇਸ਼ ਕੀਤਾ ਸੀ ਜਿਸ ਦੇ ਤਿੰਨ ਭਾਗ ਹੋਣੇ ਸਨ, ਇਨ੍ਹਾਂ ਭਾਗਾਂ ਦੇ ਅੱਗੋਂ ਅੱਠ ਅਧਿਆਇ ਉਲੀਕੇ ਸਨ। ਮੁੱਖ ਤੌਰ ਤੇ ਉਸ ਪੁਸਤਕ ਵਿੱਚ ਸਾਮਵਾਦ ਦੀਆਂ ਜੜ੍ਹਾਂ ਫਰੋਲਣੀਆਂ ਸਨ, ਹਿੰਦੂ ਸਮਾਜਿਕ ਵਿਵਸਥਾ, ਮਨੂੰ ਅਤੇ ਹਿੰਦੂ ਸਮਾਜਿਕ ਵਿਵਸਥਾ ਦੇ ਨਾਲ ਨਾਲ ਮਾਰਕਸ ਅਤੇ ਯੂਰਪੀ ਸਮਾਜ ਵਿਵਸਥਾ ਵਰਗੇ ਮਹੱਤਵਪੂਰਨ ਨੁਕਤੇ ਉਲੀਕੇ ਸਨ। ਪਰ ਉਹ ਆਪਣੇ ਜੀਵਨ ਵਿੱਚ 'ਹਿੰਦੂ ਸਮਾਜ ਵਿਵਸਥਾ' ਦੇ ਦੋ ਭਾਗ ਹੀ ਮੁਕੰਮਲ ਕਰ ਸਕੇ, ਜੋ ਲੱਗਭੱਗ 63 ਸਫ਼ੇ ਬਣਦੇ ਸਨ। ਇਸ ਰੂਪ ਰੇਖਾ ਤੋਂ ਬਾਹਰ ਹੋਰ ਕੁਝ ਨਹੀਂ ਮਿਲਦਾ। ਇਹ ਸਾਰਾ ਵੇਰਵਾ ਇਸ ਪੁਸਤਕ ਵਿੱਚ , 'ਹਿੰਦੀ ਐਡੀਸ਼ਨ ਦੇ ਪ੍ਰਕਾਸ਼ਕ ਵੱਲੋਂ ਸਿਰਲੇਖ ਹੇਠ ਦਰਜ ਹੈ।

ਡਾ. ਅੰਬੇਡਕਰ ਦੇ ਇਸ ਕਾਰਜ ਨੂੰ ਅਜੋਕੇ ਵਿਦਵਾਨ, ਲੇਖਕ, ਖੋਜੀ ਅਤੇ ਨਾਗਰਿਕ ਅਧਿਕਾਰਾਂ ਲਈ ਲੜਨ ਵਾਲੇ ਸਰਗਰਮ ਕਾਰਕੁੰਨ ਆਨੰਦ ਤੇਲਤੁੰਬੜੇ ਅੱਗੇ ਤੋਰਦੇ ਹਨ। ਸਿੱਖਿਆ ਦੇ ਖੇਤਰ ਵਿੱਚ ਵੱਡੇ ਵੱਡ ਅਦਾਰਿਆਂ ਨਾਲ ਉਹ ਜੁੜੇ ਰਹੇ। ਇਹ ਉਨ੍ਹਾਂ ਦੀ ਨਵੀਂ ਸੰਪਾਦਤ ਪੁਸਤਕ ਹੈ ਜਿਸ ਦਾ ਅਨੁਵਾਦ ਪੰਜਾਬੀ ਦੇ ਚਿੰਤਕ, ਸਿੱਖਿਆ ਸ਼ਾਸਤਰੀ ਅਤੇ ਸਮਾਜਿਕ-ਸਭਿਆਚਾਰਕ-ਸਾਹਿਤਕ ਕਾਰਕੁੰਨ ਡਾ. ਕਰਮਜੀਤ ਸਿੰਘ ਨੇ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਤਕ ਪਹੁੰਚਦੀ ਕੀਤੀ ਹੈ। ਅਨੁਵਾਦਕ ਅਨੁਸਾਰ ਇਹ ਪੁਸਤਕ ਅਜੋਕੇ ਸਮਿਆਂ ਵਿੱਚ ਖੱਬੀਆਂ ਤਾਕਤਾਂ ਅਤੇ ਅੰਬੇਡਕਰਵਾਦੀਆਂ ਨੂੰ ਇਕੱਠੇ ਹੋ ਕੇ ਮਿਲ ਕੇ ਫਾਸ਼ੀਵਾਦੀ ਅਤੇ ਸਾਮਰਾਜਪੱਖੀ ਸ਼ਕਤੀਆਂ ਵਿਰੁੱਧ ਸੰਘਰਸ਼ ਕਰਨ ਦੀ ਇੱਛਾ ਦਾ ਪ੍ਰਗਟਾਵਾ ਹੈ। ਇਸ ਲਈ ਮਾਰਕਸਵਾਦੀਆਂ ਅਤੇ ਡਾ. ਅੰਬੇਡਕਰ ਦੇ ਇਤਿਹਾਸਕ ਸੰਦਰਭਾਂ ਵਿੱਚ ਡਾਇਲੈਕਟੀਕਲ ਰਿਸ਼ਤਿਆਂ ਦੀ ਨਿਸ਼ਾਨਦੇਹੀ ਕਰਦਿਆਂ ਦੋਨਾਂ ਦੀਆਂ ਮਾਰਕਸਵਾਦੀ ਦ੍ਰਿਸ਼ਟੀ ਤੋਂ ਵਿਸ਼ੇਸ਼ਤਾਵਾਂ ਅਤੇ ਸੀਮਾਵਾਂ ਦਾ ਜ਼ਿਕਰ ਕਰਦਿਆਂ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸਾਂਝੀ ਕੁੱਖ

**(ਨਾਵਲ)**
**ਅਮੀਨ ਮਲਿਕ**
**ਮੁੱਲ-300 ਰੁਪਏ, ਪੰਨੇ-232**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**

ਅਮੀਨ ਮਲਿਕ ਦੁਆਰਾ ਲਿਖੇ ਨਾਵਲ 'ਸਾਂਝੀ ਕੁੱਖ' ਨਾਵਲ ਵਿੱਚ ਇਕ ਪਾਕਿਸਤਾਨ ਪਰਿਵਾਰ ਦੀ ਕਹਾਣੀ ਹੈ। ਇਹ ਨਾਵਲ ਕਾਂਡਾਂ ਵਿੱਚ ਨਹੀਂ ਵੰਡਿਆ। ਨਿਆਮਤ ਬਸ਼ੀਰ ਦੀ ਵਹੁਟੀ ਹੈ। ਪਰਵਾਰ ਬੜਾ ਗਰੀਬ ਹੈ। ਬਸ਼ੀਰ ਦੇ ਬੱਚੇ ਹੁੰਦੇ ਹਨ, ਪਰ ਉਹ ਮਰ ਜਾਂਦਾ ਹੈ। ਨਿਆਮਤ ਹੋਰ ਕਿਤੇ ਵਿਆਹ ਕਰਵਾ ਲੈਂਦੀ ਹੈ। ਉਸ ਥਾਂ ਵੀ ਬੱਚੇ ਹੁੰਦੇ ਹਨ। ਪਹਿਲੇ ਤੇ ਦੂਸਰੇ ਵਿਆਹ ਦੇ ਬੱਚੇ ਸਮੇਂ ਦੇ ਗੁਜ਼ਰਨ 'ਤੇ ਇਕੋ ਦਫਤਰ ਵਿੱਚ ਕੰਮ ਕਰਨ ਲੱਗ ਜਾਂਦੇ ਹਨ, ਪਰ ਉਨ੍ਹਾਂ ਨੂੰ ਰਿਸ਼ਤਿਆਂ ਦਾ ਪਤਾ ਨਹੀਂ ਹੁੰਦਾ। ਇਸ ਨਾਵਲ ਦੀ ਖ਼ੂਬਸੂਰਤੀ ਹੈ ਕਿ ਇਸ ਵਿੱਚ ਰੌਚਿਕਤਾ ਬੜੀ ਹੈ।

ਵਾਰਤਕ ਪੜ੍ਹਦਿਆਂ ਇੰਝ ਲੱਗਦਾ ਕਿ ਕੋਈ ਕਵਿਤਾ ਪੜ੍ਹਦੇ ਹਾਂ। ਜੀਵਨ ਦੇ ਗੂੜ੍ਹੇ ਵਿਚਾਰਾਂ ਦੀਆਂ ਗੱਲਾਂ ਹਨ। ਨਾਵਲ ਵਿੱਚ ਨਾਵਲਕਾਰ ਨੇ ਇਤਿਹਾਸ, ਮਿਥਿਹਾਸ ਦੇ ਬਹੁਤ ਵੇਰਵੇ ਦਿੱਤੇ ਹਨ। ਨਿੱਕੀਆਂ-ਨਿੱਕੀਆਂ ਸਿੱਖਿਆਦਾਇਕ ਕਥਾਵਾਂ ਦਿੱਤੀਆਂ ਹਨ। ਜੀਵਨ ਨੂੰ ਮੁਹਾਵਰਿਆਂ ਵਿੱਚ ਦੱਸਿਆ ਹੈ। ਜੀਵਨ ਦੀ ਭੁੱਖਮਰੀ ਨੂੰ ਦੱਸਿਆ ਹੈ। ਰਿਸ਼ਤਿਆਂ ਵਿੱਚ ਪੈ ਰਹੀਆਂ ਤਰੇੜਾਂ ਦਾ ਵਰਣਨ ਹੈ। ਬੇਰੁਜ਼ਗਾਰੀ ਦਾ ਜ਼ਿਕਰ ਹੈ। ਇਕੋ ਜਿਹੇ ਗਰੀਬ ਲੋਕਾਂ ਦੀ ਸਾਂਝ ਦਿਖਾਈ ਹੈ। ਨਾਵਲ ਦੇ ਹਰ ਪੰਨੇ ਵਿੱਚੋਂ ਕੁਝ ਨਾ ਕੁਝ ਸਿੱਖਣ ਲਈ ਮਿਲਦਾ ਹੈ। ਨਾਵਲ ਦੇ ਪੰਨੇ 112 'ਤੇ ਲਿਖਿਆ ਹੈ, 'ਸੂਝ ਮੱਤ ਲਈ ਉਮਰ ਦੀ ਲੰਬਾਈ ਦਾ ਕੋਈ ਦਖਲ ਨਹੀਂ ਹੁੰਦਾ। ਜ਼ਿੰਦਗੀ ਦੇ ਔਖੇ ਪੈਂਡੇ ਅਤੇ ਟੋਏ ਟੱਪਣ ਦੀ ਜਾਂਚ ਮਾਹੌਲ, ਵਕਤ ਅਤੇ ਹਾਲਾਤ ਸਿਖਾ ਦਿੰਦੇ ਹਨ ....।'

ਇਸ ਨਾਲ ਵਿੱਚ ਮਹਾਂਭਾਰਤ, ਰਮਾਇਣ, ਸਾਹਿਤਕਾਰਾਂ ਦੇ ਜੀਵਨ ਆਦਿ ਦਾ ਬਹੁਤ ਜ਼ਿਕਰ ਹੈ।

ਸਫ਼ਾ 134 ਵਿੱਚ ਨਾਵਲਕਾਰ ਪਾਤਰ ਰਾਹੀ ਕਹਾਉਂਦਾ ਹੈ, 'ਉਂਠੋ ਮਾਂ ਜੀ ਹੱਕ ਮੰਗਿਆਂ ਕੋਈ ਨਹੀਂ ਦਿੰਦਾ, ਇਹ ਖੋਹਣਾ ਪੈਂਦਾ ਹੈ....।'

ਸਫਾ 142 'ਤੇ ਨਾਵਲਕਾਰ ਕਹਿੰਦਾ ਹੈ, 'ਗਰੀਬ ਦੀ ਹਾਅ ਕੋਲੋਂ ਉਸ ਵੇਲੇ ਡਰੋ, ਜਦੋਂ ਉਹਦੇ ਉੱਤੇ ਜ਼ੁਲਮ ਹੋ ਰਿਹਾ ਹੋਵੇ....।'

170 ਸਫ਼ੇ 'ਤੇ ਨਾਵਲਕਾਰ ਸਮੇਂ ਦੇ ਪਰਿਵਰਤਨ ਦੀ ਗੱਲ ਕਰਦਾ ਰਹਿੰਦਾ ਹੈ, 'ਦੁੱਖਾਂ, ਮੁਸੀਬਤਾਂ, ਮਿਹਨਤਾਂ, ਮਜ਼ਦੂਰੀਆਂ ਅਤੇ ਪਖਾਨਿਆਂ ਵਿੱਚ ਗੁਜ਼ਾਰੀ ਜ਼ਿੰਦਗੀ ਹੁਣ ਬੜੀ ਪਿਛੇ ਰਹਿ ਗਈ ਸੀ, ਫ਼ਰੀਦਾ ਦੇ ਵਿਹੜੇ ਵਿੱਚ ਉਗਿਆ ਬੂਟਾ ਹੁਣ ਵੱਡਾ ਹੋ ਕੇ ਫੁੱਲ, ਫਲ ਦੇ ਰਿਹਾ ਸੀ।' ਸੋ ਨਾਵਲ ਦੀ ਕਹਾਣੀ ਵਿੱਚ ਸਸਪੈਂਸ ਰਹਿੰਦਾ ਹੈ ਅਤੇ ਨਾਵਲ ਦੇ ਅਖੀਰ 'ਤੇ ਹੀ ਪਤਾ ਲੱਗਦਾ ਹੈ ਕਿ ਇਕੋ ਦਫ਼ਤਰ ਵਿੱਚ ਕੰਮ ਕਰਦੇ ਲੜਕੀ ਤੇ ਲੜਕਾ ਇਕੋ ਮਾਂ ਦੇ ਜੰਮੇ ਸਨ। 'ਸਾਂਝੀ ਕੁੱਖ' ਵਧੀਆ ਨਾਵਲ ਹੈ। ਵਧੀਆ ਵਾਰਤਕ ਵਿੱਚ ਲਿਖਿਆ ਹੈ। ਲੇਖਕ ਵਧਾਈ ਦਾ ਪਾਤਰ ਹੈ।

— ਪ੍ਰੋ. ਗੁਰਮੀਤ ਸਿੰਘ ਸਰਾਂ

## ਬਹੁਜਨਾਂ ਦੇ ਨਾਇਕ : ਕਾਂਸ਼ੀ ਰਾਮ

**(ਜੀਵਨੀ)**
**ਡਾ. ਬਦਰੀ ਨਰਾਇਣ**
**ਅਨੁ. : ਡਾ. ਪਰਮਜੀਤ ਚੁੰਬਰ, ਡਾ. ਹਰਜਿੰਦਰ ਕੁਮਾਰ**
**ਸਫ਼ੇ : 280, ਮੁੱਲ: 395/-**
**ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ**

'ਅੰਬੇਡਕਰ ਨੇ ਕਿਤਾਬਾਂ ਇਕੱਠੀਆਂ ਕੀਤੀਆਂ, ਮੈਂ ਲੋਕਾਂ ਨੂੰ ਇਕੱਠੇ ਕੀਤਾ।' ਇਹ ਵਾਕ ਬਹੁਜਨ ਸਮਾਜ ਪਾਰਟੀ ਦੇ ਮਿਹਨਤੀ, ਸਿਰੜੀ, ਨਿਰਸਵਾਰਥ, ਦ੍ਰਿੜ੍ਹ ਇਰਾਦਾ ਰੱਖਣ ਵਾਲੇ ਸਿਰਕੱਢ ਆਗੂ ਬਾਬੂ ਕਾਂਸ਼ੀ ਰਾਮ ਦੇ ਹਨ, ਜਿਨ੍ਹਾਂ ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸੁਧਾਰ ਲਈ ਰਾਤ-ਦਿਨ ਕੰਮ ਕੀਤਾ। ਹਥਲੀ ਪੁਸਤਕ ਨੂੰ ਡਾ. ਬਦਰੀ ਨਰਾਇਣ ਦਾ ਇਕ ਖੋਜ ਕਾਰਜ ਹੀ ਕਿਹਾ ਜਾ ਸਕਦਾ ਹੈ, ਜਿਸ ਵਿਚ ਉਨ੍ਹਾ ਬਾਬੂ ਕਾਂਸ਼ੀ ਰਾਮ ਦੇ ਜੀਵਨ, ਸੰਘਰਸ਼ ਤੋਂ ਲੈ ਕੇ ਸੱਤਾ ਪ੍ਰਾਪਤੀ ਆਦਿ ਬਾਰੇ ਵਿਸਥਾਰ ਨਾਲ ਲਿਖਿਆ ਹੈ। ਮੂਲ ਰੂਪ ਵਿਚ ਇਹ ਪੁਸਤਕ ਅੰਗਰੇਜ਼ੀ ਵਿਚ ਹੈ। ਪੰਜਾਬੀ ਅਨੁਵਾਦ ਡਾ. ਪਰਮਜੀਤ ਚੁੰਬਰ ਅਤੇ ਡਾ. ਹਰਜਿੰਦਰ ਕੁਮਾਰ ਨੇ ਕੀਤਾ ਹੈ। ਲੇਖਕ ਨੇ ਬਾਬੂ ਕਾਂਸ਼ੀਰਾਮ ਦੇ ਪਰਵਾਰਕ ਮੈਂਬਰਾਂ, ਸਾਥੀਆਂ, ਸ਼ੁਭਚਿੰਤਕਾਂ, ਆਲੋਚਕਾਂ ਨਾਲ ਗੱਲਬਾਤ, ਉਹਨਾ ਬਾਰੇ ਛਪੇ ਲੇਖਾਂ, ਭਾਸ਼ਣਾਂ ਆਦਿ ਨੂੰ ਅਧਾਰ ਬਣਾ ਕੇ ਇਸ ਪੁਸਤਕ ਦੀ ਰਚਨਾ ਕੀਤੀ ਹੈ। ਹਥਲੀ ਪੁਸਤਕ ਵਿਚ ਬਾਬੂ ਕਾਂਸ਼ੀ ਰਾਮ ਦੇ ਮੁੱਢਲੇ ਸਾਲਾਂ ਤੋਂ ਲੈ ਕੇ ਅੰਤਲੇ ਦਿਨਾਂ ਤੱਕ ਦਾ ਸਫ਼ਰ ਸ਼ਾਮਲ ਹੈ। ਪੁਸਤਕ ਦੇ ਅਖੀਰ ਵਿਚ ਹਵਾਲੇ ਵੀ ਦਿੱਤੇ ਗਏ ਹਨ, ਜੋ ਲੇਖਕ ਦੀ ਖੋਜੀ ਬਿਰਤੀ 'ਤੇ ਰੋਸ਼ਨੀ ਪਾਉਂਦੇ ਹਨ।

ਦੋਵਾਂ ਅਨੁਵਾਦਕਾਂ ਨੂੰ ਮੈਂ ਵਧਾਈ ਦਿੰਦਾ ਹੈ, ਜਿਨ੍ਹਾਂ ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ ਦੀ ਜੀਵਨੀ ਦਾ ਪੰਜਾਬੀ ਵਿਚ ਉਲੱਥਾ ਕਰ ਕੇ ਜਿੱਥੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ, ਉੱਥੇ ਪੰਜਾਬੀ ਪਾਠਕਾਂ ਨੂੰ ਅਜੇਹੇ ਕਿਰਦਾਰ ਨਾਲ ਰੂ-ਬ-ਰੂ ਕਰਵਾਇਆ, ਜਿਨ੍ਹਾਂ ਨੂੰ ਅੰਬੇਡਕਰ ਤੋਂ ਬਾਅਦ ਦਲਿਤ ਭਾਈਚਾਰਾ ਆਪਣਾ ਮਸੀਹਾ ਮੰਨਦਾ ਸੀ। 9 ਅਕਤੂਬਰ 2006 ਨੂੰ ਬਾਬੂ ਕਾਂਸ਼ੀ ਰਾਮ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਤਤਕਾਲੀਨ ਰਾਸ਼ਟਰਪਤੀ ਡਾ. ਏ ਪੀ ਜੇ ਅਬਦੁਲ ਕਲਾਮ ਨੇ ਕਿਹਾ ਸੀ, 'ਦੇਸ਼ ਇਕ ਐਸੇ ਨੇਤਾ ਤੋਂ ਮਹਿਰੂਮ ਹੋ ਗਿਆ ਹੈ, ਜਿਸ ਨੇ ਦੱਬੇ-ਕੁਚਲੇ ਵਰਗਾਂ ਦੀਆਂ ਮੰਗਾਂ ਅਤੇ ਹੱਕਾਂ ਵਾਸਤੇ ਆਵਾਜ਼ ਬੁਲੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ।'

**- ਫੈਸਲ ਖਾਨ**

## ਬਲੈਕ ਟਾਰਚ

**(ਦੱਖਣੀ ਅਫਰੀਕੀ ਕਵਿੱਤਰੀਆਂ ਦੀਆਂ ਕਵਿਤਾਵਾਂ)**
**ਅਨੁਵਾਦਕ ਤੇ ਸੰਪਾਦਕ : ਬਲਬੀਰ ਮਾਧੋਪੁਰੀ**
**ਮੁੱਲ : 250 ਰੁਪਏ, ਪੰਨੇ : ਸੁਜਿਲਦ : 130**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

ਪੁਸਤਕ ਦੇ ਨਾਂਵ ਅਤੇ ਇਸ ਵਿੱਚ ਦਰਜ 'ਦੱਖਣੀ ਅਫਰੀਕਾ ਦੀਆਂ ਕਵਿੱਤਰੀਆਂ ਦੀਆਂ ਕਵਿਤਾਵਾਂ ਦੇ ਵਿਸ਼ੇ-ਵਸਤੂ ਦਾ ਸਾਹਿਤਕ ਵੇਰਵਾ, ਆਜ਼ਾਦੀ ਦਾ ਰਸਤਾ ਹੀ ਹੈ, ਜਿਹੜਾ ਇਹਨਾਂ ਕਵਿਤਾਵਾਂ ਨੂੰ ਲਿਖਣ ਦੀ ਮੂਲ ਪ੍ਰੇਰਨਾ ਸ਼ਕਤੀ ਕਿਹਾ ਜਾ ਸਕਦਾ ਹੈ। ਬਲੈਕ ਟਾਰਚ ਕਵਿਤਾਵਾਂ ਨੂੰ ਲਿਖਣ ਵਾਲੀਆਂ ਕਵਿੱਤਰੀਆਂ ਦੀ ਗਿਣਤੀ 20 ਹੈ। ਇਹਨਾਂ ਕਵਿੱਤਰੀਆਂ ਦੀਆਂ ਇਹਨਾਂ ਕਵਿਤਾਵਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਿੰਨਾ ਸੰਘਰਸ਼ ਕਰਨਾ ਪਿਆ ਹੈ। ਕਿਵੇਂ ਉਹ ਆਪਣੇ-ਆਪ ਨੂੰ ਲੰਮੇ ਸੰਘਰਸ਼ ਦਾ ਇੱਕ ਅਤੁੱਟ ਹਿੱਸਾ ਵੀ ਮੰਨਦੀਆਂ ਹਨ।

ਨਿਰਸੰਦੇਹ ਅਫਰੀਕਾ ਨੂੰ ਆਜ਼ਾਦ ਕਰਵਾਉਣ ਵਿੱਚ ਔਰਤਾਂ ਦਾ ਯੋਗਦਾਨ ਵਧੇਰੇ ਹੈ, ਜਿਹੜੀਆਂ ਆਪਣੇ ਧੀਆਂ-ਪੁੱਤਾਂ ਅਤੇ ਮਰਦਾਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਲੜੀ ਜਾ ਰਹੀ ਲੜਾਈ ਲੜਨ ਵਿੱਚ ਭਾਗ ਲੈਣ ਲਈ ਪ੍ਰੇਰਦੀਆਂ ਰਹੀਆਂ ਹਨ, ਕਿਉਂਕਿ ਗੁਲਾਮੀ ਦੀ ਕਾਲੀ ਹਨੇਰੀ ਵਿੱਚ ਹੁਕਮਰਾਨਾਂ ਨੇ ਅਫਰੀਕਨ ਜਨਤਾ ਉੱਪਰ ਬਹੁਤ ਜ਼ੁਲਮ ਕੀਤੇ ਸਨ। ਜਿਵੇਂ ਉਹਨਾਂ ਦੇ ਬੱਚਿਆਂ ਨੂੰ ਜਿਉਂਦੇ-ਜੀਅ ਸ਼ੇਰਾਂ ਦੇ ਪਿੰਜਰਿਆਂ ਵਿੱਚ ਸੁਟਿਆ ਜਾਂਦਾ ਸੀ। ਗੋਲੀਆਂ ਮਾਰ ਕੇ ਭੁੰਨਿਆ ਜਾਂਦਾ ਸੀ। ਜਿਉਂਦੇ ਜੀਅ ਦਫਨਾਏ ਜਾਂਦੇ ਸਨ। ਇਸ ਕਹਿਰ ਖਿਲਾਫ ਦੱਖਣੀ ਅਫਰੀਕਾ ਦੇ ਮੂਲ-ਨਿਵਾਸੀਆਂ ਦੀ ਲਹਿਰ ਦਾ ਚੱਲਣਾ ਲਾਜ਼ਮੀ ਸੀ। 'ਗੋਰਾਸ਼ਾਹੀ ਸਰਕਾਰ ਨੇ ਜੋ ਜ਼ੁਲਮ ਢਾਹੇ ਸਨ, ਨੂੰ ਇਹਨਾਂ ਕਵਿੱਤਰੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਚਿਤਰਣ ਕੀਤਾ ਹੈ। ਗੋਰੀ ਸਰਕਾਰ ਨੇ ਉਹਨਾਂ ਦੀ ਧਰਤੀ, ਜੰਗਲ, ਦਰਿਆ, ਸੋਨਾ-ਚਾਂਦੀ ਦੀਆਂ ਖਾਣਾਂ ਦੀ ਦੌਲਤ ਨੂੰ ਲੁੱਟਿਆ ਸੀ।

ਇਲਵਾ ਮੈਕੇ ਦੀ ਇੱਕ ਕਵਿਤਾ 'ਮਾਸਾ ਦਾਬਾ' ਦੇ ਇਹ ਸ਼ਬਦ ਹਨ : 'ਅਫਰੀਕਾ! ਹੁਣ ਤੇਰੇ ਬੱਚਿਆਂ ਦੀਆਂ ਆਵਾਜ਼ਾਂ ਬਰਫਾਂ, ਧੁੰਦਾਂ ਭਰੇ ਪਹਾੜਾਂ ਨੂੰ, ਬਰਸਾਤੀ ਵਰਖਾ ਵਾਂਗ ਤੋੜ ਰਹੀਆਂ ਨੇ, ਇਸ ਪੁਕਾਰ ਵਿੱਚ ਰੋੜ੍ਹਨ ਵਾਲੀ ਨਦੀ ਜਿਹੀ ਤੇਜ਼ੀ ਹੈ।' (ਪੰਨਾ : 15-16)

ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਪੂਰਨ ਭਰੋਸਾ ਸੀ ਕਿ ਉਹ ਜ਼ਰੂਰ ਹੀ ਜਿੱਤਣਗੇ, ਬਸੰਤ ਆ ਰਹੀ ਹੈ, ਪਰ ਤੁਸੀਂ ਸਾਡੀਆਂ ਮਾਵਾਂ ਨੂੰ ਨਾ ਭੁੱਲਣਾ। ਕਵਿਤਰੀ ਦੀ ਇੱਕ ਕਵਿਤਾ ਹੈ, ਮੰਡੇਲਾ ਤੇ ਹੋਰ ਕੈਦੀਆਂ ਦੇ ਨਾਂਅ, ਉਸ ਵਿੱਚ ਕਿਹਾ ਗਿਆ ਹੈ, 'ਤੁਸੀਂ ਆਪਣੇ ਬੱਚਿਆਂ ਦੀਆਂ ਰਗਾਂ ਵਿੱਚ ਵਗਦੇ ਲਹੂ ਦੀ ਸ਼ਕਤੀ ਹੋ।' (ਪੰਨਾ : 20)

ਇਸ ਤਰ੍ਹਾਂ ਦੀਆਂ ਜ਼ਖਮੀ ਭਾਵਨਾਵਾਂ ਨੂੰ ਅਭੀਵਿਅਕਤ ਕਰਨ ਵਾਲੀਆਂ ਇਸ ਸੰਗ੍ਰਹਿ ਦੀਆਂ ਸਮੁੱਚੀਆਂ ਵੇਦਨ ਰੰਗੀਆਂ ਕਵਿਤਾਵਾਂ ਹਨ। ਕੁਝ ਵਿਸ਼ੇਸ਼ ਕਵਿਤਾਵਾਂ ਦੇ ਕਾਵਿ ਨਮੂਨੇ ਹੇਠਾਂ ਦਰਜ ਹਨ : ਬਾਲੇਕਾ ਕਗੋ ਸਿਤ ਸਿਲੇ ਦੀ ਕਵਿਤਾ ਬਰਛਾ ਦੇ ਇਹ ਸ਼ਬਦ :

ਦੱਖਣੀ-ਅਫਰੀਕਾ, ਤੂੰ ਮਾਂ ਏਂ
ਆਪਣੇ ਬੱਚਿਆਂ ਨੂੰ ਘਰ ਦਿੰਦੀ ਹੈਂ
ਉਹਨਾਂ ਸਦਕੇ ਤੂੰ ਖੁਸ਼ਹਾਲ ਏਂ। (ਪੰਨਾ : 25) ਕਵਿਤਾ 'ਬੱਚਿਆਂ ਨੂੰ ਜੀਣ ਦਿਓ'

ਏਸੇ ਪਰਕਰਣ ਵਿੱਚ ਲਿੰਡਿਵੇ ਮਾਬੁਜਾ ਦੀ ਇੱਕ ਕਵਿਤਾ ਹੈ : ਸੋਲਾ ਦਸੰਬਰ :

ਅਸੀਂ ਰੰਗਵਾਦੀ ਫਾਸ਼ਿਸਟ ਹੱਡੀਆਂ ਵਿੱਚ
ਇਹਨਾਂ ਬਰਛਿਆਂ ਨੂੰ ਖਭੋ ਦਿਆਂਗੇ
ਅਸੀਂ ਦੁਸ਼ਮਨ ਤਲਾਸ਼ ਲਵਾਂਗੇ
ਅਸੀਂ ਉਹਨੂੰ ਘਰੋਂ ਬਾਹਰ ਧੂਹ ਲਵਾਂਗੇ।
ਫਿਰ ਅਸੀਂ ਸਭ ਬਰਾਬਰ ਹੋਵਾਂਗੇ। (ਪੰਨਾ : 37)

ਇਸ ਸੰਗ੍ਰਹਿ ਦੇ ਜਿੰਨੇ ਕਵੀ, ਕਵਿੱਤਰੀਆਂ ਹਨ, ਉਹਨਾਂ ਦੀਆਂ ਕਵਿਤਾਵਾਂ ਵਿੱਚ ਜੋਸ਼ ਤੇ ਹੋਸ਼ ਹੈ। ਬਦਲਾ ਲੈਣ ਦੇ ਅਟੱਲ ਇਰਾਦੇ ਹਨ, ਪ੍ਰਤੀਰੋਧੀ ਭਾਵਨਾਵਾਂ ਹਨ।

ਗਲੋਰੀਆ ਮਤੁੰਗਵਾ ਦੀ ਕਵਿਤਾ ਨਵੇਂ ਬੱਚੇ ਦਾ ਜਨਮ, ਸੋਲੋਮਨ ਮਸ਼ਲੋਂਗ, ਜੁਮਾਈ ਮਾਹ ਮੋਤਾਉਂਗ ਦੀ ਰਚਨਾ ਇੱਕ ਹੋਰ ਮੌਤ, ਲੈਰੋਦੋ ਕੁਮਾਲੋ ਰਚਿਤ ਤੁਹਾਡਾ ਇਹ ਫਰੇਬ, ਉਫ! ਫੁਮਜ਼ਿਲੇ ਜ਼ੁਲੂ ਦੀ ਰਚਨਾ, ਤੁਸੀਂ ਪਗਲਾ ਗਏ ਹੋ, ਜਿੰਜ ਸਵਾ ਮੰਡੇਲਾ ਦੀ ਰਚਨਾ, ਮੇਰਾ ਦੇਸ਼, ਅਫਰੀਕਨ ਲੋਕਾਂ ਦੀਆਂ ਦਿਲੀ ਭਾਵਨਾਵਾਂ ਦੀ ਸਪੱਸ਼ਟ ਅਭੀਵਿਅਕਤੀ ਹਨ।

ਬਲਬੀਰ ਮਾਧੋਪੁਰੀ (ਅਨੁਵਾਦਕ ਤੇ ਸੰਪਾਦਕ) ਸੱਚਮੁੱਚ ਵਧਾਈ ਦਾ ਪਾਤਰ ਹੈ, ਜਿਸ ਨੇ ਨਿਰੰਤਰ ਸਿਦਕ, ਮਿਹਨਤ ਅਤੇ ਵਫਾਦਾਰੀ ਨਾਲ ਬਲੈਕ ਟਾਰਚ, ਦੱਖਣੀ ਅਫਰੀਕਾ ਦੀਆਂ ਕਵਿੱਤਰੀਆਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਕਰਨ ਅਤੇ ਸੰਪਾਦਨ ਕਰਨ ਦੇ ਔਖੇ ਕਾਰਜ ਨੂੰ ਸਿਦਕ-ਦਿਲੀ ਨਾਲ ਸੰਪੰਨ ਕੀਤਾ ਹੈ।

**- ਡਾ. ਅਮਰ ਕੋਮਲ**

# ਸੱਜਰਾ ਸਾਹਿਤ

## ਔਰਤ ਦਾ ਸਤਿਕਾਰ ਤੇ ਹੋਰ ਨਿਬੰਧ

**ਮਹਿੰਦਰ ਸਿੰਘ ਸੋਢੀ**
**(ਸੰਗ੍ਰਹਿ ਕਰਤਾ)**
**ਪੰਨੇ : 96, ਮੁੱਲ : 200 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**




ਸੰਸਾਰ ਵਿੱਚ ਸਭ ਤੋਂ ਉੱਚਾ ਦਰਜਾ ਮਾਂ ਦਾ ਹੈ, ਜਿਹੜੀ ਇੱਕ ਨਵੀਂ ਜ਼ਿੰਦਗੀ ਨੂੰ ਜਨਮ ਦਿੰਦੀ ਹੈ। ਪੁਰਾਣੇ ਸਮੇਂ ਤੋਂ ਅੱਜ ਤੱਕ ਔਰਤ ਦੀ ਹਾਲਤ ਵਿੱਚ ਕਾਫੀ ਬਦਲਾਅ ਆਇਆ ਹੈ। ਮਨੁੱਖੀ ਜੀਵਨ ਕਦੇ ਵੀ ਜਿਊਣਯੋਗ, ਸੁਹਾਵਣਾ ਤੇ ਸੁਹਜਮਈ ਨਾ ਹੁੰਦਾ। ਜੇਕਰ ਇਸ ਧਰਤੀ 'ਤੇ ਔਰਤ ਨਾ ਹੁੰਦੀ। ਸੰਸਾਰ ਦੀ ਅੱਧੀ ਆਬਾਦੀ ਔਰਤਾਂ ਦੀ ਹੈ। ਔਰਤਾਂ ਨੇ ਹੀ ਮਨੁੱਖੀ ਜ਼ਿੰਦਗੀ ਨੂੰ ਮਾਨਣਯੋਗ ਬਣਾਇਆ ਹੈ।

- ਇੱਕ ਨਿਬੰਧ 'ਚੋਂ

## ਗਿਆਨ ਸਾਗਰ (ਭਾਗ ਚੌਥਾ)

**ਮਹਿੰਦਰ ਸਿੰਘ ਸੋਢੀ**
**(ਸੰਗ੍ਰਹਿ ਕਰਤਾ)**
**ਪੰਨੇ : 224, ਮੁੱਲ : 350 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**

ਪੜ੍ਹਾਈ ਨੂੰ ਦਿਲਚਸਪ ਬਣਾਉਣ ਲਈ ਅਧਿਆਪਕ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਪੜ੍ਹਾਉਣ ਦੇ ਤਰੀਕੇ ਨੂੰ ਕਹਾਣੀ ਦੇ ਰੂਪ ਵਿੱਚ ਬਣਾ ਕੇ ਵਿਦਿਆਰਥੀਆਂ ਅੱਗੇ ਪੇਸ਼ ਕਰੇ, ਜਿਸ ਨੂੰ ਬੱਚਾ ਦਿਲਚਸਪੀ ਨਾਲ ਸੁਣੇਗਾ ਤੇ ਪੜ੍ਹੇਗਾ ਤੇ ਯਾਦ ਵੀ ਰੱਖੇਗਾ। ਇੱਥੇਂ ਮੈਂ ਆਪਣੇ ਨਾਲ ਬੀਤੀ ਪੜ੍ਹਾਈ ਦਾ ਵਰਨਣ ਕਰ ਰਿਹਾ ਹਾਂ।




-ਇੱਕ ਨਿਬੰਧ 'ਚੋਂ

## ਜਟਕੀ ਕਵਿਤਾ

**ਡਾ. ਉਜਾਗਰ ਸਿੰਘ ਮਾਨ**
**(ਕਾਵਿ ਸੰਗ੍ਰਹਿ)**
**ਪੰਨੇ : 112, ਮੁੱਲ : 200 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਸਾਡੇ ਪਿੰਡ ਦੇ ਮੇਰੇ ਹਾਣੀ ਜਾਂ ਮੇਰੇ ਨਾਲੋਂ ਛੋਟੇ-ਵੱਡੇ ਮੁੰਡੇ ਪਿੰਡ ਦੇ ਗੁਰਦੁਆਰੇ ਪੜ੍ਹਨ ਜਾਂਦੇ ਸੀ। ਉਹਨਾਂ ਦਿਨਾਂ ਵਿੱਚ ਹੀ ਸਾਡੇ ਪਿੰਡ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ। ਸਕੂਲ ਲਈ ਪਿੰਡ ਕੋਲ ਕੋਈ ਸਾਂਝੀ ਜ਼ਮੀਨ ਨਾ ਹੋਣ ਕਰਕੇ ਸ: ਗੁਰਦਿੱਤ ਸਿੰਘ ਮਾਨ ਨੇ ਸਕੂਲ ਲਈ ਜ਼ਮੀਨ ਦਾਨ ਦਿੱਤੀ, ਪਰ ਗੁਰਦਿੱਤ ਸਿੰਘ ਮਾਨ ਦੀ ਜ਼ਮੀਨ ਬਹੁਤੀ ਨਹੀਂ, ਸਿਰਫ ਅੱਧਾ ਕਿਲੋਮੀਟਰ ਤੋਂ ਵੀ ਘੱਟ ਦੂਰ ਸੀ। ਕਈ ਬੰਦਿਆਂ ਨੂੰ ਚੰਗੇ ਕੰਮ ਵਿੱਚ ਢੁੱਚਰ ਲਾਉਣ ਦੀ ਆਦਤ ਹੁੰਦੀ ਹੈ।

-ਬੈਕ ਪੰਨੇ ਤੋਂ

## 'ਨਵਾਂ ਜ਼ਮਾਨਾ ਟੀ ਵੀ' 'ਮੇਲਾ ਗ਼ਦਰੀ ਬਾਬਿਆਂ ਦਾ' 'ਚ ਕੇਸਰ



**ਜਲੰਧਰ :** ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ 'ਮੇਲਾ ਗ਼ਦਰੀ ਬਾਬਿਆਂ ਦਾ' ਵਿੱਚ 'ਪੁਸਤਕ ਮੇਲੇ' ਬਾਰੇ ਕੇਸਰ ਨਾਲ ਗੱਲਬਾਤ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

# ਪੰਜਾਬ ਭਵਨ ਸਰੀ 'ਚ ਦੋ ਦਿਨਾ ਸੰਮੇਲਨ



**ਸਰੀ**—ਪੰਜਾਬ ਭਵਨ ਸਰੀ (ਕੈਨੇਡਾ) ਦੇ ਸੱਦੇ ਉਤੇ ਸੁੱਖੀ ਬਾਠ ਦੀ ਅਗਵਾਈ ਵਿੱਚ ਦੋ ਦਿਨਾ ਸਾਲਾਨਾ ਸੰਮੇਲਨ-4 ਪਹਿਲੀ ਅਤੇ ਦੋ ਅਕਤੂਬਰ ਨੂੰ ਆਯੋਜਿਤ ਕੀਤਾ ਗਿਆ, ਜਿਸ ਦੇ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਡਾ: ਸਾਧੂ ਸਿੰਘ, ਸੁੱਖੀ ਬਾਠ, ਡਾ: ਸਤੀਸ਼ ਵਰਮਾ, ਡਾ: ਸਾਹਿਬ ਸਿੰਘ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕੀਤੀ।

ਸਮਾਗਮ 'ਚ ਉਦਘਾਟਨੀ ਸ਼ਬਦ ਬੋਲਦਿਆਂ ਡਾ: ਸਤੀਸ਼ ਵਰਮਾ ਨੇ ਪੰਜਾਬ ਭਵਨ ਦੇ ਉਦਮ ਨਾਲ ਕਰਵਾਏ ਜਾ ਰਹੇ ਪ੍ਰਵਾਹ-ਸੰਚਾਰ ਦੀ ਗੱਲ ਕੀਤੀ। ਡਾ: ਸਾਧੂ ਸਿੰਘ ਨੇ ਆਰੰਭਕ ਸ਼ਬਦਾਂ 'ਚ ਕਿਹਾ ਕਿ ਇਹੋ ਜਿਹੇ ਸਮਾਗਮ, ਗੋਸ਼ਟੀਆਂ ਸਮੇਂ ਦੀ ਲੋੜ ਹਨ। ਡਾ: ਸਾਹਿਬ ਸਿੰਘ ਨੇ ਸਾਂਝ ਦੇ ਪੁਲ ਉਸਾਰਨ ਲਈ ਸੁੱਖੀ ਬਾਠ ਦੇ ਪੰਜਾਬ ਭਵਨ ਦੇ ਉਦਮ ਦੀ ਸ਼ਲਾਘਾ ਕੀਤੀ।

ਦੋ ਦਿਨਾ ਸੰਮੇਲਨ ਦੌਰਾਨ ਪੰਜ ਸੈਸ਼ਨ ਕਰਵਾਏ ਗਏ, ਜਿਹਨਾਂ ਵਿੱਚ ਵੱਖੋ-ਵੱਖਰੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਾਂ ਪੇਪਰ ਪੜ੍ਹੇ। 'ਗੁਰਮਤਿ ਦੇ ਚਾਨਣ ਵਿੱਚ' ਵਿਸ਼ੇ ਉਤੇ ਬਲਿਹਾਰੀ ਕੁਦਰਿਤ ਵਸਿਆ (ਗਿਆਨ ਸਿੰਘ ਸੰਧੂ), ਗੁਰਮਤਿ, ਬੁੱਧਮਤ ਅਤੇ ਸੂਫੀਵਾਦ ਦਾ ਸਾਂਝਾ ਧਰਾਤਲ (ਇੰਦਰਜੀਤ ਸਿੰਘ ਧਾਮੀ), ਗੁਰੂ ਨਾਨਕ ਦੀ ਵਿਸ਼ਵ ਚੇਤਨਾ (ਬਲਵਿੰਦਰ ਕੌਰ ਬਰਾੜੀ), ਸੁਚੱਜੀ ਜੀਵਨ ਜਾਚ (ਗੁਰਦੀਸ਼ ਕੌਰ ਗਰੇਵਾਲ) ਅਤੇ ਮਨੁ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣੁ (ਹਰਪ੍ਰੀਤ ਸਿੰਘ) ਨੇ ਪੇਪਰ ਪੜ੍ਹੇ ਅਤੇ ਗੁਰਮਤਿ ਦੇ ਵਿਚਾਰ ਬਿੰਦੂ ਅਤੇ ਅਜੋਕੇ ਸਮੇਂ ਦੇ ਸੰਦਰਭ 'ਚ ਇਸ ਦੇ ਪ੍ਰਭਾਵ ਸਬੰਧੀ ਵਿਆਖਿਆ ਕੀਤੀ। ਕੌਮਾਂਤਰੀ ਪੰਜਾਬੀ ਸਮਾਜ ਦਾ ਸੰਕਲਪ ਵਿਸ਼ੇ ਉਤੇ ਡਾ: ਸਤੀਸ਼ ਵਰਮਾ, ਡਾ: ਸਾਹਿਬ ਸਿੰਘ, ਸਰਬਜੀਤ ਸਿੰਘ ਸੋਹੀ ਅਤੇ ਪ੍ਰੋ: ਪ੍ਰਿਥੀਪਾਲ ਸੋਹੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕੌਮਾਂਤਰੀ ਪੰਜਾਬੀ ਸਮਾਜ ਦੀ ਸਿਰਜਣਾ ਉਤੇ ਜ਼ੋਰ ਦਿੱਤਾ, ਜਿਸ ਵਿੱਚ ਪੰਜਾਬੀ, ਪੰਜਾਬੀਅਤ ਦੇ ਨਰੋਏ ਸੰਕਲਪ ਨੂੰ ਦ੍ਰਿੜ੍ਹਤਾ ਨਾਲ ਅੱਗੇ ਵਧਣ ਅਤੇ ਡਿਜੀਟਲ ਟੈਕਨਾਲੋਜੀ ਦੀ ਵਰਤੋਂ ਕਰਦਿਆਂ ਸਮੁੱਚੀ ਦੁਨੀਆ 'ਚ ਵਸਦੇ ਸਮੁੱਚੇ ਪੰਜਾਬੀਆਂ, ਜਿਹਨਾਂ ਦੀ ਗਿਣਤੀ 13 ਤੋਂ 14 ਕਰੋੜ ਆਂਕੀ ਗਈ ਹੈ, ਨੂੰ ਇੱਕ ਲੜੀ 'ਚ ਪਰੋਣ ਲਈ ਪਹਿਲਕਦਮੀ ਕਰਨ ਲਈ ਸੁਝਾਇਆ ਗਿਆ। ਵਕਤਿਆਂ ਦਾ ਵਿਚਾਰ ਸੀ ਕਿ ਗੁਰਮੁਖੀ ਤੇ ਸ਼ਾਹਮੁਖੀ ਲਿਪੀ ਦੇ ਨਾਲ-ਨਾਲ ਵਿਸ਼ਵੀ ਸੰਕਲਪ ਤਹਿਤ ਪੰਜਾਬੀ 'ਚ ਰੋਮਨ ਲਿਪੀ ਦਾ ਵਿਕਾਸ ਹੋ ਰਿਹਾਹੈ, ਜਿਹੜਾ ਪੰਜਾਬੀ ਦੀ ਤਰੱਕੀ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇੱਕਮੁੱਠ ਕਰਨ ਅਤੇ ਇੱਕ ਪਲੇਟਫਾਰਮ 'ਤੇ ਲਿਆਉਣ ਲਈ ਸਹਾਈ ਹੋਵੇਗਾ। ਕੈਨੇਡੀਅਨ ਸੰਚਾਰ ਮਧਿਅਮ ਤੇ ਕਲਾਵਾਂ ਵਿਸ਼ੇ ਉਤੇ ਨਵਜੋਤ ਢਿੱਲੋਂ, ਜਰਨੈਲ ਸਿੰਘ ਆਰਟਿਸਟ, ਰਾਜੀ ਮੁਸੱਬਰ, ਸਵੈਚ ਪਰਮਿੰਦਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੇ ਦੂਜੇ ਦਿਨ 'ਕੈਨੇਡਾ ਦਾ ਪੰਜਾਬੀ ਸਾਹਿਤ' ਵਿਸ਼ੇ ਉਤੇ ਸਾਧੂ ਬਿਨਿੰਗ, ਸੁਰਜੀਤ ਕੌਰ, ਅਜਮੇਰ ਰੋਡੇ, ਡਾ: ਬਬਨੀਤ ਕੌਰ ਅਤੇ ਪ੍ਰਭਜੋਤ ਕੌਰ ਨੇ ਕੈਨੇਡਾ 'ਚ ਲਿਖੀ ਜਾ ਰਹੀ ਕਵਿਤਾ, ਕਹਾਣੀ, ਨਾਵਲ ਅਤੇ ਹੋਰ ਗਲਪ ਸਾਹਿਤ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਨੂੰ ਪ੍ਰਮੁੱਖ ਪੰਜਾਬੀ ਸਾਹਿਤ ਦੇ ਹਾਣ-ਪ੍ਰਵਾਨ ਦੱਸਿਆ। ਸਮਾਗਮ ਦੇ ਗੰਭੀਰ ਵਿਸ਼ੇ 'ਸਾਹਿਤ ਦਾ ਸਿਆਸੀ ਪਰਿਪੇਖ' ਸੰਬੰਧੀ ਡਾ: ਸਾਧੂ ਸਿੰਘ, ਜਸਵੀਰ ਮੰਗੂਵਾਲ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਇੰਦਰਜੀਤ ਕੌਰ ਸਿੱਧੂ ਨੇ ਆਪਣੇ ਪੇਪਰ ਪੜ੍ਹੇ। ਵਕਤਿਆਂ ਦਾ ਵਿਚਾਰ ਸੀ ਕਿ ਸਾਹਿਤ ਨੂੰ ਰਾਜਨੀਤੀ ਤੋਂ ਅਲੱਗ ਨਹੀਂ ਸਮਝਿਆ ਜਾ ਸਕਦਾ। ਉਹਨਾਂ ਦਾ ਇਹ ਵਿਚਾਰ ਸੀ ਕਿ ਰਾਜਨੀਤੀ ਲੋਕਾਂ 'ਤੇ ਸ਼ਾਸਨ ਕਰਨ ਦੀ ਗੱਲ ਕਰਦੀ ਹੈ, ਪਰ ਸਾਹਿਤ ਲੋਕਾਂ ਦੇ ਹਿੱਤ 'ਚ ਭੁਗਤਦਾ ਹੈ। ਸਮਾਗਮ ਵਿੱਚ ਦੋਵੇਂ ਦਿਨ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਲੱਗਭੱਗ ਦੋ ਦਰਜਨ ਸਥਾਨਕ ਕੈਨੇਡੀਅਨ ਕਵੀਆਂ ਅਤੇ ਅਮਰੀਕਾ ਤੋਂ ਪੁੱਜੇ ਰਵਿੰਦਰ ਸਹਿਰਾਅ, ਗੁਰਦਿਆਲ ਰੌਸ਼ਨ ਨੇ ਖ਼ਾਸ ਤੌਰ 'ਤੇ ਹਿੱਸਾ ਲਿਆ। ਸਮਾਗਮ 'ਚ ਦੋ ਦਰਜਨ ਤੋਂ ਵੱਧ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਨਾਟਕ 'ਸੰਮਾਂ ਵਾਲੀ ਡਾਂਗ' (ਡਾ: ਸਾਹਿਬ ਸਿੰਘ) ਅਤੇ ਨਾਟਕ 'ਦਿੱਲੀ ਰੋਡ 'ਤੇ ਇੱਕ ਹਾਦਸਾ' (ਅਨੀਤਾ-ਸ਼ਬਦੀਸ਼) ਖੇਡੇ ਗਏ। ਸਮਾਗਮ ਦੌਰਾਨ ਡਾ: ਸਾਧੂ ਸਿੰਘ ਅਤੇ ਸਵਰਨ ਕੌਰ ਨੂੰ ਇਸ ਵਰ੍ਹੇ ਦਾ ਸਨਮਾਨ ਭੇਟ ਕੀਤਾ ਗਿਆ। ਸਮਾਗਮ ਦੀ ਸਟੇਜ ਸਕੱਤਰੀ ਕੁਲਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਨੇ ਕੀਤੀ।

# ਸ੍ਰ. ਭਗਤ ਸਿੰਘ ਦੀ ਜ਼ਿੰਦਗੀ ਦੇ ਅਣਛੋਹੇ ਪਲਾਂ ਦੀ ਗੱਲ ਕਰਦਾ ਨਾਟਕ 'ਸਰਦਾਰ'



**ਚੰਡੀਗੜ੍ਹ :** ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ 115ਵੇਂ ਜਨਮ ਦਿਨ ਨੂੰ ਸਮਰਪਿਤ ਉਨ੍ਹਾਂ ਦੀ ਜ਼ਿੰਦਗੀ ਦੇ ਅਣਛੋਹੇ ਪਲਾਂ ਤੇ ਘਟਨਾਵਾਂ ਦੀ ਗੱਲ ਕਰਦੇ ਸੰਜੀਵਨ ਸਿੰਘ ਵੱਲੋਂ ਲਿਖੇ-ਨਿਰਦੇਸ਼ਤ ਅਤੇ ਰੰਜੀਵਨ ਸਿੰਘ ਵੱਲੋਂ ਡਿਜ਼ਾਇਨ ਕੀਤੇ ਨਾਟਕ 'ਸਰਦਾਰ' ਦਾ ਸਫਲ ਮੰਚਣ ਸਰਘੀ ਕਲਾ ਕੇਂਦਰ ਵੱਲੋਂ ਸੰਗੀਤ ਨਾਟਕ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਵਿਚ ਰੰਧਾਵਾ ਆਡੀਟੋਰੀਅਮ, ਪੰਜਾਬ ਕਲਾ ਭਵਨ, ਸੈਕਟਰ-16 ਚੰਡੀਗੜ੍ਹ ਵਿਖੇ ਹੋਇਆ।

ਨਾਟਕ 'ਸਰਦਾਰ' ਵਿਚ ਨਾਟਕ ਦੇ ਲੇਖਕ ਸੰਜੀਵਨ ਸਿੰਘ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਦੀਆਂ ਉਨ੍ਹਾਂ ਘਟਨਾਵਾਂ ਨੂੰ ਦੁਹਰਾਉਣ ਤੋਂ ਗੁਰੇਜ਼ ਕੀਤਾ ਹੈ, ਜਿਨ੍ਹਾਂ ਤੋਂ ਆਮ ਲੋਕ ਜਾਣੂੰ ਹਨ। ਜਿਨ੍ਹਾਂ ਉਪਰ ਅਨੇਕਾਂ ਫਿਲਮਾਂ ਤੇ ਨਾਟਕ ਹੋ ਚੁੱਕੇ ਹਨ। ਉਨ੍ਹਾਂ ਨਾਟਕ ਵਿਚ ਭਗਤ ਸਿੰਘ ਵਰਗੇ ਮਹਾਨ ਨਾਇਕ ਨੂੰ ਇਕ ਸਧਾਰਨ ਤੇ ਆਮ ਮਨੁੱਖ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਹੈ।

ਨਾਟਕ ਦਾ ਘਟਨਾ-ਕ੍ਰਮ ਇਕ ਅਜਿਹੇ ਪਰਵਾਰ ਦੇ ਇਰਦ-ਗਿਰਦ ਘੁੰਮਦਾ ਹੈ, ਜੋ ਅੱਜ ਦੇ ਖਾਣ-ਹੰਢਾਉਣ ਦੇ ਯੁੱਗ ਦੀ ਚੂਹਾ-ਦੌੜ ਵਿਚ ਗ਼ਲਤਾਨ ਹੈ। ਘਰ ਦਾ ਬਜ਼ੁਰਗ ਇਸ ਵਰਤਾਰੇ ਤੋਂ ਦੁਖੀ ਵੀ ਹੈ ਤੇ ਨਿਰਾਸ਼ ਵੀ। ਅਮੀਰ ਭਾਰਤੀ ਵਿਰਸੇ, ਗੁਰੂਆਂ, ਸੰਤਾਂ, ਪੀਰਾਂ-ਫ਼ਕੀਰਾਂ, ਸੂਰਬੀਰਾਂ-ਜੋਧਿਆਂ ਦੀ ਸੋਚ ਤੋਂ ਬੇਮੁੱਖ ਹੋਇਆ ਪਰਵਾਰ ਕਿਵੇਂ ਉਨ੍ਹਾਂ ਦਾ ਮੁਰੀਦ ਬਣਦਾ ਹੈ। ਸੁਪਰਮੈਨ, ਸਪਾਇਡਰਮੈਨ, ਪੀਜ਼ੇ-ਬਰਗਰਾਂ ਅਤੇ ਅਜੋਕੀ ਬੇਸਿਰ ਪੈਰ ਦੀ ਗਾਇਕੀ ਦੇ ਦੀਵਾਨੇ ਬੱਚੇ ਕਿਵੇਂ ਭਗਤ ਸਿੰਘ, ਰਾਜਗੁਰੂ, ਅਜ਼ਾਦ, ਦੁਰਗਾ ਭਾਬੀ ਅਤੇ ਰਾਣੀ ਝਾਂਸੀ ਬਣਨ ਦੀ ਚਾਹਤ ਕਰਨ ਲੱਗਦੇ ਹਨ। ਇਹੋ ਪਰਤਾਂ ਬਾਖੂਬੀ ਖੋਲ੍ਹੀਆਂ ਨਾਟਕ 'ਸਰਦਾਰ' ਨੇ।

'ਸਰਦਾਰ' ਵਿਚ ਸਰਦਾਰ ਭਗਤ ਸਿੰਘ ਦੀ ਨਿਵੇਕਲੀ ਦਿੱਖ ਉਜਾਗਰ ਕਰਦਾ ਹੈ। ਪੰਜਾਬੀ ਦੇ ਉੱਘੇ ਕਲਮਕਾਰ ਜਸਪਾਲ ਮਾਨਖੇੜਾ ਅਤੇ ਰੰਗਮੰਚ ਦੇ ਫਿਲਮ ਦੇ ਅਦਾਕਾਰ ਜਸਬੀਰ ਗਿੱਲ ਨੇ ਕਿਹਾ ਕਿ ਨਾਟਕ 'ਸਰਦਾਰ' ਵਿਚ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੀਆਂ ਅਣਫਰੋਲੀਆ ਪਰਤਾਂ ਨੂੰ ਸੰਜੀਵਨ ਨੇ ਬਾਖੂਬੀ ਫਰੋਲਿਆ ਹੈ।

ਉੱਘੇ ਸ਼ਾਇਰ ਜਸਵਿੰਦਰ ਦੇ ਲਿਖੇ ਗੀਤਾਂ ਨੇ ਗੁਰਮਨ ਗਿੱਲ ਦੀ ਸੰਗੀਤਕਾਰੀ ਅਤੇ ਗਾਇਕੀ ਨੇ, ਊਦੈ ਰਾਗ ਸਿੰਘ ਦੇ ਸੰਗੀਤ ਸੰਚਾਲਨ ਨੇ, ਸੰਜੀਵ ਦੀਵਾਨ ਕੁੱਕੂ ਦੇ ਰੌਸ਼ਨੀ ਪ੍ਰਭਾਵ ਨੇ ਅਤੇ ਵਿੱਕੀ ਮਾਰਤਿਆ ਦੀ ਰੂਪ-ਸੱਜਾ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਵੀ ਗਹਿਰਾ ਕੀਤਾ। ਮੰਚਣ ਦੌਰਾਨ ਹੋਰਨਾਂ ਤੋਂ ਇਲਾਵਾ ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ, ਨਾਟਕਰਮੀ ਜਗਜੀਤ ਸਰੀਨ, ਪ੍ਰੋਫੈਸਰ ਦਿਲਬਾਗ, ਨਰਿੰਦਰਪਾਲ ਨੀਨਾ, ਐਡਵੋਕੇਟ ਸੁਰਜੀਤ ਸਿੰਘ ਸਵੈਚ ਵੀ ਮੌਜੂਦ ਸਨ।

**—ਸੰਜੀਵਨ**

# ਮਾਤਾ ਅਮਰਜੀਤ ਕੌਰ ਨੂੰ ਸਮਰਪਿਤ ਵਿਗਿਆਨਕ ਚੇਤਨਾ ਸੈਮੀਨਾਰ

**ਅੰਮ੍ਰਿਤਸਰ :** ਤਰਕਸ਼ੀਲ ਆਗੂ ਸੁਮੀਤ ਸਿੰਘ ਦੇ ਮਾਤਾ ਅਮਰਜੀਤ ਕੌਰ ਦੀ ਪਹਿਲੀ ਬਰਸੀ ਨੂੰ ਸਮਰਪਿਤ ਇਕ ਸੈਮੀਨਾਰ "ਲੋਕਪੱਖੀ ਸਮਾਜਿਕ ਤਬਦੀਲੀ ਅਤੇ ਵਿਗਿਆਨਕ ਚੇਤਨਾ ਦੀ ਅਹਿਮੀਅਤ" ਦੇ ਵਿਸ਼ੇ ਸੰਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਅਤੇ ਮਾਝਾ ਜ਼ੋਨ ਦੇ ਸਹਿਯੋਗ ਨਾਲ ਪੰਜਾਬ ਨਾਟ ਸ਼ਾਲਾ ਵਿਖੇ ਕਰਵਾਇਆ ਗਿਆ, ਜਿਸ ਵਿਚ ਉੱਘੇ ਲੇਖਕ ਅਤੇ ਮਨੋਵਿਗਿਆਨੀ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਕਾਰਜਕਾਰੀ ਸਕੱਤਰ ਅਤੇ ਪ੍ਰਸਿੱਧ ਜਮਹੂਰੀ ਵਿਦਵਾਨ ਡਾ. ਪਰਮਿੰਦਰ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਦੀਪਤੀ ਨੇ ਕਿਹਾ ਕਿ ਮਨੁੱਖ ਨੂੰ ਆਪਣੇ ਆਲੇ-ਦੁਆਲੇ ਵਾਪਰਦੀਆਂ ਕੁਦਰਤੀ ਅਤੇ ਗੈਰ-ਕੁਦਰਤੀ ਘਟਨਾਵਾਂ ਦੇ ਵਿਗਿਆਨਕ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਠੋਸ ਹੱਲ ਕੱਢਣ ਦੀ ਹਮੇਸ਼ਾ ਜਗਿਆਸਾ ਰਹੀ ਹੈ, ਪਰ ਸਾਡੇ ਸਮਾਜ ਵਿਚ ਸਾਮਰਾਜਪੱਖੀ ਰਾਜ ਪ੍ਰਬੰਧ ਅਤੇ ਗ਼ੈਰ ਵਿਗਿਆਨਕ ਵਿਦਿਅਕ ਢਾਂਚੇ ਦੇ ਨਤੀਜੇ ਵਜੋਂ ਵਿਗਿਆਨਕ ਚੇਤਨਾ ਦੀ ਘਾਟ ਕਾਰਨ ਬਹੁਗਿਣਤੀ ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਮਾਨਸਿਕਤਾ ਦੇ ਗ਼ੁਲਾਮ ਬਣਾ ਦਿੱਤਾ ਗਿਆ ਹੈ । ਡਾ. ਪਰਮਿੰਦਰ ਸਿੰਘ ਨੇ ਅਜਿਹੇ ਲੋਕਪੱਖੀ ਸਮਾਗਮਾਂ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਡਾਰਵਿਨ ਦੇ ਕੁਦਰਤੀ ਵਿਕਾਸ ਦੇ ਨਿਯਮਾਂ ਅਨੁਸਾਰ ਮਨੁੱਖ ਨੇ ਆਦਿ ਕਾਲ ਤੋਂ ਮੌਜੂਦਾ ਵਿਗਿਆਨ ਦੇ ਯੁੱਗ ਤੱਕ ਲਗਾਤਾਰ



ਭੌਤਿਕ ਅਤੇ ਬੌਧਿਕ ਵਿਕਾਸ ਕੀਤਾ ਹੈ। ਮਨੁੱਖ ਨੇ ਆਪਣੇ ਜਥੇਬੰਦਕ ਸੰਘਰਸ਼ਾਂ ਰਾਹੀਂ ਸਮੇਂ-ਸਮੇਂ ਦੇ ਤਾਨਾਸ਼ਾਹ ਹੁਕਮਰਾਨਾਂ ਵੱਲੋਂ ਜਨਤਾ ਨੂੰ ਦਬਾਉਣ ਲਈ ਕੀਤੇ ਜਾਂਦੇ ਜਬਰ, ਜ਼ੁਲਮਾਂ, ਕਾਲੇ ਕਾਨੂੰਨਾਂ ਅਤੇ ਖੌਫਨਾਕ ਕੁਦਰਤੀ ਤੇ ਗ਼ੈਰ ਕੁਦਰਤੀ ਹਾਲਾਤ ਦਾ ਹੌਸਲੇ ਨਾਲ ਮੁਕਾਬਲਾ ਅਤੇ ਡਟਵਾਂ ਵਿਰੋਧ ਕੀਤਾ ਹੈ ਅਤੇ ਇਤਿਹਾਸਕ ਜਿੱਤਾਂ ਪ੍ਰਾਪਤ ਕੀਤੀਆਂ ਹਨ। ਜਤਿੰਦਰ ਬਰਾੜ ਅਤੇ ਮੁਲਾਜ਼ਮ ਆਗੂ ਕਾ. ਸੁਖਮਿੰਦਰ ਰੰਧਾਵਾ ਨੇ ਕਿਹਾ ਕਿ ਆਪਣਿਆਂ ਦੀ ਯਾਦ ਵਿਚ ਅਜਿਹੇ ਚੇਤਨਾ ਸੈਮੀਨਾਰ ਕਰਵਾਉਣੇ ਹੀ ਲੋਕਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਦਾ ਸਬੂਤ ਹੈ ਅਤੇ ਸਮਾਜ ਵਿਚ ਅਜਿਹੀਆਂ ਸਿਹਤਮੰਦ ਪਿਰਤਾਂ ਪਾਉਣ ਲਈ ਆਮ ਲੋਕਾਈ ਨੂੰ ਤਰਕਸ਼ੀਲ ਦ੍ਰਿਸ਼ਟੀਕੋਣ ਅਪਨਾਉਣ ਅਤੇ ਅਮਲ ਕਰਨ ਦੀ ਲੋੜ ਹੈ।

ਬਲਵਿੰਦਰ ਦੁਧਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਗੁਰਬਚਨ ਸਿੰਘ ਅਤੇ ਪ੍ਰਸਿੱਧ ਫਿਲਮ ਅਤੇ ਰੰਗਮੰਚ ਅਦਾਕਾਰ ਜਸਵੰਤ ਜੱਸ ਨੇ ਮਾਤਾ ਅਮਰਜੀਤ ਨੂੰ ਯਾਦ ਕਰਦਿਆਂ ਕਿਹਾ ਕਿ ਮੌਜੂਦਾ ਹਕੂਮਤਾਂ ਦੀਆਂ ਸਾਮਰਾਜਪੱਖੀ, ਫ਼ਿਰਕੂ ਅਤੇ ਲੋਕ ਮਾਰੂ ਆਰਥਿਕ ਨੀਤੀਆਂ ਨੇ ਸਾਡੇ ਭਵਿੱਖ ਅਤੇ ਹੋਂਦ ਲਈ ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ। ਸੈਮੀਨਾਰ ਦੇ ਅੰਤ ਵਿਚ ਸੁਮੀਤ ਸਿੰਘ ਨੇ ਵਿਦਵਾਨ ਬੁਲਾਰਿਆਂ ਅਤੇ ਆਏ ਹੋਏ ਮਹਿਮਾਨਾਂ, ਰਿਸ਼ਤੇਦਾਰਾਂ, ਪਰਵਾਰਕ ਮੈਂਬਰਾਂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਅਤੇ ਮੈਂਬਰਾਂ ਦਾ ਇਸ ਸੈਮੀਨਾਰ ਵਿਚ ਪਹੁੰਚਣ 'ਤੇ ਧੰਨਵਾਦ ਕੀਤਾ। ਤਰਕਸ਼ੀਲ ਸੁਸਾਇਟੀ ਮਾਝਾ ਜ਼ੋਨ ਦੇ ਵਿੱਤ ਮੁਖੀ ਮੁਖਤਿਆਰ ਗੋਪਾਲਪੁਰਾ ਨੇ ਸਟੇਜ ਦਾ ਸੰਚਾਲਨ ਕੀਤਾ।

**—ਮੁਖ਼ਤਿਆਰ**

# ਸਮਕਾਲ


## ਆਪਣੀ ਆਵਾਜ਼ : ਅਕਤੂਬਰ 2022



ਇਸ ਅੰਕ ਦੇ ਮੁੱਖ ਪੰਨੇ 'ਤੇ ਜਸਪ੍ਰੀਤ ਅਮਲਤਾਸ ਵੱਲੋਂ ਫੁੱਲ-ਪੱਤੀਆਂ ਦੀ ਖ਼ੂਬਸੂਰਤ ਤਸਵੀਰ ਦੇ ਨਾਲ ਸੁਲਤਾਨ ਬਾਹੂ ਦੀ ਸ਼ੀ ਹਰਫ਼ੀ ਦਾ ਇੱਕ ਬੰਦ ਪੇਸ਼ ਹੋਇਆ ਹੈ। ਸੁਰਿੰਦਰ ਸਿੰਘ ਸੁੰਨੜ ਨੇ ਮੇਰੀ ਤਾਕਤ (ਮੈਂ) ਨੂੰ ਆਪਣੀ ਤਾਕਤ (ਅਸੀਂ) ਵਿੱਚ ਬਦਲਣ ਦੀ ਰੀਝ ਪ੍ਰਗਟਾਈ ਹੈ, ਜੋ ਸਮੇਂ ਦੀ ਲੋੜ ਹੈ। ਸੰਪਾਦਕ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸਿਰਲੇਖ ਹੇਠ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਇਤਿਹਾਸ, ਸੁਭਾਅ ਅਤੇ ਉਸਾਰੂ ਭੂਮਿਕਾ ਦੀ ਚਰਚਾ ਕਰਦਿਆਂ ਆਉਣ ਵਾਲੇ ਸਮੇਂ ਵਿੱਚ ਹੋਣ ਜਾ ਰਹੀ ਚੋਣ ਨੂੰ ਮੱਦੇ-ਨਜ਼ਰ ਰੱਖਦਿਆਂ ਲੇਖਕਾਂ ਨੂੰ ਅਤੇ ਸਭਾ ਦੇ ਪ੍ਰਬੰਧ ਨਾਲ ਜੁੜੇ ਸਿਆਣਿਆਂ ਨੂੰ ਵਧ ਰਹੀ ਕੁੜੱਤਣ ਨੂੰ ਰੋਕਣ ਦੇ ਉਪਾਅ ਕਰਨ ਲਈ ਅਪੀਲ ਕੀਤੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਗਤੀਸ਼ੀਲ ਸੁਭਾਅ ਦਾ ਹਵਾਲਾ ਦਿੰਦਿਆਂ ਸੰਪਾਦਕ ਨੇ ਕਿਹਾ ਹੈ ਕਿ ਇਸ ਦੇ ਇਤਿਹਾਸਕ ਮਹੱਤਵ ਵਾਲੀ ਭੂਮਿਕਾ ਨੂੰ ਧਿਆਨ ਵਿੱਚ ਰੱਖਦਿਆਂ ਹਰ ਕਿਸਮ ਦੀ ਕੁੜੱਤਣ ਤੋਂ ਬਚਣ ਦੀ ਲੋੜ ਹੈ। ਪਰਮਜੀਤ ਢੀਂਗਰਾ ਦਾ ਕਾਲਮ 'ਭਾਸ਼ਾ ਦਾ ਮਹੱਤਵ' ਪੇਸ਼ ਹੈ। ਅਮਰਜੀਤ ਸਿੰਘ ਗਰੇਵਾਲ ਵੱਲੋਂ ਮਨਮੋਹਨ ਦੇ ਨਾਵਲ ਬਾਰੇ ਵਿਸਤ੍ਰਿਤ ਲੇਖ ਹੈ। ਗੁਰਪ੍ਰੀਤ ਸਿੰਘ ਦੀ ਪੁਸਤਕ ਬਾਰੇ ਗੁਰਭਜਨ ਗਿੱਲ ਦਾ ਅਤੇ ਵਰਿਆਮ ਸੰਧੂ ਦੀ 'ਜਮਰੌਦ' ਬਾਰੇ ਜਸਬੀਰ ਕਲਸੀ ਦਾ ਲੇਖ ਵੀ ਹੈ। ਕੁਲਦੀਪ ਸਿੰਘ ਦੀਪ ਨੇ ਪਿਛੇ ਜਿਹੇ ਵਾਪਰੀ ਚੰਡੀਗੜ੍ਹ ਯੂਨੀਵਰਸਿਟੀ ਵਿਚਲੀ ਘਟਨਾ ਤੋਂ ਮਾਨਵ ਨੂੰ ਚੇਤੰਨ ਕਰਨ ਅਤੇ ਇਸ ਦੇ ਦੂਰ-ਰਸੀ ਸਿੱਟਿਆਂ ਪ੍ਰਤੀ ਸੁਚੇਤ ਕਰਨ ਦਾ ਯਤਨ ਕਰਦਿਆਂ ਕਈ ਪ੍ਰਸ਼ਨ ਉਠਾਏ ਹਨ। ਬਖਸ਼ਿੰਦਰ ਦੇ ਨਵੇਂ ਨਾਵਲ ਦਾ 'ਮੁੱਖ ਬੰਦ' ਨਾਵਲ ਦੀ ਉਡੀਕ ਵਿੱਚ ਤੀਬਰਤਾ ਪੈਦਾ ਕਰਨ ਵਾਲਾ ਹੈ। ਚੇਤਨ ਸਿੰਘ ਵੱਲੋਂ ਮੁਸਨਫ ਮੁਸਤਫਾ ਦਾ ਕਿੱਸਾ ਸੋਲਾਂ ਸਹੇਲੀਆਂ ਪੇਸ਼ ਕੀਤਾ ਹੈ, ਜੋ 1897 ਈਸਵੀ ਵਿੱਚ ਛਪਿਆ ਸੀ। ਭਾਰਤੀ ਭਾਸ਼ਾਵਾਂ ਵਿੱਚ ਲਿਖੀਆਂ ਜਾ ਰਹੀਆਂ ਵੱਖ-ਵੱਖ ਮਿੰਨੀ ਕਹਾਣੀਆਂ ਦੀ ਪੇਸ਼ਕਾਰੀ ਇਸ ਅੰਕ ਦੀ ਵਿਲੱਖਣਤਾ ਹੈ। ਕਿਤਾਬਾਂ ਅਤੇ ਹੋਰ ਕਾਫ਼ੀ ਕੁਝ ਹੈ ਇਸ ਅੰਕ ਵਿੱਚ।

ਪੰਨੇ : 68, ਮੁੱਲ: 50 ਰੁਪਏ
ਸੰਪਾਦਕ : ਲਖਵਿੰਦਰ ਸਿੰਘ ਜੌਹਲ
ਸੰਪਰਕ : 693, ਗੁਰੂ ਤੇਗ ਬਹਾਦਰ ਨਗਰ
ਜਲੰਧਰ-144003

## ਵਰਿਆਮ : ਅਕਤੂਬਰ 2022



ਦੀਵਾਲੀ ਅਕਤੂਬਰ ਵਿੱਚ ਆਉਣ ਕਰਕੇ ਇਸ ਅੰਕ ਦੇ ਮੁੱਖ ਪੰਨੇ 'ਤੇ ਦੀਵੇ ਦੀ ਤਸਵੀਰ ਨਾਲ 'ਦੀਵਾ ਬਲੈ ਅੰਧੇਰਾ ਜਾਇ।।' ਦੀ ਇਬਾਰਤ ਹੈ। ਬਾਨੀ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ ਪੁਸਤਕ ਵਿੱਚੋਂ 'ਵਿਦਿਆਰਥੀ ਜੀਵਨ' (19) ਵਾਲਾ ਕਾਂਡ ਪੇਸ਼ ਹੈ। ਜਗਦੀਸ਼ ਹੁਰਾਂ ਦੀ ਲਿਖਣ ਸ਼ੈਲੀ ਦਾ ਕਮਾਲ ਤਾਂ ਹੈ ਹੀ, ਨਾਲ ਹੀ ਇਤਿਹਾਸਕ ਜਾਣਕਾਰੀ ਵੀ ਹੈ। ਕੂਕਾ ਲਹਿਰ ਦੇ ਅਮਰ ਨਾਇਕ ਵਾਲੇ ਕਾਲਮ ਵਿੱਚ ਇਸ ਵਾਰ ਸੁਵਰਨ ਸਿੰਘ ਵਿਰਕ ਵੱਲੋਂ ਮਾਤਾ ਸਦਾ ਕੌਰ ਬਾਰੇ ਲੇਖ ਹੈ। ਜਗਦੀਸ਼ ਸਿੰਘ ਵਰਿਆਮ ਬਾਰੇ ਗੁਰਬਚਨ ਸਿੰਘ ਭੁੱਲਰ ਦਾ ਲੇਖ ਵੀ ਹੈ। ਨਰੈਣ ਸਿੰਘ ਨੇ ਸਤਸੰਗਤ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਇੱਕ ਲੇਖ ਪੇਸ਼ ਕੀਤਾ ਹੈ। ਕਵਿਤਾਵਾਂ ਤੇ ਹੋਰ ਸਥਾਈ ਕਾਲਮ ਵੀ ਹਨ।

ਪੰਨੇ: 50 ਮੁੱਲ, 40 ਰੁਪਏ
ਸੰਪਾਦਕ : ਡਾ. ਰਜਵੰਤ ਕੌਰ
ਸੰਪਰਕ : ਮਾਸਿਕ ਵਰਿਆਮ
ਲਾਡੋਵਾਲੀ ਰੋਡ ਜਲੰਧਰ 144001
ਮੋਬਾਈਲ : 98786-16996

## ਤਨੀਸ਼ਾ : ਸਤੰਬਰ 2022



ਬਾਲ ਮਨਾਂ ਦੀਆਂ ਇੱਛਾਵਾਂ ਦੀ ਪੂਰਤੀ ਹਿੱਤ ਇਹ ਰਸਾਲਾ ਲਗਾਤਾਰ ਯਤਨਸ਼ੀਲ ਹੈ, ਸੰਪਾਦਕੀ ਵਿੱਚ ਹੌਸਲੇ ਦੀ ਮਹੱਤਵਪੂਰਨ ਭੂਮਿਕਾ ਦੀ ਗੱਲ ਹੋਈ ਹੈ। ਬਾਲ ਕਵਿਤਾਵਾਂ, ਲੇਖ, ਕਥਾਵਾਂ ਅਤੇ ਹੋਰ ਕਾਫ਼ੀ ਕੁਝ ਹੈ ਇਸ ਅੰਕ ਵਿੱਚ, ਜੋ ਬੱਚਿਆਂ ਲਈ ਗਿਆਨ-ਵਰਧਕ ਅਤੇ ਰੌਚਿਕ ਹੈ।

ਪੰਨੇ: 34 ਮੁੱਲ : 70 ਰੁਪਏ
ਸੰਪਾਦਕ : ਸਾਬੀ ਈਸਾਪੁਰੀ
ਸੰਪਰਕ : ਪਿੰਡ ਈਸਪੁਰ ਡਾਕਘਰ ਮਖਸੂਸਪੁਰ
ਗੜ੍ਹਸ਼ੰਕਰ 146108 (ਮੋ) 90414-16476

## ਨਿੱਕੀਆਂ ਕਰੂੰਬਲਾਂ : ਸਤੰਬਰ-ਅਕਤੂਬਰ-2022



ਬਾਲ ਮਾਨਸਿਕਤਾ ਦੀਆਂ ਲੋੜਾਂ ਦੀ ਪੂਰਤੀ ਹਿੱਤ ਇਸ ਅੰਕ ਵਿੱਚ ਆਮ ਵਾਂਗ ਕਵਿਤਾਵਾਂ, ਬਾਲ ਕਹਾਣੀਆਂ ਅਤੇ ਲਘੂ ਲੇਖ ਬਾਲ ਸਿੱਖਿਆ ਵਾਲੇ ਅੰਦਾਜ਼ ਵਿੱਚ ਪੇਸ਼ ਹਨ। ਬਾਲ ਪੁਸਤਕਾਂ ਦੀ ਗੱਲ ਵੀ ਹੈ।

ਪੰਨੇ: 48, ਮੁੱਲ: 50 ਰੁਪਏ
ਸੰਪਾਦਕ : ਬਲਜਿੰਦਰ ਮਾਨ
ਸੰਪਰਕ : ਕਰੂੰਬਲਾਂ ਭਵਨ, ਗੜ੍ਹਸ਼ੰਕਰ ਰੋਡ ਮਾਹਿਲਪੁਰ 146105
# ਸੰਪਰਕ : 98150-18947

*- ਹਰਜਿੰਦਰ ਅਟਵਾਲ (ਡਾ.)*

# ਜਨਵਾਦੀ ਲੇਖਕ ਸੰਘ ਵੱਲੋਂ ਸਮਾਗਮ

**ਅੰਮ੍ਰਿਤਸਰ :** ਜਨਵਾਦੀ ਲੇਖਕ ਸੰਘ ਵੱਲੋਂ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਮਰਹੂਮ ਸ਼ਾਇਰ ਦੇਵ ਦਰਦ ਨੂੰ ਯਾਦ ਕਰਦਿਆਂ ਹਰ ਮਹੀਨੇ ਕਰਵਾਏ ਜਾਂਦੇ "ਤੇਰੀਆਂ ਗੱਲਾਂ ਤੇਰੇ ਨਾਲ" ਸਾਹਿਤਕ ਸਮਾਗਮ ਦੇ ਅੰਤਰਗਤ ਤਰੰਨੁਮ ਗਾਇਕੀ ਰਾਹੀਂ ਹਾਜ਼ਰ ਸ਼ਾਇਰਾਂ ਨੇ ਮਹੌਲ ਨੂੰ ਅਦਬੀ ਰੰਗਤ ਦਿੱਤੀ।

ਪ੍ਰਿੰ. ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਇਸ ਸਾਹਿਤਕ ਸਮਾਗਮ ਦਾ ਆਗਾਜ਼ ਕਰਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਸਮਾਗਮ ਜਿੱਥੇ ਮਾਨਵੀ ਜੀਵਨ ਸ਼ੈਲੀ ਵਿੱਚ ਸਹਿਜਤਾ ਬਖਸ਼ਦੇ ਹਨ, ਉਥੇ ਮਹਿਬੂਬ ਸ਼ਾਇਰ ਦੀ ਯਾਦ ਨੂੰ ਵੀ ਚਿਰ ਸੰਜੀਵੀ ਬਣਾਉਣ ਵਿੱਚ ਸਹਾਈ ਹੁੰਦੇ ਹਨ।

ਪ੍ਰਮੁੱਖ ਸੂਫੀ ਗਾਇਕ ਯਾਕੂਬ ਗਿੱਲ ਨੇ ਸ਼ਾਇਰ ਦੇਵ ਦਰਦ ਸਾਹਬ ਦੀਆਂ ਦੋ ਨਜ਼ਮਾਂ "ਹਾਲ ਬੁਰੇ ਨੇ ਤੇਰੇ ਬਿੰਨ ਦਿਲਗੀਰਾਂ ਦੇ" ਅਤੇ ਕੁੱਝ ਮੈਂ ਮਿਟਾ ਕੇ ਵੇਖਾਂ, ਕੁਝ ਤੂੰ ਮਿਟਾ ਕੇ ਵੇਖੀਂ" ਗਾ ਕੇ ਮਾਹੌਲ ਨੂੰ ਭਾਵੁਕ ਕੀਤਾ। ਗਜ਼ਲਗੋ ਬਲਜਿੰਦਰ ਮਾਂਗਟ ਨੇ ਖ਼ੂਬਸੂਰਤ ਗਜ਼ਲ "ਅਥ ਕਥਨੀ ਨਾ ਇਸ ਵਿਚ ਕੋਈ, ਏਦਾਂ ਵੀ ਤਾਂ ਹੋ ਸਕਦਾ ਹੈ" ਰਾਹੀਂ ਹਾਜ਼ਰੀ ਲੁਆਈ।

ਸ਼ਾਇਰ ਸਤਨਾਮ ਸਿੱਧੂ ਫਰੀਦਕੋਟੀ ਵੱਲੋਂ ਸੰਤ ਰਾਮ ਉਦਾਸੀ ਦੀ ਬਹੁ-ਚਰਚਿਤ ਨਜ਼ਮ "ਤੂੰ ਚੜ੍ਹਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ" ਗਾ ਕੇ ਸਿਖਰ ਸਿਰਜਿਆ। ਜਸਵੰਤ ਧਾਪ ਵੱਲੋਂ ਆਪਣੀ ਨਜ਼ਮ "ਮਾਏ ਨੀ ਪੜ੍ਹਾਦੇ ਮੈਨੂੰ ਦਸਵੀਂ ਤੋਂ ਅੱਗੇ" ਤਰੰਨਮ ਵਿੱਚ ਗਾ ਕੇ ਸੁਣਾਈ। ਗਾਇਕ ਮੱਖਣ ਭੈਣੀਵਾਲ ਨੇ "ਨੀਲੀ ਛੱਤ ਵਾਲਾ ਸਾਡੇ ਕੰਮ ਕਰਦਾ, ਅਸੀਂ ਝੂਠੇ ਮੂਠੇ ਨੰਬਰ ਬਣਾਏ ਨਹੀਂ ਕਦੇ" ਗੀਤ ਗਾ ਕੇ ਵਾਹ-ਵਾਹ ਖੱਟੀ। ਡਾ. ਮੋਹਨ ਬੇਗੋਵਾਲ, ਰਾਜ ਕੁਮਾਰ ਰਾਜ, ਵਜ਼ੀਰ ਸਿੰਘ ਰੰਧਾਵਾ, ਤ੍ਰਿਪਤਾ ਮੈਮ ਅਤੇ ਸੁਭਾਸ਼ ਪਰਿੰਦਾ ਅਦਿ ਨੇ ਵੀ ਰਚਨਾਵਾਂ ਰਾਹੀਂ ਭਰਵੀਂ ਹਾਜ਼ਰੀ ਲਵਾਈ।

ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਾਂਝੇ ਤੌਰ 'ਤੇ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਸਮੇਂ ਕੁਸਮ ਲਤਾ, ਕੋਮਲ ਸਹਿਦੇਵ, ਕੁਲਵਿੰਦਰ ਕੌਰ, ਪਰਮਜੀਤ ਕੌਰ, ਪੂਨਮ ਸ਼ਰਮਾ, ਸ਼ਮੀ ਮਹਾਜਨ, ਬਲਜਿੰਦਰ ਕੌਰ, ਨਵਦੀਪ ਕੁਮਾਰ ਅਤੇ ਹਰਜੀਤ ਕੌਰ ਹਾਜ਼ਰ ਸਨ।

# ਸ਼ਹੀਦ ਬਾਰੇ ਸਹੀ ਤੱਥ ਛਾਪਣ ਲਈ ਮੰਗ ਪੱਤਰ

**ਸੁਨਾਮ :** ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਦੀ ਅੱਜ ਉੱਪ ਸਕੱਤਰ ਅਕਾਦਮਿਕ ਨਾਲ ਬੋਰਡ ਦੇ ਮੋਹਾਲੀ ਦਫਤਰ ਵਿੱਚ ਮੀਟਿੰਗ ਹੋਈ, ਜਿਸ ਵਿੱਚ ਪੰਜਵੀਂ ਕਲਾਸ ਦੀ ਪੰਜਾਬੀ ਦੀ ਕਿਤਾਬ ਵਿੱਚ ਸ਼ਹੀਦ ਊਧਮ ਸਿੰਘ ਬਾਰੇ ਛਪੇ ਗਲਤ ਤੱਥਾਂ ਬਾਰੇ ਬੋਰਡ ਅਧਿਕਾਰੀਆਂ ਨੂੰ ਧਿਆਨ ਵਿੱਚ ਲਿਆਂਦਾ। ਇਸ ਮੀਟਿੰਗ ਵਿੱਚ ਬੋਰਡ ਦੇ ਪੰਜਾਬੀ ਵਿਸ਼ੇ ਦੇ ਮਾਹਿਰ ਵੀ ਮੌਜੂਦ ਸਨ।

ਮੰਚ ਦੇ ਆਗੂ ਰਾਕੇਸ਼ ਕੁਮਾਰ ਨੇ ਬੋਰਡ ਅਧਿਕਾਰੀਆਂ ਨੂੰ ਦੱਸਿਆ ਕਿ ਸ਼ਹੀਦ ਊਧਮ ਸਿੰਘ ਸੰਬੰਧੀ ਛਪਿਆ ਲੇਖ ਪ੍ਰਮਾਣਤ ਤੱਥਾਂ ਤੋਂ ਦੂਰ ਹੈ। ਅਸੀ ਇੱਕ-ਇੱਕ ਗ਼ਲਤ ਤੱਥ ਬਾਰੇ ਵਿਸਥਾਰ ਵਿੱਚ ਬੋਰਡ ਅਧਿਕਾਰੀਆਂ ਨੂੰ ਦੱਸਿਆ।

ਵਿਸ਼ਵ ਕਾਂਤ ਨੇ ਦੱਸਿਆ ਕਿ ਬੋਰਡ ਅਧਿਕਾਰੀਆਂ ਨੂੰ ਸਹੀ ਤੱਥਾਂ ਦੀਆਂ ਸਾਰੀਆਂ ਕਾਪੀਆਂ ਸੌਂਪ ਦਿੱਤੀਆਂ ਨੇ। ਉੱਪ ਸਕੱਤਰ ਅਕਾਦਮਿਕ ਦਾ ਕਹਿਣਾ ਹੈ ਕਿ ਅਸੀ ਜਲਦੀ ਹੀ ਇਹਨਾਂ ਤੱਥਾਂ ਬਾਰੇ ਆਪਣੀ ਇਤਿਹਾਸ ਟੀਮ ਨਾਲ ਚਰਚਾ ਕਰਾਂਗੇ। ਅਸੀਂ ਵੀ ਚਾਹੁੰਦੇ ਹਾਂ ਕਿ ਸਹੀ ਲੇਖ ਛਪੇ।

ਬਲਵੀਰ ਚੰਦ ਲੌਂਗੋਵਾਲ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੇ ਆਪਣੀ ਅਨਮੋਲ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕੀਤੀ। ਉਹ ਬ੍ਰਿਟਿਸ਼ ਸਾਮਰਾਜੀ ਲੁੱਟ ਤੇ ਉਹਨਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦੇ ਵਿਰੁੱਧ ਸੀ ਤੇ ਵਧੀਆ ਸਮਾਜ ਦੀ ਗੱਲ ਕਰਦੇ ਸੀ। ਗਦਰ ਪਾਰਟੀ ਨਾਲ ਸਬੰਧ ਸੀ। ਭਗਤ ਸਿੰਘ ਨੂੰ ਆਪਣਾ ਦੋਸਤ ਦੱਸਦਾ ਸੀ।

ਰਾਮ ਸਰੂਪ ਢੈਪਈ ਨੇ ਦੱਸਿਆ ਕਿ ਇਸ ਸੰਬੰਧੀ ਮੰਚ ਨੇ ਪਹਿਲਾਂ ਹੀ ਪੱਤਰ ਈਮੇਲ ਰਾਹੀਂ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਭੇਜਿਆ ਹੈ ਤੇ ਮੰਗ ਕੀਤੀ ਹੈ ਕਿ ਇਸ ਗਲਤ ਤੱਥਾਂ ਵਾਲੇ ਲੇਖ ਨੂੰ ਜਲਦੀ ਬਦਲਿਆ ਜਾਵੇ।

**—ਦਾਤਾ ਸਿੰਘ**

# ਸਾਹਿਤ ਚਿੰਤਨ ਦੀ ਮਾਸਿਕ ਇਕੱਤਰਤਾ

**ਚੰਡੀਗੜ੍ਹ :** ਸਾਹਿਤ ਚਿੰਤਨ, ਚੰਡੀਗੜ੍ਹ ਦੀ ਅਕਤੂਬਰ ਮਹੀਨੇ ਦੀ ਮਾਸਿਕ ਇਕੱਤਰਤਾ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ



ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਜਾਰਜ ਉਰਵੈਲ ਦੇ ਨਾਵਲ '1984', ਜਿਸ ਦਾ ਪੰਜਾਬੀ ਅਨੁਵਾਦ ਡਾ. ਹਰੀ ਸਿੰਘ ਕਪੂਰਥਲਾ ਨੇ ਕੀਤਾ ਹੈ, ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਜਗਦੀਸ਼ ਚੰਦਰ ਨੇ ਕਿਹਾ ਕਿ ਇਹ ਨਾਵਲ 65 ਤੋਂ ਉਪਰ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਇੱਕ ਸੌ ਤੋਂ ਉਪਰ ਸੰਸਕਰਨਾਂ ਵਿੱਚ ਛਪ ਚੁੱਕਿਆ ਹੈ। ਲੇਖਕ 1903 ਵਿੱਚ ਬਿਹਾਰ ਵਿੱਚ ਪੈਦਾ ਹੋ ਕੇ ਛੋਟੀ ਉਮਰੇ ਲੰਡਨ ਚਲਾ ਗਿਆ। ਉਸ ਨੇ ਭਾਰਤੀ ਪੁਲਸ ਵਿੱਚ ਨੌਕਰੀ ਕੀਤੀ। ਇਹ ਨਾਵਲ 1948 ਵਿੱਚ ਛਪਿਆ ਤੇ 1950 ਵਿੱਚ ਟੀ.ਬੀ. ਨਾਲ ਲੇਖਕ ਦੀ ਮੌਤ ਹੋ ਗਈ। ਇਹ ਸੰਸਾਰ ਦੀ ਸਿਆਸਤ ਉੱਤੇ ਕਰੂਰ ਟਿੱਪਣੀ ਹੈ। ਇਸ ਦੀ ਭਵਿੱਖਬਾਣੀ ਸਹੀ ਸਾਬਤ ਹੋ ਰਹੀ ਹੈ। ਇਹ ਤਾਨਾਸ਼ਾਹ ਹਕੂਮਤਾਂ ਦੇ ਝੂਠ ਦਾ ਪਰਦਾ ਫਾਸ਼ ਕਰਦਾ ਹੈ। ਇਸ ਵਿੱਚ ਐਟਮੀ ਜੰਗ ਤੋਂ ਪਿੱਛੋਂ ਸੰਸਾਰ ਨੂੰ ਤਿੰਨ ਮਹਾਂ ਸ਼ਕਤੀਆਂ ਵਿੱਚ ਵੰਡਿਆ ਗਿਆ ਹੈ। ਗਰੀਬ ਲੋਕਾਂ ਦਾ ਜੀਵਨ ਪੱਧਰ ਅੱਜ ਵੀ ਚੰਗਾ ਨਹੀਂ ਹੈ। ਜੋਗਿੰਦਰ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਸਾਹਿਤ ਵਿੱਚ ਯੂਟੋਪੀਅਨ/ਫਰਜ਼ੀਵਾੜੇ ਨੇ ਕਾਫੀ ਜਗ੍ਹਾ ਬਣਾ ਲਈ ਹੈ। ਬੰਦਾ ਝਗੜਾਲੂ ਵਿਚਾਰਾਂ ਦੇ ਭੇੜ ਦਾ ਸ਼ਿਕਾਰ ਬਣ ਰਿਹਾ ਹੈ। ਅਭੈ ਸਿੰਘ ਸੰਧੂ ਨੇ ਕਿਹਾ ਕਿ ਇਹ ਤਾਨਾਸ਼ਾਹੀ ਰਾਜ ਦੀਆਂ ਸਖਤੀਆਂ ਦੀ ਇੰਤਹਾ ਹੈ। ਕੁਝ ਲੋਕ ਫ਼ਾਂਸੀ ਚੜ੍ਹਦੇ ਬੰਦੇ ਨੂੰ ਵੇਖਣਾ ਵੀ ਖੇਲ ਸਮਝਦੇ ਹਨ। ਜਸਵੰਤ ਸਿੰਘ ਨੇ ਕਿਹਾ ਕਿ ਪੂੰਜੀਵਾਦ ਨੂੰ ਸਾਜ਼ਿਸ਼ਾਂ ਨਾਲ ਲੋਕਾਂ ਨੂੰ ਮਾਰਨ ਦੀ ਲੋੜ ਨਹੀਂ ਪੈਂਦੀ, ਉਹ ਗਰੀਬਾਂ ਦਾ ਕਚੂਮਰ ਕੱਢ ਕੇ ਹੀ ਲੋਕਾਂ ਨੂੰ ਮਾਰ ਸਕਦੀ ਹੈ।

ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਕਈ ਗੱਲਾਂ ਬਹਿਸ ਵਿੱਚੋਂ ਸਪੱਸ਼ਟ ਹੋਈਆਂ ਹਨ। ਇਹ ਇੱਕ ਮਹਾਨ ਕਿਰਤ ਹੈ। ਡਾ. ਜਗਦੀਸ਼ ਚੰਦਰ ਨੇ ਬਹਿਸ ਦਾ ਉੱਤਰ ਦਿੰਦਿਆਂ ਕਿਹਾ ਕਿ ਜੰਗਾਂ ਦਾ ਲਗਾਤਾਰ ਚੱਲਦੇ ਰਹਿਣਾ, ਪੂੰਜੀਵਾਦ ਦੀ ਲੋੜ ਬਣ ਗਿਆ ਹੈ। ਇਸ ਵਿੱਚ ਕਿਸੇ ਦੀ ਜਿੱਤ-ਹਾਰ ਨਹੀਂ ਹੁੰਦੀ, ਕਿਰਤੀ ਲੋਕ ਮਰਦੇ ਹਨ। ਪਾਰਟੀਆਂ ਅੰਦਰ ਵੀ ਜਮਹੂਰੀਅਤ ਦੀ ਕਮੀ ਹੈ।

ਡਾ. ਜਸਪਾਲ ਸਿੰਘ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਸਿਆਸੀ ਨਾਵਲ ਹੈ। ਲੇਖਕ ਵੀ ਕਮਿਊਨਿਸਟ ਤੇ ਸੋਸ਼ਲਿਸਟ ਰਿਹਾ ਹੈ। ਉਹ ਹਰ ਤਰ੍ਹਾਂ ਦੀ ਤਾਨਾਸ਼ਾਹੀ ਦੇ ਖਿਲਾਫ਼ ਸੀ। ਤਾਨਾਸ਼ਾਹੀ ਮਾਨਵ ਅਧਿਕਾਰਾਂ ਤੇ ਜਮਹੂਰੀਅਤ ਨੂੰ ਕੁਚਲਦੀ ਹੈ। ਰਾਜ ਨੂੰ ਬਰਕਰਾਰ ਰੱਖਣ ਲਈ ਹਰ ਤਰ੍ਹਾਂ ਦਾ ਝੂਠ ਤੇ ਕੁਫ਼ਰ ਤੋਲਿਆ ਜਾਂਦਾ ਹੈ। ਇਤਿਹਾਸ ਤੇ ਮਿਥਿਹਾਸ ਨੂੰ ਰਲਗੱਡ ਕੀਤਾ ਜਾਂਦਾ ਹੈ। ਜੰਗ ਦਾ ਹਊਆ ਬਣਾ ਕੇ ਨਾਗਰਿਕਾਂ ਦੀ ਜਸੂਸੀ, ਸਥਾਪਤ ਧਾਰਨਾਵਾਂ/ਰਵਾਇਤਾਂ ਦਾ ਖੰਡਨ ਤੇ ਇਤਿਹਾਸ ਦੀ ਤਬਾਹੀ ਕੀਤੀ ਜਾਂਦੀ ਹੈ।

**—ਸਰਦਾਰਾ ਸਿੰਘ ਚੀਮਾ**

# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

2 ਅਕਤੂਬਰ ਦੇ ਨਵਾਂ ਜ਼ਮਾਨਾ ਵਿਚ 'ਦ੍ਰਿਸ਼ਟੀਕੋਣ' ਨੇ ਦੇਸ਼ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਦੀਆਂ ਕਈ ਤੰਦਾਂ ਬਾਰੇ ਜ਼ਿਕਰ ਕੀਤਾ ਹੈ। ਪੰਜਾਬ ਵਿੱਚ ਕੁਝ ਸਮੇਂ ਤੋਂ ਭ੍ਰਿਸ਼ਟਾਚਾਰ ਦੂਰ ਕਰਨ ਲਈ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ ਸਮੇਂ ਦੇ ਕੁਝ ਮੰਤਰੀਆਂ ਵਿਰੁੱਧ ਅਦਾਲਤੀ ਕੇਸ ਚੱਲ ਰਹੇ ਹਨ। ਅਦਾਲਤੀ ਪ੍ਰਕਿਰਿਆ ਵੀ ਕੋਈ ਸਮਾਂਬੱਧ ਨਹੀਂ ਹੁੰਦੀ। ਕਈ-ਕਈ ਸਾਲ ਕੇਸ ਚੱਲਦੇ ਵੇਖੇ ਗਏ ਹਨ, ਕਿਉਂਕਿ ਸਾਡਾ ਕਾਨੂੰਨ ਕਾਹਲਾ ਨਹੀਂ ਹੈ। ਕਾਲਮਨਵੀਸ ਦਾ ਖਿਆਲ ਹੈ ਕਿ ਇਹ ਕੰਮ ਸੌਖਾ ਨਹੀਂ ਹੈ, ਕਿਉਂਕਿ ਇਸ ਪਿੱਛੇ ਸਿਆਸੀ ਕਾਰਨ ਹਨ। ਜੇਕਰ ਕੋਈ ਸਿਆਸੀ ਕਿੜ ਕੱਢਣ ਦੀ ਗੱਲ ਨਾ ਵੀ ਹੋਵੇ ਤਾਂ ਜਦੋਂ ਨੂੰ ਕੇਸਾਂ ਦੇ ਫੈਸਲੇ ਹੋਣੇ ਹਨ, ਉਸ ਸਮੇਂ ਤੱਕ ਲੋਕ ਭੁੱਲ-ਭੁਲਾ ਜਾਣਗੇ। ਨਾਲ ਹੀ ਨਵੇਂ ਮੁੱਦੇ ਖੜੇ ਕਰ ਦਿੱਤੇ ਜਾਣਗੇ। ਇਹ ਸਾਡਾ ਲੋਕਤੰਤਰ ਹੈ। ਸੁਰਜੀਤ ਪਾਤਰ ਦੇ ਕੁਝ ਸ਼ਿਅਰ ਵੀ ਇਸ ਦੀ ਗਵਾਹੀ ਕਿ ਅਦਾਲਤ ਵਿਚ ਖੜੇ ਬੰਦੇ ਬ੍ਰਿਖ ਹੋ ਜਾਂਦੇ ਹਨ। ਇਸ ਨੂੰ ਕਾਨੂੰਨ ਦੀ ਕਮੀ ਕਿਹਾ ਜਾਵੇ ਜਾਂ ਹੋਰ ? ਇਹ ਗਾਥਾ ਛੋਟੀ ਨਹੀਂ ਹੈ। ਨਿੰਦਰ ਘੁਗਿਆਣਵੀ ਨੇ ਆਪਣੇ ਪ੍ਰਾਇਮਰੀ ਸਕੂਲ ਅਧਿਆਪਕਾਂ ਨੂੰ ਪੂਰੇ ਮਾਣ-ਸਤਿਕਾਰ ਨਾਲ ਯਾਦ ਕੀਤਾ ਹੈ, ਬਹੁਤ ਚੰਗਾ ਲੱਗਾ। ਖੁਸ਼ੀ ਹੈ ਕਿ ਨਿੰਦਰ ਦੀ ਮੁਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਦੀ ਹੈ ਤੇ ਮਾਂ ਬੋਲੀ ਪੰਜਾਬੀ ਵਿਚ ਰਹੀ ਹੈ। ਇਸੇ ਲਈ ਨਿੰਦਰ ਇਸ ਵੇਲੇ ਪੰਜਾਬੀ ਦਾ ਮਾਣਮੱਤਾ ਸਾਹਿਤਕਾਰ ਹੈ। ਨਿਰੰਜਨ ਬੋਹਾ ਦੀ ਕਿਤਾਬ 'ਤੀਸਰੀ ਖਿੜਕੀ' ਬਾਰੇ ਡਾ. ਹਰਜਿੰਦਰ ਸਿੰਘ ਦੀ ਸਮੀਖਿਆ ਪੜ੍ਹ ਕੇ ਕਹਾਣੀਆਂ ਦੀ ਰੂਹ ਦੇ ਦਰਸ਼ਨ ਹੋਏ। ਬਹੁਤ ਚੰਗਾ ਲੱਗਾ। ਪੱਤਰਕਾਰ ਇੰਦਰਜੀਤ ਚੁਗਾਵਾਂ ਦੇ ਪੰਜਾਬ ਮਸਲਿਆਂ ਨਾਲ ਜੁੜੇ ਵਿਸ਼ਿਆਂ ਦੀ ਕਿਤਾਬ ਵਿਚ ਚਰਚਾ ਕੀਤੀ ਹੈ। ਕੂੜ ਦੀਆਂ ਕੰਧਾਂ ਪੰਜਾਬ ਵਿਚ ਬਹੁਤ ਉੱਚੀਆਂ ਹਨ। ਅਜੋਕੀ ਸਰਕਾਰ ਇਹ ਕੰਧਾਂ ਢਾਹੁਣ ਦੇ ਰਾਹ ਤੁਰੀ ਹੈ, ਪਰ ਕਈ ਫੈਸਲੇ ਹੁਣ ਤੱਕ ਅਦਾਲਤਾਂ ਵਿਚ ਲਟਕਦੇ ਜਾ ਰਹੇ ਹਨ। ਲਾਗੂ ਨਹੀਂ ਹੋ ਰਹੇ। ਲੋਕ ਹੌਲੀ-ਹੌਲੀ ਅਸਲੀਅਤ ਸਮਝਦੇ ਜਾ ਰਹੇ ਹਨ। ਸੰਗਰੂਰ ਦੇ ਨਤੀਜੇ ਨੇ ਸਰਕਾਰ ਦੀਆਂ ਕੁਝ ਬਰੇਕਾਂ ਲਾ ਦਿੱਤੀਆਂ ਹਨ। ਜ਼ਿਆਦਾ ਜ਼ੋਰ ਇਸ਼ਤਿਹਾਰਬਾਜ਼ੀ ਵੱਲ ਹੈ। ਰੇਡੀਓ ਦੇ ਕਈ ਪ੍ਰੋਗਰਾਮ ਰੋਕ ਕੇ ਇਸ਼ਤਿਹਾਰ ਬੋਲਣੇ ਕਿਧਰਲੇ ਖਜ਼ਾਨੇ ਦੀ ਬੱਚਤ ਕਰਨਾ ਹੈ। ਡਾ. ਅਮਰ ਕੋਮਲ ਨੇ ਪੰਜਾਬ ਕਿਤਾਬ ਦੀ ਚਰਚਾ ਕੀਤੀ ਹੈ। ਪੰਜਾਬ ਬਾਰੇ ਖੋਜਮਈ ਪੁਸਤਕ ਦਾ ਸਵਾਗਤ ਹੈ। ਸੰਪਾਦਕ ਸਾਹਿਬਾਨ ਨੇ ਮਿਹਨਤ ਨਾਲ ਪੰਜਾਬ ਦੇ ਬਹੁਪੱਖੀ ਇਤਿਹਾਸ ਨੂੰ ਉਲੀਕਿਆ ਹੈ। ਲਹਿੰਦੇ ਪੰਜਾਬ ਦੇ ਸ਼ਾਇਰ ਸਲੀਮ ਪਾਸ਼ਾਂ ਨਾਲ ਡਾ. ਸੋਨੀਆ ਦੀ ਮੁਲਾਕਾਤ ਪੜ੍ਹ ਕੇ ਪੱਛਮੀ ਪੰਜਾਬ ਦੀ ਕਵਿਤਾ ਦੀ ਜਾਣਕਾਰੀ ਮਿਲੀ। ਡਰਾਇੰਗ ਦੀ ਰੁਚੀ ਨੇ ਕਵੀ ਨੂੰ ਨਵੇਂ ਦਿਸਹੱਦੇ ਵਿਖਾਏ। ਇਹ ਮੌਕਾ ਮੇਲ ਹੈ ਤੇ ਪੰਜਾਬੀ ਦੀ ਖੁਸ਼ਨਸੀਬੀ ਹੈ।

**— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਚੰਨ ਚਾਨਣੀ 'ਚ ਹਨੇਰਾ ਹੰਢਾਉਂਦਾ ਮਨ

2 ਅਕਤੂਬਰ ਦੇ ਨਵਾਂ ਜ਼ਮਾਨਾ ਵਿੱਚ ਅਮੋਲਕ ਸਿੰਘ ਦੀ ਉਪਰੋਕਤ ਕਵਿਤਾ ਵਿੱਚ ਅੱਜ ਦੇ ਮਨੁੱਖ ਦੀ ਸੰਵੇਦਨਸ਼ੀਲਤਾ ਅਤੇ ਫਿੱਕੇ ਪੈ ਰਹੇ ਮਨੁੱਖੀ ਰਿਸ਼ਤਿਆਂ ਨੂੰ ਬਹੁਤ ਖੂਬਸੂਰਤ ਢੰਗ ਨਾਲ ਚਿਤਰਿਆ ਹੈ। ਵਿਦੇਸ਼ਾਂ ਵਿੱਚ ਰੁਜ਼ਗਾਰ ਭਾਲਣ ਦੀ ਕੌੜ ਨੇ ਮਨੁੱਖ ਨੂੰ ਮਨੁੱਖ ਤੋਂ ਪਾਸਾ ਵੱਟਣ ਲਈ ਮਜਬੂਰ ਕੀਤਾ ਹੈ। ਪੜ੍ਹ ਕੇ ਮਨ ਭਾਵੁਕ ਹੋ ਉਠਿਆ।

**- ਤਰਲੋਚਨ ਰਾਏਪੁਰੀ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ-4

ਪੁਰਾਣੇ ਕਾਲਜ ਨੂੰ ਮਿਲਦਿਆਂ : ਡਾ. ਗੁਰਬਖ਼ਸ਼ ਸਿੰਘ ਭੰਡਾਲ

'ਤੰਦਾਂ' ਦੀ ਪਰਖ ਪੜਚੋਲ : ਡਾ. ਜਸਵਿੰਦਰ ਕੌਰ ਬਿੰਦਰਾ

ਪ੍ਰਤੀਨਿਧ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਜਗਤਾਰ ਗਿੱਲ ਦੇ ਦੋਹੇ



ਧਰਤੀਏ ਰੁਦਨ ਕਰੇਂਦੀਏ, ਪੰਛੀ ਰਹੇ ਗੁਆਚ
ਜੰਗਲ-ਬੇਲੇ ਖਾ ਗਈ, ਸਾਡੀ ਜੀਵਨ ਜਾਚ
ਧਰਤੀਏ ਰੁਦਨ ਕਰੇਂਦੀਏ, ਸਾਡਾ ਵੇਖ ਵਿਕਾਸ
ਪੰਛੀ ਕਿਧਰੇ ਉੱਡ ਗਏ, ਹੋਏ ਰੁੱਖ ਉਦਾਸ
ਧਰਤੀਏ ਰੁਦਨ ਕਰੇਂਦੀਏ, ਤੇਰਾ ਵਾਰਿਸ ਕੌਣ
ਸੈਆਂ ਰੰਗਾਂ ਦੀ ਭਰੀ, 'ਪਵਨ ਗੁਰੂ' ਜੋ ਪੌਣ
ਧਰਤੀਏ ਰੁਦਨ ਕਰੇਂਦੀਏ, ਡਿਗਦੇ ਪਏ ਪਹਾੜ
ਇਕ ਹੋਵੇ ਤਾਂ ਮੇਟੀਏ, ਸੌ ਸੌ ਜਗ੍ਹਾ ਦਰਾੜ
ਧਰਤੀਏ ਰੁਦਨ ਕਰੇਂਦੀਏ, ਖੋਟੇ ਹੋਏ ਲੇਖ
ਜਿਨ੍ਹਾਂ ਕਰਜ਼ ਉਤਾਰਨਾ, ਉਨ੍ਹਾਂ ਵਟਾਏ ਭੇਖ
ਧਰਤੀਏ ਰੁਦਨ ਕਰੇਂਦੀਏ, ਗਏ ਦੇਵਤੇ ਰੁੱਸ
ਬੰਦੇ ਨੂੰ ਜਦ ਤੋਂ ਪਿਆ, ਵਣ ਵੱਢਣ ਦਾ ਭੁੱਸ
ਧਰਤੀਏ ਰੁਦਨ ਕਰੇਂਦੀਏ, ਖੇਖਣਹਾਰ ਮਨੁੱਖ
ਮੰਗੇ ਸੁੰਨ-ਸਮਾਧੀਆਂ, ਵੱਢ ਕੇ ਸੰਘਣੇ ਰੁੱਖ
ਧਰਤੀਏ ਰੁਦਨ ਕਰੇਂਦੀਏ, ਹੋ ਗਏ ਪੁੱਤ ਕਪੁੱਤ
ਮਾਂ ਦੀ ਇੱਜ਼ਤ ਰੋਲਦੇ, ਨਸ਼ਿਆਂ ਦੇ ਵਿਚ ਧੁੱਤ।

(2)

ਪੁੱਤ ਕਹਾਉਣ ਕੈਨੇਡੀਅਨ, ਬਾਪੂ ਨੰਗੇ ਪੈਰ
ਮਰ ਗਈਆਂ ਸਰਦਾਰੀਆਂ, ਵਾਹੁਣ ਜ਼ਮੀਨਾਂ ਗ਼ੈਰ
ਪੁੱਤ ਕਹਾਉਣ ਕੈਨੇਡੀਅਨ, ਬਾਪੂ ਤੋੜੇ ਬੇਰ
ਟੁੱਟੇ ਅੰਦਰ ਵਾਸਤੇ ਕੀ ਡਾਲਰ ਦੇ ਢੇਰ
ਪੁੱਤ ਕਹਾਉਣ ਕੈਨੇਡੀਅਨ, ਮਾਂ ਹੋਈ ਲਾਚਾਰ
ਵਿਚ 'ਸਰੀ' ਦੇ ਭਾਲਦੀ, ਪਿੰਡਾਂ ਜਿਹੀ ਬਹਾਰ
ਪੁੱਤ ਕਹਾਉਣ ਕੈਨੇਡੀਅਨ, ਮਾਂ ਦੀ ਸੁਣਦਾ ਕੌਣ ?
ਬਰਫਾਂ ਲੱਦੇ ਦੇਸ਼ ਵਿਚ, ਹੋਵੇ ਨਾ ਸਿੱਧੀ ਧੌਣ
ਪੁੱਤ ਕਹਾਉਣ ਕੈਨੇਡੀਅਨ, ਵਿਹੜੇ ਸੁੰਞ ਮਸਾਣ
ਜੇ ਨਹੀਂ ਸੀ ਵਿਚ ਵੱਸਣਾ, ਕਿਉਂ ਛੱਤੇ ਦਲਾਣ
ਪੁੱਤ ਕਹਾਉਣ ਕੈਨੇਡੀਅਨ, ਮਾਪੇ ਤੱਕਣ ਰਾਹ
ਜਾਂਦੀ ਵਾਰ ਤਾਂ ਪੁੱਤਰਾ, ਸਾਨੂੰ ਮਿਲਦਾ ਜਾਹ
ਪੁੱਤ ਕਹਾਉਣ ਕੈਨੇਡੀਅਨ, ਘਰਾਂ 'ਚ ਉੱਗੇ ਘਾਹ
ਕੈਲਗਰੀ ਵਿਚ ਬੈਠ ਕੇ, ਭਰਦੇ ਠੰਢੇ ਸਾਹ
ਪੁੱਤ ਕਹਾਉਣ ਕੈਨੇਡੀਅਨ, ਬਚੇ ਨਾ ਚਾਰ ਸਿਆੜ
ਬਚਦੀ ਭੋਏਂ ਵੇਚੀਏ, ਬੱਚੇ ਕਰਨ ਰਿਹਾੜ

(3)

ਬੇਮੁਖ ਹੋਣ ਹਕੂਮਤਾਂ, ਲੋਕੀਂ ਹੋਣ ਖੁਆਰ
ਚੋਰ ਉਚੱਕੇ ਜਾਗਦੇ, ਲੁੱਟਣ ਚੋਰ-ਬਜ਼ਾਰ
ਬੇਮੁਖ ਹੋਣ ਹਕੂਮਤਾਂ, ਖੁੰਢੀ ਹੋਵੇ ਸੋਚ
ਅਕਲੀਂ ਵੱਜਣ ਜਿੰਦਰੇ, ਗਿੱਟਿਆਂ ਤਾਈਂ ਮੋਚ
ਬੇਮੁਖ ਹੋਣ ਹਕੂਮਤਾਂ, ਵੱਜਣ ਤਾਲ ਬੇਤਾਲ
ਝੂਠੇ ਫਿਰਨ ਢੰਡੋਰਚੀ, ਝੂਠੇ ਫਿਰਨ ਦਲਾਲ
ਬੇਮੁਖ ਹੋਣ ਹਕੂਮਤਾਂ, ਵਗੇ ਫਰੇਬੀ ਪੌਣ
ਗੱਲ ਕਰੇ ਜੋ ਸੱਚ ਦੀ, ਨੱਪਣ ਉਸ ਦੀ ਧੌਣ
ਬੇਮੁਖ ਹੋਣ ਹਕੂਮਤਾਂ, ਲੋਕੀਂ ਢੋਣ ਹਨੇਰ
ਕਿਸਮਤ ਤਾਈਂ ਕੋਸਦੇ, ਲੱਭਦੇ ਫਿਰਨ ਸਵੇਰ
ਬੇਮੁਖ ਹੋਣ ਹਕੂਮਤਾਂ, ਹਰ ਥਾਂ ਮੱਚੇ ਲੁੱਟ
ਪਹਿਲਾਂ ਪਕੜਨ ਉਂਗਲਾਂ, ਮਗਰੋਂ ਪਕੜਨ ਗੁੱਟ
ਬੇਮੁਖ ਹੋਣ ਹਕੂਮਤਾਂ, ਦਾਨਵ ਬਣਨ ਮਨੁੱਖ
ਮੂੰਹਾਂ ਨੂੰ ਲਹੂ ਲੱਗਿਆ, ਐਸੀ ਪੈਂਦੀ ਭੁੱਖ
ਬੇਮੁਖ ਹੋਣ ਹਕੂਮਤਾਂ, ਸੌਂ ਜਾਂਦੇ ਦਰਬਾਨ
ਵਾੜ ਖੇਤ ਨੂੰ ਖਾ ਲਵੇ, ਰਾਖਾ ਹੈ ਭਗਵਾਨ

(4)

ਸੁੰਞੀਆਂ ਦਿਸਣ ਹਵੇਲੀਆਂ, ਪੁੱਤ ਗਏ ਪਰਦੇਸ
ਦੇਹੀ ਰੋਗਾਂ ਖਾ ਲਈ, ਉਤੋਂ ਬਿਰਧ ਵਰੇਸ
ਸੁੰਞੀਆਂ ਦਿਸਣ ਹਵੇਲੀਆਂ, ਨਸ਼ਿਆਂ ਖਾਧੇ ਪੁੱਤ
ਪੱਲੇ ਪਈਆਂ ਕੰਗਾਲੀਆਂ, ਕੇਹੀ ਚੰਦਰੀ ਰੁੱਤ
ਸੁੰਞੀਆਂ ਦਿਸਣ ਹਵੇਲੀਆਂ, ਖ਼ੁਦਕੁਸ਼ੀਆਂ ਦਾ ਦੌਰ
ਕਦੀ ਸਮਾਂ ਸੀ ਜੱਟ ਦਾ, ਹੈ ਸੀ ਪਿੰਡ 'ਚ ਟੌਰ੍ਹ
ਸੁੰਞੀਆਂ ਦਿਸਣ ਹਵੇਲੀਆਂ, ਚਾਰ-ਚੁਫੇਰ ਉਜਾੜ
ਸਾਹ ਹੁਧਾਰੇ ਲੈਣ ਨੂੰ, ਕਰਦੇ ਲੋਕ ਜੁਗਾੜ
ਸੁੰਞੀਆਂ ਦਿਸਣ ਹਵੇਲੀਆਂ, ਵਿਹੜੇ ਹੋਏ ਉਦਾਸ
ਪਰਤੇ ਘਰ ਨੂੰ ਲਾਲ ਜੀ! ਕਿਰਦੇ ਜਾਣ ਸਵਾਸ।
ਸੁੰਞੀਆਂ ਦਿਸਣ ਹਵੇਲੀਆਂ, ਗਏ ਬਨੇਰੇ ਢੱਠ
ਕਿਸ ਕੰਮ ਡਾਲਰ-ਪੌਂਡ ਨੇ, ਪੈਣ ਕਮਾਈਆਂ ਭੱਠ
ਸੁੰਞੀਆਂ ਦਿਸਣ ਹਵੇਲੀਆਂ, ਕਰਜ਼ੇ ਖਾ ਗਏ ਖੇਤ
ਰਹਿਬਰ ਕਿਉਂ ਸੁੱਤਾ ਪਿਆ, ਕਿਹੜਾ ਜਾਣੇ ਭੇਤ
ਸੁੰਞੀਆਂ ਦਿਸਣ ਹਵੇਲੀਆਂ, ਰੌਣਕ ਗਈ ਗਵਾਚ
ਸੱਥਾਂ ਵਿਚ ਮੰਦਹਾਲੀਆਂ, ਨੱਚਣ ਨੰਗਾ ਨਾਚ

(5)

ਆਖਾਂ ਮੈਂ ਜੰਗਬਾਜ਼ ਨੂੰ, ਧਰਤੀ ਨਾ ਕਰ ਥੇਹ
ਕਿਉਂ ਏਨੀ ਰੱਤ ਡੀਕ ਕੇ, ਬੁਝੀ ਨਾ ਤੇਰੀ ਤੇਹ
ਆਖਾਂ ਮੈਂ ਜੰਗਬਾਜ਼ ਨੂੰ, ਕੁੱਝ ਤਾਂ ਸੋਚ ਵਿਚਾਰ
ਤੇਰੇ ਵੱਲ ਮੂੰਹ ਕਰਨਗੇ ਤੇਰੇ ਹੀ ਹਥਿਆਰ
ਆਖਾਂ ਮੈਂ ਜੰਗਬਾਜ਼ ਨੂੰ, ਧਰਤੀ ਕਰੇ ਪੁਕਾਰ
ਮੇਟ ਨਾ ਦੇਵੀਂ ਸਵਰਗ ਨੂੰ, ਫੂਕ ਜ਼ਹਿਰੀਲੀ ਮਾਰ
ਆਖਾਂ ਮੈਂ ਜੰਗਬਾਜ਼ ਨੂੰ, ਮਾੜੀ ਰੱਖ ਨਾ ਸੋਚ
ਨਹੀਂ ਤਾਂ ਅਮਨ ਪੁਜਾਰੀਆਂ ਦੇਣੀ ਫੱਟੀ ਪੋਚ
ਆਖਾਂ ਮੈਂ ਜੰਗਬਾਜ਼ ਨੂੰ, ਰੱਖ ਨਾ ਕੋਲ ਬਰੂਦ
ਤੈਨੂੰ ਹੀ ਇਹ ਲੈ ਬਹੂ, ਪਾ ਨਾ ਰੋਜ਼ ਖਰੂਦ
ਆਖਾਂ ਮੈਂ ਜੰਗਬਾਜ਼ ਨੂੰ, ਬੱਚਿਆਂ ਦੇ ਵੱਲ ਵੇਖ
ਨਾ ਖੋਹ ਤੂੰ ਕਿਲਕਾਰੀਆਂ, ਲਿਖ ਨਾ ਕਾਲੇ ਲੇਖ
ਆਖਾਂ ਮੈਂ ਜੰਗਬਾਜ਼ ਨੂੰ, ਬੰਜਰ ਕਰੀਂ ਨਾ ਖੇਤ
ਖੋਹਵੇਂਗਾ ਹਰਿਆਲੀਆਂ, ਅੱਖੀਂ ਪੈਣੀ ਰੇਤ
ਆਖਾਂ ਮੈਂ ਜੰਗਬਾਜ਼ ਨੂੰ, ਪਿੱਛੇ ਝਾਤੀ ਮਾਰ
ਕਿਸ ਨੇ ਖੱਟਿਆ ਜੰਗ 'ਚੋਂ, ਮਨ ਦਾ ਵਹਿਮ ਉਤਾਰ

(6)

ਮਾਵਾਂ ਰਾਤ ਨਾ ਸੌਂਦੀਆਂ, ਪੁੱਤ ਗਏ ਪਰਦੇਸ
ਕਿਰਦੇ ਜਾਂਦੇ ਸਵਾਸ ਨੇ, ਜਿਉਂ ਮੁੱਠੀ 'ਚੋਂ ਰੇਤ
ਮਾਵਾਂ ਰਾਤ ਨਾ ਸੌਂਦੀਆਂ, ਜਾਗੇ ਨਸ਼ਾ ਵਪਾਰ
ਬੂਹੇ ਮਾਰ ਲੁਕਾਉਂਦੀਆਂ, ਪੁੱਤ ਨਾ ਕੱਢਣ ਬਾਹਰ
ਮਾਵਾਂ ਰਾਤ ਨਾ ਸੌਂਦੀਆਂ, ਮਹਿੰਗਾ ਹੋ ਗਿਆ ਦਾਜ
ਲਾੜੇ ਕਾਰਾਂ ਮੰਗਦੇ, ਵਿਗੜਿਆ ਪਿਆ ਸਮਾਜ
ਮਾਵਾਂ ਰਾਤ ਨਾ ਸੌਂਦੀਆਂ, ਪੁੱਤਰ ਵਿਗੜੀ ਜਾਣ
ਸਮਝ ਨਾ ਆਵੇ ਕੋਈ ਵੀ, ਮਾਪੇ ਕਿੱਧਰ ਜਾਣ
ਮਾਵਾਂ ਰਾਤ ਨਾ ਸੌਂਦੀਆਂ, ਸੋਚਾਂ ਬਣੀਆਂ ਭਾਰ
ਅਕਲ ਕਰੋ ਕੁੱਝ ਰਹਿਬਰੋ, ਡੋਬੋ ਨਾ ਵਿਚਕਾਰ
ਮਾਵਾਂ ਰਾਤ ਨਾ ਸੌਂਦੀਆਂ, ਹੋਈਆਂ ਬਹੁਤ ਉਦਾਸ
ਦੁੱਧੀ ਪਾਲੇ ਪੁੱਤ ਸੀ, ਪਾਣੀ ਦੀ ਵੀ ਨਹੀਂ ਆਸ
ਮਾਵਾਂ ਰਾਤ ਨਾ ਸੌਂਦੀਆਂ, ਬੁੱਲ੍ਹ ਟੁੱਕ ਰੋਈ ਜਾਣ
ਕਿਹਾ ਜ਼ਮਾਨਾ ਆ ਗਿਆ, ਰਿਸ਼ਤੇ ਲਹੂ ਲੁਹਾਣ

ਮੋਬਾ. 94647-80299

# ਸੌਂਦਾ-ਜਾਗਦਾ ਮਨੁੱਖ ਤੇ ਸੁਰਾਂ

## ਡਾਇਰੀ ਦਾ ਪੰਨਾ

**ਨਿੰਦਰ ਘੁਗਿਆਣਵੀ**

ਚੰਨ ਚਾਨਣੀ ਰਾਤ। ਚੌਬਾਰੇ ਦੀ ਛੱਤ ਉਤੇ ਗੂੜ੍ਹੀ ਨੀਂਦਰ ਆਈ। ਇਵੇਂ ਲੱਗਿਐ, ਜਿਵੇਂ ਕੋਈ ਤਿੱਖੇ-ਚਾਨਣੇ ਦੀ ਬੈਟਰੀ ਮੇਰੀਆਂ ਅੱਖਾਂ ਵਿੱਚੀਂ ਮਾਰ ਰਿਹੈ! ਅੱਖਾਂ ਖੁੱਲ੍ਹ ਗਈਆਂ। ਕੁਦਰਤ ਦਾ ਰੋਮਾਂਚਿਕ ਨਜ਼ਾਰਾ ਮਾਨਣ ਲਈ ਆਪਣੇ ਤਖ਼ਤਪੋਸ਼ ਉੱਪਰ ਚੌਂਕੜ ਮਾਰ ਲਈ ਹੈ। ਚੰਨ ਆਪਣੇ ਪੂਰੇ ਜਲੌਅ ਨਾਲ਼ ਟਹਿਕ ਰਿਹੈ, ਚਾਰ-ਚੁਫ਼ੇਰੇ ਚਾਨਣਾ ਫ਼ੈਲ ਰਿਹੈ। ਕਮਾਲ ਐ ਤੇਰੀ ਕੁਦਰਤੇ! ਬਲਿਹਾਰੀ ਜਾਵਾਂ। ਠੰਢੀ ਹਵਾ ਦਾ ਬੁੱਲਾ ਆਇਐ ਤਾਂ ਚਾਨਣਾ ਹੋਰ ਵੀ ਚੰਗਾ-ਚੰਗਾ ਲੱਗਣ ਲੱਗਿਐ।

"ਵਾਹ! ਨੀਂਦ ਤਾਂ ਹਰ ਰੋਜ਼ ਲੈਣੀ ਏਂ, ਪਰ ਅਹਿ ਨਜ਼ਾਰਾ ਰੋਜ਼-ਰੋਜ਼ ਨਹੀਉਂ ਲੱਭਣਾ।" ਆਪ-ਮੁਹਾਰੇ ਮੂੰਹੋਂ ਨਿਕਲਿਐ, "ਸਦਕੇ ਜਾਵਾਂ ਤੇਰੇ ਪਿਆਰੀਏ-ਨਿਆਰੀਏ ਕੁਦਰਤੇ।"

ਸਾਰਾ ਪਿੰਡ ਘੂਕ ਸੁੱਤਾ ਪਿਆ ਹੈ। ਗੀਤ ਚੇਤੇ ਆਉਣ ਲੱਗਿਆ :

ਜੀ ਕਰਦਾ ਚਕੋਰ ਬਣ ਜਾਵਾਂ
ਮੈਂ ਪੁੰਨਿਆਂ ਦਾ ਚੰਨ ਤੱਕ ਕੇ...

ਖੱਬੇ ਪਾਸੇ ਵੱਲ ਝਾਕਦਾ ਹਾਂ, ਹਜ਼ਾਰਾਂ ਮੀਲਾਂ ਲੰਬਾ, ਸੰਘਣਾ ਤੇ ਘਣਘੋਰ ਜੰਗਲ (ਬੀੜ) ਵੀ ਬੇਫ਼ਿਕਰੀ ਨਾਲ਼ ਸੌਂ ਰਿਹਾ ਹੈ। ਐਨਾ ਚਾਨਣਾ ਕਿ ਚੌਬਾਰੇ ਦੀ ਛੱਤ ਉੱਤੇ ਫਿਰਦੀ ਕੀੜੀ ਵੀ ਨਜ਼ਰੀਂ ਪੈ ਜਾਏ, ਪਰ ਹੁਣ ਕੀੜੀਆਂ ਵੀ ਨੀਂਦਰ ਦੀ ਆਗੋਸ਼ ਵਿੱਚ ਨੇ। ਕਿੱਧਰੋਂ ਕਿਸੇ ਕੁੱਤੇ ਦੀ "ਭਊਂ-ਭਊਂ" ਵੀ ਨਹੀਂ ਸੁਣਾਈ ਦੇ ਰਹੀ ਤੇ ਨਾ ਹੀ ਕਿਸੇ ਬੀਂਡੇ ਦੇ ਬੋਲਣ ਦੀ, ਤੇ ਨਾ ਹੀ ਕੰਧਾਂ ਵਿੱਚ ਟਿੱਡੀਆਂ ਦੇ ਟੁਮਕਣ ਦੀ ਆਵਾਜ਼!

ਘਰ ਦੇ ਸਾਹਮਣੇ ਵਾਲੀ ਵੱਡੀ ਸਾਰੀ ਪਹਾੜੀ-ਕਿੱਕਰ ਅਹਿੱਲ ਖਲੋਤੀ ਹੈ।

ਪਸ਼ੂ-ਡੰਗਰ, ਪੰਛੀ-ਪਰਿੰਦੇ ਸਭ ਘੂਕ ਸੌਂ ਰਹੇ ਨੇ, ਪਰ ਮੈਂ ਚੌਬਾਰੇ ਦੀ ਛੱਤ ਉੱਪਰ ਇਕੱਲਾ ਬੈਠਾ, ਚੰਨ-ਚਾਨਣੀ ਰਾਤ ਦਾ ਚਾਨਣਾ ਮਾਣ ਰਿਹਾ ਹਾਂ!

ਸੋਚ ਆਈ, ਮਨੁੱਖ ਕਮਲਾ-ਰਮਲਾ ਨਹੀਂ, ਤਾਂ ਹੋਰ ਕੀ ਹੈ? ਕੁਦਰਤ ਦਾ ਨਜ਼ਾਰਾ, ਚੰਨ ਦਾ ਚਾਨਣਾ, ਰਾਤ ਦਾ ਚਿੱਟਮ-ਚਿੱਟਾ ਸੰਨਾਟਾ, ਮੱਠੀ-ਮੱਠੀ ਮਸਤ ਹਵਾ ਦਾ ਰੁਮਕਣਾ, ਖ਼ਾਮੋਸ਼ੀ ਦਾ ਪਹਿਰਾ... ਭਲਾ ਕਿਤੋਂ ਵੀ ਮੁੱਲ ਮਿਲਣ ਵਾਲਾ ਹੈ ਇਹ ਸੱਭੋ ਕੁੱਝ? ਇਹ ਹਰੇਕ ਨੂੰ ਮਾਣ ਲੈਣਾ ਚਾਹੀਦਾ ਏ। ਕਿਉਂ ਸੁੱਤੇ ਹੋਏ ਨੇ ਸਭ ਘੂਕ? ਇੱਕ ਪਲ ਮਨ ਵਿੱਚ ਆਈ, ਸਭ ਨੂੰ ਹਾਕਾਂ ਲਗਾ ਕੇ ਜਗਾ ਦੇਵਾਂ, ਪਰ ਦੂਸਰੇ ਪਲ, ਮਨ ਨੇ ਕਿਹਾ, "ਨਾ-ਨਾ-ਨਾ, ਕਿਸੇ ਨੂੰ ਹਾਕ ਮਾਰਨ ਦੀ ਭੁੱਲ ਨਾ ਕਰੀਂ! ਸਭ ਜਾਗ ਰਹੇ ਨੇ, ਸਭ ਜਾਗ ਰਹੇ ਨੇ, ਪਰ ਮੰਜਿਆਂ 'ਤੇ ਜਾਗ ਪਏ-ਪਏ ਰਹੇ ਨੇ, ਬਿਸਤਰਿਆਂ ਨਾਲ਼ ਲਿਪਟੇ ਹੋਏ।"

ਕੋਈ ਵਿਰਲਾ ਹੀ ਸੁੱਤਾ ਏ। ਮਨੁੱਖ ਜਾਗ ਰਿਹੈ। ਮਨੁੱਖ ਤਾਂ ਸੁੱਤਾ ਹੋਇਆ ਵੀ ਜਾਗਦੈ। ਚਿੰਤਾਵਾਂ, ਝੋਰੇ, ਪਰੇਸ਼ਾਨੀਆਂ, ਜ਼ਿੰਮੇਵਾਰੀਆਂ, ਕਬੀਲਦਾਰੀਆਂ, ਬੇਰੁਜ਼ਗਾਰੀਆਂ, ਮੁਕੱਦਮੇ, ਝਗੜੇ, ਫਸਾਦ, ਤਕਰਾਰ, ਦੁਸ਼ਮਣੀਆਂ, ਡਿਪਰੈਸ਼ਨ, ਕਰਜ਼ੇ, ਚੋਰੀਆਂ, ਯਾਰੀਆਂ, ਅਮੁੱਕ ਬਿਮਾਰੀਆਂ, ਖੱਜਲ-ਖੁਆਰੀਆਂ ਜਿਹੇ ਸੰਕਟਾਂ ਅਤੇ ਭੈੜੀਆਂ ਬਲਾਵਾਂ ਵਿੱਚ ਘਿਰਿਆ ਤੇ ਜਕੜਿਆ ਮਨੁੱਖ ਸੁੱਤਾ ਹੋਇਆ ਵੀ ਜਾਗਦਾ ਹੈ, ਪਾਸਾ ਪਰਤਦਿਆਂ ਉਸ ਦੀ ਨੀਂਦਰ ਟੁੱਟਦੀ ਹੈ, ਲੰਮਾ ਹਉਕਾ ਲੈਂਦਾ ਹੈ, ਝੱਟ ਇਹ ਬਲਾਵਾਂ ਆ ਝੰਜੋੜਦੀਆਂ ਨੇ ਰਲ-ਮਿਲ ਕੇ। ਮੰਦੇ ਸੁਫ਼ਨੇ ਬੁੜਬੁੜਾਹਟ ਪੈਦਾ ਕਰਦੇ ਨੇ, ਉੱਠ-ਉੱਠ ਬਹਿੰਦਾ ਹੈ, ਫੇਰ ਪੈ ਜਾਂਦਾ ਹੈ ਮਨੁੱਖ...ਸੌਂਦਾ-ਜਾਗਦਾ...ਊਂਘਦਾ...। ਰਾਤ ਜਾਗਦਿਆਂ ਹੀ ਲੰਘਦੀ ਹੈ ਉਹਦੀ।

ਚੰਨ ਟਹਿਕ ਰਿਹਾ ਹੈ। ਚਾਨਣਾ ਬਿਖ਼ਰ ਰਿਹਾ ਹੈ। ਮਨੁੱਖ ਸੌਂ ਰਿਹੈ, ਪਰ ਫਿਰ ਵੀ ਜਾਗ ਰਿਹਾ ਹੈ। ਇਸ ਵਕਤ ਨੂੰ ਮਾਨਣ-ਮੰਨਾਉਣ ਵਾਲਾ ਹੋਰ ਮਨੁੱਖ ਹੈ। ਜਾਗਣ-ਜਗਾਉਣ ਵਾਲਾ ਤੇ ਬਿਸਤਰ 'ਤੇ ਸੁਸਤਾਉਣ ਵਾਲਾ ਹੋਰ...।

ਪਿੰਡ ਹਾਂ ਮੈਂ, ਪ੍ਰਸੰਨ ਹਾਂ ਪੂਰਾ।

....

(ਅਮੀਰ ਗਾਇਕਾਂ ਦੇ ਨਾਂਅ)

ਸੁਸਤਾਉਣ ਲੱਗੀਆਂ ਨੇ ਸੁਰਾਂ। ਸੁਰਾਂ ਝੌਂਪੜੀ ਵਿੱਚ ਰਹਿੰਦੀਆਂ, ਜਦੋਂ ਜਾਗਦੀਆਂ, ਆਲ਼ਾ-ਦੁਆਲ਼ਾ ਵੀ ਜਗਮਗਾ ਪੈਂਦਾ ਸੁਰਾਂ ਨਾਲ। ਸੁਰਾਂ ਖੇਲ੍ਹਦੀਆਂ ਮੇਲ੍ਹਦੀਆਂ, ਨਾਲ਼ੇ-ਨਾਲ਼ ਆਲ਼ਾ-ਦੁਆਲ਼ਾ ਵੀ ਖੇਲ੍ਹਣ ਤੇ ਮੇਲ੍ਹਣ ਲੱਗ ਪੈਂਦਾ!

ਸੁਰਾਂ ਵਿੱਚ ਸ਼ਕਤੀ, ਅਲੌਕਿਕ ਸ਼ਕਤੀ, ਦੁਨੀਆ ਤੋਂ ਨਿਆਰੀ ਸ਼ਕਤੀ! ਝੌਂਪੜੀ ਸੁਰਾਂ ਨੂੰ ਤੰਦਰੁਸਤ ਤੇ ਸੁਹਾਵਣਾ ਵਾਤਾਵਰਨ ਪ੍ਰਦਾਨ ਕਰਦੀ ਰਹਿੰਦੀ।

ਸੁਰਾਂ ਉੱਠੀਆਂ, ਅਛੋਪਲੇ ਜਿਹੇ ਉੱਠ ਕੇ ਮਹੱਲ ਵਿੱਚ ਚਲੇ ਗਈਆਂ। ਗਲੀ-ਗੁਆਂਢ ਵਾਲੇ 'ਮਹਿਲੀਂ-ਲੋਕ' ਪਰੇਸ਼ਾਨ ਹੋ ਗਏ।

ਮਹੱਲ ਦੇ ਮਾਲੀ ਖ਼ਫ਼ਾ ਹੋਣ ਲੱਗੇ। ਸੁਰਾਂ ਸੁਣਦੇ ਉਹ ਬੂਟਿਆਂ ਨੂੰ ਤਨਿਉਂ ਵੱਢ ਸੁੱਟਦੇ। ਉਨ੍ਹਾਂ ਨੂੰ ਬੂਟਿਆਂ ਦੀ ਪਛਾਣ ਨਾ ਰਹੀ। ਫੁੱਲਾਂ ਨੂੰ ਖਿੜਨਾ ਭੁੱਲਣ ਲੱਗਿਆ। ਮਾਲੀ, ਖਾਨਸਾਮੇ ਤੇ ਅਰਦਲੀ ਬੇਅਰਾਮ ਹੋ ਗਏ।

ਮਹੱਲੀਂ ਪ੍ਰਵੇਸ਼ ਪਾ ਕੇ ਸੁਰਾਂ ਆਲਸੀ ਹੋ ਗਈਆਂ। ਕੁਵੇਲੇ ਜਾਗਦੀਆਂ। ਕੁਵੇਲੇ ਸੌਂਦੀਆਂ। ਉਨ੍ਹਾਂ ਨੂੰ ਸੁਸਤੀ ਤੇ ਨੇਸਤੀ ਚੜ੍ਹਨ ਲੱਗ ਪਈ, ਜਿਵੇਂ ਬੀਮਾਰ ਹੋ ਗਈਆਂ ਹੋਵਣ! ਝੁੱਗੀਆਂ ਵਿੱਚੋਂ ਆਣ ਪਿੱਛੋਂ ਸੁਰਾਂ ਮਹੱਲ ਦੀਆਂ ਮਾਲਕ ਬਣ ਗਈਆਂ ਸਨ। ਇਸ ਵਾਸਤੇ ਉਹ ਬੇਸੁਰੀਆਂ ਰਹਿਣ ਲੱਗੀਆਂ।

# ਮਿੰਨੀ ਕਹਾਣੀ

## ਕਿਲਕਾਰੀਆਂ

ਦਿਨ ਦੇ ਢਲਣ ਵੇਲੇ ਮੈਂ ਬਜ਼ਾਰੋਂ ਵਾਪਸ ਆ ਰਿਹਾ ਸੀ ਕਿ ਰਸਤੇ ਵਿਚ ਮੈਨੂੰ ਮੇਰਾ ਪੁਰਾਣਾ ਮਿੱਤਰ ਸੇਰੂ ਮਿਲ ਗਿਆ। ਸ਼ਰਾਬ ਦੇ ਨਸ਼ੇ ਵਿਚ ਟੁੰਨ ਹੋਇਆ ਉਹ ਕਦੇ ਸੜਕ ਦੇ ਐਸ ਕਿਨਾਰੇ, ਕਦੇ ਸੜਕ ਦੇ ਵਿਚਕਾਰ ਅਤੇ ਕਦੇ ਦੂਜੇ ਪਾਸੇ ਪਹੁੰਚ ਜਾਂਦਾ। ਮੈਂ ਉਸ ਨੂੰ ਰੋਕ ਕੇ ਸਮਝਾਉਣ ਲੱਗਿਆ,

"ਕਿਉਂ ਰੋਜ਼-ਰੋਜ਼ ਸ਼ਰਾਬ ਪੀ-ਪੀ ਕੇ ਸਿਹਤ ਗਾਲ ਰਿਹੈਂ। ਕੀ ਮਿਲਦਾ ਹੈ ਏਸ 'ਚੋਂ। ਸਿਹਤ ਦੇ ਨਾਲ-ਨਾਲ ਪੈਸੇ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਘਰ ਦਾ ਮਾਹੌਲ ਅੱਡ ਖਰਾਬ ਹੋਇਆ ਰਹਿੰਦਾ ਹੈ। ਘਰ ਵਾਲੀ ਤੇਰੀ ਫਿਕਰਾਂ 'ਚ ਸੁੱਕ ਕੇ ਹੱਡੀਆਂ ਦੀ ਮੁੱਠ ਰਹਿ ਗਈ। ਮਾੜਾ-ਮੋਟਾ ਘਰ ਵੰਨੀਂ ਵੀ ਦੇਖ ਲਿਆ ਕਰ। ਮਾਇੰਡ ਨਾ ਕਰੀਂ, ਤੂੰ ਮੇਰਾ ਮਿੱਤਰ ਐਂ, ਤੈਨੂੰ ਸਮਝਾਉਣਾ ਮੈਂ ਆਪਣਾ ਫਰਜ਼ ਸਮਝਦਾ ਹਾਂ, ਇਸ ਕਰਕੇ ਕਹਿ ਰਿਹਾ ਹਾਂ।"

"ਨਹੀਂ ਵੀਰੇ, ਮੈਂ ਰੋਜ਼ ਕਾਹਨੂੰ ਪੀਨਾ। ਅੱਜ ਤਾਂ ਦਿਨ ਹੀ ਖੁਸ਼ੀਆਂ ਵਾਲਾ ਚੜ੍ਹਿਆ ਹੈ। ਅੱਜ ਤੇਰੀ ਭਰਜਾਈ ਨੂੰ ਡਾਕਟਰ ਦੇ ਚੈੱਕ ਕਰਵਾ ਕੇ ਲਿਆਇਆ। ਤੈਨੂੰ ਤਾਂ ਪਤਾ ਈ ਐ, ਮੇਰੇ ਵਿਆਹ ਨੂੰ ਗਿਆਰਾਂ ਸਾਲ ਹੋ ਚੱਲੇ ਨੇ। ਨਿੱਕੇ ਨਿਆਣੇ ਨੂੰ ਤਰਸੇ ਪਏ ਸੀ। ਡਾਕਟਰ ਨੇ ਦੱਸਿਆ ਹੈ ਕਿ ਤੇਰੀ ਭਰਜਾਈ ਸੁਰਜੀਤ ਕੁਰ ਦਾ ਸੁੱਖ ਨਾਲ ਹੁਣ ਪੈਰ ਭਾਰੀ ਹੈ ਅਤੇ ਮੂਹਰੇ ਤੇਰੇ ਵੀਰ ਦੇ ਘਰ ਵੀ ਕਿਲਕਾਰੀਆਂ ਗੂੰਜਣਗੀਆਂ। ਬੱਸ ਐਸੇ ਖੁਸ਼ੀ 'ਚ ਦੋ ਪੈੱਗ ਲਾ ਆਇਆਂ।"

ਸਮਾਂ ਪਾ ਕੇ ਮੇਰੇ ਦੋਸਤ ਦੇ ਘਰ ਵਾਕਿਆ ਹੀ ਕਿਲਕਾਰੀਆਂ ਗੂੰਜੀਆਂ ਜਦੋਂ ਉਸ ਦੇ ਬੇਟੇ ਜਗਸੀਰ ਨੇ ਜਨਮ ਲਿਆ। ਹੁਣ ਜਗਸੀਰ ਵੀਹ ਸਾਲ ਦਾ ਹੋ ਗਿਆ ਹੈ।

"ਕਿੱਧਰ ਨੂੰ ਚੱਲਿਐਂ, ਸੇਰ ਸਿਹਾਂ? ਰਾਤ ਕੀ ਹੋ ਗਿਆ ਸੀ। ਥੋਡੇ ਘਰੇ ਬੜਾ ਖੜਦੁੰਬ ਪਈ ਜਾ ਰਿਹਾ ਸੀ। ਵਿੱਚ-ਵਿੱਚ ਦੀ ਤਾਂ ਰੋਣ ਦੀ ਆਵਾਜ਼ ਵੀ ਆ ਰਹੀ ਸੀ।" ਵਾਹੋ-ਦਾਹੀ ਬਾਜ਼ਾਰ ਵੱਲ ਭੱਜੇ ਜਾਂਦੇ ਸੇਰੂ ਨੂੰ ਰੋਕ ਕੇ ਮੈਂ ਪੁੱਛਿਆ।

"ਕੀ ਪੁੱਛਦੈਂ ਮਿੱਤਰਾ, ਝੱਗਾ ਚੱਕਦਿਆਂ ਆਪਣਾ ਈ ਢਿੱਡ ਨੰਗਾ ਹੁੰਦੈ, ਪਰ ਤੈਥੋਂ ਤਾਂ ਕਾਹਦੀ ਲੁੱਕ, ਤੂੰ ਤਾਂ ਸਾਡੇ ਘਰ ਦੇ ਜੀਆਂ ਵਰਗਾ ਹੀ ਐਂ। ਆਹ ਸਾਲਾ ਜਗਸੀਰ, ਤੈਨੂੰ ਤਾਂ ਪਤਾ ਈ ਐ ਕਿਵੇਂ ਸੁੱਖਾਂ ਸੁੱਖ ਕੇ ਲਿਆ ਸੀ। ਲਾਡਾਂ-ਚਾਵਾਂ ਨਾਲ ਪਾਲਿਆ। ਹੁਣ ਸਾਨੂੰ ਇਨਾਮ ਦਿੰਦੈ। ਰੋਜ਼ ਡੱਕ ਕੇ ਆ ਜਾਂਦੈ, ਫਿਰ ਸਾਡੇ ਨਾਲ ਝਾਟਮ ਝੀਟੇ। ਅਸੀਂ ਤਾਂ ਤਪਾਏ ਪਏ ਆਂ। ਰਾਤ ਵੀ ਇਹੀ ਕੁੱਛ ਹੋਇਆ। ਪੀ ਕੇ ਉੱਚੀ-ਉੱਚੀ ਕਿਲਕਾਰੀਆਂ ਮਾਰ ਰਿਹਾ ਸੀ। ਥਾਣੇ ਚੱਲਿਆਂ, ਅਰਜ਼ੀ ਦੇਣ, ਜੇ ਕਿਤੇ ਸੁਧਰ ਜਾਏ।" ਸੇਰੂ ਨੇ ਢਿੱਡ ਫਰੋਲਿਆ ਸੀ।

ਸੇਰੂ ਦੇ ਚਲੇ ਜਾਣ ਤੋਂ ਬਾਅਦ ਮੈਂ ਸੋਚ ਰਿਹਾ ਸੀ। ਕਿਲਕਾਰੀ ਕਿਲਕਾਰੀ ਦਾ ਕਿੰਨਾ ਫਰਕ ਹੁੰਦਾ ਹੈ। ਇੱਕ ਉਹ ਕਿਲਕਾਰੀ ਜਿਸ ਨੂੰ ਸੁਣਨ ਲਈ ਸੇਰੂ ਅਤੇ ਉਸ ਦਾ ਪਰਵਾਰ ਤਰਸ ਰਿਹਾ ਸੀ ਅਤੇ ਇੱਕ ਇਹ ਕਿਲਕਾਰੀ ਜਿਸ ਨੇ ਉਸੇ ਪਰਵਾਰ ਦਾ ਜਿਉਣਾ ਦੁੱਭਰ ਕਰ ਰੱਖਿਆ ਸੀ।

— ਜਗਦੇਵ ਸ਼ਰਮਾ

# ਇੰਜ ਹੋਇਆ ਐੱਮ ਏ, ਐੱਮ ਫਿਲ ਵਿੱਚ ਮੇਰਾ ਦਾਖਲਾ

ਕਾਲਜ ਦੀ ਪੜ੍ਹਾਈ ਦੌਰਾਨ ਮੇਰਾ ਉਤਸ਼ਾਹ ਪੰਜਾਬੀ ਲਾਜ਼ਮੀ ਅਤੇ ਪੰਜਾਬੀ ਲਿਟਰੇਚਰ ਵਿਸ਼ਿਆਂ ਕਰਕੇ ਬਣਿਆ ਰਿਹਾ। ਅਰਥ-ਸ਼ਾਸਤਰ ਅਤੇ ਹਿਸਾਬ ਵਰਗੇ ਵਿਸ਼ੇ ਮੈਂ ਪਹਿਲੇ ਸਾਲ ਹੀ ਬਦਲ ਲਏ ਸਨ। ਪੰਜਾਬੀ ਲਿਟਰੇਚਰ ਵਿੱਚੋਂ ਜਦ ਮੈਂ ਸਾਲਾਨਾ ਇਮਤਿਹਾਨਾਂ ਵਿੱਚੋਂ ਫਸਟ ਆਉਣ ਲੱਗਾ ਅਤੇ ਕਨਵੋਕੇਸ਼ਨ ਵਾਲੇ ਦਿਨ ਵੱਡੇ ਕਾਲਜ ਦੇ ਵੱਡੇ ਸਮਾਗਮ ਦੀ ਵੱਡੀ ਸਟੇਜ 'ਤੇ ਮੁੱਖ ਮਹਿਮਾਨ ਅਤੇ ਪ੍ਰਿੰਸੀਪਲ ਜਿਹੀਆਂ ਵੱਡੀਆਂ ਸ਼ਖਸੀਅਤਾਂ ਹੱਥੋਂ ਪੁਰਸਕਾਰ ਵਜੋਂ ਕਿਤਾਬਾਂ ਦੇ ਵੱਡੇ ਸੈੱਟ ਮਿਲਣ ਲੱਗੇ ਤਾਂ ਮੈਂ ਵੱਡੀ ਊਰਜਾ, ਵੱਡੇ ਉਤਸ਼ਾਹ, ਵੱਡੇ ਵਿਸ਼ਵਾਸ ਨਾਲ ਭਰਦਾ ਗਿਆ। ਮੈਨੂੰ ਲੱਗਾ ਜ਼ਿੰਦਗੀ ਵਿੱਚ ਵੱਡੀਆਂ ਪ੍ਰਾਪਤੀਆਂ, ਵੱਡੇ ਸੁਪਨਿਆਂ ਲਈ ਰਾਹ ਪੱਧਰਾ ਹੋਣ ਲੱਗਾ ਹੈ। ਕਿੱਧਰੇ ਮਨ ਵਿੱਚ ਐੱਮ ਏ ਪੰਜਾਬੀ ਕਰਕੇ ਕਾਲਜ ਵਿੱਚ ਪ੍ਰੋਫੈਸਰ ਲੱਗਣ ਦੀ ਸੋਚ ਅੰਗੜਾਈਆਂ ਲੈਣ ਲੱਗੀ। ਅੱਗੇ ਦਾ ਰਾਹ ਰਸਤਾ ਸਪੱਸ਼ਟ ਦਿਖਾਈ ਦੇਣ ਲੱਗਾ।

ਪਿਤਾ ਜੀ ਅਤੇ ਘਰ ਦੇ ਬਾਕੀ ਮੈਂਬਰ ਮੇਰੇ ਪੜ੍ਹਾਈ ਦੇ ਲੰਮੇ ਸਫਰ ਲਈ ਸ਼ਾਇਦ ਤਿਆਰ ਨਹੀਂ ਸਨ। ਇਸੇ ਲਈ ਫਿਜ਼ੀਕਲ ਕਾਲਜ ਪਟਿਆਲਾ ਵਿਖੇ ਦਾਖਲੇ ਲਈ ਵੱਡੀ ਕੋਸ਼ਿਸ਼ ਕੀਤੀ ਗਈ, ਪਰ ਮੇਰਾ ਨਾਂਅ ਵੇਟਿੰਗ ਲਿਸਟ ਵਿੱਚ ਆ ਗਿਆ। ਦੂਸਰੀ ਵੱਡੀ ਕੋਸ਼ਿਸ਼ ਬੀ ਐੱਡ ਵਿੱਚ ਦਾਖਲੇ ਲਈ ਹੋਈ। ਪਰ ਮੈਂ ਇੰਟਰਵਿਊ ਲਈ ਪੇਸ਼ ਹੀ ਨਾ ਹੋਇਆ।

ਪੰਜਾਬੀ ਦੀ ਐੱਮ ਦੇ ਲਈ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਅਪਲਾਈ ਕਰ ਰੱਖਿਆ ਸੀ। ਮੈਂ ਜਦ ਇੰਟਰਵਿਊ ਲਈ ਪਹੁੰਚਿਆ ਤਾਂ ਕਮੇਟੀ ਉੱਠਣ ਹੀ ਵਾਲੀ ਸੀ। ਮੈਂ ਆਖਰੀ ਸਮੇਂ ਪਹੁੰਚਿਆਂ ਸਾਂ। ਤੁਰੰਤ ਮੈਨੂੰ ਅੰਦਰ ਬੁਲਾਇਆ ਗਿਆ। ਮੁਖੀ ਪੰਜਾਬੀ ਵਿਭਾਗ ਦਾ ਦਫਤਰ ਪੂਰਾ ਭਰਿਆ ਸੀ। ਬਾਅਦ ਵਿੱਚ ਪਤਾ ਲੱਗਾ ਉਹਨਾਂ ਵਿੱਚ ਪ੍ਰੋ. ਗੁਲਵੰਤ ਸਿੰਘ, ਡਾ. ਦਲੀਪ ਕੌਰ ਟਿਵਾਣਾ, ਨਾਵਲਕਾਰ ਨਾਨਕ ਸਿੰਘ ਦੇ ਬੇਟੇ ਡਾ. ਕਰਤਾਰ ਸਿੰਘ ਸੂਰੀ, ਡਾ. ਰਤਨ ਸਿੰਘ ਜੱਗੀ, ਡਾ. ਰਵਿੰਦਰ ਰਵੀ, ਡਾ. ਨਰਿੰਦਰ ਸਿੰਘ ਕਪੂਰ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਗੁਰਦੇਵ ਸਿੰਘ, ਡਾ. ਗੁਰਚਰਨ ਸਿੰਘ ਅਰਸ਼ੀ ਜਿਹੀਆਂ ਯੂਨੀਵਰਸਿਟੀ ਦੀਆਂ ਚੁਣੀਂਦਾ ਸ਼ਖਸੀਅਤਾਂ ਮੌਜੂਦ ਸਨ। ਪੰਜਾਬੀ ਸਾਹਿਤ, ਪੰਜਾਬੀ ਚਿੰਤਨ, ਪੰਜਾਬੀ ਆਲੋਚਨਾ, ਪੰਜਾਬੀ ਭਾਸ਼ਾ ਵਿਗਿਆਨ ਦੇ ਵੱਡੇ ਨਾਂਅ।

ਐੱਮ ਏ ਪੰਜਾਬੀ ਵਿੱਚ ਦਾਖਲੇ ਲਈ ਹੋਈ ਇੰਟਰਵਿਊ ਦਾ ਪਹਿਲਾ ਸਵਾਲ ਵਿਭਾਗ ਦੇ ਮੁਖੀ ਪ੍ਰੋ. ਗੁਲਵੰਤ ਸਿੰਘ ਵੱਲੋਂ ਆਇਆ, 'ਤੁਸੀਂ ਹੁਣੇ-ਹੁਣੇ ਕਿਹੜੀ ਕਿਤਾਬ ਪੜ੍ਹੀ ਹੈ?' 'ਏਹੁ ਹਮਾਰਾ ਜੀਵਣਾ' ਮੇਰਾ ਸੰਖੇਪ ਜਵਾਬ ਸੀ। 'ਮੁੱਖ ਪਾਤਰ ਦਾ ਕੀ ਨਾਂਅ ਹੈ?' ਦੂਸਰਾ ਸਵਾਲ ਸੀ। 'ਭਾਨੋ'। ਮੈਂ ਇੱਕ ਸ਼ਬਦ ਵਿੱਚ ਜਵਾਬ ਮੋੜਿਆ। 'ਕਿਸੇ ਪੰਜਾਬੀ ਕਵਿਤਾ ਦੀਆਂ ਕੁਝ ਸਤਰਾਂ ਸੁਣਾਓ।' ਪ੍ਰੋ. ਗੁਲਵੰਤ ਸਿੰਘ ਵੱਲੋਂ ਤੀਸਰਾ ਸਵਾਲ ਆਇਆ। 'ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ, ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ, ਕਿਵੇਂ ਨਾ ਸਕੀ ਰੋਕ ਅਟਕ ਜੋ ਪਾਈ ਭੰਨੀ, ਤ੍ਰਿਖੇ ਆਪਣੇ ਵੇਗ ਗਿਆ ਟੱਪ ਬੰਨੇ ਬੰਨੀ, ਹੋ ਸੰਭਲ-ਸੰਭਾਲ ਇਸ ਸਮੇਂ ਨੂੰ ਕਰ ਸਫਲ ਉਡੰਦਾ ਜਾਂਵਦਾ, ਇਹ ਠਹਿਰਨ ਜਾਚ ਨਾ ਜਾਣਦਾ ਲੰਘ ਗਿਆ ਨਾ ਮੁੜ ਕੇ ਆਂਵਦਾ।' ਮੈਂ ਇਕੋ ਸਾਹੇ ਕਵਿਤਾ ਸੁਣਾ ਕੇ ਸਾਰਿਆਂ 'ਤੇ ਇੱਕ ਨਜ਼ਰ ਮਾਰੀ। ਸਾਰੇ ਖੁਸ਼ ਸਨ।

## ਸਵੈ-ਜੀਵਨੀ 'ਦੋ ਪੈਰ ਘੱਟ ਤੁਰਨਾ' ਵਿੱਚੋਂ

**ਪ੍ਰੋ. ਕੁਲਬੀਰ ਸਿੰਘ**

ਐੱਮ ਏ ਪੰਜਾਬੀ ਲਈ ਇੰਟਰਵਿਊ ਚੰਗੇ ਮੁਕਾਮ 'ਤੇ ਮੁੱਕੀ ਸੀ। ਮੈਂ ਸਮਝ ਗਿਆ ਕਿ ਮੇਰਾ ਦਾਖਲਾ ਹੋ ਗਿਆ। ਇੱਕ ਮੈਡਮ ਇੰਟਰਵਿਊ ਦੌਰਾਨ ਬੜੇ ਖੁਸ਼ ਨਜ਼ਰ ਆਏ। ਬਾਅਦ ਵਿੱਚ ਪਤਾ ਲੱਗਾ ਉਹ ਡਾ. ਦਲੀਪ ਕੌਰ ਟਿਵਾਣਾ ਸਨ। ਮੈਂ ਉਹਨਾਂ ਦੇ ਨਾਵਲ ਦੀ ਹੀ ਪ੍ਰਸ਼ੰਸਾ ਕਰ ਰਿਹਾ ਸਾਂ। ਉਹ ਵੀ ਸਾਰੇ ਪੰਜਾਬੀ ਵਿਭਾਗ ਦੇ ਸਟਾਫ ਦੇ ਸਾਹਮਣੇ। ਉਹਨਾਂ ਦਾ ਖੁਸ਼ ਹੋਣਾ ਸੁਭਾਵਕ ਸੀ।

ਮੈਨੂੰ ਬੜਾ ਚੰਗਾ ਲੱਗ ਰਿਹਾ ਸੀ। ਮੈਂ ਬਹੁਤ ਪ੍ਰਸੰਨ ਸਾਂ। ਮੈਂ ਹੁਣ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਐੱਮ ਏ ਆਨਰਜ਼ ਦਾ ਵਿਦਿਆਰਥੀ ਸਾਂ। ਵਿਭਾਗ ਦੇ ਐਨ ਨੇੜੇ ਹੋਸਟਲ ਵਿੱਚ ਰਹਿੰਦਾ ਸਾਂ। ਵਿਭਾਗ ਦੇ ਐਨ ਸਾਹਮਣੇ ਵਿਸ਼ਾਲ ਲਾਇਬਰੇਰੀ ਸੀ। ਅਧਿਆਪਕਾਂ ਵਿੱਚ ਪੰਜਾਬੀ ਸਾਹਿਤ ਦੇ ਵੱਡੇ ਲੇਖਕ ਸ਼ਾਮਲ ਸਨ। ਹੋਰ ਕੀ ਚਾਹੀਦਾ ਸੀ। ਹੁਣ ਪੜ੍ਹਨ ਦੀ ਜ਼ਿੰਮੇਵਾਰੀ ਮੇਰੀ ਸੀ।

ਐੱਮ ਏ ਆਨਰਜ਼ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਉਪਰੰਤ ਮੈਂ ਮਨ ਹੀ ਮਨ ਫੈਸਲਾ ਕੀਤਾ ਕਿ ਐੱਮ ਫਿਲ ਕਰਨ ਲਈ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਜਾਵਾਂਗਾ। ਵੱਡੀ ਪਹੁੰਚ ਵਾਲੇ ਇੱਕ ਵਿਦਿਆਰਥੀ ਦੁਆਰਾ ਪੇਪਰਾਂ ਵਿੱਚੋਂ ਨੰਬਰ ਵਧਾਉਣ-ਘਟਾਉਣ ਲਈ ਕੀਤੇ ਵੱਡੇ ਜੋੜ-ਤੋੜ ਕਾਰਨ ਮਨ ਉਚਾਟ ਹੋ ਗਿਆ ਸੀ।

ਐੱਮ ਫਿਲ ਉਦੋਂ ਨਵੀਂ-ਨਵੀਂ ਸ਼ੁਰੂ ਹੋਈ ਸੀ। ਹਰ ਕੋਈ ਕਰਨੀ ਚਾਹੁੰਦਾ ਸੀ। ਤਿੰਨਾਂ ਯੂਨੀਵਰਸਿਟੀਆਂ ਵਿੱਚ ਅਰਜ਼ੀਆਂ ਦਾ ਹੜ੍ਹ ਆਇਆ ਸੀ। ਸੀਟਾਂ ਸੀਮਤ ਸਨ।

ਇੰਟਰਵਿਊ ਲਈ ਮੁਖੀ ਦੇ ਦਫਤਰ ਵਿੱਚ ਦਾਖਲ ਹੋਇਆ ਤਾਂ ਸਭ ਨੀਝ ਨਾਲ ਵੇਖ ਰਹੇ ਸਨ। ਪਹਿਲਾ ਸਵਾਲ, 'ਤੁਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚੋਂ ਟੌਪ ਕੀਤਾ ਹੈ?' 'ਜੀ' ਮੇਰਾ ਸੰਖੇਪ ਜਵਾਬ ਸੀ। ਦੂਸਰਾ ਸਵਾਲ, 'ਤੁਸੀਂ ਪੰਜਾਬੀ ਯੂਨੀਵਰਸਿਟੀ ਵਿਖੇ ਦਾਖਲਾ ਕਿਉਂ ਨਹੀਂ ਲੈ ਰਹੇ?' 'ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਉਸ ਤੋਂ ਬਿਹਤਰ ਸਮਝਦਾ ਹਾਂ।' ਮੇਰੇ ਇਸ ਜਵਾਬ ਤੋਂ ਉਹ ਸੰਤੁਸ਼ਟ ਜਾਪਦੇ ਸਨ। ਪਰ ਇੱਕ ਸਵਾਲ ਹੋਰ ਆਇਆ, 'ਆਪਣਾ ਕਿੱਲਾ ਨਹੀਂ ਛੱਡੀਦਾ' 'ਮੈਂ ਕਦੇ ਕਿੱਲੇ ਬਾਰੇ ਨਹੀਂ ਸੋਚਿਆ। ਮੇਰਾ ਦਾਇਰਾ ਪੂਰੀ ਦੁਨੀਆ ਹੈ। ਮੈਂ ਤੁਰਨ ਵਿੱਚ ਵਿਸ਼ਵਾਸ ਰੱਖਦਾ ਹਾਂ। ਇੱਕ ਜਗ੍ਹਾ ਰੁਕਣ ਵਿੱਚ ਨਹੀਂ।' ਮੇਰਾ ਜਵਾਬ ਸੁਣ ਕੇ ਸਾਰਿਆਂ ਨੇ ਇੱਕ ਵਾਰ ਫੇਰ ਨੀਝ ਨਾਲ ਤੱਕਿਆ।

ਮੇਰਾ ਦਾਖਲਾ ਹੋ ਗਿਆ ਸੀ। ਹੁਣ ਮੈਂ ਸਿਟੀ ਬਿਊਟੀਫੁੱਲ ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਸਾਂ। ਐੱਮ ਫਿਲ ਦੌਰਾਨ ਇਸ ਅਹਿਸਾਸ ਨਾਲ ਮੈਂ ਨੱਕੋ-ਨੱਕ ਭਰਿਆ ਰਿਹਾ।

ਡਾ. ਅਤਰ ਸਿੰਘ, ਡਾ. ਕੇਸਰ ਸਿੰਘ ਕੇਸਰ, ਡਾ. ਵਿਸ਼ਵਨਾਥ ਤਿਵਾੜੀ ਜਿਹੇ ਅਧਿਆਪਕ ਸਨ। ਐੱਮ ਫਿਲ ਦੀ ਕਲਾਸ ਛੋਟੀ ਸੀ। ਸਾਰੇ ਵਿਦਿਆਰਥੀ ਹਾਜ਼ਰ ਵੀ ਨਹੀਂ ਹੁੰਦੇ ਸਨ। ਅਸੀਂ ਟੀਚਰ ਦੇ ਬੈਠਣ-ਕਮਰੇ, ਦਫਤਰ ਵਿੱਚ ਹੀ ਚਲੇ ਜਾਂਦੇ ਸਾਂ। ਉੱਥੇ ਹੀ ਕਲਾਸ ਲੱਗਦੀ ਸੀ। ਡਾ. ਅਤਰ ਸਿੰਘ ਦਾ ਦਫਤਰ ਡਿਕਸ਼ਨਰੀ ਸ਼ਾਖਾ ਵਿੱਚ ਸੀ। ਪੰਜਾਬੀ ਵਿਭਾਗ ਤੋਂ ਐਨ ਦੂਸਰੇ ਪਾਸੇ। ਆਰਾਮਦਾਇਕ ਕੁਰਸੀਆਂ, ਖੁੱਲ੍ਹਾ-ਡੁੱਲ੍ਹਾ ਦਫਤਰ ਅਤੇ ਚਾਹ ਦਾ ਕੱਪ। ਉਹ ਰੋਜ਼ ਸਾਨੂੰ ਸਾਰਿਆਂ ਨੂੰ ਚਾਹ ਪਿਲਾਉਂਦੇ। ਨਾਲ-ਨਾਲ ਪੜ੍ਹਾਈ ਜਾਂਦੇ। ਸਾਡੀ ਸੈਰ ਵੀ ਹੋ ਜਾਂਦੀ। ਚੇਂਜ ਵੀ ਹੋ ਜਾਂਦੀ। ਚਾਹ ਵੀ ਮਿਲ ਜਾਂਦੀ। ਪਲੇਟ ਵਿੱਚ ਰੱਖੇ ਕੱਪ ਵਾਲੀ। ਗਿਆਨ ਦੇ ਸਮੁੰਦਰ ਵਿੱਚ ਤਾਰੀਆਂ ਵੀ ਲਾ ਆਉਂਦੇ। ਕਈ ਵਾਰ ਮੈਂ ਸੋਚਦਾ ਹਾਂ ਜੇ ਐੱਮ ਫਿਲ ਪਟਿਆਲੇ ਹੀ ਕਰ ਲੈਂਦਾ ਤਾਂ ਅਜਿਹੇ ਵਿਲੱਖਣ ਅਨੁਭਵਾਂ ਤੋਂ ਸੱਖਣੇ ਰਹਿ ਜਾਣਾ ਸੀ। ਪਤਾ ਹੀ ਨਹੀਂ ਲੱਗਣਾ ਸੀ ਕਿ ਡਾ. ਕੇਸਰ ਸਿੰਘ ਕੇਸਰ ਵਰਗੇ ਵਿਦਵਾਨ ਤੇ ਸਿੰਪਲ ਅਧਿਆਪਕ ਵੀ ਯੂਨੀਵਰਸਿਟੀਆਂ ਵਿੱਚ ਹੁੰਦੇ ਹਨ।

ਯੂਨੀਵਰਸਿਟੀ 14 ਸੈਕਟਰ ਵਿੱਚ ਹੈ। ਇੱਕ ਗੇਟ ਤੋਂ ਬਾਹਰ ਨਿਕਲੋ। ਸੜਕ ਪਾਰ ਕਰੋ। ਸਾਹਮਣੇ ਪੀ ਜੀ ਆਈ ਦਾ ਗੇਟ ਆ ਜਾਂਦਾ ਹੈ। ਦੂਸਰੇ ਗੇਟ ਤੋਂ ਬਾਹਰ ਨਿਕਲੋ। ਸੜਕ ਪਾਰ ਕਰੋ। ਪੰਦਰਾਂ ਸੈਕਟਰ ਦੀ ਮਾਰਕਿਟ ਆ ਜਾਂਦੀ ਹੈ। ਮਾਰਕਿਟ ਅੰਦਰ ਦਾਖਲ ਹੋਣ ਤੋਂ ਪਹਿਲਾਂ ਉਦੋਂ ਕਾਫੀ ਸਾਰੀ ਖਾਲੀ ਖੁੱਲ੍ਹੀ ਜਗ੍ਹਾ ਸੀ। ਸ਼ਾਮ ਸਮੇਂ ਉਸ ਖੁੱਲ੍ਹੀ ਜਗ੍ਹਾ ਸੈਂਕਡਹੈਂਡ ਕਿਤਾਬਾਂ ਵਿਕਦੀਆਂ ਸਨ। ਢੇਰਾਂ ਦੇ ਢੇਰ ਲੱਗੇ ਹੁੰਦੇ। ਹਰੇਕ ਵਿਸ਼ੇ ਦੀਆਂ ਕਿਤਾਬਾਂ। ਦੁਨੀਆ ਭਰ ਦਾ ਕਲਾਸਿਕ ਲਿਟਰੇਚਰ। ਅੱਧੇ ਮੁੱਲ 'ਤੇ। ਉਹ ਦ੍ਰਿਸ਼ ਵੇਖਣ ਵਾਲਾ ਹੁੰਦਾ ਸੀ। ਉਥੋਂ ਕਿਤਾਬਾਂ ਖਰੀਦ ਕੇ ਪੜ੍ਹਨ ਦਾ ਆਪਣਾ ਹੀ ਲੁਤਫ ਸੀ।

ਡਾ. ਕੇਸਰ ਸਿੰਘ ਕੇਸਰ ਦਾ ਘਰ 15 ਸੈਕਟਰ ਦੀ ਮਾਰਕਿਟ ਦੇ ਨੇੜੇ ਸੀ। ਘੁੰਮਦੇ-ਘੁੰਮਾਉਂਦੇ ਕਈ ਵਾਰ ਸ਼ਾਮ ਨੂੰ ਅਸੀਂ ਉਹਨਾਂ ਦੇ ਘਰ ਚਲੇ ਜਾਂਦੇ। ਚਾਹ ਦਾ ਕੱਪ ਪੀ ਆਉਣਾ, ਨਾਲੇ ਉਹਨਾਂ ਦੀਆਂ ਵਿਦਵਤਾ ਭਰੀਆਂ ਗੱਲਾਂ ਸੁਣ ਆਉਣੀਆਂ।

ਜਦ ਕਦੇ ਦੇਰ ਰਾਤ ਤੱਕ ਪੜ੍ਹਨਾ ਹੁੰਦਾ ਤਾਂ ਭੁੱਖ ਲੱਗ ਜਾਂਦੀ। ਰਾਤ 11-12 ਵਜੇ ਪੀ ਜੀ ਆਈ ਦੇ ਗੇਟ 'ਤੇ ਆਲੂ ਗੋਭੀ ਦੇ ਪਰੌਂਠਿਆਂ ਤੇ ਗਰਮਾ-ਗਰਮ ਚਾਹ ਦੇ ਕੱਪ ਦਾ ਆਪਣਾ ਹੀ ਸੁਆਦ ਹੁੰਦਾ। ਵਾਪਸ ਹੋਸਟਲ ਕਮਰੇ ਵਿੱਚ ਆ ਕੇ ਘੰਟਾ ਦੋ ਘੰਟੇ ਹੋਰ ਪੜ੍ਹਾਈ ਨੂੰ ਲਾ ਲੈਂਦੇ।

ਸੰਪਰਕ : 94171-53513

## ਸਮਾਜਿਕ ਬਰਾਬਰੀ ਲਈ ਦੋ ਧਿਰਾਂ ...

ਸਫ਼ਾ 3 ਦੀ ਬਾਕੀ

ਇਨ੍ਹਾਂ ਨੂੰ ਇਕੱਠੇ ਹੋਣ ਦਾ ਹੋਕਾ ਦਿੱਤਾ ਗਿਆ ਹੈ। ਤੇਲਤੁੰਬੜੇ ਸਾਰੀਆਂ ਖੱਬੀਆਂ ਧਿਰਾਂ ਨੂੰ ਵੀ ਇੱਕ ਕਰਨ ਲਈ ਦੀ ਮਨਸ਼ਾ ਰੱਖਦਾ ਹੈ। ਤੇਲਤੁੰਬੜੇ ਦੇ ਇਸ ਪੁਸਤਕ ਵਿਚਲੇ ਕੁਝ ਲੇਖ ਨਵਾਂ ਜ਼ਮਾਨਾ (ਐਤਵਾਰਤਾ) ਵਿੱਚ ਲੜੀਵਾਰ ਛਪਦੇ ਰਹੇ ਹਨ ਅਤੇ ਪਾਠਕੀ ਹੁੰਗਾਰਾ ਮਿਲਦਾ ਰਿਹਾ ਹੈ।

ਇਸ ਪੁਸਤਕ ਦੇ ਇੱਕ ਦਰਜਨ ਤੋਂ ਵੱਧ ਲੇਖਾਂ ਵਿੱਚ ਲੇਖਕ ਇਸ ਗੱਲ ਤੇ ਵਧੇਰੇ ਜ਼ੋਰ ਦਿੰਦਾ ਹੈ ਕਿ ਇਨ੍ਹਾਂ ਦੋਨਾ ਧਿਰਾਂ ਨੂੰ ਆਤਮ ਪੜਚੋਲ ਕਰਨ ਉਪਰੰਤ ਇਕੱਠੇ ਹੋ ਕੇ ਉਨ੍ਹਾਂ ਤਾਕਤਾਂ ਖ਼ਿਲਾਫ਼ ਲੜਨਾ ਸਮੇਂ ਦੀ ਮੁੱਖ ਲੋੜ ਹੈ ਜੋ ਸਮਾਜਿਕ ਬਰਾਬਰੀ ਵਾਲੇ ਸਮਾਜ ਉਸਾਰਨ ਵਿੱਚ ਰੁਕਾਵਟਾਂ ਬਣਦੇ ਰਹੇ ਜਾਂ ਰੁਕਾਵਟਾਂ ਖੜੀਆਂ ਕਰਦੇ ਆ ਰਹੇ ਹਨ। ਦੂਰੀਆਂ ਖ਼ਤਮ ਹੋਣ, ਅੰਬੇਡਕਰ ਅਤੇ ਮਾਰਕਸ, ਅੰਬੇਡਕਰ ਅਤੇ ਕਮਿਊਨਿਸਟ, ਕਮਿਊਨਿਸਟਾਂ ਦੀਆਂ ਜ਼ਿਆਦਤੀਆਂ, ਸਾਮਰਾਜਵਾਦ ਦਾ ਮਸਲਾ, ਕਮਿਊਨਿਸਟਾਂ ਦੇ ਵਿਰੋਧ ਵਿੱਚ, ਅੰਬੇਡਕਰ ਅਤੇ ਕਮਿਊਨਿਜ਼ਮ, ਦੂਰੀਆਂ ਖ਼ਤਮ ਹੋਣ ਅਤੇ ਹੋਰ ਲੇਖਾਂ ਵਿੱਚ ਤੇਲਤੁੰਬੜੇ ਨੇ ਵਿਸਥਾਰ ਵਿੱਚ ਆਪਣੇ ਵਿਚਾਰ ਪ੍ਰਗਟਾਏ ਹਨ, ਜੋ ਕਈ ਥਾਈਂ ਅੰਬੇਡਕਰਵਾਦੀਆਂ ਨੂੰ ਅਤੇ ਕਈ ਥਾਈ ਕਮਿਊਨਿਸਟਾਂ ਨੂੰ ਸੱਚ ਦਾ ਸ਼ੀਸ਼ਾ ਦਿਖਾਉਂਦੇ, ਦੋਵੇਂ ਧਿਰਾਂ ਨੂੰ ਨਵੇਂ ਸਿਰਿਓਂ ਆਪਣੇ ਕੀਤੇ ਦੀ ਪੜਚੋਲ ਕਰਨ ਲਈ ਹਦਾਇਤ ਕਰਦੀ ਨਜ਼ਰ ਆਉਂਦੀ ਹੈ। ਲੋੜ ਇਸ ਗੱਲ ਦੀ ਹੈ ਕਿ ਕੀਤੇ ਤੇ ਪੜਚੋਲ ਕਰਦਿਆਂ ਦੋਨੋਂ ਧਿਰਾਂ ਨਵੀਂਅਤੇ ਸਾਂਝੀ ਰਣਨੀਤੀ ਅਪਨਾ ਕੇ ਸਾਂਝਾ ਸੰਘਰਸ਼ ਕਰਨ ਜਿਸ ਨਾਲ ਵਧ ਰਹੇ ਫਾਸ਼ੀਵਾਦ ਨੂੰ ਠੱਲ ਪਾਈ ਜਾ ਸਕੇ।

ਇਸ ਪੁਸਤਕ ਦੇ ਇੱਕ ਲੇਖ ਵਿੱਚ ਤੇਲਤੁੰਬੜੇ ਦਾ ਵਿਚਾਰ ਹੈ ਕਿ ਮਾਰਕਸਵਾਦੀ ਇਨਕਲਾਬ ਤਕ ਪਹੁੰਚਣ ਲਈ 'ਪਾਰਟੀ' ਦੀ ਭੂਮਿਕਾ ਨੂੰ ਮਹੱਤਵ ਦਿੰਦੇ ਹਨ। ਸੰਘਰਸ਼ ਵਿੱਚ ਤਪੇ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਦੇ ਹਨ, ਪਰ ਇਸ ਪ੍ਰਕਿਰਿਆ ਨੂੰ ਨਾਂ ਤਾਂ ਪੇਰੀਆਰ ਪਸੰਦ ਕਰਦੇ ਹਨ ਅਤੇ ਨਾ ਹੀ ਡਾ. ਅੰਬੇਡਕਰ। 1928 'ਚ ਮਜ਼ਦੂਰਾਂ ਦੀ ਚਲੀ ਹੜਤਾਲ ਸੰਬੰਧੀ ਉਹ ਕਹਿੰਦੇ ਹਨ ਕਿ:

"...ਹੜਤਾਲ ਦਾ ਮੁੱਖ ਉਦੇਸ਼ ਮਜ਼ਦੂਰਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਲਿਆਉਣਾ ਨਹੀਂ ਬਲਕਿ ਉਨ੍ਹਾਂ ਨੂੰ ਇਨਕਲਾਬ ਲਈ ਸਿੱਖਿਅਤ ਕਰਨਾ ਹੈ।"

ਡਾ. ਅੰਬੇਡਕਰ ਦਾ ਇਹ ਵੀ ਵਿਚਾਰ ਹੈ ਕਿ ਸੰਘਰਸ਼ ਅਸਫ਼ਲ ਹੋਣ ਦੀ ਸੂਰਤ ਵਿੱਚ ਮਜ਼ਦੂਰਾਂ/ਕਿਸਾਨਾਂ (ਅੰਦੋਲਨਕਾਰੀਆਂ) ਨੂੰ ਕਈ ਕਿਸਮ ਦੀਆ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਬਹੁਤ ਵਾਰ ਉਸ ਵਰਗ ਵਿੱਚ ਅੱਗੋਂ ਸੰਘਰਸ਼ ਕਰਨ ਦੀ ਹਿੰਮਤ ਨੂੰ ਜੇ ਪਸਤ ਨਹੀਂ ਵੀ ਕਰਦੀਆਂ, ਘੱਟ ਜ਼ਰੂਰ ਕਰ ਸਕਦੀਆਂ ਹਨ। ਡਾ. ਅੰਬੇਡਕਰ ਇਹ ਮੰਨਦਾ ਹੈ ਕਿ ਰਾਜਨੀਤਕ ਇਨਕਲਾਬ ਤੋਂ ਪਹਿਲਾਂ ਧਾਰਮਿਕ ਅਤੇ ਸਮਾਜਿਕ ਇਨਕਲਾਬ ਵਾਪਰਦਾ ਹੈ। ਤੇਲਤੁੰਬੜੇ ਦਾ ਮੱਤ ਇਹ ਹੈ ਕਿ ਮਾਰਕਸਵਾਦੀਆਂ ਨੇ 'ਨੀਂਹ ਤੇ ਉਸਾਰ' ਦੇ ਮਾਮਲੇ ਨੂੰ ਮਕੈਨੀਕਲ ਰੂਪ ਵਿੱਚ ਅਪਨਾ ਕੇ ਇਹ ਮੰਨਿਆ ਕਿ ਇਨਕਲਾਬ ਆਉਣ ਤੋਂਬਾਅਦ ਉਸਾਰ ਦੇ ਰੂਪ ਵਿੱਚ ਜਾਤੀ ਵਿਵਸਥਾ ਆਪਣੇ ਆਪ ਖ਼ਤਮ ਹੋ ਜਾਵੇਗੀ। ਤੇਲਤੁੰਬੜੇ ਅਨੁਸਾਰ 'ਧਰਮ ਪਰਿਵਰਤਨ' ਨੂੰ ਅੰਬੇਡਕਰ ਦਬਾਅ ਬਣਾਉਣ ਲਈ ਇੱਕ ਪੈਂਤੜਾ ਬਣਾਉਂਦੇ ਹਨ, ਦਲਿਤਾਂ ਦੀਆਂ ਮੰਗਾਂ ਮੰਨਵਾਉਣ ਲਈ ਹਿੰਦੂਆਂ ਉਤੇ ਦਬਾਅ ਬਣਾਉਣਾ ਅਤੇ ਸੱਤਾ ਵਿੱਚ ਹਿੱਸੇਦਾਰੀ ਲਈ ਆਪਣਾ ਦਾਅਵਾ ਪੇਸ਼ ਕਰਨਾ। ਅੰਬੇਡਕਰ ਦੇ ਮਨ ਵਿੱਚ ਕਮਿਊਨਿਸਟਾਂ ਪ੍ਰਤੀ ਕੁੜੱਤਣ ਮੁੱਖ ਰੂਪ ਵਿੱਚ ਅੰਤਰ-ਰਾਸ਼ਟਰੀ ਦੀ ਥਾਂ ਸਥਾਨਕ ਅਤੇ ਸਿਧਾਂਤ ਦੀ ਤੁਲਨਾ ਵਿੱਚ ਵਿਹਾਰ ਦੀ ਪੱਧਰ ਤੇ ਸੀ। ਸਟਾਲਨ ਦੀ ਮੌਤ ਸਮੇਂ ਤਾਂ ਉਹ ਵਰਤ ਰੱਖ ਕੇ ਨਿਵੇਕਲੇ ਅੰਦਾਜ਼ 'ਚ ਸ਼ਰਧਾਂਜਲੀ ਦਿੰਦੇ ਨਜ਼ਰ ਆਉਂਦੇ ਹਨ। ਇਕ ਲੇਖ ਵਿੱਚ ਮਾਰਕਸਵਾਦੀ ਪਾਰਟੀ ਦੇ ਨੇਤਾਵਾਂ ਵਿੱਚ ਜਾਤੀ ਪ੍ਰਤੀ ਚੇਤਨਾ ਦੀ ਘਾਟ ਉਪਰ ਵੀ ਵਿਸਤ੍ਰਿਤ ਚਰਚਾ ਹੈ। ਅਖੌਤੀ ਉੱਚੀ ਜਾਤ ਵਿੱਚੋਂ ਆਏ ਕਾਮਰੇਡ ਸ਼ੁਰੂ ਸ਼ੁਰੂ ਵਿੱਚ ਕਮਿਊਨਿਸਟ ਪਾਰਟੀ ਦਾ ਮੈਂਬਰ ਰਹਿੰਦੇ ਹੋਏ ਵੀ ਕਿਸੇ ਹੋਰ ਧਾਰਮਿਕ/ਸੰਪ੍ਰਦਾਇਕ ਸੰਗਠਨ ਦੇ ਮੈਂਬਰ ਰਹਿ ਸਕਦੇ ਹਨ, ਇਸ ਦੀਆਂ ਕਈ ਉਦਾਹਰਣਾ ਮਿਲਦੀਆਂ ਹਨ ਪਰ ਕਮਿਊਨਿਸਟਾਂ ਨੇ ਬਾਅਦ ਵਿੱਚ ਸੋਧ ਕਰਕੇ ਇਸ ਨੂੰ ਸਖ਼ਤੀ ਨਾਲ ਰੋਕਿਆ ਵੀ। ਐਸ ਏ ਡਾਂਗੇ ਦੀ ਇੱਕ ਉਦਾਹਰਣ ਮਿਲਦੀ ਹੈ ਕਿ ਪਹਿਲੀ ਵਾਰ ਟੋਕਣ ਤੇ ਉਸ ਨੇ ਗੀਤਾ ਉਪਰ ਲਿਖੇ ਲੇਖ ਨੂੰ ਛੱਡ ਦਿੱਤਾ ਸੀ ਪਰ ਵੇਦਾਂਤ ਦੀ ਵਿਆਖਿਆ ਨੂੰ ਉਸ ਨੇ ਵਾਪਸ ਨਾ ਲਿਆ ਅਤੇ ਪਾਰਟੀ ਛੱਡਣੀ ਪ੍ਰਵਾਨ ਕਰ ਲਈ। ਏਨਾ ਕੁਝ ਵਾਪਰਨ ਤੋਂ ਬਾਅਦ ਵੀ ਅਜੋਕੇ ਦੌਰ ਵਿੱਚ ਕਿਸੇ ਰੂਪ ਵਿੱਚ ਕਾਮਰੇਡਾਂ ਵਿੱਚ ਜਾਤੀਗਤ ਮਾਨਸਿਕਤਾ ਦੀ ਕਮੀ ਨਹੀਂ ਹੈ।

ਮਾਰਕਸਵਾਦੀ ਅੰਬੇਡਕਰ ਉਪਰ ਵੱਖ ਵੱਖ ਇਲਜ਼ਾਮ ਲਾਉਂਦੇ ਰਹੇ ਜਿਨ੍ਹਾਂ ਦਾ ਜ਼ਿਕਰ ਵੀ ਤੇਲਤੁੰਬੜੇ ਇਸ ਪੁਸਤਕ ਵਿੱਚ ਕਰਦਾ ਹੈ। ਅੰਬੇਡਕਰ ਨੂੰ ਉਹ ਮਜ਼ਦੂਰ ਵਰਗ ਨੂੰ ਵੰਡਣ, ਰਾਸ਼ਟਰੀ ਅੰਦੋਲਨ ਵਿਰੋਧੀ, ਸਾਮਰਾਜੀਆਂ ਦਾ ਪਿੱਠੂ ਆਦਿ ਸ਼ਬਦਾਂ ਨਾਲ ਨਿਬਾਜਦੇ ਰਹੇ। ਤੇਲਤੁੰਬੜੇ ਦਾ ਇਹ ਮੰਨਣਾ ਹੈ ਕਿ ਅੰਬੇਡਕਰ ਦੀ ਮੌਤ ਤੋਂ ਬਾਅਦ ਮਾਰਕਸਵਾਦੀਆਂ ਦਾ ਇਹ ਦ੍ਰਿਸ਼ਟੀਕੋਣ ਬਦਲਦਾ ਹੈ। ਉਸ ਦਾ ਇਹ ਵੀ ਮੰਨਣਾ ਹੈ ਕਿ ਦਲਿਤਾਂ ਨੂੰ ਆਪਣੇ ਸਿਧਾਂਤ ਦੇ ਅਤੇ ਅੰਦੋਲਨ ਦੇ ਨੇੜੇ ਕਰਨਾ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਹੈ। ਇਸ ਨੂੰ ਨਿਭਾਉਂਦਿਆਂ ਸਿਰਫ ਚੋਣਾਂ ਦੀਆਂ ਲੋੜਾਂ ਨੂੰ ਹੀ ਧਿਆਨ 'ਚ ਨਹੀਂ ਰੱਖਿਆ ਜਾਣਾ ਚਾਹੀਦਾ । ਕ੍ਰਾਂਤੀ ਵਿੱਚੋਂ ਉਭਰੇ ਤਿੰਨ ਨੁਕਤੇ 'ਸੁਤੰਤਰਤਾ, ਭਾਈਚਾਰਾ ਅਤੇ ਬਰਾਬਰੀ ਦੇ ਆਧਾਰ ਤੇ ਹੀ ਹਿੰਦੂ ਸਮਾਜ ਵਿਵਸਥਾ ਦੀ ਪਰਖ ਪੜਚੋਲ ਕਰਦੇ ਹਨ। ਉਨ੍ਹਾਂ ਨੂੰ ਹਿੰਦੂ ਸਮਾਜ ਵਿੱਚ ਸੁਤੰਤਰਤਾ ਦੀ ਗੁੰਜਾਇਸ਼ ਨਜ਼ਰ ਨਹੀਂ ਆਉਂਦੀ ਸਗੋਂ ਹਿੰਦੂ ਸਮਾਜਿਕ ਵਿਵਸਥਾ ਦਾ ਇਹ ਸਾਫ਼ ਮੱਤ ਹੈ ਕਿ ਜਿਸ ਕਾਨੂੰਨ ਨਾਲ ਲੋਕਾਂ ਦੇ ਸ਼ਾਸਤ ਹੋਣਾ ਹੈ ਉਹ ਪਹਿਲਾਂ ਤੋਂ ਹੀ 'ਵੇਦਾਂ' ਵਿੱਚ ਮੌਜੂਦ ਹੈ।

ਇਸ ਪੁਸਤਕ ਦੇ ਅਗਲੇ ਭਾਗ ਵਿੱਚ 'ਹਿੰਦੂ ਸਮਾਜ ਵਿਵਸਥਾ : ਮੂਲ ਵਿਸ਼ੇਸ਼ਤਾਵਾਂ' ਵਾਲੇ ਲੇਖ ਵਿੱਚ ਵਿਸਥਾਰ ਵਿੱਚ ਵਰਣ-ਆਸ਼ਰਮ ਪ੍ਰਧਾਨ ਸਮਾਜ ਵਿਚਲੀਆਂ ਉਨ੍ਹਾਂ ਤਹਿਆਂ ਨੂੰ ਫਰੋਲਦਿਆਂ ਮੰਨਿਆ ਗਿਆ ਹੈ ਕਿ ਉਸ ਪ੍ਰਬੰਧ ਵਿੱਚ ਜੀਉਣ ਦਾ ਅਧਿਕਾਰ ਤਾਂ ਕੇਵਲ ਉਪਰਲੀ ਜਾਤ ਬ੍ਰਾਹਮਣ ਜਾਂ ਥੋੜ੍ਹਾ ਬਹੁਤ ਕਸ਼ੱਤਰੀਆ ਕੋਲ ਹੀ ਸੀ। ਵੈਸ਼ ਤੇ ਸ਼ੂਦਰ ਤਾਂ ਜੀਵਨ ਦੇ ਮੁਢਲੇ ਅਧਿਕਾਰਾਂ ਤੋਂ ਵੀ ਵੰਚਿਤ ਸਨ ਉਪਰੋਂ ਸਿਤਮ ਇਹ ਕਿ ਉਨ੍ਹਾਂ ਨੂੰ ਮਹਿਸੂਸ ਇਹ ਕਰਾਇਆ ਜਾ ਰਿਹਾ ਹੈ ਕਿ ਅਜਿਹਾ ਸਾਡੀ ਮਰਜ਼ੀ ਨਾਲ ਨਹੀਂ ਸਗੋਂ ਈਸ਼ਵਰ ਦੀ ਮਰਜ਼ੀ ਨਾਲ ਹੋ ਰਿਹਾ ਹੈ। ਜਨੇਊ ਪਾਉਣ ਦਾ ਅਧਿਕਾਰ, ਪਹਿਰਾਵੇ ਦਾ ਅਧਿਕਾਰ, ਖਾਣ ਦਾ ਅਧਿਕਾਰ, ਡੰਡਾ (ਹਥਿਆਰ) ਰੱਖਣ ਦਾ ਅਧਿਕਾਰ ਆਦਿ ਸਾਰੇ ਜਾਤੀ ਪ੍ਰਥਾ ਹੀ ਤਹਿ ਕਰਦੀ ਸੀ ਅਤੇ ਇਹ ਅਧਿਕਾਰ ਬ੍ਰਾਹਮਣ ਜਾਂ ਵੱਧ ਤੋਂ ਵੱਧ (ਸੀਮਤ ਰੂਪ ਵਿੱਚ) ਖੱਤਰੀ ਤਕ ਹੀ ਸਿਮਟ ਕੇ ਰਹਿ ਜਾਂਦੇ ਸਨ। ਵੈਸ਼ ਤੇ ਸ਼ੂਦਰ ਤਾਂ ਇਸ ਤੋਂ ਮੁਕੰਮਲ ਰੂਪ ਵਿੱਚ ਵੰਚਿਤ ਸਨ। ਵਿਭਚਾਰ ਦੀ ਸਜ਼ਾ ਵੀ ਬ੍ਰਾਹਮਣ ਲਈ ਨਾ-ਮਾਤਰ ਹੀ ਸੀ ਜਦ ਕਿ ਹੇਠਲੀਆਂ ਜਾਤਾਂ ਦੇ ਲੋਕਾਂ ਲਈ ਵਿਭਚਾਰ ਦੀ ਸਜ਼ਾ ਇਬਰਤਨਾਕ ਸੀ। ਸਰੀਰ ਦੇ ਉਸ ਅੰਗ ਨੂੰ ਕੱਟਣ/ਦਾਗ਼ਣ ਦੀ ਵਿਵਸਥਾ ਸੀ, ਜਿਸ ਨਾਲ ਵਿਭਚਾਰ ਹੋਇਆ ਹੁੰਦਾ। ਇਸ ਸਾਰੇ ਦਾ ਵੇਰਵਾ ਡਾ. ਅੰਬੇਡਕਰ ਇਨ੍ਹਾਂ ਲੇਖਾਂ ਵਿੱਚ ਬਹੁਤ ਹੀ ਬੇਬਾਕੀ ਵਾਲੇ ਅੰਦਾਜ਼ ਵਿੱਚ ਕਰਦਾ ਹੈ, ਜੋ ਉਸ ਸਮੇਂ ਦੇ ਹਿੰਦੂ ਵਿਵਸਥਾ ਵਾਲੇ ਸਮਾਜ ਦੀ, ਦਮਨਕਾਰੀ ਨੀਤੀ ਦੀ ਜਿਊਂਦੀ ਜਾਗਦੀ ਮਿਸਾਲ ਪੇਸ਼ ਕਰਦਾ ਹੈ।

ਪੁਸਤਕ ਦੇ ਆਖਰੀ ਅਧਿਆਇ ਵਿੱਚ ਡਾ. ਅੰਬੇਡਕਰ ਵੱਲੋਂ ਚੌਥੇ ਵਿਸ਼ਵ ਬੋਧ ਸੰਮੇਲਨ ਵਿੱਚ 20 ਨਵੰਬਰ 1956 ਨੂੰ ਦਿੱਤੇ ਗਏ ਭਾਸ਼ਣ ਦਾ ਵੇਰਵਾ ਵੀ ਦਰਜ ਹੋਇਆ ਹੈ ਜਿਸ ਨਾਲ ਡਾ. ਅੰਬੇਡਕਰ ਦੀਆਂ ਵਿਚਾਰਧਾਰਕ ਧਾਰਨਾਵਾਂ ਹੋਰ ਵੀ ਸਪੱਸ਼ਟ ਰੂਪ ਵਿੱਚ ਉਘੜਦੀਆਂ ਹਨ। ਦਲਿਤ ਅਤੇ ਕਮਿਊਨਿਸਟ ਲਹਿਰਾਂ ਦੇ ਚਿੰਤਕਾਂ ਲਈ ਇਹ ਪੁਸਤਕ ਬਹੁਤ ਹੀ ਗਿਆਨ ਵਰਧਕ ਹੋਵੇਗੀ। ਤੇਲਤੁੰਬੜੇ ਦੀ ਮਿਹਨਤ ਨੂੰ ਡਾ. ਕਰਮਜੀਤ ਸਿੰਘ ਹੋਰਾਂ ਨੇ ਪੰਜਾਬੀ ਪਾਠਕਾਂ/ਚਿੰਤਕਾਂ ਦੇ ਰੂ-ਬ-ਰੂ ਕਰਕੇ ਵੱਡਾ ਕਾਰਜ ਨਿਭਾਇਆ ਹੈ। ਇਹ ਪੁਸਤਕ ਪੜ੍ਹਨਯੋਗ ਤਾਂ ਹੈ ਹੀ ਨਾਲ ਦੀ ਨਾਲ ਇਹ ਇਥ ਸਾਂਭਣਯੋਗ ਪੁਸਤਕ ਵੀ ਹੈ ਜੋ ਭਵਿੱਖ ਵਿੱਚ ਕਿਸੇ ਵੀ ਹਵਾਲੇ ਲਈ ਵਰਤੀ ਜਾ ਸਕਦੀ ਹੈ।

## ਵੇਲਜ਼ 'ਚ ਲੇਖਕ ਡਿਲਨ ਟੌਮਸ...

ਸਫ਼ਾ 1 ਦੀ ਬਾਕੀ

ਲੰਘਦਾ ਹੋਇਆ ਅਚਾਨਕ ਖੁੱਲ੍ਹ ਜਾਂਦਾ ਹੈ ਤੇ ਹੁਣ ਸਾਡੇ ਸੱਜੇ ਹੱਥ ਸਿਰਫ ਪਾਣੀ ਦਾ ਅਥਾਹ ਪਸਾਰ ਹੈ। ਪਰ ਇਹ ਸਮੁੰਦਰ ਨਹੀਂ, ਟਾਫ ਨਦੀ ਦੇ ਚੌੜੇ ਦਹਾਨੇ ਦਾ ਸ਼ਾਂਤ ਫੈਲਾਅ ਹੈ, ਜੋ ਦੂਰ, ਦਿਸਹੱਦੇ ਕੋਲ ਸਮੁੰਦਰ ਨਾਲ ਰਲਣ ਜਾ ਰਿਹਾ ਹੈ। ਇਸ ਥਾਂ ਦੀ ਅਨੋਖੀ ਖ਼ੂਬਸੂਰਤੀ ਇਹ ਹੈ ਕਿ ਇਥੋਂ ਨਜ਼ਾਰਾ ਤਾਂ ਸਮੁੰਦਰ ਵਰਗਾ ਹੈ, ਪਰ ਸੁਬਕ ਜਿਹੀ ਹਰਕਤ ਵਾਲੇ ਪਾਣੀਆਂ ਕਾਰਨ ਸ਼ਾਂਤੀ ਪਹਾੜਾਂ ਵਾਲੀ ਜਾਪਦੀ ਹੈ। ਜਾਪਦਾ ਹੈ ਜਿਵੇਂ ਅਸੀਂ ਇਕ ਐਸੀ ਪਹਾੜੀ 'ਤੇ ਤੁਰ ਰਹੇ ਹਾਂ, ਜਿਸ ਦੇ ਪੈਰਾਂ ਵਿਚ ਵਿਛੇ ਸਮੁੰਦਰ ਦੀਆਂ ਲਹਿਰਾਂ ਸ਼ੂਕਣਾ ਤੱਜ ਕੇ ਸੁਸਤਾਅ ਰਹੀਆਂ ਹਨ.

ਸਾਰੀਆਂ ਇਮਾਰਤਾਂ ਹੁਣ ਸਾਡੇ ਖੱਬੇ ਵਾਲੇ ਪਾਸੇ ਹਨ ਤੇ ਸੱਜੇ ਹੱਥ ਸਿਰਫ ਪੱਥਰਾਂ ਦੀ ਚਿਣਾਈ ਨਾਲ ਬਣੀ ਕਦੀਮੀ ਤਿੰਨ ਫੁੱਟੀ ਕੰਧ ਸਾਡੇ ਬਚਾਅ ਲਈ ਨਾਲੋ-ਨਾਲ ਤੁਰੀ ਆ ਰਹੀ ਹੈ। ਅਚਾਨਕ ਏਸੇ ਹੱਥ ਇਕ ਕੈਬਿਨ ਬਣਿਆ ਨਜ਼ਰੀਂ ਪੈਂਦਾ ਹੈ, ਜਿਸ ਦੇ ਦਰਵਾਜ਼ੇ ਦੀ ਥਾਂ ਸ਼ੀਸ਼ੇ ਦੀ ਕੰਧ ਹੈ, ਜਿਸ ਰਾਹੀਂ ਕੈਬਿਨ ਅੰਦਰ ਖੁੱਲ੍ਹ ਕੇ ਝਾਕ ਸਕਣਾ ਸੰਭਵ ਹੈ। ਅੰਦਰ ਝਾਤ ਮਾਰੋ ਤਾਂ ਕਮਰੇ ਦੇ ਪਾਰਲੇ ਸਿਰੇ 'ਤੇ, ਸਾਹਮਣੇ ਖੁੱਲ੍ਹਦੀ ਬਾਰੀ ਨਾਲ ਲੱਗੀ ਲਿਖਣ ਮੇਜ ਡੱਠੀ ਦਿਸਦੀ ਹੈ, ਜਿਸ ਉੱਤੇ ਕੁਝ ਕਿਤਾਬਾਂ ਤੇ ਖਿੱਲਰੇ ਹੋਏ ਕਾਗਜ਼ ਹਨ, ਇਕ ਲੈਂਪ ਤੇ ਕਈ ਕਲਮਾਂ ਨਾਲ ਲੈਸ ਕਲਮਦਾਨ ਰੱਖੇ ਹੋਏ ਹਨ, ਨਾਲ ਹੀ ਇਕ ਚਾਹ ਜਾਂ ਕੌਫੀ ਵਾਸਤੇ ਇਕ ਮਗ ਤੇ ਇਕ ਬੀਅਰ ਦੀ ਬੋਤਲ ਪਏ ਹਨ। ਕੋਲ ਪਈ ਕੁਰਸੀ ਦੀ ਪਿੱਠ ਉਤੇ ਲਾਹ ਕੇ ਰੱਖਿਆ ਕੋਟ ਟੰਗਿਆ ਹੋਇਆ ਹੈ, ਤੇ ਫਰਸ਼ ਉੱਤੇ ਗੁੱਛਾ-ਮੁੱਛਾ ਕਰਕੇ ਸੁੱਟੇ ਹੋਏ ਕਾਗਜ਼ ਹਨ। ਜਿਵੇਂ ਕੋਈ ਲਿਖਾਰੀ ਹੁਣੇ-ਹੁਣੇ ਏਥੋਂ ਉੱਠ ਕੇ ਗਿਆ ਹੋਵੇ।

"ਇਹ ਡਿਲਨ ਟੌਮਸ ਦਾ ਲਿਖਣ ਸ਼ੈੱਡ ਹੈ", ਡੈਨ ਦੱਸਦਾ ਹੈ, "ਇਹ ਪਿਛਲੇ ਮਕਾਨ ਵਾਲਿਆਂ ਨੇ 1920 ਵਿਚ ਆਪਣੀ ਕਾਰ ਦੇ ਗਰਾਜ ਵਜੋਂ ਤਿਆਰ ਕੀਤਾ ਸੀ, ਜੋ ਲ਼ਾਰਨ ਦੀ ਪਹਿਲੀ ਕਾਰ ਵੀ ਸੀ, ਪਰ ਬਹੁਤਾ ਚਿਰ ਵਰਤ ਨਾ ਸਕੇ। ਓਧਰਲੇ ਪਾਸਿਓਂ ਕਾਰ ਲਿਆ ਕੇ ਖੜੀ ਤਾਂ ਕੀਤੀ ਜਾ ਸਕਦੀ ਹੈ, ਪਰ ਰਾਹ ਸੌੜਾ ਹੋਣ ਕਾਰਨ ਮੋੜਨ ਦੀ ਕੋਈ ਥਾਂ ਨਹੀਂ ਤੇ ਕਾਰ ਨੂੰ ਬੈਕ ਗੀਅਰ ਪਾ ਕੇ ਹੀ ਵਾਪਸ ਲਿਜਾਇਆ ਜਾ ਸਕਦਾ ਹੈ, ਜੋ ਇਸ ਵਲੇਵੇਂਦਾਰ ਰਾਹ ਉੱਤੇ ਕਰ ਸਕਣਾ ਸੌਖਾ ਨਹੀਂ। ਸੋ ਵਰ੍ਹਿਆਂ ਤੋਂ ਇਹ ਥਾਂ ਵਰਤੋਂ ਵਿਚ ਨਹੀਂ ਸੀ। ਡਿਲਨ ਟੌਮਸ ਦਾ ਘਰ ਏਥੋਂ ਨਾਲ ਹੀ ਹੈ, ਪਰ ਇਕ ਤਾਂ ਘਰ ਬਹੁਤ ਛੋਟਾ ਹੈ ਤੇ ਦੂਜਾ ਆਪਣੀ ਪਤਨੀ ਕੇਟਲਿਨ ਨਾਲ ਵੀ ਹਰ ਵੇਲੇ ਖਹਿਬੜਨ ਲੱਗਾ ਹੀ ਰਹਿੰਦਾ ਸੀ। ਸੋ ਅਰਾਮ ਨਾਲ, ਬੇਝੰਜਟ ਹੋ ਕੇ ਲਿਖਣ ਲਈ ਡਿਲਨ ਟੌਮਸ ਨੇ ਏਸ ਥਾਂ ਨੂੰ ਵਰਤਣਾ ਸ਼ੁਰੂ ਕਰ ਦਿੱਤਾ।"

ਡਿਲਨ ਟੌਮਸ ਦਾ ਘਰ, ਜਿਸ ਨੂੰ ਬੋਟ ਹਾਊਸ (ਬੇੜੀ-ਘਰ) ਕਿਹਾ ਜਾਂਦਾ ਹੈ, ਸੱਚਮੁੱਚ ਨਿਕਚੂ ਜਿਹਾ ਹੈ। ਬਾਹਰੋਂ ਦੇਖਿਆਂ ਇਹ ਕਿਸੇ ਬਾਲ ਦੀ ਬਣਾਈ ਘਰ ਦੀ ਡਰਾਇੰਗ ਵਰਗਾ ਜਾਪਦਾ ਹੈ : ਆਇਤਾਕਾਰ ਸ਼ਕਲ ਦਾ ਮਕਾਨ, ਦੋ ਚੌਕੋਰ ਬਾਰੀਆਂ ਦੇ ਵਿਚਕਾਰ ਇਕ ਦਰਵਾਜ਼ਾ, ਉਤਲੀ ਮੰਜ਼ਲ 'ਤੇ ਉਹੋ ਜਿਹੀਆਂ ਤਿੰਨ ਬਾਰੀਆਂ ਤੇ ਉਪਰ ਢਾਲਵੀਂ ਛੱਤ, ਜਿਸ ਦੇ ਇਕ ਪਾਸੇ ਚਿਮਨੀ ਹੈ। ਝੀਲ ਵਾਂਗ ਫੈਲੇ ਦਰਿਆਈ ਪਾਣੀ ਦੇ ਕੰਢੇ 'ਤੇ ਬਣੇ ਇਸ ਘਰ ਨੂੰ ਹੜ੍ਹਾਂ ਤੋਂ ਬਚਾਣ ਲਈ ਪਥਰੀਲੇ, ਉੱਚੇ ਚੁੱਕੇ ਥੜ੍ਹੇ ਉਤੇ ਉਸਾਰਿਆ ਗਿਆ ਹੈ, ਤੇ ਇਸ ਨੂੰ ਦੋ ਪਾਸਿਆਂ ਤੋਂ ਵਲਦੀ ਲੱਕੜ ਦੀ ਬਾਲਕੋਨੀ ਹੈ, ਜੋ ਬਾਲਕੋਨੀ ਘੱਟ ਤੇ ਲਾਂਘਾ ਵੱਧ ਜਾਪਦੀ ਹੈ। 5 ਪੌਂਡ ਦੇ ਕੇ ਤੁਸੀਂ ਘਰ ਦੇ ਅੰਦਰ ਦਾਖਲ ਹੁੰਦੇ ਹੋ। ਹੇਠਲੀ ਮੰਜ਼ਲ 'ਤੇ ਵੱਡਾ ਕਮਰਾ ਜਾਂ ਬੈਠਕ ਹੈ, ਜਿਸ ਨੂੰ ਤਕਰੀਬਨ ਉਵੇਂ ਹੀ ਰੱਖਿਆ ਗਿਆ ਹੈ, ਜਿਵੇਂ ਪੌਣੀ ਸਦੀ ਪਹਿਲਾਂ ਡਿਲਨ ਟੌਮਸ ਦੇ ਪਰਵਾਰ ਦੇ ਏਥੇ ਰਹਿੰਦਿਆਂ ਇਹ ਹੁੰਦਾ ਹੋਵੇਗਾ। ਉਤਲੇ ਦੋ ਕਮਰਿਆਂ ਵਿਚ ਡਿਲਨ ਟੌਮਸ ਨਾਲ ਸੰਬੰਧਤ ਵਸਤਾਂ ਅਤੇ ਉਸ ਦੀਆਂ ਲਿਖਤਾਂ ਨਾਲ ਜੁੜੀਆਂ ਚੀਜ਼ਾਂ ਦੀ ਨੁਮਾਇਸ਼ ਹੈ। ਪਿਛੋਕੜ ਵਿਚ ਉਸ ਦੀ ਰਿਕਾਰਡ ਕੀਤੀ ਆਵਾਜ਼ ਦੀ ਟੇਪ ਲਗਾਤਾਰ ਚਲਾਈ ਜਾਂਦੀ ਹੈ। ਏਥੇ ਰੱਖੀ ਗਈ ਸਭ ਤੋਂ ਅਜੀਬ ਚੀਜ਼ 1953 ਵਿਚ ਨਿਊ ਯੌਰਕ ਡਿਲਨ ਟੌਮਸ ਦੀ ਮੌਤ ਤੋਂ ਬਾਅਦ ਉਸ ਦੇ ਮੁਰਦਾ ਚਿਹਰੇ ਦੀ ਛਾਪ ਲੈ ਕੇ ਬਣਾਇਆ ਗਿਆ ਮਾਸਕ ਹੈ।

ਇਹ ਘਰ ਡਿਲਨ ਟੌਮਸ ਨੂੰ (ਜਿਹੜਾ ਆਪਣੇ ਜਿਉਂਦੇ ਜੀਅ ਕਿਸੇ ਵੀ ਘਰ ਦਾ ਮਾਲਕ ਨਾ ਬਣ ਸਕਿਆ), ਉਸ ਦੀ ਇਕ ਉਪਾਸ਼ਕ (ਸਾਡੇ ਡੈਨ ਦੀ ਵਿਸਤ੍ਰਿਤ ਜਾਣਕਾਰੀ ਮੁਤਾਬਕ ਦਰਅਸਲ ਉਸ ਦੀ ਮਾਸ਼ੂਕ) ਮਾਰਗ੍ਰੇਟ ਟੇਲਰ ਨੇ ਲੈ ਕੇ ਦਿੱਤਾ ਸੀ। ਘਰ ਭਾਵੇਂ ਅਸਲੋਂ ਨਿੱਕੜਾ ਹੈ, ਪਰ ਹੈ ਬਹੁਤ ਟਿਕਾਣੇ 'ਤੇ, ਜਿੱਥੋਂ ਹਰ ਵਾਰੀ ਦਿਲਕਸ਼ ਨਜ਼ਾਰਿਆਂ ਵੱਲ ਝਾਤ ਪੁਆਉਂਦੀ ਹੈ। ਘਰ ਛੋਟਾ ਜਿਹਾ ਹੋਣ ਕਾਰਨ ਇਸ ਨੂੰ ਦੇਖਣ ਵਿਚ ਬਹੁਤਾ ਸਮਾਂ ਨਹੀਂ ਲੱਗਦਾ, ਤੇ ਘਰ-ਨਿਗਰਾਨ ਦੇ ਦੱਸਣ ਮੁਤਾਬਕ ਸਾਲ ਵਿਚ 25,000 ਦੇ ਗੇੜ ਵਿਚ ਲੋਕ ਇਸ ਨੂੰ ਦੇਖਣ ਅਤੇ ਡਿਲਨ ਟੌਮਸ ਨੂੰ ਸ਼ਰਧਾ ਭੇਟ ਕਰਨ ਆਂਦੇ ਹਨ।

ਮਨ ਵਿੱਚੋਂ ਲੰਘੇ ਬਿਨਾਂ ਨਹੀਂ ਰਹਿੰਦਾ ਕਿ ਵੇਲਜ਼ ਦੇ ਇਸ ਸਿਰਫ 1300 ਦੀ ਆਬਾਦੀ ਵਾਲੇ ਕਸਬੇ ਵਿਚ ਹਰ ਸਾਲ 25000 ਲੋਕ ਆਪਣੇ ਲੇਖਕ ਨੂੰ ਅਕੀਦਤ ਪੇਸ਼ ਕਰਨ ਏਥੇ ਆਂਦੇ ਹਨ । ਡਿਲਨ ਟੌਮਸ ਨੇ ਵੇਲਸ਼ ਮੂਲ ਦਾ ਹੋਣ ਦੇ ਬਾਵਜੂਦ ਹਮੇਸ਼ਾ ਅੰਗਰੇਜ਼ੀ ਵਿਚ ਲਿਖਿਆ, ਆਪਣੀ ਮਾਂ ਬੋਲੀ ਵਿਚ ਨਹੀਂ, ਤਾਂ ਵੀ ਵੇਲਸ਼ ਲੋਕ ਉਸ ਨੂੰ ਆਪਣੇ ਖਿੱਤੇ ਦੇ ਅਜੀਮ ਲੇਖਕ ਵਜੋਂ ਯਾਦ ਕਰਦੇ ਹਨ। ਵੇਲਜ਼ ਦੇ ਕਈ ਸ਼ਹਿਰਾਂ ਸਮੇਤ ਉਸ ਦੇ ਜਨਮ ਸ਼ਹਿਰ ਸਵਾਂਜੀ ਦੇ ਵਿਚ ਉਸ ਦੀ ਯਾਦ ਵਿਚ ਸਮਾਰਕ ਹਨ। ਉਹ ਏਸ ਘਰ ਵਿਚ ਸਿਰਫ ਆਖਰੀ ਚਾਰ ਸਾਲ ਰਿਹਾ, ਫੇਰ ਵੀ ਇਸ ਨੂੰ ਸਾਂਭ ਕੇ ਰੱਖਿਆ ਗਿਆ ਹੈ ਤੇ ਸਾਡੇ ਪੰਜਾਬ ਵਿਚ .... ਜਿਸ ਥਾਂ, ਪ੍ਰੀਤਨਗਰ, ਵਿਚ ਅਜੋਕੇ ਪੰਜਾਬੀ ਸਾਹਿਤ ਦੇ ਦੋ ਮੋਢੀ ਗੁਰਬਖਸ਼ ਸਿੰਘ ਤੇ ਨਾਨਕ ਸਿੰਘ ਤਾਅ ਉਮਰ ਰਹੇ, ਜਿਸ ਥਾਂ ਨੂੰ ਪੰਜਾਬੀ ਲੇਖਕਾਂ ਦਾ ਮੱਕਾ ਕਿਹਾ ਜਾਂਦਾ ਹੈ, ਓਥੇ ਸਾਲ ਵਿਚ 1500 ਜਣੇ ਵੀ ਫੇਰੀ ਨਹੀਂ ਮਾਰਦੇ। ਜੇ ਪਰਵਾਰਕ ਕੋਸ਼ਿਸ਼ਾਂ ਨਾਲ ਇਸ ਨੂੰ ਸਾਂਭ ਕੇ ਰੱਖਣ ਵਾਲੇ ਨਾ ਹੁੰਦੇ ਤਾਂ ਹੁਣ ਤੱਕ ਇਸ ਨੇ ਥੇਹ ਹੀ ਹੋ ਜਾਣਾ ਸੀ। ਬਲਵੰਤ ਗਾਰਗੀ ਦਾ ਕਾਸ਼ਨੀ ਵਿਹੜੇ ਵਾਲਾ ਘਰ ਦਿੱਲੀ ਦੀਆਂ ਬਹੁ-ਮੰਜ਼ਲੀਆਂ ਇਮਾਰਤਾਂ ਨੇ ਚਿਰੋਕਣਾ ਨਿਗਲ ਲਿਆ ਹੋਇਆ ਹੈ। ਅੰਮ੍ਰਿਤਾ ਪ੍ਰੀਤਮ ਦੇ ਘਰ ਦਾ ਉਨ੍ਹਾਂ ਦੇ ਜਾਣ ਸਾਰ ਹੀ ਰੂਪ ਵਟ ਗਿਆ ਸੀ। ਸ਼ਿਵ ਕੁਮਾਰ ਬਟਾਲਵੀ ਨਾਲ ਜੁੜੀ ਕੋਈ ਵੀ ਰਿਹਾਇਸ਼ੀ ਥਾਂ ਨਹੀਂ ਬਚੀ। ਕਿਸ ਕਿਸ ਨੂੰ ਯਾਦ ਕਰਾਂ! ਅਸੀਂ ਸ਼ਾਇਦ ਸੈਮੀਨਾਰਾਂ ਦੇ ਭਾਸ਼ਣਾਂ ਵਿਚ ਹੀ ਆਪਣੀ ਵਿਰਾਸਤ ਨੂੰ ਬਚਾ ਕੇ ਰੱਖਣ ਦੇ ਫਿਕਰ ਜ਼ਾਹਰ ਕਰਨ ਵਾਲੀ ਕੌਮ ਹਾਂ।

9-Oct-Sunday.qxd 10/8/2022 10:11 PM Page 2



## ਪੈੜਾਂ

### ਮੁਲਾਕਾਤੀ-ਡਾ. ਜਸਵਿੰਦਰ ਕੌਰ ਬਿੰਦਰਾ

# ਦੁਨੀਆ 'ਚ ਸਭ ਤੋਂ ਵੱਧ ਖ਼ੂਨ-ਖ਼ਰਾਬਾ ਧਰਮ ਦੇ ਨਾਂਅ 'ਤੇ ਹੋਇਆ

# ਜਤਿੰਦਰ ਹਾਂਸ



**? 'ਈਸ਼ਵਰ ਦਾ ਜਨਮ' ਕਹਾਣੀ ਦਾ ਵਿਸ਼ਾ ਤੈਨੂੰ ਕਿਵੇਂ ਸੁੱਝਿਆ ? ਕੀ ਇਹ ਮੀਡੀਆ ਰਾਹੀਂ ਦਿਨ-ਰਾਤ ਪ੍ਰਚਾਰਿਤ ਹੁੰਦੇ ਅਧਿਆਤਮਕ ਪ੍ਰਵਚਨਾਂ ਦਾ ਅਸਰ ਹੈ ਜਾਂ ਸੱਚਮੁੱਚ ਕਿਸੇ ਸ਼ਿਵਰ ਵਿੱਚੋਂ ਹੋ ਕੇ ਮੁੜੇ ਬੰਦੇ ਦੀ ਆਪ ਬੀਤੀ 'ਚ ਤੇਰੀ ਕਲਪਨਾ ਰਲ ਕੇ ਪੇਸ਼ ਹੋਈ ਹੈ।**

—ਡਾ. ਜਸਵਿੰਦਰ ਕੌਰ ਬਿੰਦਰਾ ਜੀ, ਮੇਰੇ ਮਨ 'ਚ ਇਹ ਸੁਆਲ ਅਕਸਰ ਮੰਡਰਾਉਂਦਾ ਰਹਿੰਦਾ ਸੀ ਕਿ ਮਨੁੱਖ ਦੇ ਮਨ 'ਚ 'ਈਸ਼ਵਰ ਦਾ ਜਨਮ' ਕਦੋਂ ਅਤੇ ਕਿਵੇਂ ਹੋਇਆ ਹੋਵੇਗਾ। ਜੰਗਲਾਂ 'ਚ ਰਹਿਣ ਵਾਲਾ ਮਨੁੱਖ। ਅਸਮਾਨੀ ਬਿਜਲੀ, ਅੱਗ, ਪਾਣੀ ਜਿਨ੍ਹਾਂ ਤੋਂ ਡਰਦਾ ਸੀ, ਜਲ ਦੇਵਤਾ, ਅਗਨੀ ਦੇਵਤਾ ਅਤੇ ਹੋਰ ਦੇਵਤੇ ਬਣਾ ਕੇ ਉਹਨਾਂ ਨੂੰ ਪੂਜਣ ਲੱਗਿਆ। ਫਿਰ ਕੁਝ 'ਚਲਾਕ' ਬੰਦਿਆਂ ਨੇ ਉਹਦੇ ਮਨ ਵਿੱਚ 'ਸਰਬ-ਸ਼ਕਤੀਮਾਨ' ਈਸ਼ਵਰ ਜਿਸ ਦੇ ਸਹਾਰੇ ਸ੍ਰਿਸ਼ਟੀ ਚੱਲਦੀ ਆ, ਦਾ ਜਨਮ ਕਰ ਦਿੱਤਾ। ਪ੍ਰੋ. ਮੋਹਣ ਸਿੰਘ ਦੀਆਂ ਸਤਰਾਂ ਨੇ

ਰੱਬ ਇੱਕ ਗੁੰਝਲਦਾਰ ਬੁਝਾਰਤ,
ਰੱਬ ਇੱਕ ਗੋਰਖ ਧੰਦਾ।
ਖੋਲ੍ਹਣ ਲੱਗਿਆ ਪੇਚ ਇਸਦੇ
ਕਾਫਰ ਹੋ ਜੇ ਬੰਦਾ।
ਅਜਿਹੇ ਸੁਆਲ ਮੈਨੂੰ ਬੇਚੈਨ ਕਰੀ ਰੱਖਦੇ।

ਭਾਰਤ ਅਧਿਆਤਮਕਤਾ ਦਾ ਧੁਰਾ ਹੈ। ਇਹਨੇ ਮੈਨੂੰ ਪ੍ਰਭਾਵਿਤ ਕੀਤਾ। ਹੁਣ ਪੰਜਾਬ 'ਚ ਫੈਲਾਏ ਜਾ ਰਹੇ ਡੇਰਾਵਾਦ ਬਾਰੇ ਜਾਨਣਾ ਚਾਹੁੰਦਾ ਸੀ। ਇਹ ਕਿਵੇਂ ਫੈਲਦਾ ਅਤੇ ਆਮ ਭੋਲੇ-ਭਾਲੇ ਲੋਕਾਂ ਨੂੰ ਕਿਵੇਂ ਸ਼ਿਕੰਜੇ 'ਚ ਕੱਸਦਾ।

ਸ਼ਾਇਰ ਮਿੱਤਰ ਸੱਤਪਾਲ ਭੀਖੀ ਅਧਿਆਪਕ ਹੈ। ਮੈਂ ਵੀ ਅਧਿਆਪਕ ਹਾਂ। ਸੱਤਪਾਲ ਦਾ ਫੋਨ ਆਇਆ, "ਚੱਲ ਤੈਨੂੰ ਪੂਨੇ ਘੁਮਾ ਲਿਆਈਏ। ਪੂਨੇ 'ਸੈਮੀਨਾਰ' ਸੀ। ਮੈਂ ਸੋਚਿਆ ਸਿੱਖਿਆ ਨਾਲ ਸੰਬੰਧਤ ਸੈਮੀਨਾਰ ਲੱਗਦੇ ਹੀ ਰਹਿੰਦੇ ਨੇ, ਓਵੇਂ ਦਾ ਹੋਵੇਗਾ। ਪੰਜਾਬ ਵਿੱਚੋਂ ਅੱਠ ਜਣੇ ਉਹ ਸੈਮੀਨਾਰ ਲਾਉਣ ਪੂਨੇ ਗਏ। ਸਾਡੇ ਨਾਲ ਸ਼ਾਇਰ ਤਰਸੇਮ ਬਰਨਾਲਾ, ਜਸਵਿੰਦਰ ਧਰਮਕੋਟ, ਜਗਤਾਰ ਜ਼ੀਰਾ, ਅਮਨਦੀਪ ਸਿੰਘ, ਦਨੇਸ਼ ਸਿੰਘ ਆਦਿ ਅਧਿਆਪਕ ਸਾਥੀ ਸਨ। ਸੱਤਪਾਲ ਭੀਖੀ ਰਸਤੇ ਵਿੱਚ ਦੱਸਦਾ ਜਾ ਰਿਹਾ ਸੀ, ਕਿਵੇਂ ਇਸ ਪ੍ਰੋਗਰਾਮ ਨੂੰ ਸਾਹਿਤਕ ਬਣਾਇਆ ਜਾਵੇਗਾ। ਬੱਸ ਇਹੀ ਫਾਰਮੂਲਾ ਰਹੂਗਾ, ਖਾਓ ਪੀਓ ਐਸ਼ ਕਰੋ ਮਿੱਤਰੋ, ਦਿਲ ਪਰ ਕਿਸੇ ਦਾ ਦੁਖਾਇਓ ਨਾ। ਅੱਗੇ ਜਾ ਕੇ ਦੇਖਿਆ, ਉਹ ਇੱਕ ਧਾਰਮਿਕ ਸ਼ਿਵਰ ਸੀ। 'ਸਰ ਸ੍ਰੀ' ਜੋ ਡੇਰਾ ਚਲਾਉਂਦਾ ਸੀ। ਸਵੇਰੇ ਸੱਤ ਵਜੇ ਤੋਂ ਸ਼ਾਮ ਦੇ 9 ਵਜੇ ਤੱਕ 'ਸਰ ਸ੍ਰੀ' ਦੇ ਪ੍ਰਵਚਨ ਚੱਲਦੇ ਰਹਿੰਦੇ। ਹਜ਼ਾਰ ਕੁ ਬੰਦਾ ਸ਼ਿਵਰ 'ਚ ਹੁੰਦਾ। ਕਿਵੇਂ ਹਿਪਨੋਟਾਈਜ਼ ਕੀਤਾ ਜਾਂਦਾ। ਉੱਥੇ ਪਤਾ ਲੱਗਾ ਕਿਵੇਂ ਇਹ ਲੋਕ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੇ, ਭੇਡਾਂ ਬਣਾਉਣ 'ਤੇ ਤੁਲੇ ਹੁੰਦੇ ਨੇ। ਉੱਥੇ ਜੋ ਵਾਪਰਿਆ ਉਹਦਾ ਕਾਫ਼ੀ ਹਿੱਸਾ ਕਹਾਣੀ 'ਈਸ਼ਵਰ ਦਾ ਜਨਮ' ਵਿੱਚ ਹੈ। ਇਸ ਕਹਾਣੀ ਦਾ ਪਾਤਰ ਅਮਨ ਸਾਡੇ ਵਿੱਚੋਂ ਨਹੀਂ ਸੀ, ਪਰ ਉਸ ਸ਼ਿਵਰ 'ਚ ਕਈ 'ਅਮਨ' ਮਿਲੇ, ਜਿਨ੍ਹਾਂ ਨੂੰ ਸਾਧ ਦੇ ਪ੍ਰਵਚਨਾਂ ਨੇ 'ਅਮਨ' ਬਣਾ ਦਿੱਤਾ ਸੀ। ਇੱਥੇ ਹੀ 'ਈਸ਼ਵਰ ਦਾ ਜਨਮ' ਕਹਾਣੀ ਦਾ ਜਨਮ ਹੋਇਆ। ਅਜੇ ਹੋਰ ਬਹੁਤ ਕੁਝ ਆ, ਜੋ ਉਸ ਬਾਰੇ ਲਿਖਾਂਗਾ। ਸ਼ਾਇਦ ਇੱਕ-ਦੋ ਹੋਰ ਕਹਾਣੀਆਂ।

**? ਅਧਿਆਤਮਕਤਾ ਤੋਂ ਤੂੰ ਆਪ ਕਿੰਨਾ ਕੁ ਪ੍ਰਭਾਵਤ ਹੈਂ। ਤੇਰੀ ਆਪਣੀ ਨਜ਼ਰ ਵਿੱਚ ਇਹ ਕੀ ਹੈ, ਇੱਕ ਜੀਵਨ-ਜਾਚ ਜਾਂ ਇੱਕ ਨਜ਼ਰੀਆ, ਜਿਸ ਉੱਤੇ ਸਿਰਫ਼ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।**

—ਅਧਿਆਤਮਕਤਾ ਨੂੰ ਮੈਂ ਧਰਮ ਨਾਲ ਜੋੜ ਕੇ ਦੇਖਦਾਂ। ਧਰਮ ਨੇ ਕਬੀਲਿਆਂ, ਟੁਕੜਿਆਂ 'ਚ ਵੰਡੇ ਮਨੁੱਖ ਨੂੰ ਇਕੱਠੇ ਕੀਤਾ। ਸਾਰੇ ਧਰਮ ਪਿਆਰ ਦਾ ਸੰਦੇਸ਼ ਦਿੰਦੇ ਨੇ। ਫਿਰ ਪਤਾ ਨਹੀਂ ਇਹਨਾਂ ਧਾਰਮਿਕ ਲੋਕਾਂ 'ਚ ਨਫ਼ਰਤ ਕਿੱਥੋਂ ਆ ਵੜਦੀ ਹੈ। ਦੁਨੀਆ 'ਚ ਸਭ ਤੋਂ ਵੱਧ ਖ਼ੂਨ-ਖ਼ਰਾਬਾ ਧਰਮ ਦੇ ਨਾਂਅ 'ਤੇ ਹੋਇਆ। ਧਾਰਮਿਕ ਕੱਟੜਤਾ, ਧਰਮ ਦੇ ਨਾਂਅ 'ਤੇ ਦੰਗੇ-ਫਸਾਦ ਮਾੜੇ ਲੱਗਦੇ ਨੇ। ਇਹ ਗੱਲਾਂ ਮੈਨੂੰ ਬੇਚੈਨ ਕਰਦੀਆਂ ਨੇ।

**? ਤੇਰੀਆਂ ਕਹਾਣੀਆਂ ਦੇ ਕਿਹੜੇ-ਕਿਹੜੇ ਪਾਤਰਾਂ ਨੇ ਤੇਰੀਆਂ ਸੋਚਾਂ ਨੂੰ ਮੱਲੀ ਰੱਖਿਆ ਤੇ ਤੈਨੂੰ ਲਿਖਣ ਲਈ ਮਜਬੂਰ ਕੀਤਾ। ਇਸ ਵਿੱਚ ਪ੍ਰੇਰਣਾ ਵੀ ਸ਼ਾਮਲ ਹੋ ਸਕਦੀ ਹੈ।**

—ਕਹਾਣੀ ਵਿੱਚ ਮੈਂ ਆਪਣੇ ਪਾਤਰਾਂ ਦੇ ਹੱਕ 'ਚ ਜਾਂ ਵਿਰੋਧ 'ਚ ਨਹੀਂ ਖੜ੍ਹਦਾ, ਬਸ ਉਹਨਾਂ ਦੀ ਗੱਲ ਦੱਸਦਾ ਹਾਂ। ਹੁਣ ਤੁਸੀਂ ਜਾਣਦੇ ਹੋ ਗੱਲਾਂ ਤਾਂ ਉਸੇ ਬੰਦੇ (ਪਾਤਰ) ਦੀਆਂ ਹੋਣਗੀਆਂ, ਜੋ ਸਾਡੀਆਂ ਸੋਚਾਂ ਮੱਲੀ ਰੱਖਦਾ ਹੈ, ਜਿਵੇਂ ਜੇ ਕੋਈ ਆਗਰੇ ਵੱਲ ਘੁੰਮ ਕੇ ਤਾਜ ਮਹਿਲ ਦੇਖ ਆਵੇ, ਕਈ ਦਿਨ ਤਾਜ ਮਹਿਲ ਦੀਆਂ ਗੱਲਾਂ ਹੀ ਕਰੀ ਜਾਂਦਾ। ਸਾਹਿਤ ਅਸਲ ਦਾ ਅਜਨਬੀਕਰਨ ਹੀ ਹੁੰਦਾ ਹੈ। ਮੇਰੀਆਂ ਕਹਾਣੀਆਂ ਦੇ ਪਾਤਰਾਂ ਨੂੰ ਮੈਂ ਸਿਆਣਦਾ ਵੀ ਹਾਂ, ਮੇਰੇ ਲਈ ਅਜਨਬੀ ਵੀ ਨੇ। 'ਛਿੱਟ ਕੁ ਕਹਾਣੀ' ਦਾ ਪਾਤਰ ਸੁੱਖਾ, ਜਿਹੜਾ ਔਰਤ ਲਈ ਤਰਸਿਆ ਪਿਆ। ਉਹ ਦੁਖੀ ਹੋਇਆ ਆਖਦਾ, "ਜੇ ਕਿਤੇ ਕੋਈ ਤੀਮੀ ਮਿਲਜੇ, ਮੈਂ ਤਾਂ ਉਹਦੇ ਪੈਰ ਧੋ-ਧੋ ਪੀਵਾਂ ਪਰ ਏਥੇ ਯੂ. ਪੀ. 'ਚ ਕਿੱਥੇ ਮਿਲਦੀ ਆ, ਇਹ ਯੂ. ਪੀ. ਬੜੀ ਕਸੂਤੀ ਆ।" 'ਰਾਹੂ-ਕੇਤੂ' ਕਹਾਣੀ ਦਾ ਪਾਤਰ ਚੰਦ ਸਿੰਘ, ਜਿਸ ਦੀ ਸਿਸਟਮ ਨੇ ਘੀਸੀ ਕਰਾਈ ਪਈ ਆ, ਉਹ ਘਰੋਂ ਬਾਹਰੋਂ ਅੰਤਾਂ ਦਾ ਦੁਖੀ ਆ, ਇਕੱਲਤਾ ਹੰਢਾਉਂਦਾ, ਪਰ ਉਹ ਚੜ੍ਹਦੀ ਕਲਾ 'ਚ ਰਹਿਣ ਵਾਲਾ ਮਨੁੱਖ ਆ ਆਖਦਾ, "ਜੱਟ ਤਾਂ ਘੀਸੀ ਕਰਵਾ ਦਿੰਦਾ।" 'ਤੱਖੀ' ਕਹਾਣੀ ਦਾ ਕਾਲੂ ਬਾਬਾ ਜਿਸ ਦਾ ਜੁਆਨ ਪੁੱਤ ਮਰ ਜਾਂਦਾ, ਉਹ ਦੁੱਖ 'ਚ ਟੁੱਟ ਜਾਂਦਾ। ਜਦੋਂ ਉਸ ਨੂੰ ਪਤਾ ਲੱਗਦਾ ਉਹਦਾ ਪੁੱਤ ਸੱਪ ਦਾ ਡੰਗਿਆ ਨਹੀਂ ਮਰਿਆ। ਜ਼ਹਿਰੀਲਾ ਨਸ਼ਾ ਖਾ ਕੇ ਪੂਰਾ ਹੋਇਆ, ਇਹ ਗੱਲ ਉਹਨੂੰ ਧਰਵਾਸ ਦਿੰਦੀ ਆ, ਉਹ ਆਪਣੀ ਪਤਨੀ ਨੂੰ ਕਹਿੰਦਾ ਹੈ, "ਏ ਜੱਗੂ ਦੀ ਮਾਂ ਮੈਂ ਕਹਿੰਦਾ ਨੀ ਸੀ ਜੱਗੂ ਮੇਰਾ ਪੁੱਤ ਆ, ਨਾਗਣ ਦਾ ਡੰਗਿਆ ਨੀ ਮਰਦਾ।" 'ਲੁਤਰੋ' ਕਹਾਣੀ ਦੀ ਪਾਤਰ ਮੁੱਕੋ ਜਿਸ ਦੀ ਮਾਲਕਣ ਉਸ ਨਾਲ ਲੜ ਰਹੀ ਆ ਕਿ ਉਹ ਕੰਮ 'ਤੇ ਨਹੀਂ ਆਈ ਉਹਦੀ ਤਨਖਾਹ ਕੱਟੂਗੀ। ਉਹ ਮਾਲਕਣ ਨੂੰ ਕਹਿੰਦੀ ਆ, "ਬੀਬੀ ਜਿਸ ਦਿਨ ਗੁਆਂਢ 'ਚ ਲੜਾਈ ਹੋਊ, ਮੈਂ ਕੰਮ 'ਤੇ ਨ੍ਹੀ ਆ ਸਕਦੀ, ਚਾਹੇ ਹਫ਼ਤੇ ਦੀ ਤਨਖਾਹ ਕੱਟ ਲਈਂ। ਲੜਾਈ ਤਾਂ ਮੈਂ ਦੇਖਣੀ ਹੀ ਦੇਖਣੀ ਆ। ਜਦੋਂ ਗੁਆਂਢਣਾਂ ਆਪਸ ਵਿੱਚ ਲੜਦੀਆਂ ਨੇ ਤਾਂ ਪਤਾ ਲੱਗ ਜਾਂਦਾ ਕਿਹੜੀ ਕੀਹਦੇ ਨਾਲ ਆ।" 'ਵਿਸ਼ਵ ਸੁੰਦਰੀ' ਕਹਾਣੀ ਦੀ ਰਾਜਵੀਰ। 'ਡ ਖਾਲੀ' ਦਾ ਜਿੰਦੂ। 'ਰਸ-ਰੰਗ' ਦਾ ਫੋਹੜ ਹੋਰ ਬਹੁਤ ਸਾਰੇ ਪਾਤਰ ਨੇ ਜਿਹੜੇ ਮੇਰੇ ਦਿਲ ਦੇ ਨੇੜੇ ਨੇ। ਇਹਨਾਂ ਸ਼ਕਤੀਸ਼ਾਲੀ ਪਾਤਰਾਂ ਨੇ ਮੇਰੇ ਕੋਲੋਂ ਹੱਥ ਫੜ ਕੇ ਹੀ ਆਪਣੇ ਬਾਰੇ ਲਿਖਵਾਇਆ।


**? ਕਿਸੇ ਵੀ ਵਿਸ਼ੇ ਜਾਂ ਘਟਨਾ ਨੂੰ ਕਹਾਣੀ ਵਿੱਚ ਢਾਲਣ ਵਿੱਚ ਕਿੰਨਾ ਸਮਾਂ ਲੱਗ ਜਾਂਦਾ ਹੈ। ਬਹੁਤ ਅੱਚੋਤਾਈ ਲੱਗੀ ਰਹਿੰਦੀ ਹੈ, ਜਾਂ ਸਹਿਜੇ-ਸਹਿਜੇ ਢਲਦੀ ਹੈ।**

—ਵਿਜੇ-ਵਿਵੇਕ ਹੋਰਾਂ ਦੀਆਂ ਸਤਰਾਂ ਹਨ:

ਏਥੇ ਕੌਣ ਸ਼ਾਇਰ ਹੈ ਨਾ ਮੁਰਾਦ,
ਕਿਸ ਨੂੰ ਕਵਿਤਾ ਦੀ ਭਾਲ ਹੈ।
ਇਹ ਤਾਂ ਤੇਰੇ ਵਿਯੋਗ ਵਿੱਚ,
ਦਿਲ 'ਚੋਂ ਉੱਠਿਆ ਉਬਾਲ ਹੈ।

ਹਰ ਕਹਾਣੀ ਦੀ ਵੱਖਰੀ-ਵੱਖਰੀ ਕਹਾਣੀ ਹੈ। ਕਈ ਵਾਰ ਕੋਈ ਘਟਨਾ ਵਾਪਰਦੀ ਹੈ, ਉਹਦੇ ਦੁਆਲੇ ਕਹਾਣੀ ਸਿਰਜੀ ਜਾਂਦੀ ਆ। ਕਈ ਵਾਰ ਕੋਈ ਵਿਚਾਰ ਉਪਜਦਾ ਜਿਹੜਾ ਵੱਖਰਾ ਲੱਗਦਾ, ਉਸ ਦੁਆਲੇ ਘਟਨਾਵਾਂ, ਪਾਤਰ ਸਿਰਜੇ ਜਾਂਦੇ ਨੇ। ਜਿਵੇਂ ਪਹਿਲਾਂ ਗੱਲ ਕੀਤੀ ਆ ਕਈ ਵਾਰ ਕੋਈ ਪਾਤਰ ਹੀ ਏਨਾ ਮੂੰਹ ਜ਼ੋਰ ਹੁੰਦਾ, ਹੱਥ ਫੜ ਕੇ ਲਿਖਵਾ ਲੈਂਦਾ। ਇਹ ਤਾਂ ਦਿਲ 'ਚੋਂ ਉੱਠਿਆ ਉਬਾਲ ਹੀ ਹੁੰਦਾ, ਜਿਹੜਾ ਕਾਗਜ਼ਾਂ 'ਤੇ ਉਤਰ ਕੇ ਠੰਢਾ ਹੁੰਦਾ।

ਪਹਿਲੀ ਗੱਲ ਤਾਂ ਇਹ ਆ ਕਿ ਮੈਂ ਲਿਖਦਾ ਕਿਉਂ ਹਾਂ ? ਮੇਰੀ ਬਹੁਤ ਵੱਡੀ ਕਮਜ਼ੋਰੀ ਇਹ ਆ ਕਿ ਮੈਂ 'ਨੌਨ ਸੋਸ਼ਲ' ਆਂ। ਭੀੜ 'ਚ ਵੀ ਇਕੱਲਾ ਹੀ ਹੁੰਦਾ ਹਾਂ। ਕਦੀ-ਕਦੀ ਇਸ ਇਕੱਲਤਾ ਤੋਂ ਡਰ ਆਉਣ ਲੱਗਦਾ, ਇਹ ਮੈਨੂੰ ਵੱਢ ਖਾਣ ਨੂੰ ਪੈਂਦੀ ਹੈ। ਸਮਾਜ 'ਚ ਵਾਪਰ ਰਹੇ ਮਾੜੇ ਵਰਤਾਰੇ ਬਹੁਤ ਤੰਗ ਕਰਦੇ ਨੇ, ਪ੍ਰੇਸ਼ਾਨ ਕਰਦੇ ਨੇ। ਕਮਰੇ 'ਚ ਕਾਗਜ਼ ਪੈੱਨ ਲੈ ਕੇ ਬੈਠ ਜਾਂਦਾ ਹਾਂ। ਉੱਥੇ ਮੈਂ ਇਕੱਲਾ ਨਹੀਂ ਹੁੰਦਾ, ਨਾਲ ਮੇਰੇ ਪਾਤਰ ਹੁੰਦੇ ਨੇ ਉਹਨਾਂ ਦੇ ਦੁੱਖਾਂ 'ਚ ਦੁਖੀ ਹੁੰਦਾ ਹਾਂ। ਖ਼ੁਸ਼ੀਆਂ 'ਚ ਹੱਸਦਾ ਹਾਂ। ਇੱਕ ਵੱਖਰਾ ਸੰਸਾਰ ਸਿਰਜਦਾ ਹਾਂ। ਜਿਹੜਾ ਕਈ ਵਾਰ ਮੇਰੇ ਲਈ ਅਜਨਬੀ ਵੀ ਹੁੰਦਾ। ਲਿਖਦੇ ਸਮੇਂ ਬੜਾ ਅਨੰਦ ਆਉਂਦਾ ਹੈ। ਸਾਹਿਤ ਪੜ੍ਹਨਾ ਤੇ ਲਿਖਣਾ ਦੁਨੀਆ ਦਾ ਸਭ ਤੋਂ ਖ਼ੂਬਸੂਰਤ ਕੰਮ ਲੱਗਦਾ। ਮੇਰੀ ਮਾਂ ਕਈ ਵਾਰ ਖਿਝ ਕੇ ਆਖਦੀ ਹੁੰਦੀ ਆ, 'ਨਿੱਕਲ ਆ ਹੁਣ ਭੋਰੇ 'ਚੋਂ ਬਾਹਰ।' ਕਹਾਣੀ ਲਿਖਣ ਤੋਂ ਬਾਅਦ ਚਾਰ-ਪੰਜ ਵਾਰ ਸੋਧ-ਸਧਾਈ ਕਰਦਾ ਹਾਂ। ਕਈ ਵਾਰ ਕਈ ਕਹਾਣੀਆਂ ਢਾਹ ਕੇ ਦੁਬਾਰਾ ਉਸਾਰਦਾ ਹਾਂ। ਏਨੀ ਵਾਰ ਲਿਖ ਕੇ ਕਈ ਵਾਰ ਮਨ ਉਕਤਾਅ ਜਾਂਦਾ। ਕਹਾਣੀ ਦੇ ਪਰੂਫ ਪੜ੍ਹਨ ਨੂੰ ਵੀ ਮਨ ਨਹੀਂ ਕਰਦਾ। ਕਈ ਵਾਰ ਜਦੋਂ ਕਹਾਣੀ ਮੈਗਜ਼ੀਨ 'ਚ ਛਪ ਕੇ ਆਉਂਦੀ ਹੈ, ਉਦੋਂ ਵੀ ਨਹੀਂ ਪੜ੍ਹਦਾ। ਪਰ ਜਦੋਂ ਕਹਾਣੀ ਬਾਰੇ ਪਾਠਕਾਂ, ਵਿਦਵਾਨਾਂ ਦੇ ਫੋਨ ਆਉਂਦੇ ਨੇ, ਫਿਰ ਸੋਚੀਦਾ ਏਨੀ ਤਾਰੀਫ਼ ਕਰ ਰਹੇ ਨੇ ਪੜ੍ਹ ਕੇ ਦੇਖੀਏ, ਇਹਨਾਂ ਨੂੰ ਕੀ ਪਸੰਦ ਆ।



ਦੋ ਵੱਡੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਜਤਿੰਦਰ ਹਾਂਸ

**? ਇਸੇ ਨਾਲ ਹੀ ਲੱਗਦਾ ਸਵਾਲ ਕਿ-ਪਹਿਲਾਂ ਕਥਾਨਕ ਸੁਝਦਾ ਹੈ ਕਿ ਪਹਿਲੇ ਪਾਤਰ।**

—ਡਾ. ਸਾਹਿਬ, ਕਈ ਵਾਰ ਕੋਈ ਵਿਚਾਰ ਹੁੰਦਾ ਉਸ ਦੁਆਲੇ ਘਟਨਾਵਾਂ, ਪਾਤਰ ਉਸਾਰ ਲਈਦੇ ਨੇ। ਕਈ ਵਾਰ ਕੋਈ ਪਾਤਰ, ਕਈ ਵਾਰ ਕੋਈ ਘਟਨਾ ਹੁੰਦੀ ਆ। ਉਸ ਦੁਆਲੇ ਕਹਾਣੀ ਉਸਾਰ ਲਈਦੀ ਆ। ਅਹਿਮ ਗੱਲ ਇਹ ਆ ਉਹ ਵਿਚਾਰ, ਪਾਤਰ ਜਾਂ ਘਟਨਾ 'ਚ ਕੋਈ ਮੇਰੇ ਮਨ ਦੇ ਨੇੜੇ ਦੀ ਗੱਲ ਪਈ ਹੋਵੇ। ਉਹ ਕੁਝ ਵੱਖਰੀ ਤੇ ਅਲੋਕਾਰੀ ਜਿਹੀ ਲੱਗੇ ਜਾਂ ਅਲੋਕਾਰੀ ਨਾ ਲੱਗੇ।

**? ਪੰਜਾਬੀ ਕਹਾਣੀ ਦਾ ਸਫ਼ਰ ਅੱਠ-ਨੌਂ ਦਹਾਕਿਆਂ ਵਿੱਚ ਫੈਲਿਆ ਹੋਇਆ। ਤੈਨੂੰ ਕਿਸ ਦੌਰ ਦੀ ਕਹਾਣੀ ਨੇ ਵਧੇਰੇ ਪ੍ਰਭਾਵਤ ਕੀਤਾ ਤੇ ਕਿਉਂ।**

—ਲਾਲ ਸਿੰਘ ਕਮਲਾ ਅਕਾਲੀ ਤੋਂ ਲੈ ਕੇ ਹੁਣ ਤੱਕ ਜੋ ਕਹਾਣੀਕਾਰ ਕਹਾਣੀਆਂ ਲਿਖ ਰਹੇ ਨੇ, ਉਹਨਾਂ ਸਭਨਾਂ ਦਾ ਪੰਜਾਬੀ ਕਹਾਣੀ ਦਾ ਮੁਹਾਂਦਰਾ ਸਵਾਰਨ 'ਚ ਆਪੋ-ਆਪਣਾ ਯੋਗਦਾਨ ਹੈ। ਮੇਰੇ ਲਈ ਕੋਈ ਵੀ ਕਹਾਣੀਕਾਰ ਸਿੱਟ ਪਾਉਣ ਵਾਲਾ ਨਹੀਂ। ਹਰ ਦੌਰ ਦੀ ਚੰਗੀ ਕਹਾਣੀ ਮਿਲ ਜਾਂਦੀ ਹੈ। ਚੰਗੀ ਕਹਾਣੀ ਦਿਲ ਮੋਹ ਲੈਂਦੀ ਆ। ਪ੍ਰੇਮ ਪ੍ਰਕਾਸ਼, ਵਿਰਕ, ਗੁਰਪਾਲ ਲਿਟ, ਮੋਹਨ ਭੰਡਾਰੀ, ਵਰਿਆਮ ਸੰਧੂ, ਗੁਰਬਚਨ ਭੁੱਲਰ, ਕਿਰਪਾਲ ਕਜ਼ਾਕ, ਗੁਰਦੇਵ ਰੁਪਾਣਾ ਅਤੇ ਹੋਰ ਕਈ ਕਹਾਣੀਕਾਰ ਨੇ, ਜਿਹਨਾਂ ਦਾ ਪੰਜਾਬੀ ਕਹਾਣੀ ਨੂੰ ਵਿਸ਼ਵ ਦੀ ਕਹਾਣੀ ਦੇ ਹਾਣ ਦਾ ਬਣਾਉਣ ਵਿੱਚ ਵੱਡਾ ਯੋਗਦਾਨ ਹੈ।

**? ਤੇਰੀ ਨਜ਼ਰ ਵਿੱਚ ਸਮਕਾਲੀ ਕਹਾਣੀ ਦੀਆਂ ਕਿਹੜੀਆਂ ਖਾਸੀਅਤਾਂ ਹਨ, ਜੋ ਆਧੁਨਿਕਤਾ ਤੇ ਉੱਤਰ-ਆਧੁਨਿਕਤਾ ਨਾਲ ਮੇਲ ਖਾਂਦੀਆਂ ਹਨ ਤੇ ਇਸ ਨੂੰ ਸਿਰਮੌਰ ਬਣਾਉਂਦੀਆਂ ਹਨ।**

—ਵਿਧੀ ਅਤੇ ਵਿਸ਼ੇ ਪੱਖੋਂ ਪੰਜਾਬੀ ਕਹਾਣੀ ਵਿੱਚ ਕਾਫ਼ੀ ਵਿਕਾਸ ਹੋਇਆ ਹੈ। ਸਾਧਾਰਨ ਮਨੁੱਖ ਦੇ ਸੂਖਮ ਤੋਂ ਸੂਖਮ ਅਹਿਸਾਸਾਂ ਨੂੰ ਪੰਜਾਬੀ ਕਹਾਣੀ ਕਲਾਵੇ ਵਿੱਚ ਲੈ ਰਹੀ ਹੈ। ਸਾਡੇ ਪੁਰਾਣੇ ਅਤੇ ਸਮਕਾਲੀ ਕਹਾਣੀਕਾਰ ਜਿੱਥੇ ਨਵੇਂ ਵਿਸ਼ੇ ਲੈ ਕੇ ਕਹਾਣੀਆਂ ਰਚਦੇ ਹਨ, ਉੱਥੇ ਨਵੀਆਂ ਬਿਰਤਾਂਤਕ ਯੁਗਤਾਂ ਅਤੇ ਕਲਾ ਪੱਖੋਂ ਕਹਾਣੀ ਨੂੰ ਸਿਖਰਾਂ 'ਤੇ ਪਹੁੰਚਾ ਰਹੇ ਹਨ।

**? ਅੱਜ ਦੇ ਦੌਰ ਦੇ ਕਹਾਣੀਕਾਰ, ਕਹਾਣੀ ਦੀ ਪੇਸ਼ਕਾਰੀ ਵਿੱਚ ਉਲਝਾਓ ਨੂੰ ਇੱਕ ਜੁਗਤ ਵਾਂਗ ਪੇਸ਼ ਕਰਦੇ ਹਨ। ਕੀ ਇਸ ਜੁਗਤ ਨੂੰ ਕਹਾਣੀ ਦੀ ਸਫਲਤਾ ਵਜੋਂ ਵੇਖਿਆ ਜਾਣ ਲੱਗ ਪਿਆ ਹੈ। ਪਰ ਕਈ ਵਾਰ ਇੰਜ ਵੀ ਹੋ ਜਾਂਦਾ ਹੈ ਕਿ ਬਹੁਤ ਉਲਝੇ ਧਾਗੇ ਵਿੱਚ ਗੰਢਾਂ ਵਧੇਰੇ ਹੋ ਜਾਣ ਤਾਂ ਉਹ ਸਾਫ਼-ਸੁਖਾਈ ਬੁਣਾਈ ਦੇ ਕਾਬਿਲ ਨਹੀਂ ਰਹਿ ਜਾਂਦਾ। ਕਹਾਣੀਕਾਰ ਹੋਣ ਦੇ ਨਾਤੇ ਤੁਸੀਂ ਇਸ ਗੱਲ ਨੂੰ ਬਿਹਤਰ ਸਮਝ ਤੇ ਸਮਝਾ ਸਕਦੇ ਹੋ।**

—ਡਾ. ਸਾਹਿਬ ਜਿਹੜੀ ਪਹਿਲਾਂ ਕਹਾਣੀ ਲਿਖੀ ਜਾ ਰਹੀ ਸੀ, ਵਿਰਕ ਵੇਲੇ ਉਦੋਂ ਬੰਦਾ ਸਮਾਜ ਨਾਲੋਂ ਟੁੱਟ ਰਿਹਾ ਸੀ। ਫਿਰ ਉਸ ਤੋਂ ਬਾਅਦ ਵਾਲੀ ਕਹਾਣੀ ਵਿੱਚ ਬੰਦਾ ਪਰਵਾਰ ਨਾਲੋਂ ਟੁੱਟ ਰਿਹਾ ਸੀ। ਅੱਜ ਦਾ ਬੰਦਾ ਭਾਈਚਾਰੇ ਨਾਲੋਂ ਟੁੱਟ ਚੁੱਕਿਆ, ਪਰਵਾਰ ਨਾਲੋਂ ਟੁੱਟ ਚੁੱਕਿਆ, ਆਪ ਵੀ ਟੁਕੜਿਆਂ ਵਿੱਚ ਵੰਡਿਆ ਪਿਆ। ਅੱਜ ਦੀ ਬਹੁਤੀ ਕਹਾਣੀ ਉਸ ਟੁਕੜਿਆਂ 'ਚ ਵੰਡੇ ਪਏ ਬੰਦੇ ਦੀ ਕਹਾਣੀ ਹੈ।

ਅੱਜ ਦੇ ਦੌਰ ਦੇ ਜਟਿਲ ਵਰਤਾਰਿਆਂ ਨੂੰ ਫੜਨ ਕਾਰਨ, ਪਾਤਰ ਦੀ ਉਲਝੀ ਹੋਈ ਮਾਨਸਿਕਤਾ ਦਾ ਵਰਨਣ ਕਰਦਿਆਂ ਪ੍ਰਸਥਿਤੀਆਂ, ਜਟਿਲ ਬਣ ਜਾਂਦੀਆਂ ਨੇ। ਇੱਕ ਉਲਝਾਓ ਜਿਹਾ ਪੈਦਾ ਹੋ ਜਾਂਦਾ ਹੈ। ਜਿਹੜਾ ਪਾਠਕਾਂ ਨੂੰ ਪ੍ਰੇਸ਼ਾਨ ਕਰਦਾ ਹੈ। ਕਈ ਕਹਾਣੀਆਂ ਨੂੰ ਅਕਹਾਣੀ ਵੀ ਬਣਾਉਂਦਾ ਹੈ। ਕਈ ਲੇਖਕ ਇਹ ਜਾਣ-ਬੁੱਝ ਕੇ ਕਰਦੇ ਨੇ। ਵਿਦਵਾਨ ਦਿਸਣ ਲਈ।

ਮੈਂ ਉਲਝਾਓ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹਾਂ। ਸਧਾਰਨ ਪਾਠਕ ਲਈ ਲਿਖਦਾ ਹਾਂ। ਜਿਵੇਂ ਸੱਥ 'ਚ ਬੈਠਾ ਬੰਦਾ, ਕੋਈ ਇੱਕ ਵਾਕ ਬੋਲਦਾ ਹੈ। ਉੱਥੇ ਬੈਠਿਆਂ-ਬੈਠਿਆਂ ਸਾਰੇ ਬੰਦਿਆਂ ਦੇ ਉਹਦੀ ਗੱਲ ਸੁਣਨ ਲਈ ਕੰਨ ਖੜ੍ਹੇ ਹੋ ਜਾਂਦੇ ਨੇ। ਉਹ ਸਾਹ ਰੋਕ ਕੇ ਉਹਦੀ ਪੂਰੀ ਗੱਲ ਸੁਣਦੇ ਨੇ, ਕਿਉਂਕਿ ਉਸ ਕੋਲ ਗੱਲ (ਕਹਾਣੀ) ਸੁਣਾਉਣ/ ਕਹਿਣ ਦੀ ਕਲਾ ਹੈ। ਉਸ ਦੀਆਂ ਗੱਲਾਂ 'ਚ ਉਲਝਾਓ ਨਹੀਂ, ਕਥਾ ਰਸ ਹੈ, ਜੋ ਕਹਾਣੀ ਵਿੱਚ ਹੋਣਾ ਚਾਹੀਦਾ ਹੈ। ਕਹਾਣੀ ਦੇ ਬਹੁਪਰਤਾਂ ਅਤੇ ਬਹੁਅਰਥਾਂ ਨੂੰ ਪੇਸ਼ ਕਰਦਿਆਂ ਉਸ ਨੂੰ ਉਲਝਾਓ ਤੋਂ ਬਚਾ ਕੇ ਰੱਖਣਾ ਹੀ ਤਾਂ ਕਲਾ ਹੈ।

**? ਅਨੇਕਾਂ ਕਹਾਣੀਕਾਰਾਂ ਨੂੰ ਕਹਾਣੀ ਦੀ ਮੁੱਖਧਾਰਾ ਵਿੱਚ ਨਿਤਰਨ ਲਈ ਕਈ ਕਹਾਣੀਆਂ ਤੇ ਸੰਗ੍ਰਹਿ ਦੇਣੇ ਪਏ, ਪਰੰਤੂ ਤੈਨੂੰ ਇਹ ਸਫ਼ਲਤਾ ਆਪਣੇ ਪਹਿਲੇ ਸੰਗ੍ਰਹਿ ਤੋਂ ਵੀ ਪਹਿਲਾਂ ਹਾਸਲ ਹੋ ਗਈ, ਤੂੰ ਇਸ ਸਫ਼ਲਤਾ ਦਾ ਸਿਹਰਾ ਕਿਸ ਦੇ ਸਿਰ ਉੱਤੇ ਬੰਨ੍ਹਣਾ ਚਾਹੇਂਗਾ, ਆਪਣੀ ਲਿਖਤ ਦੇ ਜਾਦੂ 'ਤੇ, ਜੋ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਿਆ ਜਾਂ ਸਿਰਜਣਾਤਮਕ ਪ੍ਰਤਿਭਾ 'ਤੇ ਜਾਂ ਉਸ ਉੱਤੇ ਕੀਤੀ ਮਿਹਨਤ 'ਤੇ।**

—ਅੰਮ੍ਰਿਤਾ ਪ੍ਰੀਤਮ ਦੀਆਂ ਸਤਰਾਂ ਨੇ:

ਹੁਨਰ ਦਾ ਦਾਅਵਾ ਨਹੀਂ
ਮਾਣ ਸੁੱਚੇ ਇਸ਼ਕ ਦਾ।

ਤੁਹਾਡੀ ਗੱਲ ਬਿਲਕੁਲ ਸਹੀ ਆ। ਮੈਂ ਇਸ ਗੱਲੋਂ ਖ਼ੁਸ਼ਕਿਸਮਤ ਹਾਂ। ਪਹਿਲੀ ਕਿਤਾਬ 'ਪਾਵੇ ਨਾਲ ਬੰਨ੍ਹਿਆ ਕਾਲ' ਛਪਣ ਤੋਂ ਪਹਿਲਾਂ ਹੀ ਮੇਰੀਆਂ ਕਹਾਣੀਆਂ ਨੇ ਮੇਰੀ ਪਹਿਚਾਣ ਸਾਹਿਤ ਜਗਤ 'ਚ ਬਣਾ ਦਿੱਤੀ ਸੀ। 'ਨੰਗੇਜ', 'ਫ਼ੌਜੀ', 'ਪਾਵੇ ਨਾਲ ਬੰਨ੍ਹਿਆ ਕਾਲ' ਵਰਗੀਆਂ ਕਹਾਣੀਆਂ ਪੰਜਾਬੀ ਦੇ ਸਿਰਮੌਰ ਮੈਗਜ਼ੀਨਾਂ 'ਲਕੀਰ', 'ਸਿਰਜਣਾ', 'ਹੁਣ' ਆਦਿ 'ਚ ਛਪੀਆਂ ਜਿਹਨਾਂ ਦੀ ਬਹੁਤ ਪ੍ਰਸੰਸਾ ਹੋਈ। 'ਛਿੱਟ ਕੁ' ਕਹਾਣੀ ਮੋਹਾਲੀ 'ਚ 'ਦੀਵਾ ਬਲੇ ਸਾਰੀ ਰਾਤ' ਕਹਾਣੀ ਦਰਬਾਰ 'ਚ ਪੜ੍ਹੀ। ਉਸ ਵਿੱਚ ਪੰਜਾਬੀ ਦੇ ਵੱਡੇ ਕਹਾਣੀਕਾਰ ਅਤੇ ਆਲੋਚਕ ਬੈਠੇ ਸਨ। ਸਭ ਨੇ ਮੁਕਤ ਕੰਠ ਨਾਲ ਕਹਾਣੀ ਦੀ ਪ੍ਰਸੰਸਾ ਕੀਤੀ। 'ਨਵਾਂ ਜ਼ਮਾਨਾ' ਅਖ਼ਬਾਰ ਵਾਲੇ ਹਰ ਸਾਲ ਪਾਠਕਾਂ, ਵਿਦਵਾਨਾਂ ਤੋਂ ਇੱਕ ਸਰਵੇਖਣ ਕਰਾਉਂਦੇ, ਜਿਸ ਵਿੱਚ ਉਸ ਸਾਲ ਛਪੀਆਂ ਕਹਾਣੀਆਂ ਬਾਰੇ ਰਾਏ ਪੁੱਛੀ ਜਾਂਦੀ। 'ਪਾਵੇ ਨਾਲ ਬੰਨ੍ਹਿਆ ਕਾਲ' ਕਹਾਣੀ ਉਸ ਸਾਲ ਦੀ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਕਹਾਣੀ ਸੀ। ਕਿਤਾਬ ਛਪਣ ਤੋਂ ਪਹਿਲਾਂ ਹੀ ਮੇਰਾ ਚੰਗਾ-ਤਕੜਾ ਪਾਠਕ ਵਰਗ ਬਣ ਗਿਆ ਸੀ, ਜਿਸ ਦਾ ਅੰਦਾਜ਼ਾ ਕਹਾਣੀਆਂ ਬਾਰੇ ਚਿੱਠੀਆਂ ਅਤੇ ਫੋਨਾਂ ਤੋਂ ਹੋ ਜਾਂਦਾ। ਜਦੋਂ ਕਿਤਾਬ 'ਪਾਵੇ ਨਾਲ ਬੰਨ੍ਹਿਆ ਕਾਲ' ਛਪੀ, ਉਸ ਨੂੰ ਪਾਠਕਾਂ ਨੇ ਸਿਰ 'ਤੇ ਚੱਕ ਲਿਆ। 'ਨਵਾਂ ਜ਼ਮਾਨਾ' ਅਖ਼ਬਾਰ ਦੇ ਕਰਵਾਏ ਸਰਵੇਖਣ 'ਚ ਦੁਨੀਆ 'ਚ ਛਪਣ ਵਾਲੀਆਂ ਪੰਜਾਬੀ ਦੀਆਂ ਕਿਤਾਬਾਂ ਵਿੱਚੋਂ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਕਿਤਾਬ ਸੀ। 2021 ਤੱਕ ਇਸ ਕਿਤਾਬ ਦੇ ਪੰਜ ਐਡੀਸ਼ਨ ਛਪ ਚੁੱਕੇ ਹਨ। ਇਸ ਦਾ ਅਨੁਵਾਦ ਸੁਭਾਸ਼ ਨੀਰਵ ਹੁਰਾਂ ਨੇ ਹਿੰਦੀ 'ਚ ਕੀਤਾ।

ਕਿਤੇ ਕਹਾਣੀ ਸੁਣੀ ਸੀ, ਕੁੜੀ-ਮੁੰਡੇ ਨੂੰ ਮੁਹੱਬਤ ਹੋ ਗਈ। ਕੁੜੀ ਦਾ ਕਿਤੇ ਹੋਰ ਵਿਆਹ ਹੋ ਗਿਆ। ਮੁੰਡਾ ਉਹਦੇ ਵਿਯੋਗ 'ਚ ਲਿਖਣ ਲੱਗ ਗਿਆ, ਸਮਾਂ ਪਾ ਕੇ ਉਹ ਵੱਡਾ ਲੇਖਕ ਬਣ ਗਿਆ। ਕੁੜੀ ਨੂੰ ਉਹਦੇ ਲੇਖਕ ਬਣਨ ਦਾ ਪਤਾ ਲੱਗਿਆ, ਉਹ ਬੁੱਢੀ ਹੋ ਚੁੱਕੀ ਸੀ। ਉਹ ਉਹਨੂੰ ਮਿਲਣ ਗਈ। ਜਾ ਕੇ ਲੇਖਕ ਨੂੰ ਪੁੱਛਦੀ ਆ, 'ਤੂੰ ਮੈਨੂੰ ਪਹਿਚਾਣਿਆ ? '

ਉਹ ਕਹਿੰਦਾ, 'ਨਹੀਂ ਜੀ ਕੌਣ ਓ ਤੁਸੀਂ ? '

ਉਹ ਕਹਿੰਦੀ, 'ਮੈਂ ਉਹੀ ਆਂ, ਜਿਹਨੇ ਤੈਨੂੰ ਏਡਾ ਵੱਡਾ ਲੇਖਕ ਬਣਾ ਦਿੱਤਾ।'

ਲੇਖਕ ਹੱਸ ਪਿਆ, ਕਹਿੰਦਾ, "ਜੇ ਤੇਰੇ 'ਚ ਲੇਖਕ ਬਣਾਉਣ ਦੀ ਕਲਾ ਹੁੰਦੀ, ਤੇਰਾ ਪਤੀ, ਜਿਸ ਨਾਲ ਤੂੰ ਰਹਿੰਨੀ ਏਂ, ਬਹੁਤ ਵੱਡਾ ਲੇਖਕ ਹੁੰਦਾ। ਉਹ ਤਾਂ ਮੇਰੇ ਅੰਦਰ ਹੀ ਕੁਝ ਸੀ, ਜਿਸ ਨੂੰ 'ਮਾਰਾਜ ਦੀ ਬਖਸ਼' ਕਹਿੰਨੇ ਆਂ, ਉਹਦੇ ਕਰਕੇ ਮੈਂ ਏਡਾ ਵੱਡਾ ਲੇਖਕ ਬਣ ਗਿਆ।"

ਮੈਨੂੰ ਲਗਦਾ 'ਮਾਰਾਜ ਦੀ ਬਖ਼ਸ਼' ਵਾਲੀ ਗੱਲ ਵੀ ਠੀਕ ਆ। ਉਹ ਦਸ ਪ੍ਰਸੈਂਟ ਹੁੰਦੀ ਆ। ਬਾਕੀ ਲੇਖਕ ਦੀ ਮਿਹਨਤ ਹੁੰਦੀ ਆ।

2009 'ਚ 'ਈਸ਼ਵਰ ਦਾ ਜਨਮ' ਕਹਾਣੀ ਸੰਗ੍ਰਹਿ ਛਪਿਆ ਸੀ। 2021 ਤੱਕ ਇਹਦੇ ਪੰਜ ਐਡੀਸਨ ਛਪ ਚੁੱਕੇ ਨੇ। 2015 'ਚ ਨਾਵਲ 'ਬੱਸ ਅਜੇ ਏਨਾ ਹੀ' ਛਪਿਆ ਸੀ। ਉਹਨੂੰ ਆਸ ਤੋਂ ਵੱਧ ਹੁੰਗਾਰਾ ਮਿਲਿਆ। 2021 ਤੱਕ ਉਹਦੇ ਸੱਤ ਐਡੀਸਨ ਛਪ ਚੁੱਕੇ ਨੇ। ਅਜੀਤ ਅਖਬਾਰ ਵਿੱਚ ਉਹ ਸਾਲ ਭਰ ਲੜੀਵਾਰ ਛਪਦਾ ਰਿਹਾ। ਉਸ ਨਾਲ ਮੇਰੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਹੋਇਆ। ਹੁਣ 2018 'ਚ ਕਹਾਣੀ ਸੰਗ੍ਰਹਿ 'ਜਿਉਣਾ ਸੱਚ ਬਾਕੀ ਝੂਠ' ਛਪਿਆ, ਜਿਸ ਨੂੰ ਨਵਯੁੱਗ ਪਬਲੀਸ਼ਰ ਨੇ ਛਾਪਿਆ ਸੀ। ਜਿਸ ਨੂੰ ਢਾਹਾਂ ਇਨਾਮ ਮਿਲਿਆ। ਇਹ ਕਹਾਣੀ 15 ਮਾਰਚ 2020 ਦੇ ਨਵਾਂ ਜ਼ਮਾਨਾ 'ਐਤਵਾਰਤਾ' ਦੇ ਮੁੱਖ ਪੰਨੇ 'ਤੇ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ ਨੇ ਆਪਣੀ ਟਿੱਪਣੀ ਨਾਲ ਪੇਸ਼ ਕੀਤੀ। 'ਨਵਾਂ ਜ਼ਮਾਨਾ' ਵਿੱਚ ਛਪੀ ਕਹਾਣੀ ਨਾਲ ਪਾਠਕ-ਘੇਰਾ ਹੋਰ ਵਧਿਆ। ਦੋ ਐਡੀਸ਼ਨ ਇਹਦੇ ਛਪ ਚੁੱਕੇ ਨੇ।



ਦੋ ਵੱਡੇ ਸ਼ਾਇਰਾਂ ਪ੍ਰਮਿੰਦਰਜੀਤ ਅਤੇ ਮੋਹਨਜੀਤ ਨਾਲ ਕਹਾਣੀਕਾਰ

**? ਸਮਕਾਲੀ ਸਾਹਿਤਕਾਰਾਂ/ ਕਹਾਣੀਕਾਰਾਂ ਨਾਲ ਤੇਰੇ ਸੰਬੰਧ ਕਿਹੋ ਜਿਹੇ ਹਨ। ਤੈਨੂੰ ਲੱਗਦਾ ਹੈ ਕਿ ਕੁਝ ਸਮਕਾਲੀ ਉਪਰੋਂ-ਉਪਰੋਂ ਚੰਗਾ ਵਿਹਾਰ ਕਰਦੇ ਹਨ, ਪਰੰਤੂ ਅੰਦਰਖਾਤੇ ਮਨ ਵਿੱਚ ਰੜਕ ਤੇ ਈਰਖਾ ਰੱਖਦੇ ਹਨ। ਕੀ ਇਸ ਈਰਖਾ ਤੇ ਰੜਕ ਨੂੰ ਸੁਭਾਵਕ ਮੰਨ ਆਸਾਨੀ ਨਾਲ ਸਵੀਕਾਰ ਕਰ ਲੈਂਦਾ ਹੋ ਜਾਂ ਬਹੁਤ ਬੇਆਰਾਮ ਕਰਦੀ ਹੈ।**

—ਸੁਖਵਿੰਦਰ ਅੰਮ੍ਰਿਤ ਹੁਰਾਂ ਦੀਆਂ ਸਤਰਾਂ ਹਨ–

ਤੇਰੀ ਇੱਕ ਝਲਕ ਦੀ ਖਾਤਰ,
ਜਿਹਨਾਂ ਨੇ ਦੀਦੇ ਗਾਲ ਲਏ।
ਉਹਨਾਂ ਚਾਨਣ ਦੇ ਸ਼ੈਦਾਈਆਂ ਵਿੱਚ,
ਮੈਂ ਵੀ ਸ਼ਾਮਲ ਹਾਂ।

ਲਿਖਣਾ ਕੋਈ ਸੌਖਾ ਕੰਮ ਨਹੀਂ, ਖੰਡੇ ਦੀ ਧਾਰ 'ਤੇ ਤੁਰਨ ਵਾਲਾ ਕੰਮ ਹੈ। ਜਦੋਂ ਅਜੇ ਪਾਠਕ ਸਾਂ, ਸਾਹਿਤਕਾਰਾਂ ਲਈ ਮੇਰਾ ਮਨ ਸ਼ਰਧਾ ਅਤੇ ਮੋਹ, ਮੁਹੱਬਤ ਦੇ ਭਾਵ ਨਾਲ ਭਰਿਆ ਹੋਇਆ ਸੀ। ਕਿੰਨੇ ਪਿਆਰੇ-ਸਤਿਕਾਰੇ ਲੋਕ ਹੁੰਦੇ ਹੋਣਗੇ ਇਹ। ਸਭਨਾਂ ਨੂੰ ਮਿਲਣਾ/ਦੇਖਣਾ ਚਾਹੁੰਦਾ ਸੀ। ਏਨਾ ਸੋਹਣਾ ਲਿਖਣ ਵਾਲੇ ਮੈਨੂੰ ਪਰੀ ਦੇਸ਼ ਦੇ ਵਾਸੀ ਲੱਗਦੇ। ਜਦੋਂ ਮਿਲਿਆ ਤਾਂ ਥੋੜ੍ਹੇ ਹੋਰ ਤਰ੍ਹਾਂ ਦੇ ਅਨੁਭਵ ਹੋਏ। ਮੈਨੂੰ ਲੱਗਦਾ ਉਹਨਾਂ ਨੂੰ ਮੇਰੇ ਨਾਲ ਮਨ 'ਚ ਰੜਕ ਵੀ ਰੱਖਣੀ ਚਾਹੀਦੀ ਏ, ਈਰਖਾ ਵੀ ਕਰਨੀ ਚਾਹੀਦੀ ਆ, ਕਿਉਂਕਿ ਮੈਂ ਜਤਿੰਦਰ ਹਾਂਸ ਆਂ। ਬੱਸ ਉੱਪਰੋਂ-ਉੱਪਰੋਂ ਚੰਗਾ ਵਿਹਾਰ ਕਰਦੇ ਰਹਿਣ ਏਨਾ ਹੀ ਬਹੁਤ ਆ।... ਪਰ ਮੈਨੂੰ ਲੱਗਦਾ ਜਿੰਨਾ ਪਿਆਰ ਲੇਖਕਾਂ ਅਤੇ ਪਾਠਕਾਂ ਦਾ ਮੈਨੂੰ ਮਿਲਿਆ, ਕਿਸੇ-ਕਿਸੇ ਦੇ ਭਾਗਾਂ 'ਚ ਹੀ ਹੁੰਦਾ।

**? ਜਦੋਂ ਤੁਸੀਂ ਨੌਜਵਾਨ ਸਾਹਿਤਕਾਰ ਆਪਸ ਵਿੱਚ ਮਿਲ ਕੇ ਬੈਠਦੇ ਹੋ, ਅਮੂਮਨ ਚਰਚਾ ਦਾ ਵਿਸ਼ਾ ਕੀ ਹੁੰਦਾ ਹੈ, ਇੱਕ-ਦੂਜੇ ਦੀ ਨਿੰਦਾ, ਚੁਗਲੀ, ਗੁੱਟਬਾਜ਼ੀ, ਔਰਤ-ਮਰਦ ਦੇ ਸੰਬੰਧ ਜਾਂ... ?**

—ਸਾਹਿਤਕਾਰਾਂ ਨਾਲ ਮਿਲ ਬੈਠਣ ਦਾ ਮੌਕਾ ਘੱਟ ਹੀ ਮਿਲਦਾ ਹੈ। ਜਾਂ ਕਹਿ ਲਓ ਮੈਂ ਸਾਹਿਤਕਾਰਾਂ ਨੂੰ ਘੱਟ ਹੀ ਮਿਲਦਾ ਹਾਂ। ਸਾਹਿਤਕ ਪ੍ਰੋਗਰਾਮਾਂ 'ਚ ਇਕੱਠੇ ਹੋਈਦਾ, ਉੱਥੇ ਹਾਏ, ਹੈਲੋ ਹੀ ਹੁੰਦੀ ਹੈ। ਜਦੋਂ ਸਾਹਿਤਕਾਰ ਗੱਲਾਂ ਕਰਦੇ ਨੇ ਮੈਂ ਤਾਂ ਸਰੋਤਾ ਹੀ ਹੁੰਦਾ ਹਾਂ। ਫਿਰ ਵੀ, ਚੰਗੇ ਸਾਹਿਤ, ਕਹਾਣੀ, ਕਵਿਤਾ ਦੀਆਂ ਗੱਲਾਂ ਕਰ ਲਈਦੀਆਂ। ਕਿਸੇ ਦੀ ਨਿੰਦਿਆ-ਚੁਗਲੀ ਕਰਨਾ, ਸੁਣਨਾ ਮੇਰਾ ਸੁਭਾਅ ਨਹੀਂ। ਇਹਨਾਂ ਗੱਲਾਂ ਨੇ ਸਾਹਿਤ ਦਾ ਕੁਝ ਨਹੀਂ ਸੰਵਾਰਨਾ।

**? ਹਰ ਵੇਲੇ ਆਲੋਚਨਾ ਦੇ ਨੀਵੇਂ ਮਿਆਰ ਦਾ ਰਾਗ ਅਲਾਪਿਆ ਜਾਂਦਾ ਹੈ, ਤੈਨੂੰ ਇਸ ਵਿੱਚ ਕਿੰਨੀ ਸੱਚਾਈ ਨਜ਼ਰ ਆਉਂਦੀ ਹੈ।**

—ਪਹਿਲਾਂ-ਪਹਿਲ ਜੋ ਆਲੋਚਨਾ ਪੰਜਾਬੀ ਕਹਾਣੀ ਦੇ ਪ੍ਰਸੰਗ ਵਿੱਚ ਹੋਈ, ਉਹ ਪੱਛਮੀ ਮਾਪਦੰਡਾਂ ਤੇ ਸਮੇਂ-ਸਮੇਂ ਉੱਠੀਆਂ ਲਹਿਰਾਂ ਨੂੰ ਆਧਾਰ ਬਣਾ ਕੇ ਹੋਈ, ਇਸ ਕਿਸਮ ਦੀ ਆਲੋਚਨਾ ਨਾਲ ਪੰਜਾਬੀ ਕਹਾਣੀ ਦਾ ਮੁਹਾਂਦਰਾ ਬਹੁਤਾ ਉੱਘੜ ਕੇ ਸਾਹਮਣੇ ਨਹੀਂ ਆਇਆ।

ਪਿਛਲੇ ਸਮੇਂ ਤੋਂ ਜਿਹੜੀ ਆਲੋਚਨਾ ਸਾਹਮਣੇ ਆਈ, ਉਸ ਵਿੱਚ ਆਲੋਚਕਾਂ ਦੁਆਰਾ ਕੀਤੇ ਯਤਨ ਪ੍ਰਸੰਸਾਯੋਗ ਹਨ। ਉਹਨਾਂ ਦੀ ਆਲੋਚਨਾ ਵਿੱਚ ਸਿਰਜਣਾਤਮਿਕਤਾ ਦੇ ਦਰਸ਼ਨ ਹੁੰਦੇ ਹਨ। ਉਹ ਰਚਨਾ ਦੇ ਸੂਖਮ ਤੋਂ ਸੂਖਮ ਵਰਤਾਰੇ ਨੂੰ ਫੜ ਰਹੇ ਹਨ।

**? ਆਪਣੇ ਬਾਰੇ ਹੋਈ ਆਲੋਚਨਾ ਤੋਂ ਤੂੰ ਕਿੱਥੋਂ ਤੱਕ ਸੰਤੁਸ਼ਟ ਹੈਂ ? ਕੀ ਰਚਣਹਾਰ ਨੂੰ ਸਿਰਫ਼ ਸਲਾਘਾ ਤੇ ਚਰਚਾ ਹੋਣ ਨੂੰ ਹੀ ਚੰਗੀ ਆਲੋਚਨਾ ਮੰਨਣਾ ਚਾਹੀਦਾ ਹੈ ਜਾਂ ਆਲੋਚਕ ਵੱਲੋਂ ਦਰਸਾਏ ਉਸ ਦੀ ਰਚਨਾ ਦੇ ਨਾਕਾਰਾਤਮਕ ਪਹਿਲੂਆਂ ਉੱਤੇ ਵੀ ਗੌਰ ਕਰਨਾ ਚਾਹੀਦਾ ਹੈ, ਕਿਉਂਕਿ ਅਨੇਕਾਂ ਕਹਾਣੀਕਾਰ ਆਪਣੀ ਰਚਨਾ ਦੀ ਨਕਾਰਾਤਮਿਕਤਾ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੇ।**

— ਆਲੋਚਕਾਂ ਨੇ ਮੇਰੀਆਂ ਕਹਾਣੀਆਂ ਦਾ ਚੰਗਾ ਨੋਟਿਸ ਲਿਆ ਹੈ। ਸਾਰੇ ਪ੍ਰਸਿੱਧ ਆਲੋਚਕਾਂ ਨੇ ਕਹਾਣੀਆਂ ਬਾਰੇ ਲਿਖਿਆ ਹੈ। ਡਾ. ਦਵਿੰਦਰ ਸਿੰਘ ਬੋਹਾ ਨੇ 'ਈਸ਼ਵਰ ਦਾ ਜਨਮ' ਕਿਤਾਬ ਬਾਰੇ ਆਲੋਚਨਾਤਮਕ ਲੇਖਾਂ ਦੀ ਪੂਰੀ ਕਿਤਾਬ ਸੰਪਾਦਤ ਕੀਤੀ ਹੈ, 'ਜਤਿੰਦਰ ਹਾਂਸ ਦੀ ਕਥਾ ਸੰਵੇਦਨਾ।' ਇਸੇ ਤਰ੍ਹਾਂ ਡਾ. ਤੇਜਿੰਦਰਪਾਲ ਕੌਰ ਨੇ ਕਹਾਣੀਆਂ ਬਾਰੇ ਆਲੋਚਨਾ ਦੀ ਕਿਤਾਬ 'ਜਤਿੰਦਰ ਹਾਂਸ ਦਾ ਕਥਾ ਬਿਰਤਾਂਤ ਜਗਤ ਅਤੇ ਜੁਗਤ' ਸੰਪਾਦਤ ਕੀਤਾ ਹੈ। ਪ੍ਰੋ. ਬਲਵੀਰ ਕੌਰ ਰਹਿਲ ਨੇ ਨਾਵਲ 'ਬਸ ਅਜੇ ਏਨਾ ਹੀ' ਬਾਰੇ ਆਲੋਚਨਾਤਮਕ ਲੇਖਾਂ ਦੀ ਕਿਤਾਬ 'ਜਤਿੰਦਰ ਹਾਂਸ ਦੀ ਨਾਵਲ ਕਲਾ' ਸੰਪਾਦਤ ਕੀਤੀ ਹੈ। ਇਸ ਤੋਂ ਬਿਨਾਂ ਅਨੇਕਾਂ ਪੇਪਰ ਕਿਤਾਬਾਂ ਬਾਰੇ ਲਿਖੇ ਗਏ ਨੇ। ਕਈ ਵਿਦਿਆਰਥੀਆਂ ਨੇ ਪੀ ਐੱਚ ਡੀ ਅਤੇ ਐੱਮ. ਫਿਲਾਂ ਕੀਤੀਆਂ ਨੇ।

ਭਾਵੇਂ ਆਲੋਚਨਾ ਦੇ ਨਿਰਦੇਸ਼ਾਂ 'ਤੇ ਕਹਾਣੀ ਨਹੀਂ ਲਿਖੀ ਜਾ ਸਕਦੀ, ਫਿਰ ਵੀ ਉਹਨਾਂ ਦੁਆਰਾ ਕੀਤੀਆਂ ਗੱਲਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

**? ਈਸ਼ਵਰ ਦਾ ਜਨਮ, ਰਾਹੂ-ਕੇਤੂ, ਤੱਖੀ, ਸਾਖੀ ਅੱਗੇ ਚੱਲੀ, ਪਾਵੇ ਨਾਲ ਬੰਨ੍ਹਿਆ ਕਾਲ, ਨੰਗੇਜ਼, ਬੇਰਿਵਾਜਾ ਸੂਟ, ਡ ਖਾਲੀ ਨਹੀਂ, ਵਿਸ਼ਵ ਸੁੰਦਰੀ, ਰਸ-ਰੰਗ, ਗੰਦਲਾਂ, ਬਦਕਾਰ, ਅਰਘ, ਬ੍ਰਹਮ ਹੱਤਿਆ ਇਹਨਾਂ ਕਹਾਣੀਆਂ ਦੀ ਅਤਿਅੰਤ ਚਰਚਾ ਹੋਈ, ਤੈਨੂੰ ਲੱਗਦਾ, ਜਿਸ ਆਸ਼ੇ ਨੂੰ ਲੈ ਕੇ ਤੂੰ ਰਚਨਾ ਕੀਤੀ ਸੀ, ਆਲੋਚਕਾਂ ਨੇ ਉਹਨਾਂ ਨੁਕਤਿਆਂ ਨੂੰ ਫੜਿਆ ਜਾਂ ਸਿਰਫ਼ ਦਿਲਚਸਪ ਤੇ ਕਹਾਣੀ-ਰਸ ਕਾਰਨ ਕਹਾਣੀਆਂ ਵਧੇਰੇ ਸਲਾਹੀਆਂ ਗਈਆਂ।**

—ਕਥਾ-ਰਸ ਤਾਂ ਕਹਾਣੀ ਦੀ ਜਾਨ ਹੁੰਦਾ ਹੈ। ਇਹ ਕਹਾਣੀਆਂ ਆਪਣੀ ਬਹੁਅਰਥੀ, ਬਹੁਪਰਤੀ, ਭਾਸ਼ਾ ਤੇ ਵਿਸ਼ਿਆਂ ਦੀ ਤਾਜ਼ਗੀ, ਵਿਲੱਖਣ ਪਾਤਰਾਂ ਅਤੇ ਕਹਾਣੀ ਕਲਾ ਕਰਕੇ ਵਿਦਵਾਨਾਂ ਦੇ ਨਜ਼ਰੀਂ ਚੜ੍ਹੀਆਂ। ਪਾਠਕਾਂ ਦੇ ਸਿਰ ਚੜ੍ਹ ਕੇ ਬੋਲੀਆਂ। ਈਸ਼ਵਰ ਦਾ ਜਨਮ ਮਨੁੱਖੀ ਮਨ 'ਚ ਕਿਵੇਂ ਹੋਇਆ। ਰਾਹੂ-ਕੇਤੂ 'ਚ ਕਿਸਾਨ ਚੰਦ ਸਿੰਘ ਦਾ ਕਿਰਸਾਨੀ ਸੰਕਟ, ਤੱਖੀ ਸਪੇਰਿਆਂ ਦਾ ਜੀਵਨ, ਪਾਵੇ ਨਾਲ ਬੰਨ੍ਹਿਆ ਕਾਲ, ਪੁੱਤਰ ਪਿਆਰ ਤੇ ਆਪਣੀ ਜਾਨ ਦੇ ਪਿਆਰ 'ਚੋਂ ਇੱਕ ਚੁਣਨਾ। ਨੰਗੇਜ਼ 'ਚ ਮਨੁੱਖੀ ਮਨ ਦਾ ਨੰਗੇਜ਼। ਇਸੇ ਤਰ੍ਹਾਂ ਇਹ ਸਾਰੀਆਂ ਕਹਾਣੀਆਂ ਮਨੁੱਖੀ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੀਆਂ ਕਹਾਣੀਆਂ ਨੇ। ਇਸ ਕਰਕੇ ਇਹਨਾਂ ਦੀ ਬਹੁਤੀ ਚਰਚਾ ਹੋਈ। ਆਲੋਚਕਾਂ ਨੇ ਇਹਨਾਂ ਕਹਾਣੀਆਂ ਦੀ ਅਹਿਮੀਅਤ ਨੂੰ ਪਹਿਚਾਣਿਆ।

**? ਤੇਰੇ ਬਾਰੇ ਜਾਨਣਾ ਹੋਵੇ ਤਾਂ ਸਾਡੇ ਨਾਲ ਆਪਣੀ ਕਿੰਨੀ ਕੁ ਜਾਣ-ਪਹਿਚਾਣ ਕਰਵਾਏਂਗਾ।**

—ਲੁਧਿਆਣੇ ਜ਼ਿਲ੍ਹੇ ਦੇ ਖੰਨੇ ਨੇੜੇ ਮੇਰਾ ਪਿੰਡ ਅਲੂਣਾ ਤੋਲਾ ਹੈ। ਕਿੱਤਾ ਮੇਰਾ ਅਧਿਆਪਨ ਹੈ। ਕਹਾਣੀਆਂ ਲਿਖਦਾ ਹਾਂ।

**? ਕਿਸ-ਕਿਸ ਦੀ ਸੋਹਬਤ ਮਾਨਣ ਲਈ ਦਿਲ ਤਾਂਘਦਾ ਹੈ।**

—ਗਿਆਨਵਾਨ ਬੰਦਿਆਂ ਦੀ ਸੰਗਤ ਮਾਨਣ ਲਈ ਮਨ ਕਰਦਾ। ਭਾਵੇਂ ਉਹ ਕਿਸੇ ਵੀ ਖੇਤਰ ਦੇ ਹੋਣ। ਮੈਨੂੰ ਸਿਆਣੇ ਸੂਝਵਾਨ ਲੋਕ ਪਸੰਦ ਨੇ।

**? ਆਪਣਾ ਕਹਾਣੀਕਾਰ ਹੋਣਾ ਤੈਨੂੰ ਅਚੰਭੇ ਵਾਲੀ ਗੱਲ ਲੱਗਦਾ ਜਾਂ ਇਕਦਮ ਸੁਭਾਵਿਕ।**

—ਪ੍ਰਸਿੱਧ ਚਿੱਤਰਕਾਰ ਮਾਈਕਲ ਐਂਜਲੋ ਨੂੰ ਕੋਈ ਬੀਬੀ ਪੁੱਛਦੀ ਆ ਕਿ ਤੂੰ ਅਣਘਣ ਜਿਹੇ ਪੱਥਰਾਂ 'ਚੋਂ ਏਨੀਆਂ ਸੋਹਣੀਆਂ ਮੂਰਤੀਆਂ ਕਿਵੇਂ ਘੜ ਲੈਨਾ ? ਤਾਂ ਉਹ ਕਹਿੰਦਾ, 'ਮੂਰਤੀ ਤਾਂ ਉੱਥੇ ਹੁੰਦੀ ਈ ਆ, ਮੈਂ ਤਾਂ ਵਾਧੂ ਪੱਥਰ ਆਲੇ-ਦੁਆਲਿਓਂ ਘੜ ਦਿੰਨਾ।' ਏਥੇ ਵੀ ਹਜ਼ਾਰਾਂ, ਲੱਖਾਂ ਕਹਾਣੀਆਂ ਸਾਡੇ ਆਲੇ-ਦੁਆਲੇ ਬਿਖਰੀਆਂ ਪਈਆਂ ਨੇ, ਮੈਂ ਤਾਂ ਸਿਰਫ਼ ਵਾਧੂ ਗੱਲਾਂ ਨਾਲੋਂ ਲਾਹ ਦਿੰਦਾ ਹਾਂ। ਮੈਨੂੰ ਮੇਰਾ ਕਹਾਣੀਕਾਰ ਹੋਣਾ ਸੁਭਾਵਕ ਹੀ ਲੱਗਦਾ। ਜਦੋਂ ਕਹਾਣੀਆਂ ਨਹੀਂ ਲਿਖਦਾ ਸੀ, ਇਸੇ ਤਰ੍ਹਾਂ ਦੀਆਂ ਗੱਲਾਂ (ਕਹਾਣੀਆਂ) ਘੜਦਾ ਰਹਿੰਦਾ ਸਾਂ। ਜੋ ਬਹੁਤੀ ਵਾਰ ਦਿਮਾਗ 'ਚ ਹੀ ਮਰ-ਮੁੱਕ ਜਾਂਦੀਆਂ, ਹੁਣ ਲਿਖ ਲਈਦੀਆਂ।

**? 'ਬੱਸ ਅਜੇ ਏਨਾ ਹੀ' ਨਾਵਲ ਬਹੁਤ ਪੜ੍ਹਿਆ ਗਿਆ, ਕਹਾਣੀ ਤੋਂ ਨਾਵਲ ਵੱਲ ਕਿਵੇਂ ਆ ਗਿਆ।**

—'ਬੱਸ ਅਜੇ ਏਨਾ ਹੀ' ਨਾਵਲ ਜਦੋਂ ਲਿਖਿਆ, ਪਹਿਲਾਂ ਕਹਾਣੀ ਹੀ ਲਿਖ ਰਿਹਾ ਸੀ, ਪਰ ਉਹ ਜੋ ਵਿਦੇਸ਼ ਨੂੰ ਨਾਜਾਇਜ਼ ਢੰਗ ਨਾਲ ਜਾਂਦੇ ਨੇ, ਕੀ-ਕੀ ਦੁੱਖ, ਮੁਸੀਬਤਾਂ ਝੱਲਦੇ ਨੇ, ਕਹਾਣੀ ਨਾਲੋਂ ਵੱਡੀ ਗੱਲ ਸੀ। ਮੈਂ ਉਹਦੇ ਕਾਂਡਾਂ ਨੂੰ ਕਹਾਣੀਆਂ ਵਾਂਗ ਹੀ ਲਿਖਿਆ। ਉਹ ਕਹਾਣੀਆਂ ਦੀਆਂ ਆਪਸ 'ਚ ਕੁੰਡੀਆਂ ਵੀ ਮੇਲੀਆਂ ਹੋਈਆਂ ਨੇ। ਇਸ ਨੂੰ ਪਾਠਕਾਂ ਦਾ ਵੱਡਾ ਹੁੰਗਾਰਾ ਮਿਲਿਆ। ਉਹਦੇ ਕੁਝ ਸਮੇਂ ਵਿੱਚ ਹੀ ਸੱਤ ਐਡੀਸ਼ਨ ਛਪ ਗਏ। ਅਜੀਤ 'ਚ ਵੀ ਲੜੀਵਾਰ ਛਪਿਆ। ਭਵਿੱਖ 'ਚ ਹੋਰ ਨਾਵਲ ਵੀ ਲਿਖ ਸਕਦਾ ਹਾਂ।

**? ਭਾਰਤ ਵਿੱਚ ਸਾਹਿਤਕਾਰਾਂ ਨੂੰ ਪ੍ਰਕਾਸ਼ਕਾਂ ਰਾਹੀਂ ਬਹੁਤ ਖੁਆਰ ਹੋਣਾ ਪੈਂਦਾ ਹੈ। ਪਹਿਲੇ ਸੰਗ੍ਰਹਿ ਵੇਲੇ ਕੀ-ਕੀ ਭੁਗਤਣਾ ਪਿਆ। ਬਾਅਦ ਦੇ ਅਨੁਭਵਾਂ ਬਾਰੇ ਵੀ ਦੱਸੋ।**

—ਇੱਕ ਦਿਨ ਕਹਾਣੀਕਾਰ ਜਸਵੀਰ ਰਾਣਾ ਦਾ ਫੋਨ ਆਇਆ, ਉਹਨੇ ਜ਼ੋਰ ਪਾਇਆ ਕਿਤਾਬ ਛਪਵਾ ਲੈ। ਅਸੀਂ ਜਲੰਧਰ ਕਿਸੇ ਸਾਹਿਤਕ ਪ੍ਰੋਗਰਾਮ 'ਚ ਗਏ ਸੀ, ਉੱਥੇ ਕੁਕਨਸ ਪ੍ਰਕਾਸ਼ਨ ਵਾਲਾ ਰਜਿੰਦਰ ਬਿਮਲ ਮਿਲ ਗਿਆ। ਉਹ ਕਹਿੰਦਾ ਕਿਤਾਬ ਮੈਂ ਛਾਪਾਂਗਾ। 'ਪਾਵੇ ਨਾਲ ਬੰਨ੍ਹਿਆ ਕਾਲ' ਰਜਿੰਦਰ ਬਿਮਲ ਹੁਰਾਂ ਨੇ ਛਾਪੀ, ਉਹ ਕਿਤਾਬ ਬਹੁਤ ਵੇਚੀ, ਕਿੱਥੇ ਨਵੇਂ ਕਹਾਣੀਕਾਰ ਦੀ ਪਹਿਲੀ ਕਿਤਾਬ ਨੂੰ ਇਹ ਹੁੰਗਾਰਾ, ਹੈਰਾਨੀਜਨਕ ਸੀ। ਹੁਣ ਤੱਕ ਇਸ ਕਿਤਾਬ ਦੇ ਪੰਜ ਐਡੀਸ਼ਨ ਛਪ ਚੁੱਕੇ ਨੇ। ਮੈਨੂੰ ਸਾਰੇ ਪ੍ਰਕਾਸ਼ਕ ਠੀਕ ਹੀ ਮਿਲੇ ਨੇ, ਸਾਰੀਆਂ ਕਿਤਾਬਾਂ ਦੀ ਰਿਐਲਟੀ ਮਿਲੀ ਹੈ। 'ਈਸ਼ਵਰ ਦਾ ਜਨਮ' ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਛਾਪੀ ਸੀ। ਫਿਰ ਆਟਮ ਆਰਟ ਪਬਲੀਸ਼ਰਜ਼ ਨੇ 'ਬੱਸ ਅਜੇ ਏਨਾ ਹੀ' ਨਾਵਲ ਅਤੇ ਹੋਰ ਕਈ ਕਿਤਾਬਾਂ ਛਾਪੀਆਂ। 'ਜਿਉਣਾ ਸੱਚ ਬਾਕੀ ਝੂਠ' ਨਵਯੁੱਗ ਪਬਲੀਸ਼ਰ ਦਿੱਲੀ ਨੇ ਛਾਪਿਆ। ਸਾਰੀਆਂ ਕਿਤਾਬਾਂ ਦੇ ਕਈ-ਕਈ ਐਡੀਸ਼ਨ ਛਪ ਚੁੱਕੇ ਨੇ।

**? ਕਹਾਣੀਆਂ ਕਾਰਨ ਮਿਲੀ ਪ੍ਰਸੰਸਾ ਤੇ ਮਾਣ-ਸਨਮਾਨ ਨੇ ਸਿਰਜਣਾਤਮਕ ਪ੍ਰਤਿਭਾ ਨੂੰ ਹੋਰ ਲਿਸ਼ਕਾਇਆ ਹੈ ਜਾਂ ਪਾਠਕਾਂ ਦੀ ਕਚਹਿਰੀ ਵਿੱਚ ਖੜ੍ਹੇ ਹੋਣ ਲਈ ਜ਼ਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ।**

—ਜਦੋਂ ਕਿਸੇ ਕੰਮ ਵਿੱਚ ਤੁਹਾਨੂੰ ਮਾਣ-ਸਨਮਾਨ ਜਾਂ ਪ੍ਰਸੰਸਾ ਮਿਲਦੀ ਹੈ ਤਾਂ ਉਹ ਤੁਹਾਨੂੰ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਦੀ ਹੈ।

**? ਤੁਹਾਡੀਆਂ ਕਹਾਣੀਆਂ 'ਤੇ ਫਿਲਮਾਂ ਵੀ ਬਣ ਚੁੱਕੀਆਂ ਨੇ, 'ਉਦਾਸ ਪਿੰਡ ਦੀ ਕਵਿਤਾ' 'ਚ ਤੁਸੀਂ ਬਤੌਰ ਹੀਰੋ ਕੰਮ ਕੀਤਾ ਏ। ਕੀ ਹੋਰ ਫਿਲਮਾਂ ਵੀ ਕਰ ਰਹੇ ਹੋ।**

—ਮੇਰੀਆਂ ਕਈ ਕਹਾਣੀਆਂ ਜਿਵੇਂ ਤੱਖੀ, ਲੁਤਰੋ, ਰਸ-ਰੰਗ, ਰਾਹੂ-ਕੇਤੂ, ਛਿੱਟ ਕੁ ਕਹਾਣੀ 'ਤੇ ਫਿਲਮਾਂ ਬਣ ਚੁੱਕੀਆਂ ਨੇ। ਨੰਗੇਜ਼ ਅਤੇ ਇੱਕ ਦੋ ਹੋਰ ਕਹਾਣੀਆਂ ਉੱਤੇ ਬਣ ਰਹੀਆਂ ਨੇ। ਫਿਲਮ 'ਉਦਾਸ ਪਿੰਡ ਦੀ ਕਵਿਤਾ' ਫਿਲਮਕਾਰ ਭਗਵੰਤ ਨੇ ਬਣਾਈ ਸੀ। ਕਹਾਣੀਕਾਰ ਸਿਮਰਨ ਧਾਲੀਵਾਲ ਦੀ ਕਹਾਣੀ ਸੀ, ਉਸ ਵਿੱਚ ਕੰਮ ਕੀਤਾ ਹੈ। ਹੁਣ ਇੱਕ ਫਿਲਮ ਦੀ ਸਕਰਿਪਟ ਲਿਖ ਰਿਹਾਂ, ਜਲਦੀ ਹੀ ਉਸ 'ਤੇ ਫਿਲਮ ਬਣਾਵਾਂਗੇ।

**? ਕੋਈ ਨਵਾਂ ਨਾਵਲ ਵੀ ਲਿਖ ਰਹੇ ਹੋ, ਭਵਿੱਖ ਦੀਆਂ ਕੀ ਯੋਜਨਾਵਾਂ ਨੇ।**

—ਨਾਵਲ 'ਬੱਸ ਅਜੇ ਏਨਾ ਹੀ' ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ ਸੀ। ਨਵਾਂ ਨਾਵਲ ਲਿਖਣ ਬਾਰੇ ਸੋਚ ਰਹੇ ਹਾਂ, ਪਰ ਅਜੇ ਸਮਾਂ ਲੱਗੇਗਾ। ਜਲਦੀ ਹੀ ਕਹਾਣੀਆਂ ਦੀ ਕਿਤਾਬ ਆਵੇਗੀ। ਇਹ ਕਹਾਣੀਆਂ ਮੇਰੀਆਂ ਪਹਿਲੀਆਂ ਕਹਾਣੀਆਂ ਤੋਂ ਵੱਖਰੇ ਵਿਸ਼ਿਆਂ ਦੀਆਂ ਅਤੇ ਨਵੀਂਆਂ ਯੁਗਤਾਂ ਦੀਆਂ ਕਹਾਣੀਆਂ ਨੇ।